## Buying/Selling *in Michigan*

All types of Residential & Commercial properties. Gas Stations, Liquor Stores, Hotels, Plazas, Truck Terminals etc.

All types of loans.



**Landmark Realty**

40600 Ann Arbor Rd., Suite# 150, Plymouth, MI 48170

**Call: 734-751-4455** Raj Shergill

rajsshergill@yahoo.com *Associate Broker*



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

## Singh Accounting & Tax Services

Niagara Falls Grand Island, NY

All kinds of accounting work.

*Book keeping *Payroll *Sales Tax
*New business set up *E-file tax return

Go to App store to load our free App

**Ph: 716-425-7126**

Fax: 716-284-0025

Email: singhtaxservice@yahoo.com

Website: singhtaxservice.com



Sarbjit Singh Khakh (Sabhi) *Accountant*



Twentieth Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 21, May 25, 2019 20451 N. Plum Grove Rd., Palatine, IL 60074 Ph:847-359-0746, Fax:847-705-9388


# ਅਬ ਤੁਮ੍ਹਾਰੇ ਹਵਾਲੇ ਵਤਨ ਸਾਥੀਓ...

## ਆਰ. ਐਸ. ਐਸ. ਦੀ ਸਰਪ੍ਰਸਤੀ ਵਾਲੀ ਸਰਕਾਰ ਲਈ ਰਾਹ ਪੱਧਰਾ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਦੇ ਨਾਲ ਹੀ ਅਗਲੀ ਸਰਕਾਰ ਲਈ ਰਾਹ ਪੱਧਰਾ ਹੋ ਗਿਆ ਹੈ। ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕੋਈ ਗੈਰ ਕਾਂਗਰਸੀ ਸਰਕਾਰ ਲਗਾਤਾਰ ਦੂਜੀ ਵਾਰ ਇਹ ਮੁਕਾਮ ਹਾਸਲ ਕਰ ਸਕੀ ਹੈ।

2014 ਦੀਆਂ ਲੋਕ ਸਭਾ ਚੋਣਾਂ ਵਿਚ ਪੂਰਨ ਬਹੁਮਤ ਹਾਸਲ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਅੱਗੇ ਇਸ ਵਾਰ ਬਹੁਤ ਵੱਡੀਆਂ ਚੁਣੌਤੀਆਂ ਸਨ। ਨਰਿੰਦਰ ਮੋਦੀ ਸਰਕਾਰ ਦੀ ਪਿਛਲੇ ਪੰਜ ਸਾਲ ਦੀ ਕਾਰਗੁਜ਼ਾਰੀ ਅਤੇ ਲੋਕ-ਵਿਰੋਧੀ ਨੀਤੀਆਂ ਨੂੰ ਮੁੱਖ ਰੱਖ ਕੇ ਸਿਆਸੀ ਮਾਹਿਰ ਅਤੇ ਆਮ ਲੋਕ ਵੀ ਆਸ ਕਰ ਰਹੇ ਸਨ ਕਿ ਇਹ ਭਗਵਾ ਧਿਰ ਸਰਕਾਰ ਬਣਾਉਣ ਤੋਂ ਰਹਿ ਜਾਵੇਗੀ ਪਰ ਇਸ ਪਾਰਟੀ ਨੇ ਦੇਸ਼ ਦੀ ਸੁਰੱਖਿਆ ਅਤੇ ਰਾਸ਼ਟਰਵਾਦ ਦੇ ਨਾਂ ਉਤੇ ਜੋ ਧੂੰਆਂਧਾਰ ਪ੍ਰਚਾਰ ਕੀਤਾ, ਉਸ ਨਾਲ ਇਹ ਇਕ ਵਾਰ ਫਿਰ ਸਭ ਤੋਂ ਵੱਡੀ ਪਾਰਟੀ ਵਜੋਂ ਉਭਰ ਆਈ।

ਯਾਦ ਰਹੇ ਕਿ ਮੋਦੀ ਸਰਕਾਰ ਦੇ ਪੰਜ ਸਾਲਾਂ ਵਿਚ ਮਹਾਤੜਾਂ, ਖਾਸਕਰ ਘੱਟਗਿਣਤੀਆਂ ਤੇ ਦਲਿਤਾਂ ਅੰਦਰ ਪੈਦਾ ਹੋਇਆ ਸਹਿਮ ਇਹੀ ਇਸ਼ਾਰਾ ਕਰ ਰਿਹਾ ਸੀ ਕਿ ਭਗਵਾ ਧਿਰ ਦੇ ਇਸ ਵਾਰ ਪੈਰ ਨਹੀਂ ਲੱਗਣਗੇ। ਇਸ ਪੱਖ ਤੋਂ 'ਟਾਈਮ' ਅਤੇ 'ਇਕੋਨੋਮਿਸਟ' ਵਰਗੇ ਕੌਮਾਂਤਰੀ ਰਸਾਲਿਆਂ ਨੇ ਵੀ ਮੋਦੀ ਸਰਕਾਰ ਦੀਆਂ ਜ਼ਿਆਦਤੀਆਂ ਦੇ ਕੱਚੇ ਚਿੱਠੇ ਫਰੋਲੇ ਪਰ ਭਾਜਪਾ ਨੇ ਸਾਰੀਆਂ ਗਿਣਤੀਆਂ-ਮਿਣਤੀਆਂ ਉਲਟਾਉਂਦੇ ਹੋਏ ਆਪਣੀ ਕੁਰਸੀ ਸਲਾਮਤ ਰੱਖੀ ਹੈ। ਅਸਲ ਵਿਚ ਪਿਛਲੇ ਦੋ ਸਾਲ ਤੋਂ ਮੋਦੀ ਸਰਕਾਰ, ਭਾਰਤੀ ਜਨਤਾ ਪਾਰਟੀ ਤੇ ਆਰ. ਐਸ. ਐਸ. ਦੀ ਤਿੱਕੜੀ ਨੇ ਸਮੁੱਚੇ ਦੇਸ਼ ਵਿਚ ਜਿਸ ਢੰਗ ਨਾਲ ਨਫਰਤ ਵਾਲੀ ਸਿਆਸਤ ਕੀਤੀ, ਉਸ ਨਾਲ ਸਮਾਜ ਵਿਚ ਤਿੱਖੇ ਧਰੁਵੀਕਰਨ ਲਈ ਰਾਹ ਖੁੱਲ੍ਹਿਆ ਅਤੇ ਮੋਦੀ ਸਰਕਾਰ ਤੋਂ ਨਾਰਾਜ਼ ਤਬਕਾ ਵੀ ਰਾਸ਼ਟਰਵਾਦ ਦੇ ਨਾਂ ਉਤੇ ਇਸ ਦੇ ਹੱਕ ਵਿਚ ਭੁਗਤ ਗਿਆ।

ਭਾਰਤੀ ਜਨਤਾ ਪਾਰਟੀ ਦੁਬਾਰਾ ਸਰਕਾਰ ਬਣਾਉਣ ਦਾ ਸਿਹਰਾ ਆਪਣੀ ਪੰਜ ਸਾਲਾਂ ਦੀ ਕਾਰਗੁਜ਼ਾਰੀ ਅਤੇ ਮੋਦੀ ਦੀ ਬਾਹੂਬਲੀ ਵਾਲੀ ਸਾਖ ਨੂੰ ਮੰਨ ਰਹੇ ਹਨ। ਉਧਰ, ਵਿਰੋਧੀ ਧਿਰਾਂ ਦਾ ਆਖਣਾ ਹੈ ਕਿ ਈ. ਵੀ. ਐਮ. ਮਸ਼ੀਨਾਂ ਵਿਚ ਗੜਬੜੀ ਅਤੇ ਸੰਵਿਧਾਨਿਕ ਸੰਸਥਾਵਾਂ ਰਾਹੀਂ ਕੀਤੀ ਧੱਕੇਸ਼ਾਹੀ ਕਾਰਨ

*(ਬਾਕੀ ਸਫਾ 6 ਉਤੇ)*

# ਅੰਦਰੂਨੀ ਕਲੇਸ਼ ਵਿਚ ਉਲਝੀ ਪੰਜਾਬ ਕਾਂਗਰਸ

**ਚੰਡੀਗੜ੍ਹ:** ਪੰਜਾਬ ਕਾਂਗਰਸ ਅੰਦਰੂਨੀ ਕਲੇਸ਼ ਵਿਚ ਉਲਝ ਗਈ ਹੈ। ਕੈਬਿਨਟ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲਾਂ ਦਰਮਿਆਨ ਮਿਲੀਭੁਗਤ ਦੇ ਲਗਾਏ ਇਲਜ਼ਾਮਾਂ ਤੋਂ ਬਾਅਦ ਸਿੱਧੂ ਨੂੰ ਪਾਰਟੀ ਅੰਦਰ ਚੁਫੇਰਿਉਂ ਘੇਰਾ ਪੈ ਗਿਆ ਹੈ। ਕਈ ਮੰਤਰੀਆਂ ਨੇ ਕੈਪਟਨ ਦੇ ਪੱਖ ਵਿਚ ਬਿਆਨ ਦਿੱਤੇ ਹਨ। ਸੁਖਜਿੰਦਰ ਰੰਧਾਵਾ ਤੇ ਬ੍ਰਹਮ ਮਹਿੰਦਰਾ ਤੋਂ ਬਾਅਦ ਸਾਧੂ ਸਿੰਘ ਧਰਮਸੋਤ ਨੇ ਵੀ ਕੈਪਟਨ ਦੇ ਪੱਖ ਵਿਚ ਸਿੱਧੂ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵਿਵਾਦ ਦੇ ਹੱਲ ਲਈ ਹਾਈਕਮਾਨ ਉਤੇ ਟੇਕ ਰੱਖ ਰਹੇ ਹਨ।

### ਕੈਪਟਨ ਤੇ ਸਿੱਧੂ ਦਾ ਪਿਆ ਪੇਚਾ

ਯਾਦ ਰਹੇ ਕਿ ਲੋਕ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ 'ਮਿਸ਼ਨ-13' ਦਾ ਐਲਾਨ ਕਰਕੇ ਸਾਰੀਆਂ ਸੀਟਾਂ ਜਿੱਤਣ ਦਾ ਦਾਅਵਾ ਕੀਤਾ ਸੀ। ਸ਼ਾਇਦ ਹਾਲਾਤ ਪੂਰੀ ਤਰ੍ਹਾਂ ਕਾਂਗਰਸ ਦੇ ਪੱਖ ਵਿਚ ਨਾ ਹੋਣ ਦੇ ਕਾਰਨ ਹੀ ਹਾਈ ਕਮਾਂਡ ਨੇ ਸਿੱਧੂ ਨੂੰ ਬਠਿੰਡਾ ਅਤੇ ਗੁਰਦਾਸਪੁਰ ਵਰਗੇ ਹਲਕਿਆਂ ਵਿਚ ਚੋਣ ਪ੍ਰਚਾਰ ਲਈ ਕਿਹਾ ਪਰ ਸਿੱਧੂ ਇਥੇ ਹੋਰ ਹੀ ਪਾਸੇ ਤੁਰ ਪਏ ਅਤੇ ਆਪਣੀ ਸਰਕਾਰ ਉਤੇ ਹੀ ਸਵਾਲ ਖੜ੍ਹੇ ਕਰ ਦਿੱਤੇ। ਉਧਰ, ਕੈਪਟਨ ਦਾ ਇਹ ਕਹਿਣਾ ਕਿ ਸਿੱਧੂ ਉਨ੍ਹਾਂ ਦੀ ਥਾਂ 'ਤੇ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ।

ਪਤਾ ਲੱਗਾ ਹੈ ਕਿ ਕੈਪਟਨ ਤੇ ਸਿੱਧੂ ਵਿਚਾਲੇ ਤਿੱਖੇ ਹੋ ਰਹੇ ਟਕਰਾਅ ਦਾ ਹੱਲ ਕਾਂਗਰਸ ਹਾਈਕਮਾਂਡ ਹੀ ਕਰੇਗੀ। ਪਿਛਲੇ ਸਮਿਆਂ ਵਿਚ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅਤੇ ਕੈਪਟਨ ਵਿਚਾਲੇ ਕਾਫੀ ਨੋਕ-ਝੋਕ ਹੋਈ ਸੀ ਤੇ ਬਿਨਾ ਕਿਸੇ ਕਾਰਵਾਈ ਦੇ ਮਾਮਲਾ ਖਤਮ ਹੋ ਗਿਆ ਸੀ। ਪਿਛਲੇ ਦਿਨੀਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੇ ਟਿਕਟਾਂ ਦੇਣ ਦੇ ਮਾਮਲੇ ਵਿਚ ਪੱਖਪਾਤ ਕਰਨ ਦੇ ਮੁੱਦੇ ਨੂੰ ਲੈ ਕੇ ਪਾਰਟੀ ਲੀਡਰਸ਼ਿਪ 'ਤੇ ਤਿੱਖੇ ਹਮਲੇ ਕੀਤੇ ਸਨ। ਸੀਨੀਅਰ ਆਗੂ ਤੇ ਚੋਣ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਲਾਲ ਸਿੰਘ ਨੇ ਹੀ ਸਾਬਕਾ ਪ੍ਰਧਾਨ ਦੂਲੋ ਵਿਰੁਧ ਬਿਆਨਬਾਜ਼ੀ ਕੀਤੀ ਸੀ ਪਰ ਸਾਬਕਾ ਪ੍ਰਧਾਨ ਵੱਲੋਂ ਤਿੱਖਾ ਜੁਆਬ ਦੇਣ ਤੋਂ ਬਾਅਦ ਕੋਈ ਗੱਲ ਅੱਗੇ ਨਹੀਂ ਵਧੀ।

# ਯੂ. ਕੇ. ਵਿਚ ਕਿਰਪਾਨ ਘਾਤਕ ਹਥਿਆਰਾਂ ਬਾਰੇ ਨਵੇਂ ਐਕਟ 'ਚੋਂ ਬਾਹਰ


**ਲੰਡਨ:** ਬਰਤਾਨੀਆ ਸਰਕਾਰ ਨੇ ਸਿੱਖਾਂ ਨੂੰ ਵੱਡੀ ਰਾਹਤ ਦਿੱਤੀ ਹੈ। ਯੂ. ਕੇ. 'ਚ ਘਾਤਕ ਹਥਿਆਰਾਂ ਬਾਰੇ ਨਵੇਂ ਐਕਟ 'ਚੋਂ ਕਿਰਪਾਨ ਨੂੰ ਬਾਹਰ ਰੱਖਿਆ ਹੈ। ਬਰਤਾਨੀਆ ਵਿਚ ਚਾਕੂ ਨਾਲ ਹਮਲਿਆਂ ਦੇ ਵਧ ਰਹੇ ਮਾਮਲਿਆਂ ਨਾਲ ਨਜਿੱਠਣ ਦੇ ਉਦੇਸ਼ ਨਾਲ ਨਵਾਂ ਘਾਤਕ ਹਥਿਆਰ ਬਿੱਲ ਸੰਸਦ 'ਚ ਪਾਸ ਹੋਇਆ।



ਮਹਾਰਾਣੀ ਐਲਿਜ਼ਾਬੈਥ (ਦੂਜੀ) ਵਲੋਂ ਬਿੱਲ 'ਤੇ ਮੋਹਰ ਲਾ ਦਿਤੀ ਹੈ। ਬਿੱਲ 'ਚ ਪਿਛਲੇ ਵਰ੍ਹੇ ਸੋਧ ਕੀਤੀ ਗਈ ਸੀ ਤਾਂ ਜੋ ਬ੍ਰਿਟਿਸ਼ ਸਿੱਖ ਭਾਈਚਾਰੇ 'ਤੇ ਇਸ ਦਾ ਕੋਈ ਅਸਰ ਨਾ ਪਏ। ਗ੍ਰਹਿ ਮੰਤਰਾਲੇ ਦੇ ਤਰਜਮਾਨ ਨੇ ਕਿਹਾ ਕਿ ਅਸੀਂ ਕਿਰਪਾਨ ਦੇ ਮੁੱਦੇ 'ਤੇ ਸਿੱਖਾਂ ਨਾਲ ਸੰਪਰਕ ਬਣਾ ਕੇ ਰੱਖਿਆ ਹੈ। ਨਤੀਜੇ ਵਜੋਂ ਅਸੀਂ ਬਿੱਲ 'ਚ ਸੋਧ ਕਰਕੇ ਇਹ ਯਕੀਨੀ ਬਣਾਇਆ ਕਿ ਸਿੱਖ ਧਾਰਮਿਕ ਸਮਾਗਮਾਂ ਲਈ ਵੱਡੀਆਂ ਕਿਰਪਾਨਾਂ ਦੀ ਵਰਤੋਂ ਕਰ ਸਕਣ ਤੇ ਉਨ੍ਹਾਂ ਦੀ ਵਿਕਰੀ ਹੋ ਸਕੇ। ਬ੍ਰਿਟਿਸ਼ ਸਿੱਖਾਂ ਲਈ ਸਰਬ ਪਾਰਟੀ ਸੰਸਦੀ ਗਰੁੱਪ ਦੇ ਵਫਦ ਨੇ ਗ੍ਰਹਿ ਮੰਤਰਾਲੇ ਕੋਲ ਪਹੁੰਚ ਕਰਕੇ ਮੰਗ ਕੀਤੀ ਸੀ ਕਿ ਜਦੋਂ ਵੀ ਨਵਾਂ ਬਿੱਲ ਹੋਂਦ 'ਚ ਆਵੇ ਤਾਂ ਕਿਰਪਾਨ ਨੂੰ ਉਸ ਦੇ ਘੇਰੇ ਤੋਂ ਬਾਹਰ ਰੱਖਿਆ ਜਾਵੇ।

ਜ਼ਿਕਰਯੋਗ ਹੈ ਕਿ ਵੱਡੀਆਂ ਕਿਰਪਾਨਾਂ, ਜਿਨ੍ਹਾਂ ਦਾ ਬਲੇਡ 50 ਸੈਂਟੀਮੀਟਰ ਤੋਂ ਵੱਧ ਹੁੰਦਾ ਹੈ, ਦੀ ਵਰਤੋਂ ਗੁਰਦੁਆਰਿਆਂ 'ਚ ਧਾਰਮਿਕ ਸਮਾਗਮਾਂ ਅਤੇ ਗਤਕੇ ਦੌਰਾਨ ਕੀਤੀ ਜਾਂਦੀ ਹੈ। ਬਿੱਲ 'ਚ ਸੋਧ ਨਾ ਹੋਣ ਕਰਕੇ ਪਹਿਲਾਂ ਇਹ ਕਿਰਪਾਨਾਂ ਵੀ ਉਸ ਦੇ ਘੇਰੇ 'ਚ ਆਉਂਦੀਆਂ ਸਨ ਪਰ ਹੁਣ ਇਸ 'ਤੇ ਸਹਿਮਤੀ ਬਣਨ ਕਰਕੇ ਸਿੱਖਾਂ ਨੂੰ ਰਾਹਤ ਮਿਲ ਗਈ ਹੈ।


## Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna


85-03 Roosevelt Ave., Jackson Heights, NY 11373

**Ph: 718-205-7832**



BEST FARE GUARANTEE





WorldWide Travel

866 66 INDIA

734 838 9998

24 ਘੰਟੇ ਐਮਰਜੈਂਸੀ ਸੇਵਾ

Please call our office for more details on latest fares

## Ad Space Available

Please Call

Ph: 847-359-0746

# ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸਜਿਆ ਨਗਰ ਕੀਰਤਨ

**ਕਾਰਟਰੇਟ, ਨਿਊ ਜਰਸੀ (ਬਿਊਰੋ):** ਇਥੇ ਖਾਲਸਾ ਸਾਜਨਾ ਦਿਹਾੜੇ ਅਤੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੰਘੀ 18 ਮਈ ਨੂੰ 13ਵਾਂ ਮਹਾਨ ਨਗਰ ਕੀਰਤਨ ਸਜਾਇਆ ਗਿਆ। ਇਸ ਸ਼ਹਿਰ ਨੂੰ ਬਹੁਤੇ ਪੰਜਾਬੀ ਕਰਤਾਰਪੁਰ ਕਰ ਕੇ ਹੀ ਪਛਾਣਦੇ ਹਨ।

ਸ਼ਹਿਰ ਦੇ ਪ੍ਰਬੰਧਕੀ ਦਫਤਰ ਦੇ ਸਾਹਮਣੇ ਟਰਾਈ ਸਟੇਟ ਦੇ ਵੱਖ ਵੱਖ ਸ਼ਹਿਰਾਂ ਤੋਂ ਆ ਕੇ ਸਿੱਖ ਸੰਗਤਾਂ ਵੱਡੀ ਗਿਣਤੀ ਵਿਚ ਇਕੱਠੀਆਂ ਹੋਈਆਂ। ਦੇਸ਼ ਦੇ ਰਾਸ਼ਟਰੀ ਗੀਤ, ਸ਼ਬਦ ਕੀਰਤਨ ਤੇ ਅਰਦਾਸ ਮਗਰੋਂ ਸ਼ਹਿਰ ਦੇ ਮੇਅਰ ਨੇ ਸੰਗਤਾਂ ਨੂੰ ਖਾਲਸਾ ਸਾਜਨਾ ਦਿਹਾੜੇ ਤੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਇਸ ਮਗਰੋਂ ਜੈਕਾਰਿਆਂ ਦੀ ਗੂੰਜ ਤੇ ਨਗਾਰਿਆਂ ਦੀ ਚੋਟ 'ਤੇ ਖਾਲਸੇ ਦੇ ਨਿਸ਼ਾਨ ਸਾਹਿਬ ਨੂੰ ਸ਼ਹਿਰ ਦੇ ਪ੍ਰਬੰਧਕੀ ਦਫਤਰ ਦੇ ਸਾਹਮਣੇ ਲਹਿਰਾਉਂਦੇ ਅਮਰੀਕੀ ਝੰਡੇ ਦੇ ਬਰਾਬਰ ਝੁਲਾਇਆ ਗਿਆ।






ਜ਼ਿਕਰਯੋਗ ਹੈ ਕਿ ਤੇਰਾਂ ਸਾਲ ਪਹਿਲਾਂ ਨਿਸ਼ਾਨ ਸਾਹਿਬ ਨੂੰ ਇਸ ਤਰ੍ਹਾਂ ਝੁਲਾਉਣ ਦਾ ਇਤਿਹਾਸ ਅਮਰੀਕਾ ਵਿਚ ਪਹਿਲੀ ਵਾਰ ਇਸੇ ਸ਼ਹਿਰ ਵਿਚ ਸਿਰਜਿਆ ਗਿਆ ਸੀ। ਇਸ ਸ਼ਹਿਰ 'ਚ ਪੂਰਾ ਇਕ ਮਹੀਨਾ ਨਗਰ ਕੀਰਤਨ ਪਿਛੋਂ ਪ੍ਰਬੰਧਕੀ ਦਫਤਰ ਸਾਹਮਣੇ ਨਿਸ਼ਾਨ ਸਾਹਿਬ ਮਾਣ ਨਾਲ ਝੁਲਦਾ ਰਹਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸ਼ਹਿਰ ਦੀਆਂ ਵੱਖ ਵੱਖ ਸੜਕਾਂ ਤੋਂ ਹੁੰਦਾ ਹੋਇਆ ਸ਼ਹਿਰ ਦੇ ਮੁੱਖ ਪਾਰਕ ਵਿਚ ਪਹੁੰਚਿਆ। ਵੱਡੀ ਗਿਣਤੀ ਸਿੱਖ ਸੰਗਤਾਂ, ਸਿੱਖ ਮੋਟਰ ਸਾਈਕਲ ਸਵਾਰਾਂ, ਨੌਜਵਾਨਾਂ ਤੇ ਬੱਚਿਆਂ ਦੇ ਗਤਕਾ ਗਰੁਪਾਂ, 2020 ਮੁਹਿੰਮ ਦੇ ਮੈਂਬਰਾਂ ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਜੁਝਾਰੂ ਮੈਂਬਰਾਂ ਨੇ ਦਿਲ ਖਿੱਚਵੀਆਂ ਝਾਕੀਆਂ ਨਾਲ ਸ਼ਮੂਲੀਅਤ ਕੀਤੀ।

ਪਾਰਕ ਵਿਚ ਸ਼ਹਿਰ ਦੇ ਦੋਹਾਂ ਗੁਰੂ ਘਰਾਂ ਵੱਲੋਂ ਸਾਂਝੀ ਪੰਥਕ ਸਟੇਜ ਲਗਾਈ ਗਈ ਸੀ। ਭਾਂਤ ਭਾਂਤ ਦੇ ਲੰਗਰਾਂ ਦੇ ਪ੍ਰਬੰਧ ਕੀਤੇ ਹੋਏ ਸਨ। ਸੁਹਾਵਣੇ ਮੌਸਮ ਕਾਰਨ ਸੰਗਤ ਵੱਡੀ ਗਿਣਤੀ ਵਿਚ ਹਾਜਰ ਸੀ, ਜਿਸ ਨੇ ਪੰਜਾਬ ਦੇ ਵੱਡੇ ਵਿਸਾਖੀ ਮੇਲੇ ਦਾ ਮਾਹੌਲ ਸਿਰਜ ਦਿੱਤਾ। ਸਟੇਜ ਤੋਂ ਵੱਖ ਵੱਖ ਸਿਆਸੀ ਸ਼ਖਸੀਅਤਾਂ, ਗੁਰੂ ਘਰਾਂ ਤੇ ਸੰਸਥਾਵਾਂ ਦੇ ਮੁਖੀਆਂ ਅਤੇ ਵਿਦਵਾਨਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਡਾ. ਅਮਰਜੀਤ ਸਿੰਘ ਤੇ ਡਾ. ਚੀਮਾ ਦੇ ਵਿਚਾਰ ਸੰਗਤ ਨੇ ਬਹੁਤ ਹੀ ਧਿਆਨ ਨਾਲ ਸੁਣੇ।

## ਟਰੰਪ ਵੱਲੋਂ ਪਰਵਾਸ ਨੀਤੀ 'ਚ ਵੱਡੇ ਬਦਲਾਅ ਦੀ ਤਿਆਰੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਇਮੀਗਰੇਸ਼ਨ ਨੀਤੀ 'ਚ ਬਦਲਾਅ ਕਰਨ ਲਈ ਉਤਾਵਲੇ ਹਨ। ਉਹ ਵਿਦੇਸ਼ੀਆਂ ਲਈ ਮੌਜੂਦਾ ਪ੍ਰਣਾਲੀ ਦੀ ਬਜਾਏ ਮੈਰਿਟ ਆਧਾਰਿਤ ਪ੍ਰਣਾਲੀ ਨੂੰ ਤਰਜੀਹ ਦੇਣ ਦੇ ਪੱਖ 'ਚ ਹਨ। ਮੌਜੂਦਾ ਪ੍ਰਣਾਲੀ ਤਹਿਤ ਪਰਿਵਾਰਕ ਰਿਸ਼ਤਿਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਕਦਮ ਨਾਲ ਗਰੀਨ ਕਾਰਡ ਦੀ ਉਡੀਕ ਕਰ ਰਹੇ ਹਜ਼ਾਰਾਂ ਭਾਰਤੀ ਮਾਹਿਰਾਂ ਨੂੰ ਰਾਹਤ ਮਿਲ ਸਕਦੀ ਹੈ। ਟਰੰਪ ਦੇ ਜਵਾਈ ਜੈਰੇਡ ਕੁਸ਼ਨਰ ਦੀ ਇਹ ਨਵੀਂ ਯੋਜਨਾ ਮੁੱਖ ਤੌਰ 'ਤੇ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਗਰੀਨ ਕਾਰਡ ਤੇ ਜਾਇਜ਼ ਸਥਾਈ ਨਿਵਾਸ ਪ੍ਰਣਾਲੀ ਨੂੰ ਸੁਧਾਰਨ ਉਤੇ ਕੇਂਦਰਤ ਹੈ ਤਾਂ ਜੋ ਯੋਗਤਾ, ਉਚ ਡਿਗਰੀ ਧਾਰਕ ਅਤੇ ਮੁਹਾਰਤ ਹਾਸਲ ਵਿਅਕਤੀਆਂ ਲਈ ਇਮੀਗਰੇਸ਼ਨ ਪ੍ਰਣਾਲੀ ਨੂੰ ਸਰਲ ਬਣਾਇਆ ਜਾ ਸਕੇ।

ਮੌਜੂਦਾ ਪ੍ਰਬੰਧ ਤਹਿਤ ਤਕਰੀਬਨ 66 ਫੀਸਦੀ ਗਰੀਨ ਕਾਰਡ ਉਨ੍ਹਾਂ ਵਿਅਕਤੀਆਂ ਨੂੰ ਦਿੱਤੇ ਜਾਂਦੇ ਹਨ ਜਿਨ੍ਹਾਂ ਦੇ ਪਰਿਵਾਰਕ ਸਬੰਧ ਹੋਣ ਅਤੇ ਸਿਰਫ 12 ਫੀਸਦੀ ਹੀ ਯੋਗਤਾ ਦੇ ਆਧਾਰ 'ਤੇ ਗਰੀਨ ਕਾਰਡ ਦੇ ਹੱਕਦਾਰ ਬਣਦੇ ਹਨ। ਇਸ ਯੋਜਨਾ ਨੂੰ ਅਮਲ 'ਚ ਲਿਆਉਣਾ ਅਜੇ ਮੁਸ਼ਕਲਾਂ ਭਰਿਆ ਕੰਮ ਹੈ ਕਿਉਂਕਿ ਕਾਂਗਰਸ ਇਸ ਮੁੱਦੇ 'ਤੇ ਵੰਡੀ ਜਾ ਸਕਦੀ ਹੈ। ਰਾਸ਼ਟਰਪਤੀ ਆਪਣੇ ਰਿਪਬਲਿਕਨ ਸੰਸਦ ਮੈਂਬਰਾਂ ਨੂੰ ਇਸ ਮੁੱਦੇ ਉਤੇ ਸਮਝਾਉਣ 'ਚ ਸਫਲ ਵੀ ਹੋ ਜਾਣ ਤਾਂ ਵੀ ਸੰਸਦ ਮੈਂਬਰ ਨੈਨਸੀ ਪੈਲੋਸੀ ਦੀ ਅਗਵਾਈ ਵਾਲੇ ਡੈਮੋਕਰੈਟ ਅਤੇ ਦੂਜੇ ਆਗੂ ਇਸ ਦੇ ਵਿਰੋਧ 'ਚ ਖੜ੍ਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੋਗਤਾ ਅਤੇ ਅੰਕਾਂ 'ਤੇ ਆਧਾਰਿਤ ਨਵੀਂ ਇਮੀਗਰੇਸ਼ਨ ਨੀਤੀ ਪੇਸ਼ ਕੀਤੀ ਹੈ ਜਿਸ ਤਹਿਤ ਮੌਜੂਦਾ ਗਰੀਨ ਕਾਰਡ ਦੀ ਥਾਂ 'ਤੇ 'ਬਿਲਡ ਅਮਰੀਕਾ' ਵੀਜ਼ਾ ਲਿਆਉਣ ਦੀ ਤਜਵੀਜ਼ ਰੱਖੀ ਗਈ ਹੈ। ਇਸ ਨੀਤੀ ਤਹਿਤ ਨੌਜਵਾਨਾਂ ਅਤੇ ਮੁਹਾਰਤ ਹਾਸਲ ਵਰਕਰਾਂ ਲਈ ਵੀਜ਼ਾ ਰਾਖਵਾਂਕਰਨ 12 ਫੀਸਦੀ ਤੋਂ ਵਧ ਕੇ 57 ਫੀਸਦੀ ਹੋ ਜਾਵੇਗਾ।

ਇਸ ਕਦਮ ਨਾਲ ਹਜ਼ਾਰਾਂ ਭਾਰਤੀ ਮਾਹਿਰਾਂ ਨੂੰ ਲਾਭ ਹੋਣ ਦੀ ਉਮੀਦ ਹੈ। ਟਰੰਪ ਨੇ ਕਿਹਾ ਕਿ ਇਮੀਗਰੇਸ਼ਨ ਦੀ ਮੌਜੂਦਾ ਪ੍ਰਣਾਲੀ ਦੇਸ਼ ਭਰ ਦੀਆਂ ਪ੍ਰਤਿਭਾਵਾਂ ਨੂੰ ਬਰਕਰਾਰ ਰੱਖਣ 'ਚ ਨਾਕਾਮ ਰਹੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਉਹ ਯੋਗਤਾ ਆਧਾਰਿਤ ਇਮੀਗਰੇਸ਼ਨ ਪ੍ਰਣਾਲੀ ਦੀ ਤਜਵੀਜ਼ ਰੱਖ ਰਹੇ ਹਨ ਜਿਸ ਤਹਿਤ ਉਮਰ, ਗਿਆਨ, ਰੁਜ਼ਗਾਰ ਦੇ ਮੌਕਿਆਂ ਦੇ ਆਧਾਰ 'ਤੇ ਸਥਾਈ ਕਾਨੂੰਨੀ ਰਿਹਾਇਸ਼ ਉਨ੍ਹਾਂ ਲੋਕਾਂ ਨੂੰ ਦਿੱਤੀ ਜਾਵੇਗੀ ਜੋ ਨਾਗਰਿਕ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਸਮਝਦੇ ਹੋਣ। ਇਸ ਤੋਂ ਇਲਾਵਾ ਪ੍ਰਸਤਾਵਿਤ ਪ੍ਰਣਾਲੀ ਤਹਿਤ ਅਮਰੀਕਾ ਆਉਣ ਵਾਲਿਆਂ ਨੂੰ ਅੰਗਰੇਜ਼ੀ ਸਿੱਖਣੀ ਹੋਵੇਗੀ ਅਤੇ ਦਾਖਲੇ ਤੋਂ ਪਹਿਲਾਂ ਨਾਗਰਿਕ ਸ਼ਾਸਤਰ (ਸਿਵਿਕਸ) ਦੀ ਪ੍ਰੀਖਿਆ ਪਾਸ ਕਰਨੀ ਹੋਵੇਗੀ। ਅਮਰੀਕਾ ਹਰ ਸਾਲ ਕਰੀਬ 11 ਲੱਖ ਗਰੀਨ ਕਾਰਡ ਜਾਰੀ ਕਰਦਾ ਹੈ। ਟਰੰਪ ਦੀ ਇਮੀਗਰੇਸ਼ਨ ਨੀਤੀ ਨਾਲ ਭਾਰਤੀ ਮਾਹਿਰਾਂ ਨੂੰ ਲਾਭ ਹੋਵੇਗਾ ਜੋ ਔਸਤਨ ਕਰੀਬ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਗਰੀਨ ਕਾਰਡ ਦੀ ਉਡੀਕ ਕਰ ਰਹੇ ਹਨ।


## ਗੁਰਦੁਆਰਾ ਪੈਲਾਟਾਈਨ ਲਈ ਲਾਂਗਰੀ ਦੀ ਲੋੜ ਹੈ

ਲਾਂਗਰੀ ਅੰਮ੍ਰਿਤ ਧਾਰੀ, ਰਹਿਤ ਅਤੇ ਗੁਰ ਮਰਿਆਦਾ ਦਾ ਧਾਰਨੀ ਹੋਵੇ। ਸ਼ੁੱਧ ਬਾਣੀ ਵੀ ਪੜ੍ਹਦਾ ਹੋਵੇ। ਘੱਟ ਤੋਂ ਘੱਟ ਪੰਜ ਸਾਲ ਦਾ ਕਿਸੇ ਗੁਰਦੁਆਰਾ ਸਾਹਿਬ ਵਿਚ ਸੇਵਾ ਦਾ ਤਜ਼ਰਬਾ ਹੋਵੇ। ਗ੍ਰੀਨ ਕਾਰਡ ਵਾਲੇ ਉਮੀਦਵਾਰ ਨੂੰ ਪਹਿਲ। ਗੁਰਦੁਆਰਾ ਸਾਹਿਬ ਵੱਲੋਂ ਸਮੇਂ ਸਮੇਂ ਦਿਤੀਆਂ ਜਾਂਦੀਆਂ ਹੋਰ ਸੇਵਾਵਾਂ ਨਿਭਾ ਸਕੇ।

*ਉਮੀਦਵਾਰ ਅਰਜੀਆਂ ਹੇਠ ਲਿਖੇ ਪਤੇ 'ਤੇ ਜਾਂ ਈ-ਮੇਲ ਰਾਹੀਂ ਭੇਜਣ ਦੀ ਕਿਰਪਾਲਤਾ ਕਰਨ।*

**e-mail: president@srschicago.org**

SIKH Religious Society PALATINE GURDWARA
Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail: president@srschicago.org


## ਹੁਨਰਮੰਦ ਪਰਵਾਸੀਆਂ ਲਈ ਕੋਟੇ 'ਚ ਭਾਰੀ ਵਾਧੇ ਦਾ ਐਲਾਨ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਨੇ ਇਮੀਗਰੇਸ਼ਨ ਸੁਧਾਰ ਪ੍ਰਸਤਾਵਾਂ ਨੂੰ ਜਾਰੀ ਕੀਤਾ, ਜੋ ਹੁਨਰਮੰਦ ਵਰਕਰਾਂ ਲਈ ਕੋਟਾ ਵਧਾਉਣਗੇ। ਟਰੰਪ ਨੇ ਕਿਹਾ ਕਿ ਅਸੀਂ ਸਭ ਤੋਂ ਵੱਡਾ ਬਦਲਾਅ ਹੁਨਰਮੰਦ ਪਰਵਾਸੀਆਂ ਦੇ ਕੋਟੇ ਦੇ ਅਨੁਪਾਤ ਨੂੰ 12 ਫੀਸਦੀ ਤੋਂ ਵਧਾ ਕੇ 57 ਫੀਸਦੀ ਕਰਨ ਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਵੇਖਣਾ ਚਾਹੁੰਦੇ ਹਾਂ ਕਿ ਅਸੀਂ ਹੋਰ ਅੱਗੇ ਜਾ ਸਕਦੇ ਹਾਂ। ਇਹ ਸਾਨੂੰ ਦੂਸਰੇ ਦੇਸ਼ਾਂ ਦੇ ਬਰਾਬਰ ਲਿਆਵੇਗਾ ਅਤੇ ਸਾਨੂੰ ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ ਬਣਾਵੇਗਾ। ਪ੍ਰਸਤਾਵਿਤ ਸੁਧਾਰਾਂ ਤਹਿਤ ਪਰਵਾਸੀਆਂ ਨੂੰ ਦਾਖਲੇ ਤੋਂ ਪਹਿਲਾਂ ਅੰਗਰੇਜ਼ੀ ਸਿੱਖਣ ਅਤੇ ਸਿਵਿਕਸ ਪ੍ਰੀਖਿਆ ਪਾਸ ਕਰਨ ਦੀ ਜ਼ਰੂਰਤ ਹੋਵੇਗੀ।

## ਸੀ. ਆਈ. ਏ. ਦੇ ਸਾਬਕਾ ਅਧਿਕਾਰੀ ਨੂੰ 20 ਸਾਲ ਕੈਦ

**ਵਾਸ਼ਿੰਗਟਨ:** ਅਮਰੀਕਾ 'ਚ ਚੀਨ ਲਈ ਜਾਸੂਸੀ ਕਰਨ ਦੇ ਦੋਸ਼ 'ਚ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.) ਦੇ ਸਾਬਕਾ ਅਧਿਕਾਰੀ ਕੇਵਿਨ ਮੈਲੋਰੀ ਨੂੰ 20 ਸਾਲ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਅਮਰੀਕੀ ਰੱਖਿਆ ਨਾਲ ਸਬੰਧਤ ਗੁਪਤ ਸੂਚਨਾ ਚੀਨ ਦੇ ਖੁਫੀਆ ਏਜੰਟ ਨੂੰ 25 ਹਜ਼ਾਰ ਡਾਲਰ 'ਚ ਵੇਚਣ ਦਾ ਦੋਸ਼ੀ ਠਹਿਰਾਇਆ ਗਿਆ ਹੈ।

ਸਹਾਇਕ ਅਟਾਰਨੀ ਜਨਰਲ ਜੌਹਨ ਡੇਮਰਸ ਨੇ ਕਿਹਾ ਕਿ ਮੈਲੋਰੀ ਨੂੰ ਚੀਨੀ ਖੁਫੀਆ ਅਧਿਕਾਰੀ ਨੂੰ ਰਾਸ਼ਟਰੀ ਰੱਖਿਆ ਬਾਰੇ ਸੂਚਨਾ ਦੇਣ ਦੀ ਸਾਜਿਸ਼ ਘੜਨ ਲਈ 20 ਸਾਲ ਦੀ ਕੈਦ ਹੋਈ ਹੈ। ਉਨ੍ਹਾਂ ਕਿਹਾ ਕਿ ਚੀਨ ਅਮਰੀਕਾ ਦੇ ਸਾਬਕਾ ਖੁਫੀਆ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਂਦਾ ਆ ਰਿਹਾ ਹੈ ਅਤੇ ਇਹ ਅਧਿਕਾਰੀ ਆਪਣੇ ਮੁਲਕ ਤੇ ਸਾਥੀਆਂ ਨਾਲ ਧੋਖਾ ਕਰ ਰਹੇ ਹਨ ਜੋ ਖਤਰਨਾਕ ਰੁਝਾਨ ਹੈ।


VAPOR MAVEN
WAREHOUSE HELP WANTED
MON-SAT 8AM - 6PM
LODGING PROVIDED
$2500 MONTHLY
DUTIES INCLUDE:
PULL ORDERS FOR RETAIL STORES
RE-STOCK WAREHOUSE INVENTORY
GENERAL WAREHOUSE LABOR
MISC. PRODUCTION WORK
CALL 479-409-2293
FOR INQUIRIES HERMIN THIND
HERMINTHIND@GMAIL.COM
18-21

# ਨਿਊ ਯਾਰਕ ਵਿਚ ਜਲਦ ਬਣੇਗਾ ਅਸਥਘਾਟ

**ਫਲੱਸ਼ਿੰਗ, ਨਿਊ ਯਾਰਕ (ਬਿਊਰੋ):** ਇਥੇ ਫਰੈਸ਼ ਮੈਡੋ ਪਾਰਕ ਵਿਖੇ ਸਿਟੀ ਦੇ ਪਾਰਕ ਡਿਪਾਰਟਮੈਂਟ ਵਲੋਂ ਭਾਰਤੀ/ਪੰਜਾਬੀ ਭਾਈਚਾਰੇ ਨੂੰ ਅਸਥੀਆਂ ਜਲ ਪ੍ਰਵਾਹ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਇਹ ਪਾਰਕ ਫਲੱਸ਼ਿੰਗ ਵਿਚ ਹਾਈਵੇਅ ਵੈਨਵਿਕ ਅਤੇ ਗਰੈਂਡ ਸੈਂਟਰਲ ਪਾਰਕ ਵਿਚਾਲੇ ਪੈਂਦਾ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਸਥੀਆਂ 165 ਐਵੇਨਿਊ ਕਰਾਸ ਵੇ ਬੁਲੇਵਾਰਡ ਦੇ ਨੇੜੇ ਸਮੁੰਦਰ ਵਿਚ ਜਲ ਪ੍ਰਵਾਹ ਕੀਤੀਆਂ ਜਾਂਦੀਆਂ ਸਨ। ਸਮੁੰਦਰ ਫੈਡਰਲ ਸਰਕਾਰ ਅਧੀਨ ਆਉਂਦੇ ਹਨ ਅਤੇ ਸਮੁੰਦਰੀ ਫੌਜ ਵਲੋਂ ਵਰਤੇ ਜਾਣ ਕਾਰਨ ਵਾਤਾਵਰਣ ਵਿਭਾਗ ਅਤੇ ਹੈਲਥ ਡਿਪਾਰਟਮੈਂਟ ਨੇ ਇਤਜਾਰ ਜਤਾਇਆ ਸੀ ਕਿ ਲਗਾਤਾਰ ਅਸਥੀਆਂ ਪੈਣ ਕਾਰਨ ਵਾਤਾਵਰਣ 'ਤੇ ਮਾੜਾ ਅਸਰ ਪਵੇਗਾ। ਹਾਲਾਂਕਿ ਸਾਰੇ ਵਿਭਾਗਾਂ ਨੇ ਅਸਥੀਆਂ ਪਾਉਣ ਦੀ ਇਜਾਜ਼ਤ ਦੇ ਦਿੱਤੀ ਸੀ, ਪਰ ਸਿੱਖ ਭਾਈਚਾਰੇ ਦੀਆਂ ਕੋਸ਼ਿਸ਼ਾਂ ਸਦਕਾ ਸਿਟੀ ਨੇ ਹੁਣ ਨਵੀਂ ਥਾਂ ਅਸਥੀਆਂ ਜਲ ਪ੍ਰਵਾਹ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

ਸਿੱਖ ਕਮਿਊਨਿਟੀ ਕੌਂਸਲ ਦੇ ਸਰਪ੍ਰਸਤ ਹਰਬੰਸ ਸਿੰਘ, ਪ੍ਰਧਾਨ ਬਲਦੇਵ ਸਿੰਘ ਹਰਿਆਣਾ, ਖਜਾਨਚੀ ਬਲਕਾਰ ਸਿੰਘ ਸੱਲ੍ਹਾਂ, ਚੇਅਰਮੈਨ ਰਣਜੀਤ ਸਿੰਘ ਆਹਲੂਵਾਲੀਆ ਅਤੇ ਮੁੱਖ ਬੁਲਾਰੇ ਗਿਆਨੀ ਰਣਜੀਤ ਸਿੰਘ ਸੰਗੋਜਲਾ ਨੇ ਦੱਸਿਆ ਕਿ ਜਲਦੀ ਹੀ ਹੁਣ ਨਵੀਂ ਥਾਂ ਬਾਰੇ ਸੰਗਤਾਂ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ ਗਿਆਨੀ ਸੰਗੋਜਲਾ ਨਾਲ ਫੋਨ: 347-701-5695 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਨਿਤੀਸ਼ ਨੇ ਲੰਬੀ ਚੋਣ ਪ੍ਰਕ੍ਰਿਆ 'ਤੇ ਸਵਾਲ ਉਠਾਏ

**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਅਤੇ ਜਨਤਾ ਦਲ (ਯੂ) ਦੇ ਪ੍ਰਧਾਨ ਨਿਤੀਸ਼ ਕੁਮਾਰ ਨੇ ਗਰਮੀਆਂ ਦੇ ਮੌਸਮ 'ਚ ਲੰਬੀ ਚੋਣ ਪ੍ਰਕਿਰਿਆ 'ਤੇ ਸਵਾਲ ਉਠਾਉਂਦਿਆਂ ਸੁਝਾਅ ਦਿੱਤਾ ਕਿ ਆਮ ਚੋਣਾਂ ਦੋ ਜਾਂ ਤਿੰਨ ਗੇੜਾਂ 'ਚ ਮੁਕੰਮਲ ਹੋ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਚੋਣਾਂ ਕਰਾਉਣ ਦਾ ਢੁਕਵਾਂ ਸਮਾਂ ਫਰਵਰੀ-ਮਾਰਚ ਜਾਂ ਅਕਤੂਬਰ-ਨਵੰਬਰ ਹੋਣਾ ਚਾਹੀਦਾ ਹੈ।

ਉਨ੍ਹਾਂ ਜ਼ੋਰ ਦਿੱਤਾ ਕਿ ਉਕਤ ਦੱਸੇ ਸਮੇਂ 'ਤੇ ਚੋਣਾਂ ਕਰਾਉਣ ਲਈ ਸੰਵਿਧਾਨਕ ਤੌਰ 'ਤੇ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਸ੍ਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਜਨਤਾ ਦਲ (ਯੂ) ਦਾ ਪ੍ਰਧਾਨ ਹੋਣ ਦੇ ਨਾਤੇ ਉਹ ਮੌਜੂਦਾ ਚੋਣਾਂ ਦਾ ਅਮਲ ਮੁਕੰਮਲ ਹੋਣ 'ਤੇ ਆਪਣੇ ਸਾਥੀਆਂ ਅਤੇ ਹੋਰ ਪਾਰਟੀਆਂ ਨੂੰ ਇਸ ਬਾਬਤ ਪੱਤਰ ਲਿਖਣਗੇ ਤਾਂ ਜੋ ਮੁੱਦੇ 'ਤੇ ਸਹਿਮਤੀ ਬਣਾਈ ਜਾ ਸਕੇ। ਜਨਤਾ ਦਲ (ਯੂ) ਮੁਖੀ ਦੇ ਇਹ ਵਿਚਾਰ ਹੁਕਮਰਾਨ ਐਨ.ਡੀ.ਏ. ਤੋਂ ਉਲਟ ਹਨ ਪਰ ਸ੍ਰੀ ਕੁਮਾਰ ਨੇ ਕਿਹਾ ਕਿ ਉਹ ਆਪਣੇ ਲੰਬੇ ਸਿਆਸੀ ਕਰੀਅਰ ਦੇ ਤਜਰਬੇ ਅਤੇ ਲੋਕਾਂ ਨਾਲ ਗੱਲਬਾਤ ਦੇ ਆਧਾਰ 'ਤੇ ਇਹ ਦਲੀਲ ਦੇ ਰਹੇ ਹਨ।

# ਡਾ. ਹਰਜਿੰਦਰ ਸਿੰਘ ਖਹਿਰਾ ਨੂੰ ਸਦਮਾ, ਪਿਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਅੰਮ੍ਰਿਤਸਰ ਮੈਡੀਕਲ ਐਂਡ ਡੈਂਟਲ ਅਲੂਮਨੀ ਐਸੋਸੀਏਸ਼ਨ, ਨਾਰਥ ਅਮੈਰਿਕਾ 'ਅਮਦਾਨਾ' ਦੇ ਪ੍ਰਧਾਨ ਅਤੇ ਸ਼ਿਕਾਗੋ ਦੀਆਂ ਵੱਖ ਵੱਖ



ਸੰਸਥਾਵਾਂ ਨਾਲ ਜੁੜੇ ਡਾ. ਹਰਜਿੰਦਰ ਸਿੰਘ ਖਹਿਰਾ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਸ. ਸੰਤੋਖ ਸਿੰਘ ਖਹਿਰਾ ਲੰਘੀ 19 ਮਈ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿਛੇ ਪਤਨੀ ਵੀਰਾਂ ਦਲਜੀਤ ਕੌਰ ਤੋਂ ਇਲਾਵਾ ਤਿੰਨ ਪੁੱਤਰ-ਡਾ. ਹਰਜਿੰਦਰ ਸਿੰਘ ਖਹਿਰਾ, ਸੋਨੂ ਖਹਿਰਾ ਤੇ ਵਿਕਰਮਜੀਤ ਸਿੰਘ ਤੋਂ ਇਲਾਵਾ ਪੋਤੇ-ਪੋਤੀਆਂ ਦਾ ਇਕ ਵੱਡਾ ਪਰਿਵਾਰ ਛੱਡ ਗਏ ਹਨ।

ਸਵਰਗੀ ਸ. ਸੰਤੋਖ ਸਿੰਘ ਦਾ ਅੰਤਿਮ ਸਸਕਾਰ ਐਤਵਾਰ, 26 ਮਈ ਨੂੰ ਬਾਅਦ ਦੁਪਹਿਰ ਇਕ ਵਜੇ ਤੋਂ 3 ਵਜੇ ਦਰਮਿਆਨ ਕੰਟਰੀਸਾਈਡ ਫਿਊਨਰਲ ਹੋਮ ਐਂਡ ਕ੍ਰੀਮੇਟਰੀ (950 ਸਾਊਥ ਬਾਰਟਲੈਟ ਰੋਡ), ਬਾਰਟਲੈਟ ਵਿਖੇ ਹੋਵੇਗਾ। ਉਪਰੰਤ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਇਲੀਨਾਏ ਸਿੱਖ ਕਮਿਊਨਿਟੀ ਸੈਂਟਰ (ਗੁਰਦੁਆਰਾ ਵ੍ਹੀਟਨ, 2131 ਕਰੀਕਸਾਈਡ ਡਰਾਈਵ), ਵ੍ਹੀਟਨ ਵਿਖੇ ਬਾਅਦ ਦੁਪਹਿਰ 3:30 ਤੋਂ ਸ਼ਾਮ 5:30 ਵਜੇ ਤੱਕ ਹੋਣਗੇ। ਇਸ ਸਬੰਧੀ ਸਹਿਜ ਪਾਠ ਦਾ ਅਰੰਭ ਐਤਵਾਰ 19 ਮਈ ਨੂੰ ਕੀਤਾ ਗਿਆ ਹੈ।

ਡਾ. ਖਹਿਰਾ ਨਾਲ ਸੰਪਰਕ ਫੋਨ: 630-479-0031 ਅਤੇ ਸੋਨੂ ਖਹਿਰਾ ਨਾਲ ਫੋਨ: 847-373-2886 ਰਾਹੀਂ ਕੀਤਾ ਜਾ ਸਕਦਾ ਹੈ।

# *ਵਿਲੀਅਮ ਲਈ 'ਨਾ-ਸਹਿਣਯੋਗ ਦਰਦ' ਸੀ ਡਾਇਨਾ ਦੀ ਮੌਤ*

**ਲੰਡਨ:** ਬਰਤਾਨੀਆ ਦੇ ਸ਼ਹਿਜ਼ਾਦੇ ਵਿਲੀਅਮ ਨੇ ਆਪਣੀ ਮਾਂ ਰਾਜਕੁਮਾਰੀ ਡਾਇਨਾ ਦੀ ਮੌਤ ਬਾਰੇ ਗੱਲ ਕਰਦਿਆਂ ਉਸ ਦੇ ਵਿਛੋੜੇ ਨੂੰ 'ਨਾ ਸਹਿਣਯੋਗ ਦਰਦ' ਸਮਾਨ ਦੱਸਿਆ ਹੈ। ਮਾਨਸਿਕ ਤਣਾਅ (ਡਿਪਰੈਸ਼ਨ) ਬਾਰੇ ਬ੍ਰਿਟਿਸ਼ ਬਰਾਡਕਾਸਟਿੰਗ ਸਰਵਿਸ (ਬੀ.ਬੀ.ਸੀ.) ਦੀ ਇਕ ਡਾਕੂਮੈਂਟਰੀ 'ਚ ਵਿਲੀਅਮ ਨੇ ਕਿਹਾ ਕਿ



*ਸ਼ਹਿਜ਼ਾਦਾ ਵਿਲੀਅਮ*

ਏਅਰ ਐਂਬੂਲੈਂਸ ਲਈ ਪਾਇਲਟ ਵੱਜੋਂ ਕੰਮ ਕਰਦਿਆਂ ਉਸ ਨੂੰ ਅਹਿਸਾਸ ਹੋਇਆ ਕਿ ਮੌਤ 'ਕਦੇ ਵੀ ਆ ਸਕਦੀ ਹੈ'। ਸ਼ਹਿਜ਼ਾਦੇ ਨੇ ਕਿਹਾ ਕਿ ਇਹ ਵਿਚਾਰ ਉਸ ਲਈ ਮੁਸੀਬਤ ਬਣ ਗਿਆ ਜਦ ਤੱਕ ਕਿਸੇ ਨਾਲ ਉਸ ਨੇ ਗੱਲ ਸਾਂਝੀ ਨਹੀਂ ਕੀਤੀ। ਇਹ ਟਿੱਪਣੀਆਂ ਉਸ ਵਿਚਾਰ ਚਰਚਾ ਦਾ ਹਿੱਸਾ ਹਨ ਜੋ ਨਿੱਜੀ ਸੰਘਰਸ਼ ਬਾਰੇ ਵਿਲੀਅਮ ਨੇ ਫੁਟਬਾਲ ਸਟਾਰ ਪੀਟਰ ਕਰਾਊਚ, ਥੀਅਰੀ ਹੈਨਰੀ, ਡੈਨੀ ਰੋਜ਼, ਜਰਮੇਨ ਜੇਨਸ ਤੇ ਇੰਗਲੈਂਡ ਦੇ ਮੈਨੇਜਰ ਗੈਰੇਥ ਸਾਊਥਗੇਟ ਨਾਲ ਕੀਤੀ।

ਸ਼ਹਿਜ਼ਾਦਾ ਵਿਲੀਅਮ ਤੇ ਭਰਾ ਹੈਰੀ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਮਾਨਸਿਕ ਤਣਾਅ ਨਾਲ ਨਜਿੱਠਣ ਬਾਰੇ ਗੱਲਬਾਤ ਕਰਦੇ ਹੀ ਰਹੇ ਹਨ। ਦੋਵਾਂ ਦਾ ਕਹਿਣਾ ਹੈ ਕਿ ਸ਼ਾਇਦ ਉਨ੍ਹਾਂ ਦੇ ਤਲਖ ਤਜਰਬੇ ਹੋਰਾਂ ਦੀ ਮਦਦ ਕਰ ਸਕਣ।

# Matrimonials

### ਲੜਕੀ ਦੀ ਲੋੜ ਹੈ

Jatt Sikh 28, 5'-8", only boy, B.Com, own business & properties in Jalandhar City. Like to settle in California. Family is looking for girl with moral values. Contact, Ph: 805-889-4848 17-20

Looking for Punjabi Jatt (Girl), Bachelor in 3-D animation from Canada, did one year advance program of sketching in London (UK). Working in (Hollywood Movie studio, The Mill) Canada. Contact, Ph: 216-471-0305 16-

Looking for Punjabi Jatt (Girl) for smart, handsome boy, Age 22. Graduate in Hotel Management from Kolata. Living in Colorado, USA. On work visa. Contact, Ph: 440-901-8806 16-

### ਲੜਕੇ ਦੀ ਲੋੜ ਹੈ

ਗਿੱਲ ਜੱਟ ਸਿੱਖ, ਉਮਰ 23 ਸਾਲ, ਕੱਦ 5'-4", ਬੀ. ਏ. ਕੰਪਿਊਟਰ ਡਿਪੋਲਮਾ, ਸੁਸ਼ੀਲ, ਸੁੰਦਰ ਲੜਕੀ, ਜੋ ਇਸ ਸਮੇਂ ਅਮਰੀਕਾ ਵਿਚ ਵਿਜ਼ਿਟਰ/ਬਿਜਨਸ ਵੀਜ਼ੇ 'ਤੇ ਪਿਛਲੇ ਕਰੀਬ ਦੋ ਮਹੀਨੇ ਤੋਂ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: mank86575@gmail.com ਜਾਂ ਫੋਨ: 765-212-9289 20-23

### ਲੜਕੀ ਦੀ ਲੋੜ ਹੈ

Well established, educated small Jatt Sikh, Sekhon Family seeks a US born, or Green Card holder match for their well educated, hard worker, 23 years old son, 6'-1", currently doing Business Administration in a Private University, on F1 visa. He is in the United States since 2015. Clean record. Contact, Ph: 561-221-7559, 815-276-3557 or e-mail: sherisekhon88@gmail.com

Wanted US citizen Suitable girl for Dental specialist Arora Sikh boy, 30, 5'-10", practicing and teaching endodontic. Mother senior professor, father retired Deputy Director, Department of animal husbandry, well settled. Caste no bar. Contact: 91-94174-05453 {Punjab} 13-16

### ਜੀਵਨ ਸਾਥੀ ਦੀ ਲੋੜ ਹੈ

Senior US citizen, physically/ financially stable, own house, looking for a life partner. The lady should be senior in age, good health, good looking, educated and from US Gur Sikh family. Contact, Ph: 347-561-2529 20

# ਪਾਕਿਸਤਾਨ 'ਚ 2 ਹਫਤਿਆਂ 'ਚ 519 ਏਡਜ਼ ਪੀੜਤਾਂ ਦੀ ਸ਼ਨਾਖਤ

**ਕਰਾਚੀ:** ਪਾਕਿਸਤਾਨ ਦੇ ਸਿੰਧ ਪ੍ਰਾਂਤ 'ਚ ਦੋ ਹਫਤਿਆਂ ਦੌਰਾਨ 519 ਲੋਕ, ਜਿਨ੍ਹਾਂ 'ਚ ਬਹੁਤੇ ਬੱਚੇ ਸ਼ਾਮਲ ਹਨ, ਐਚ.ਆਈ.ਵੀ. ਪਾਜ਼ੀਟਿਵ ਪਾਏ ਗਏ। ਸਿਹਤ ਮਹਿਕਮੇ ਨੇ ਇਸ ਪਿੱਛੇ ਅਸੁਰੱਖਿਆ ਉਪਕਰਨ, ਅਸੁਰੱਖਿਅਤ ਖੂਨ ਤੇ ਹੋਰ ਬੁਰਾਈਆਂ ਨੂੰ ਜ਼ਿੰਮੇਵਾਰ ਦੱਸਿਆ ਹੈ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਏਸ਼ੀਆ 'ਚ ਸਭ ਤੋਂ ਤੇਜ਼ੀ ਨਾਲ ਐਚ.ਆਈ.ਵੀ. ਵਧਣ ਦੀ ਦਰ ਦੇ ਮਾਮਲੇ 'ਚ ਪਾਕਿਸਤਾਨ ਹੁਣ ਦੂਜੇ ਨੰਬਰ 'ਤੇ ਹੈ। 2017 'ਚ ਹੀ ਕਰੀਬ 20000 ਇਸ ਬਿਮਾਰੀ ਦੇ ਮਰੀਜ਼ ਸਾਹਮਣੇ ਆਏ ਹਨ। ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਲਰਕਾਨਾ ਜ਼ਿਲ੍ਹੇ 'ਚ ਜਾਂਚ ਦੌਰਾਨ ਐਚ. ਆਈ. ਵੀ. ਦੇ 39 ਕੇਸਾਂ ਬਾਰੇ ਪਤਾ ਲੱਗਾ, ਜਿਸ ਨਾਲ ਪਿਛਲੇ 17 ਦਿਨਾਂ 'ਚ ਐਚ.ਆਈ.ਵੀ. ਪਾਜ਼ੀਟਿਵ ਕੇਸਾਂ ਦੀ ਗਿਣਤੀ 500 ਤੋਂ ਵਧ ਗਈ ਹੈ। ਤਾਜ਼ਾ ਜਾਂਚ 'ਚ ਰਤੋਦੇਰੋ ਕਸਬੇ 'ਚ ਹੀ 23 ਬੱਚੇ ਅਤੇ 5 ਔਰਤਾਂ ਐਚ.ਆਈ.ਵੀ. ਪਾਜ਼ੀਟਿਵ ਪਾਏ ਗਏ।

ਬੀਤੇ ਮਹੀਨੇ ਵੀ ਇੱਥੇ 39 ਲੋਕ ਐਚ. ਆਈ. ਵੀ. ਪਾਜ਼ੀਟਿਵ ਪਾਏ ਗਏ ਸਨ। ਜਾਂਚ ਮੁਤਾਬਿਕ ਰਤੋਦੇਰੋ 'ਚ ਜ਼ਿਆਦਾਤਰ ਪ੍ਰਭਾਵਿਤ ਬੱਚੇ ਇਕ ਸਥਾਨਕ ਬੱਚਿਆਂ ਦੇ ਡਾਕਟਰ, ਜਿਸ ਦਾ ਨਾਂ ਡਾ. ਮੁਜ਼ੱਫਰ ਗੰਗਰ ਸੀ, ਉਸ ਤੋਂ ਜਾਂਦੇ ਸਨ ਪਰ ਉਹ ਖੁਦ ਵੀ ਏਡਜ਼ ਦਾ ਮਰੀਜ਼ ਹੈ। ਉਸ 'ਤੇ ਦੋਸ਼ ਹੈ ਕਿ ਉਸ ਨੇ 50 ਮਰੀਜ਼ਾਂ ਨੂੰ ਇਕੋਂ ਪ੍ਰਦੂਸ਼ਿਤ ਸਰਿੰਜ ਨਾਲ ਟੀਕੇ ਲਾ ਕੇ ਐਚ. ਆਈ. ਵੀ. ਪਾਜ਼ੀਵਿਟ ਬਣਾਇਆ।


ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।

ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961 21-22



*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

Email: Homeomedicine@yahoo.com

**7021 Village Park Way, Dublin, CA 94568**



**Michigan Truck Driving School**

**6405 Middlebelt Road, Romulus, MI 48174**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Raj Jamarai Cell:734-644-1010 Office:734-747-4298**

# ਪੰਜਾਬ ਸਰਕਾਰ ਵਿੱਤੀ ਖੁਸ਼ਕੀ ਚੁੱਕਣ 'ਚ ਨਾਕਾਮ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੱਤਾ ਸੰਭਾਲਣ ਤੋਂ ਬਾਅਦ ਮਗਰਲੇ ਦੋ ਸਾਲਾਂ ਦੌਰਾਨ ਰਾਜ ਦੀ ਵਿੱਤੀ ਹਾਲਤ ਨੂੰ ਸੁਧਾਰਨ ਲਈ ਚੁੱਕੇ ਜਾ ਰਹੇ ਕਦਮਾਂ ਦਾ ਭਾਵੇਂ ਕਾਫੀ ਪ੍ਰਚਾਰ ਕੀਤਾ ਗਿਆ ਹੈ, ਪਰ ਵਿੱਤੀ ਸਾਲ ਦੇ ਪ੍ਰਾਪਤ ਹੋਏ ਅੰਕੜਿਆਂ ਅਨੁਸਾਰ ਸਰਕਾਰ ਦੀਆਂ ਵਿੱਤੀ ਹਾਲਤ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਨੂੰ ਬੂਰ ਨਹੀਂ ਪੈ ਸਕਿਆ।



ਮਾਰਚ 2019 ਨੂੰ ਖਤਮ ਹੋਏ ਵਿੱਤੀ ਸਾਲ ਦੇ ਪ੍ਰਾਪਤ ਹੋਏ ਅੰਕੜਿਆਂ ਅਨੁਸਾਰ ਮਗਰਲੇ ਵਿੱਤੀ ਸਾਲ ਦੌਰਾਨ ਰਾਜ ਦੀ ਕੁੱਲ ਆਮਦਨ 73222 ਕਰੋੜ ਸੀ ਜੋ ਕਿ ਬਜਟ ਵਿਚ ਪੇਸ਼ ਕੀਤੀ ਗਈ ਅਨੁਮਾਨਤ 70398 ਕਰੋੜ ਦੀ ਆਮਦਨ ਨਾਲੋਂ ਜ਼ਰੂਰ ਵੱਧ ਸੀ ਪਰ ਮਗਰਲੇ ਵਿੱਤੀ ਸਾਲ ਮੁਕਾਬਲੇ ਇਸ ਆਮਦਨ ਵਿਚ ਕਮੀ ਆਈ। ਮਗਰਲੇ ਵਿੱਤੀ ਸਾਲ ਦੌਰਾਨ ਸਰਕਾਰ ਨੂੰ ਜੀ.ਐਸ.ਟੀ. ਤੋਂ 21440 ਕਰੋੜ ਦੀ ਆਮਦਨ ਦੀ ਸੰਭਾਵਨਾ ਸੀ ਜੋ ਕਿ ਘਟ ਕੇ 13287 ਕਰੋੜ ਰੁਪਏ ਰਹਿ ਗਈ। ਇਸੇ ਤਰ੍ਹਾਂ ਆਬਕਾਰੀ ਤੋਂ ਵੀ ਸਰਕਾਰ ਨੂੰ ਅਨੁਮਾਨਤ ਆਮਦਨ ਤੋਂ ਕੋਈ 1000 ਕਰੋੜ ਰੁਪਏ ਘੱਟ ਦਾ ਮਾਲੀਆ ਮਿਲਿਆ ਕਿਉਂਕਿ ਸਰਕਾਰ ਨੂੰ ਆਬਕਾਰੀ ਤੋਂ 5072 ਕਰੋੜ ਦੀ ਆਮਦਨ ਹੋਈ ਜਦੋਂ ਕਿ ਸਰਕਾਰ ਨੇ ਮਗਰਲੇ ਸਾਲ ਲਈ 6000 ਕਰੋੜ ਦਾ ਟੀਚਾ ਰੱਖਿਆ ਹੋਇਆ ਸੀ। ਇਸੇ ਤਰ੍ਹਾਂ ਰੇਤ, ਬਜਰੀ ਦੇ ਖਣਨ ਤੋਂ ਵੀ ਰਾਜ ਸਰਕਾਰ ਵੱਲੋਂ ਜੋ ਆਮਦਨੀ ਦਾ ਟੀਚਾ ਰੱਖਿਆ ਗਿਆ ਸੀ, ਉਸ ਦੇ ਮੁਕਾਬਲੇ ਅਸਲ ਆਮਦਨ ਕਾਫੀ ਘੱਟ ਹੋਈ।

ਇਸੇ ਤਰ੍ਹਾਂ ਸਟੈਂਪ ਡਿਊਟੀ ਜੋ ਕਿ ਮਗਰਲੇ ਸਾਲਾਂ ਦੌਰਾਨ ਬਹੁਤ ਥੱਲੇ ਚਲੀ ਗਈ ਸੀ, ਤੋਂ ਆਮਦਨ ਨੂੰ ਵਧਾਉਣ ਲਈ ਕੈਪਟਨ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਕੁਝ ਬੂਰ ਤਾਂ ਜ਼ਰੂਰ ਪਿਆ ਪਰ ਇਹ ਆਮਦਨ 2297 ਕਰੋੜ ਤੱਕ ਪੁੱਜ ਗਈ, ਹਾਲਾਂਕਿ ਬਜਟ ਤਜਵੀਜ਼ਾਂ ਵਿਚ ਰਾਜ ਸਰਕਾਰ ਵੱਲੋਂ 2500 ਕਰੋੜ ਦੀ ਆਮਦਨ ਦਾ ਟੀਚਾ ਰੱਖਿਆ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਪੈਟਰੋਲ 'ਤੇ ਲਗਾਏ ਹੋਏ ਟੈਕਸਾਂ ਵਿਚ ਕੀਤੀ ਕਟੌਤੀ ਦੇ ਬਾਵਜੂਦ ਸਰਕਾਰ ਨੂੰ ਪੈਟਰੋਲ ਤੋਂ ਟੈਕਸ ਸਬੰਧੀ 6571 ਕਰੋੜ ਰੁਪਏ ਦੀ ਆਮਦਨ ਹੋਈ, ਜਦੋਂ ਕਿ ਇਸ ਲਈ ਟੀਚਾ 6333 ਕਰੋੜ ਦਾ ਸੀ। ਸਰਕਾਰੀ ਸੂਤਰਾਂ ਦਾ ਮੰਨਣਾ ਹੈ ਕਿ ਇਸ ਵਾਧੇ ਦਾ ਮੁੱਖ ਕਾਰਨ ਮਗਰਲੇ ਸਾਲ ਦੌਰਾਨ ਪੈਟਰੋਲ ਦੀਆਂ ਕੀਮਤਾਂ ਵਿਚ ਹੁੰਦਾ ਰਿਹਾ ਵਾਧਾ ਸੀ ਜਿਸ ਕਾਰਨ ਸਰਕਾਰ ਦਾ ਟੈਕਸ ਵੀ ਵਧਿਆ। ਦਿਲਚਸਪ ਗੱਲ ਇਹ ਸੀ ਕਿ ਮਗਰਲੇ ਸਾਲ ਦੌਰਾਨ ਸਰਕਾਰ ਦੇ ਪੱਕੇ ਖਰਚਿਆਂ ਵਿਚ ਵੀ ਕਾਫੀ ਵਾਧਾ ਹੋਇਆ ਅਤੇ ਖੇਤੀ ਸਮੇਤ ਕੁਝ ਵਰਗਾਂ ਨੂੰ ਦਿੱਤੀ ਜਾਂਦੀ ਮੁਫਤ ਬਿਜਲੀ ਅਤੇ ਰਾਜ ਸਰਕਾਰ ਵੱਲੋਂ ਮਿਲਦੀ ਸਬਸਿਡੀ ਦੀ ਰਾਸ਼ੀ ਵਧ ਕੇ 12000 ਕਰੋੜ 'ਤੇ ਪੁੱਜ ਗਈ, ਜਦੋਂ ਕਿ ਮਗਰਲੇ ਸਾਲ ਦੀ ਕੋਈ 2200 ਕਰੋੜ ਦੀ ਸਬਸਿਡੀ ਰਾਜ ਸਰਕਾਰ ਵੱਲੋਂ ਦਿੱਤੀ ਨਹੀਂ ਜਾ ਸਕੀ ਜੋ ਕਿ ਚਾਲੂ ਵਿੱਤੀ ਵਰ੍ਹੇ ਦੌਰਾਨ ਦਿੱਤੇ ਜਾਣ ਦਾ ਵਾਧਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਮਗਰਲੇ ਵਿੱਤੀ ਸਾਲ ਦੌਰਾਨ ਕੋਈ 30800 ਕਰੋੜ ਰੁਪਏ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਆਦਿ ਲਈ ਅਦਾ ਕੀਤੇ ਗਏ। ਇਸ ਰਾਸ਼ੀ ਵਿਚੋਂ 10 000 ਕਰੋੜ ਪੈਨਸ਼ਨਰਾਂ ਨੂੰ ਮਿਲੇ।

ਹੁਣ ਪਾਰਲੀਮਾਨੀ ਚੋਣਾਂ ਤੋਂ ਬਾਅਦ ਚਾਲੂ ਵਿੱਤੀ ਸਾਲ ਦੌਰਾਨ ਕੀ ਰਾਜ ਸਰਕਾਰ ਰਾਜ ਦੀ ਵਿੱਤੀ ਹਾਲਤ ਨੂੰ ਸੁਧਾਰਨ ਲਈ ਕੋਈ ਸਖਤ ਫੈਸਲੇ ਲੈ ਸਕੇਗੀ ਇਹ ਵੇਖਣ ਵਾਲੀ ਗੱਲ ਹੋਵੇਗੀ ਕਿਉਂਕਿ ਸਰਕਾਰੀ ਹਲਕਿਆਂ ਵੱਲੋਂ ਚਾਲੂ ਵਿੱਤੀ ਸਾਲ ਦੇ ਬਜਟ ਪੇਸ਼ ਹੋਣ ਦੇ ਮੌਕੇ ਇਹ ਸੰਕੇਤ ਦਿੱਤੇ ਗਏ ਸਨ ਕਿ ਰਾਜ ਸਰਕਾਰ ਪਾਰਲੀਮਾਨੀ ਚੋਣਾਂ ਤੋਂ ਬਾਅਦ ਰਾਜ ਦੀ ਵਿੱਤੀ ਆਮਦਨ ਨੂੰ ਵਧਾਉਣ ਅਤੇ ਕੁਝ ਖਰਚਿਆਂ ਨੂੰ ਘਟਾਉਣ ਸਬੰਧੀ ਅਹਿਮ ਫੈਸਲੇ ਲੈ ਸਕਦੀ ਹੈ।

## ਕਮਜ਼ੋਰ ਵਰਗ ਨੂੰ ਚਾਹ ਪੱਤੀ ਵੰਡਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਖੁਰਾਕ ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਲਾਭਪਾਤਰੀਆਂ ਨੂੰ ਚਾਹ ਪੱਤੀ ਵੰਡਣ ਦੀ ਯੋਜਨਾ ਬਣਾਈ ਜਾ ਰਹੀ ਹੈ। ਵਿਭਾਗ ਦੇ ਵਧੀਕ ਡਾਇਰੈਕਟਰ ਵੱਲੋਂ ਸਮੂਹ ਜ਼ਿਲ੍ਹਾ ਕੰਟਰੋਲਰਾਂ ਨੂੰ ਪੱਤਰ ਲਿਖ ਕੇ ਕਿਹਾ ਗਿਆ ਹੈ ਕਿ ਰਾਜ ਸਰਕਾਰ ਕੋਲ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਲਾਭ ਪ੍ਰਾਪਤ ਕਰ ਰਹੇ ਲਾਭਪਾਤਰੀਆਂ ਨੂੰ ਕਣਕ ਦੇ ਨਾਲ-ਨਾਲ ਚਾਹ ਪੱਤੀ ਦੀ ਵੰਡ ਕਰਨ ਸਬੰਧੀ ਮਾਮਲਾ ਵਿਚਾਰ ਅਧੀਨ ਹੈ। ਇਸ ਸਬੰਧੀ ਸਮੂਹ ਡੀਪੂ ਹੋਲਡਰਾਂ ਕੋਲੋਂ ਉਨ੍ਹਾਂ ਨਾਲ ਜੁੜੇ ਲਾਭਪਾਤਰੀਆਂ ਦੇ ਚਾਹਵਾਨ ਹੋਣ ਜਾਂ ਨਾ ਹੋਣ ਸਬੰਧੀ ਤਜਵੀਜ਼ 15 ਦਿਨਾਂ 'ਚ ਪ੍ਰਾਪਤ ਕਰਕੇ ਭੇਜੀ ਜਾਵੇ। ਜ਼ਿਕਰਯੋਗ ਹੈ ਕਿ ਸਰਕਾਰ ਬਣਨ ਤੋਂ ਪਹਿਲਾਂ ਕਾਂਗਰਸ ਨੇ ਰਾਜ ਦੇ ਨੀਲੇ ਕਾਰਡ ਧਾਰਕ ਲਾਭਪਾਤਰੀਆਂ ਨਾਲ ਵਾਅਦਾ ਕੀਤਾ ਸੀ ਕਿ ਆਟਾ-ਦਾਲ ਸਕੀਮ ਨੂੰ ਹੋਰ ਵੱਡੀ ਕਰ ਕੇ ਉਨ੍ਹਾਂ ਨੂੰ ਚਾਹ ਪੱਤੀ, ਖੰਡ ਤੇ ਘਿਉ ਦਿੱਤਾ ਜਾਇਆ ਕਰੇਗਾ ਪਰ 2 ਸਾਲ ਤੋਂ ਉਪਰ ਸਮਾਂ ਬੀਤਣ ਦੇ ਬਾਵਜੂਦ ਹਾਲੇ ਤੱਕ ਸਿਰਫ ਕਣਕ ਹੀ ਦਿੱਤੀ ਜਾ ਰਹੀ ਹੈ। ਇਹ ਵੀ ਵਰਨਣਯੋਗ ਗੱਲ ਹੈ ਕਿ ਆਟਾ-ਦਾਲ ਸਕੀਮ ਤਹਿਤ 20 ਰੁਪਏ ਕਿੱਲੋ ਦਿੱਤੀ ਜਾਣ ਵਾਲੀ ਦਾਲ ਅਕਾਲੀ-ਭਾਜਪਾ ਸਰਕਾਰ ਵੱਲੋਂ ਆਪਣੇ ਰਾਜ ਦੇ ਆਖਰੀ ਸਾਲ ਵਿਚ ਬੰਦ ਕਰ ਗਈ ਸੀ, ਜੋ ਹੁਣ ਤੱਕ ਬੰਦ ਚੱਲੀ ਆ ਰਹੀ ਹੈ।

## ਫਰੀਦਕੋਟ ਦਾ ਨੌਜਵਾਨ ਮੈਸੂਰ ਨੇੜੇ ਪੁਲਿਸ ਮੁਕਾਬਲੇ 'ਚ ਹਲਾਕ

**ਫਰੀਦਕੋਟ:** ਕਰਨਾਟਕ ਵਿਚ ਮੈਸੂਰ ਪੁਲਿਸ ਨੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਖਾਰਾ ਦੇ ਨੌਜਵਾਨ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਹੈ। ਕਰਨਾਟਕ ਪੁਲਿਸ ਦੇ ਦਾਅਵੇ ਅਨੁਸਾਰ ਸੁਖਵਿੰਦਰ ਸਿੰਘ ਉਰਫ ਸ਼ਾਨ (32) ਇਕ ਗੈਂਗਸਟਰ ਸੀ, ਜੋ ਵਿਜੈਨਗਰ ਪੁਲਿਸ ਨੇ ਮੈਸੂਰ ਦੇ ਨੇੜੇ ਮੁਕਾਬਲੇ ਵਿਚ ਮਾਰ ਦਿੱਤਾ ਹੈ। ਸੁਖਵਿੰਦਰ ਦੇ ਦੋ ਸਾਥੀ ਮੁਕਾਬਲੇ ਵਾਲੀ ਥਾਂ ਤੋਂ ਫਰਾਰ ਹੋ ਗਏ ਹਨ। ਪੁਲਿਸ ਅਨੁਸਾਰ ਸ਼ਾਨ, ਛੇ ਫੁੱਟ ਦਾ ਨੌਜਵਾਨ ਸੀ, ਜੋ ਸਰੀਰਕ ਪੱਖੋਂ ਕਾਫੀ ਤਕੜਾ ਸੀ। ਇਸ ਤੋਂ ਪਹਿਲਾਂ ਉਹ ਮੁੰਬਈ ਫਿਲਮ ਉਦਯੋਗ ਵਿਚ ਅਨੇਕਾਂ ਫਿਲਮੀ ਹਸਤੀਆਂ ਦੇ ਨਾਲ ਸੁਰੱਖਿਆ ਗਾਰਦ ਕਮ ਬਾਊਂਸਰ ਵਜੋਂ ਤਾਇਨਾਤ ਰਹਿ ਚੁੱਕਾ ਸੀ, ਜਿਨ੍ਹਾਂ ਵਿਚੋਂ ਅਕਸ਼ੈ ਕੁਮਾਰ ਵੀ ਇਕ ਹੈ।

ਪੁਲਿਸ ਸੂਤਰਾਂ ਅਨੁਸਾਰ ਸ਼ਾਨ ਦੇਸ਼ ਵਿਚ ਚਲਦੇ ਜਾਅਲੀ ਕਰੰਸੀ ਦੇ ਧੰਦੇ ਵਿਚ ਸ਼ਾਮਲ ਸੀ। ਉਹ ਮੈਸੂਰ ਵਿਚ ਨਵੰਬਰ 2016 ਦੇ ਪਾਬੰਦੀਸ਼ੁਦਾ ਪੁਰਾਣੇ ਨੋਟ ਲੈਣ ਲਈ ਆਇਆ ਸੀ। ਇਹ ਜਾਣਕਾਰੀ ਮੈਸੂਰ ਦੇ ਪੁਲਿਸ ਕਮਿਸ਼ਨਰ ਕੇ ਟੀ ਬਾਲਾਕ੍ਰਿਸ਼ਨ ਨੇ ਦਿੱਤੀ ਹੈ। ਸੁਖਵਿੰਦਰ ਸਿੰਘ ਸ਼ਾਨ ਨੂੰ ਗੋਲੀ ਮਾਰਨ ਵਾਲੇ ਵਿਜੈਨਗਰ ਦੇ ਪੁਲਿਸ ਇੰਸਪੈਕਟਰ ਬੀਜੀ ਕੁਮਾਰ ਨੇ ਮੈਸੂਰ ਪੁਲਿਸ ਸਟੇਸ਼ਨ ਵਿਚ ਸ਼ਿਕਾਇਤ ਲਿਖਵਾਈ। ਉਸ ਨੇ ਦੱਸਿਆ ਕਿ ਪੁਲਿਸ ਨੇ ਸ਼ਾਨ ਨੂੰ ਘੇਰੇ ਵਿਚ ਲਿਆ ਤਾਂ ਉਸ ਨੇ ਪੁਲਿਸ ਤੋਂ ਬਚਣ ਲਈ ਇਕ ਪੁਲੀਸ ਮੁਲਾਜ਼ਮ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ ਸੀ।

# ਚੋਣ ਜ਼ਾਬਤਾ: ਡਰੱਗ ਬਰਾਮਦਗੀ 'ਚ ਪੰਜਾਬ ਦਾ ਚੌਥਾ ਨੰਬਰ

**ਪਟਿਆਲਾ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵਧਾਈ ਗਈ ਚੌਕਸੀ ਦੌਰਾਨ ਦੋ ਮਹੀਨਿਆਂ ਵਿਚ ਨਸ਼ੀਲੇ ਪਦਾਰਥਾਂ ਦੀ ਹੋਈ ਬਰਾਮਦਗੀ 'ਚ ਪੰਜਾਬ ਦਾ ਚੌਥਾ ਨੰਬਰ ਹੈ। ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਕੀਮਤ ਪੱਖੋਂ ਪੰਜਾਬ ਦੂਜੇ ਨੰਬਰ 'ਤੇ ਹੈ। 10 ਮਾਰਚ ਤੋਂ 14 ਮਈ ਤੱਕ ਪੰਜਾਬ ਭਰ ਵਿਚੋਂ 8051 ਕਿਲੋ ਨਸ਼ੀਲੇ ਪਦਾਰਥ ਬਰਾਮਦ ਹੋਏ ਹਨ, ਜਿਨ੍ਹਾਂ ਦੀ ਕੀਮਤ ਤਕਰੀਬਨ 218 ਕਰੋੜ ਹੈ, ਜਿਸ ਵਿਚ ਹੈਰੋਇਨ, ਸਮੈਕ, ਅਫੀਮ, ਭੁੱਕੀ ਤੇ ਨਸ਼ੀਲੀਆਂ ਗੋਲੀਆਂ ਸ਼ਾਮਲ ਹਨ। ਇਸ ਵਿਚ ਕੌਮਾਂਤਰੀ ਸਰਹੱਦ ਤੋਂ ਹੋਈ ਬਰਾਮਦਗੀ ਵੀ ਸ਼ਾਮਲ ਹੈ। ਇਹ ਅੰਕੜਾ ਪੰਜਾਬ ਸਰਕਾਰ ਵੱਲੋਂ ਨਸ਼ੀਲੇ ਪਦਾਰਥਾਂ ਦੀ 'ਸਪਲਾਈ ਲਾਈਨ ਤੋੜਨ' ਦੇ ਦਾਅਵਿਆਂ 'ਤੇ ਵੀ ਸਵਾਲੀਆ ਨਿਸ਼ਾਨ ਲਾਉਂਦਾ ਹੈ।

ਜ਼ਿਕਰਯੋਗ ਹੈ ਕਿ ਇਹ ਤੱਥ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ 'ਤੇ ਆਧਾਰਿਤ ਹਨ, ਜਿਸ ਮੁਤਾਬਕ ਦੇਸ਼ ਅੰਦਰ ਸਭ ਤੋਂ ਵੱਧ, 22,324 ਕਿਲੋ ਨਸ਼ੀਲੇ ਪਦਾਰਥ ਯੂਪੀ ਵਿਚੋਂ ਬਰਾਮਦ ਹੋਏ, ਜਿਨ੍ਹਾਂ ਦੀ ਕੀਮਤ 26.14 ਕਰੋੜ ਹੈ। ਦੂਜਾ ਸਥਾਨ ਮੱਧ ਪ੍ਰਦੇਸ਼ ਦਾ ਹੈ, ਜਿਥੋਂ 10.12 ਕਰੋੜ ਦੇ 16,532 ਕਿਲੋ ਨਸ਼ੀਲੇ ਪਦਾਰਥ ਬਰਾਮਦ ਹੋਏ। 15,386 ਕਿਲੋ (9.9 ਕਰੋੜ ਦੇ) ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਨਾਲ ਮਹਾਰਾਸ਼ਟਰ ਤੀਜੇ ਨੰਬਰ 'ਤੇ ਆਉਂਦਾ ਹੈ। ਜਦਕਿ ਪੰਜਾਬ ਦਾ ਚੌਥਾ ਨੰਬਰ ਹੈ। ਇਥੋਂ 217.93 ਕਰੋੜ ਦੇ 8051 ਕਿਲੋ ਨਸ਼ੀਲੇ ਪਦਾਰਥ ਬਰਾਮਦ ਹੋਏ ਹਨ। ਜਦਕਿ ਗੁਜਰਾਤ ਵਿਚੋਂ ਸਭ ਤੋਂ ਵੱਧ 524.24 ਕਰੋੜ ਮੁੱਲ ਦੇ 56.99 ਕਿਲੋ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਹੋਈ ਹੈ। ਐਸ.ਟੀ.ਐਫ. ਦੀ ਏ.ਡੀ.ਜੀ.ਪੀ. ਗੁਰਪ੍ਰੀਤ ਕੌਰ ਦਿਓ ਦਾ ਕਹਿਣਾ ਸੀ ਕਿ ਇਸ ਬਰਾਮਦਗੀ ਨਾਲ ਪੰਜਾਬ ਚੌਥੇ ਨੰਬਰ 'ਤੇ ਹੈ, ਪਰ ਬਰਾਮਦਗੀ ਘਟਦੀ ਜਾ ਰਹੀ ਹੈ। ਪਾਕਿਸਤਾਨੀ ਤਸਕਰ ਸਰਹੱਦ ਪਾਰੋਂ ਡਰੱਗਜ਼ ਭੇਜਣ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ ਤੇ ਸਰਹੱਦ/ਸਰਹੱਦੀ ਖੇਤਰ ਵਾਲੀ ਬਰਾਮਦਗੀ ਨਾਲ ਮਿਕਦਾਰ ਹੋਰ ਵਧ ਜਾਂਦੀ ਹੈ।

ਉਨ੍ਹਾਂ ਦਾ ਕਹਿਣਾ ਸੀ ਕਿ ਐਸ.ਟੀ.ਐਫ. ਸਰਗਰਮੀ ਨਾਲ ਕੰਮ ਕਰ ਰਹੀ ਹੈ। ਤਸਕਰ ਜ਼ਮਾਨਤ ਕਰਵਾਉਣ 'ਚ ਲਾਹਾ ਨਾ ਲੈ ਸਕਣ, ਜਿਸ ਕਰਕੇ ਚਲਾਨ ਪੇਸ਼ ਕਰਨ ਪ੍ਰਤੀ ਵੀ ਪੂਰੀ ਸੰਜੀਦਗੀ ਵਰਤੀ ਜਾ ਰਹੀ ਹੈ। 41 ਮਾਮਲਿਆਂ 'ਚ 20 ਕਰੋੜ ਦੀ ਜਾਇਦਾਦ ਵੀ ਅਟੈਚ ਕਰਵਾਈ ਗਈ ਹੈ।

ਉਧਰ, ਕਾਂਗਰਸ ਉਮੀਦਵਾਰ ਪ੍ਰਨੀਤ ਕੌਰ ਦਾ ਕਹਿਣਾ ਸੀ ਕਿ ਨਸ਼ਿਆਂ ਦਾ ਖਾਤਮਾ ਸਰਕਾਰ ਦਾ ਮੁੱਖ ਟੀਚਾ ਹੈ। ਜਿਸ ਤਹਿਤ ਤਸਕਰ ਜੇਲ੍ਹ ਡੱਕੇ ਹਨ ਤੇ ਅਨੇਕਾਂ ਨੌਜਵਾਨਾਂ ਦਾ ਮੁਫਤ ਇਲਾਜ ਕਰਵਾਇਆ ਹੈ। ਪੀ.ਡੀ.ਏ. ਉਮੀਦਵਾਰ ਡਾ. ਧਰਮਵੀਰ ਗਾਂਧੀ ਅਤੇ ਸੰਗਰੂਰ ਤੋਂ ਅਕਾਲੀ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਸੀ ਕਿ ਚੋਣ ਕਮਿਸ਼ਨ ਦੇ ਸਰਕਾਰ ਦੇ ਅੰਕੜੇ ਸਪਲਾਈ ਲਾਈਨ ਤੋੜਨ ਦੇ ਦਾਅਵਿਆਂ ਨੂੰ ਝੁਠਲਾਉਂਦੇ ਹਨ।




## ਜ਼ਾਬਤੇ ਦੀ ਉਲੰਘਣਾ ਦੀਆਂ 2060 ਸ਼ਿਕਾਇਤਾਂ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਦਫਤਰ ਮੁੱਖ ਚੋਣ ਅਫਸਰ ਪੰਜਾਬ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ 2060 ਸ਼ਿਕਾਇਤਾਂ ਮਿਲੀਆਂ ਹਨ, ਜਿਨ੍ਹਾਂ ਵਿਚੋਂ 1762 ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ ਹੈ ਅਤੇ 298 ਸ਼ਿਕਾਇਤਾਂ ਵਿਚਾਰ ਅਧੀਨ ਹਨ। ਸੂਬੇ ਦੇ ਮੁੱਖ ਚੋਣ ਅਫਸਰ ਡਾ. ਐੱਸ ਕਰੁਣਾ ਰਾਜੂ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਤੋਂ 181 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿਚੋਂ 164 ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਜਦਕਿ 17 ਸ਼ਿਕਾਇਤਾਂ ਵਿਚਾਰ ਅਧੀਨ ਹਨ। ਇਸੇ ਤਰ੍ਹਾਂ ਪੁਲਿਸ ਨਾਲ ਸਬੰਧਿਤ 325 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਜਦਕਿ ਪੁਲੀਸ ਵਿਰੁੱਧ 149 ਸ਼ਿਕਾਇਤਾਂ ਮਿਲੀਆਂ ਹਨ। ਇਸੇ ਤਰ੍ਹਾਂ ਕਰ ਤੇ ਆਬਕਾਰੀ ਵਿਭਾਗ ਨਾਲ ਸਬੰਧਿਤ 20 ਸ਼ਿਕਾਇਤਾਂ, ਪੇਂਡੂ ਅਤੇ ਪੰਚਾਇਤੀ ਵਿਕਾਸ ਵਿਭਾਗ ਨਾਲ ਸਬੰਧਿਤ 77, ਸਥਾਨਕ ਸਰਕਾਰਾਂ ਵਿਭਾਗ ਨਾਲ ਸਬੰਧਿਤ 79 ਅਤੇ ਹੋਰ ਵਿਭਾਗਾਂ ਨਾਲ ਸਬੰਧਿਤ 1157 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ।

## ਹਾਈ ਕੋਰਟ ਨੂੰ ਰੱਜੇ ਪੁੱਜੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ 'ਤੇ ਇਤਰਾਜ਼

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੱਜੇ-ਪੁੱਜੇ ਕਿਸਾਨਾਂ ਨੂੰ ਖੇਤੀ ਟਿਊਬਵੈੱਲਾਂ ਲਈ ਮੁਫਤ ਜਾਂ ਰਿਆਇਤੀ ਦਰਾਂ 'ਤੇ ਬਿਜਲੀ ਦੇਣ ਬਦਲੇ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਲੰਮੇ ਹੱਥੀਂ ਲਿਆ ਹੈ।

ਇਸ ਮਾਮਲੇ ਵਿਚ ਦਾਇਰ ਦੋ ਜਨਹਿਤ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਦੇ ਬੈਂਚ ਨੇ ਰਸੂਖਵਾਨ ਕਿਸਾਨਾਂ ਨੂੰ ਮਿਲਦੀ ਮੁਫਤ ਜਾਂ ਰਿਆਇਤੀ ਬਿਜਲੀ 'ਤੇ ਉਜਰ ਜਤਾਉਂਦਿਆਂ ਕਿਹਾ ਕਿ ਉਹ ਇਸ ਦਲੀਲ ਨਾਲ ਇਤਫਾਕ ਨਹੀਂ ਰੱਖਦੇ ਕਿ ਰੱਜੇ-ਪੁੱਜੇ ਖਪਤਕਾਰਾਂ ਨੂੰ ਸਵੈ-ਇੱਛਾ ਨਾਲ ਬਿਜਲੀ 'ਤੇ ਮਿਲਦੀ ਰਿਆਇਤ ਛੱਡਣ ਲਈ ਆਖ ਦਿੱਤਾ ਗਿਆ ਹੈ। ਉਨ੍ਹਾਂ ਕਿਹਾ, 'ਸਬਸਿਡੀ (ਰਿਆਇਤ) ਰੱਜੇ-ਪੁੱਜੇ ਕਾਸ਼ਤਕਾਰਾਂ ਲਈ ਨਹੀਂ ਬਲਕਿ ਜ਼ਰੂਰਤਮੰਦਾਂ ਲਈ ਹੈ।' ਖੇਤੀ ਟਿਊਬਵੈੱਲਾਂ ਲਈ ਮਿਲਦੀ ਬਿਜਲੀ ਰਿਆਇਤ ਸੱਤ ਹਜ਼ਾਰ ਕਰੋੜ ਨੂੰ ਪੁੱਜਣ ਦਾ ਹਵਾਲਾ ਦਿੰਦਿਆਂ ਚੀਫ ਜਸਟਿਸ ਨੇ ਕਿਹਾ, 'ਅਜਿਹੀਆਂ ਰਿਆਇਤਾਂ ਦਾ ਭਾਰ ਟੈਕਸ ਦੀ ਅਦਾਇਗੀ ਕਰਨ ਵਾਲਿਆਂ 'ਤੇ ਪੈਂਦਾ ਹੈ।' ਚੀਫ ਜਸਟਿਸ ਦੀਆਂ ਇਨ੍ਹਾਂ ਦਲੀਲਾਂ ਮਗਰੋਂ ਸੂਬਾ ਸਰਕਾਰਾਂ ਦੇ ਵਕੀਲਾਂ ਨੇ ਕੇਸ ਦੀ ਸੁਣਵਾਈ ਅੱਗੇ ਪਾਉਣ ਦੀ ਮੰਗ ਕੀਤੀ ਤਾਂ ਕਿ ਇਸ ਮੁੱਦੇ 'ਤੇ ਨਵੇਂ ਸਿਰਿਉਂ ਗੌਰ ਕੀਤੀ ਜਾ ਸਕੇ।

# ਬਾਦਲਾਂ ਦੀ ਬਠਿੰਡਾ ਹਲਕੇ ਤੋਂ ਦੂਰੀ 'ਤੇ ਉਠੇ ਸਵਾਲ

**ਬਠਿੰਡਾ:** ਬਠਿੰਡਾ ਸੰਸਦੀ ਹਲਕੇ ਦੀ ਚੋਣ ਐਤਕੀਂ ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਸਾਬਕਾ ਵਜ਼ੀਰ ਬਿਕਰਮ ਸਿੰਘ ਮਜੀਠੀਆ ਲਈ ਵੱਧ ਵਕਾਰੀ ਜਾਪਦੀ ਹੈ। ਜਦੋਂ ਹਰਸਿਮਰਤ ਕੌਰ ਬਾਦਲ ਨੇ ਪਹਿਲੀ ਤੇ ਦੂਜੀ ਵਾਰ ਚੋਣ ਲੜੀ ਸੀ ਤਾਂ ਉਦੋਂ ਕਮਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਹੁੰਦੀ ਸੀ। ਐਤਕੀਂ ਹਰਸਿਮਰਤ ਕੌਰ ਬਾਦਲ ਦੇ ਚੋਣ ਪ੍ਰਚਾਰ ਦੀ ਕਮਾਨ ਸ੍ਰੀ ਮਜੀਠੀਆ ਕੋਲ ਰਹੀ ਹੈ।

ਉਨ੍ਹਾਂ ਨੇ ਅੰਮ੍ਰਿਤਸਰ ਹਲਕੇ ਤੋਂ ਵੱਧ ਸਮਾਂ ਬਠਿੰਡਾ ਹਲਕੇ ਨੂੰ ਦਿੱਤਾ। ਵੱਡੇ ਬਾਦਲ ਇਸ ਵਾਰ ਚੋਣ ਪ੍ਰਚਾਰ ਦੇ ਮੋਹਰੀ ਸੀਨ ਤੋਂ ਕਿਨਾਰੇ 'ਤੇ ਨਜ਼ਰ ਆਏ, ਜੋ ਪਹਿਲਾਂ ਦਿਨ-ਰਾਤ ਚੋਣ ਪ੍ਰਚਾਰ 'ਚ ਜੁਟਦੇ ਰਹੇ ਹਨ। ਫਸੇ ਗੱਡੇ ਕਿਵੇਂ ਕੱਢਣੇ ਨੇ, ਵੱਡੇ ਬਾਦਲ ਤੋਂ ਵੱਧ ਕੋਈ ਨਹੀਂ ਜਾਣਦਾ। ਬਠਿੰਡਾ ਹਲਕੇ 'ਚ ਨਵੇਂ ਚਰਚੇ ਛਿੜੇ ਹਨ ਕਿ ਵੱਡੇ ਬਾਦਲ ਪਹਿਲਾਂ ਵਾਂਗ ਬਠਿੰਡਾ ਚੋਣ ਵਿਚ ਪੱਬਾਂ ਭਾਰ ਕਿਉਂ ਨਹੀਂ ਰਹੇ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਵਰਿੰਗ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਬਠਿੰਡਾ ਆਏ ਸਨ ਤੇ ਉਸ ਦਿਨ ਉਹ ਸਾਬਕਾ ਮੰਤਰੀ ਚਿਰੰਜੀ ਲਾਲ ਗਰਗ ਨੂੰ ਵੀ ਮਿਲੇ ਸਨ। ਉਸ ਮਗਰੋਂ ਵੱਡੇ ਬਾਦਲ ਬਠਿੰਡਾ ਤੇ ਮਾਨਸਾ ਸ਼ਹਿਰ ਵਿਚ ਕਿਤੇ ਵੀ ਨਜ਼ਰ ਨਹੀਂ ਆਏ। ਹਾਲਾਂਕਿ ਇਨ੍ਹਾਂ ਸ਼ਹਿਰਾਂ ਦੇ ਹਿੰਦੂ ਭਾਈਚਾਰੇ 'ਚ ਵੱਡੇ ਬਾਦਲ ਦੀ ਗੱਲ ਸੁਣੀ ਜਾਂਦੀ ਹੈ। ਜਦੋਂ ਵਿਰਲ ਮਿਲੀ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੋਣ ਜਲਸਿਆਂ ਨੂੰ ਹੀ ਸੰਬੋਧਨ ਕੀਤਾ।

ਵੱਡੇ ਬਾਦਲ ਤੇ ਸੁਖਬੀਰ ਬਾਦਲ ਤੋਂ ਵੱਧ ਸਮਾਂ ਮਜੀਠੀਆ ਨੇ ਬਠਿੰਡਾ ਹਲਕੇ ਵਿਚ ਦਿੱਤਾ। ਭਾਵੇਂ ਵੱਡੇ ਬਾਦਲ ਨੇ ਹਲਕਾ ਲੰਬੀ ਦੇ ਪਿੰਡਾਂ ਵਿਚ ਅਗੇਤੀ ਮੁਹਿੰਮ ਵਿੱਢੀ ਸੀ ਪਰ ਪੁਰਾਣੀ ਭੂਮਿਕਾ ਵਿਚ ਐਤਕੀਂ ਉਹ ਨਜ਼ਰ ਨਹੀਂ ਆਏ। ਪਿੰਡਾਂ ਵਿਚ ਵੀ ਆਖਰੀ ਪੜਾਅ 'ਤੇ ਕੁਝ ਦਿਨ ਚੋਣ ਜਲਸੇ ਕੀਤੇ। ਵੱਡੀ ਚਰਚਾ ਇਹ ਵੀ ਹੈ ਕਿ ਵੱਡੇ ਬਾਦਲ ਤੇ ਸ੍ਰੀ ਮਜੀਠੀਆ ਕਿਤੇ ਵੀ ਸਿਆਸੀ ਸਟੇਜ ਉਤੇ ਇਕੱਠੇ ਨਜ਼ਰ ਨਹੀਂ ਆਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਵਿਚ ਵੀ ਮਜੀਠੀਆ ਕਿਤੇ ਅੱਗੇ ਨਹੀਂ ਦਿਖਾਈ ਦਿੱਤੇ। ਹੁਣ ਜਦੋਂ ਮਜੀਠੀਆ ਦੇ ਹੱਥ ਕਮਾਨ ਰਹੀ ਹੈ, ਤਾਂ ਚੋਣ ਨਤੀਜੇ ਦਾ ਸਿਹਰਾ ਵੀ ਉਨ੍ਹਾਂ ਨੂੰ ਜਾਣਾ ਸੁਭਾਵਿਕ ਹੈ।

ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਚੋਣ ਪ੍ਰਚਾਰ ਵਿਚ ਕੋਈ ਕਸਰ ਨਹੀਂ ਛੱਡੀ। ਉਸ ਨੇ ਵੋਟਰਾਂ ਨਾਲ ਸੰਪਰਕ ਬਣਾਉਣ ਦੀ ਜ਼ਿਆਦਾ ਕੋਸ਼ਿਸ਼ ਕੀਤੀ। ਇਹ ਗੱਲ ਸਮਝੋਂ ਬਾਹਰ ਹੈ ਕਿ ਦਿਨ-ਰਾਤ ਪ੍ਰਚਾਰ 'ਚ ਜੁਟਣ ਮਗਰੋਂ ਵੋਟਾਂ ਵਾਲੇ ਦਿਨ ਹਰਸਿਮਰਤ ਕੌਰ ਬਾਦਲ ਪੂਰਾ ਦਿਨ ਕਿਸੇ ਵੀ ਪੋਲਿੰਗ ਬੂਥ 'ਤੇ ਗੇੜਾ ਮਾਰਨ ਨਹੀਂ ਆਏ। ਤਲਵੰਡੀ ਸਾਬੋ ਤੇ ਬੁਢਲਾਡਾ ਵਿਚ ਹਿੰਸਕ ਘਟਨਾਵਾਂ ਵੀ ਵਾਪਰੀਆਂ, ਉਹ ਉਥੇ ਵੀ ਨਹੀਂ ਪੁੱਜੇ। ਜਦੋਂ ਕਿ ਵੋਟਾਂ ਤੋਂ ਇਕ ਦਿਨ ਪਹਿਲਾਂ ਉਹ ਗੁਰੂਸਰ ਸੈਣੇਵਾਲਾ ਦੇ ਜ਼ਖਮੀ ਹੋਏ ਅਕਾਲੀ ਵਰਕਰ ਦਾ ਹਾਲ-ਚਾਲ ਪੁੱਛਣ ਬਠਿੰਡਾ ਹਸਪਤਾਲ 'ਚ ਪੁੱਜੇ ਸਨ।

ਵੋਟਾਂ ਵਾਲਾ ਦਿਨ ਹਰਸਿਮਰਤ ਕੌਰ ਬਾਦਲ ਨੇ ਘਰ ਹੀ ਬਿਤਾਇਆ ਜਦੋਂਕਿ ਬਾਕੀ ਉਮੀਦਵਾਰਾਂ ਨੇ ਪੋਲਿੰਗ ਬੂਥਾਂ 'ਤੇ ਗੇੜਾ ਰੱਖਿਆ। ਸੁਖਬੀਰ ਸਿੰਘ ਬਾਦਲ ਵੀ ਪੋਲਿੰਗ ਵਾਲੇ ਦਿਨ ਪਿੰਡ ਬਾਦਲ ਵਿਚ ਹੀ ਰਹੇ। ਬਾਦਲ ਪਰਿਵਾਰ ਨੇ ਪਿੰਡ ਬਾਦਲ ਵਿਚ ਵੋਟਾਂ ਪਾਈਆਂ ਤੇ ਉਸ ਮਗਰੋਂ ਉਨ੍ਹਾਂ ਨੇ ਕਿਸੇ ਵੀ ਬੂਥ 'ਤੇ ਜਾਇਜ਼ਾ ਨਹੀਂ ਲਿਆ। ਅਸੈਂਬਲੀ ਹਲਕਿਆਂ ਦੇ ਅਕਾਲੀ ਆਗੂ ਵੀ ਇਸ ਗੱਲੋਂ ਕਾਫੀ ਹੈਰਾਨ ਹਨ।

## ਅਮਰੀਕਾ ਨੇ ਵਾਪਸ ਭੇਜੇ 52 ਪਾਕਿਸਤਾਨੀ

**ਇਸਲਾਮਾਬਾਦ:** ਅਮਰੀਕਾ ਵੱਲੋਂ 52 ਪਾਕਿਸਤਾਨੀਆਂ ਨੂੰ ਵਾਪਸ ਮੁਲਕ ਭੇਜ ਦਿੱਤਾ ਗਿਆ ਹੈ ਜੋ ਕਿ ਇਕ ਵਿਸ਼ੇਸ਼ ਜਹਾਜ਼ ਰਾਹੀਂ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਵਾਪਸ ਪਹੁੰਚੇ।

ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਦੇਸ਼ ਦੀ ਰਾਸ਼ਟਰੀ ਅਸੈਂਬਲੀ ਦੀ ਵਿਦੇਸ਼ ਮਾਮਲਿਆਂ ਸਬੰਧੀ ਸਟੈਂਡਿੰਗ ਕਮੇਟੀ ਨੂੰ ਸੂਚਿਤ ਕੀਤਾ ਹੈ ਕਿ ਅਮਰੀਕੀ ਅਧਿਕਾਰੀਆਂ ਨੇ ਆਵਾਸ ਨਿਯਮਾਂ ਦੀ ਉਲੰਘਣਾ, ਅਪਰਾਧਿਕ ਬਿਰਤੀ ਤੇ ਹੋਰ ਗੰਭੀਰ ਦੋਸ਼ਾਂ ਦੇ ਆਧਾਰ 'ਤੇ ਇਨ੍ਹਾਂ ਪਾਕਿਸਤਾਨੀ ਨਾਗਰਿਕਾਂ 'ਤੇ ਹਿਰਾਸਤ ਵਿਚ ਲੈਣ ਤੋਂ ਬਾਅਦ ਮਾਮਲਾ ਚਲਾਇਆ ਗਿਆ ਹੈ।

# ਪੰਜਾਬੀਆਂ ਦਾ ਸਿਆਸੀ ਧਿਰਾਂ ਤੋਂ ਭਰੋਸਾ ਉਠਿਆ

**ਚੰਡੀਗੜ੍ਹ:** ਪੰਜਾਬੀਆਂ ਨੇ ਇਸ ਵਾਰ ਲੋਕ ਸਭਾ ਚੋਣਾਂ ਵਿਚ ਆਪਣੇ ਵੋਟ ਹੱਕ ਦੇ ਇਸਤੇਮਾਲ ਵਿਚ ਬਹੁਤਾ ਉਤਸ਼ਾਹ ਨਹੀਂ ਵਿਖਾਇਆ। ਚੋਣ ਕਮਿਸ਼ਨ ਮੁਤਾਬਕ ਸੂਬੇ 'ਚ 65.25 ਫੀਸਦੀ ਵੋਟਰਾਂ ਨੇ ਆਪਣੇ ਹੱਕ ਦੀ ਵਰਤੋਂ ਕੀਤੀ ਹੈ। ਸਾਲ 2014 ਦੀਆਂ ਚੋਣਾਂ ਦੌਰਾਨ 70.79 ਫੀਸਦੀ ਵੋਟਾਂ ਭੁਗਤੀਆਂ ਸਨ ਪਰ ਇਸ ਵਾਰੀ ਵੋਟ ਪ੍ਰਤੀਸ਼ਤ ਘੱਟ ਕੇ 65.25 ਫੀਸਦੀ ਤੱਕ ਰਹਿ ਗਿਆ ਹੈ।

ਪੰਜਾਬ ਦੇ 13 ਸੰਸਦੀ ਹਲਕਿਆਂ 'ਚ ਵੋਟਾਂ ਦੇ ਭੁਗਤਾਨ ਦੌਰਾਨ ਹਾਕਮ ਧਿਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦਰਮਿਆਨ ਮਾਮੂਲੀ ਝੜਪਾਂ ਹੋਈਆਂ। ਚੋਣ ਕਮਿਸ਼ਨ ਮੁਤਾਬਕ ਸੂਬੇ 'ਚ 65.25 ਫੀਸਦੀ ਵੋਟਰਾਂ ਨੇ ਆਪਣੇ ਹੱਕ ਦੀ ਵਰਤੋਂ ਕੀਤੀ ਹੈ। ਪੰਜਾਬ ਵਿਚ 278 ਉਮੀਦਵਾਰ ਚੋਣ ਮੈਦਾਨ ਵਿਚ ਸਨ। ਬਠਿੰਡਾ ਹਲਕੇ ਦੇ ਤਲਵੰਡੀ ਸਾਬੋ ਕਸਬੇ ਵਿਚ ਕਾਂਗਰਸ ਆਗੂ ਵੱਲੋਂ ਹਵਾਈ ਫਾਇਰਿੰਗ ਕੀਤੇ ਜਾਣ ਕਾਰਨ ਸਥਿਤੀ ਤਣਾਅਪੂਰਨ ਬਣ ਗਈ। ਰਾਮਪੁਰਾ ਫੂਲ ਵਿਚ ਅਕਾਲੀ ਦਲ ਦੇ ਆਗੂ ਸਿਕੰਦਰ ਸਿੰਘ ਮਲੂਕਾ ਦੀ ਗੱਡੀ ਦੀ ਭੰਨ-ਤੋੜ ਕੀਤੀ ਗਈ। ਫਿਰੋਜ਼ਪੁਰ ਜ਼ਿਲ੍ਹੇ ਵਿਚ ਅਕਾਲੀਆਂ 'ਤੇ ਕਾਂਗਰਸ ਆਗੂਆਂ ਦੀ ਕੁੱਟਮਾਰ ਦੇ ਦੋਸ਼ ਲੱਗੇ ਹਨ। ਮੋਗਾ, ਲੁਧਿਆਣਾ ਅਤੇ ਪਟਿਆਲਾ ਦੇ ਕਈ ਪਿੰਡਾਂ ਵਿਚ ਵੀ ਮਾਮੂਲੀ ਝਗੜੇ ਅਤੇ ਹਿੰਸਾ ਦੀਆਂ ਰਿਪੋਰਟਾਂ ਮਿਲੀਆਂ ਹਨ। ਚੋਣ ਕਮਿਸ਼ਨ ਦਾ ਦਾਅਵਾ ਹੈ ਕਿ ਕੁਝ ਸੰਸਦੀ ਹਲਕਿਆਂ ਵਿਚ ਮਾਮੂਲੀ ਘਟਨਾਵਾਂ ਨੂੰ ਛੱਡ ਕੇ ਸਮੁੱਚਾ ਚੋਣ ਅਮਲ ਅਮਨ ਅਮਾਨ ਨਾਲ ਨੇਪਰੇ ਚੜ੍ਹਿਆ।

ਪੰਜਾਬ ਦੇ ਵੋਟਰਾਂ ਵਿਚ ਇਸ ਵਾਰ ਪਹਿਲਾਂ ਨਾਲੋਂ ਘੱਟ ਉਤਸ਼ਾਹ ਦੇਖਿਆ ਗਿਆ। ਸਾਲ 2014 ਦੀਆਂ ਚੋਣਾਂ ਦੌਰਾਨ 70.79 ਫੀਸਦੀ ਵੋਟਾਂ ਭੁਗਤੀਆਂ ਸਨ ਪਰ ਇਸ ਵਾਰੀ ਵੋਟ ਪ੍ਰਤੀਸ਼ਤ ਘੱਟ ਕੇ 65.25 ਫੀਸਦੀ ਤੱਕ ਰਹਿ ਗਿਆ ਹੈ। ਵੱਕਾਰ ਦਾ ਸੁਆਲ ਬਣੇ ਹਲਕਿਆਂ ਸੰਗਰੂਰ, ਪਟਿਆਲਾ, ਫਿਰੋਜ਼ਪੁਰ, ਬਠਿੰਡਾ ਅਤੇ ਗੁਰਦਾਸਪੁਰ ਵਿਚ ਹੋਰਨਾਂ ਦੇ ਮੁਕਾਬਲੇ ਜ਼ਿਆਦਾ ਵੋਟਾਂ ਪਈਆਂ ਹਨ। ਨਿਰੋਲ ਸ਼ਹਿਰੀ ਖੇਤਰਾਂ ਵਾਲੇ ਹਲਕੇ ਖਾਸ ਕਰਕੇ ਲੁਧਿਆਣਾ ਅਤੇ ਅੰਮ੍ਰਿਤਸਰ ਦੇ ਵੋਟਰਾਂ ਵਿਚ ਘੱਟ ਉਤਸ਼ਾਹ ਦੇਖਿਆ ਗਿਆ। ਉਂਜ ਵੀ ਸ਼ਹਿਰੀ ਵੋਟਰਾਂ ਦੇ ਮੁਕਾਬਲੇ ਦਿਹਾਤੀ ਖੇਤਰ ਦੇ ਵੋਟਰਾਂ ਨੇ ਆਪਣੇ ਜਮਹੂਰੀ ਹੱਕ ਦੀ ਵਰਤੋਂ ਜ਼ਿਆਦਾ ਕੀਤੀ ਹੈ। ਵੋਟਰਾਂ ਵਿਚ ਸਵੇਰ ਦੇ ਸਮੇਂ ਵੋਟਾਂ ਪਾਉਣ ਦਾ ਰੁਝਾਨ ਤੇਜ਼ ਸੀ। ਦਿਨ ਚੜ੍ਹਦਿਆਂ ਹੀ ਪਿੰਡਾਂ ਵਿਚ ਪੋਲਿੰਗ ਬੂਥਾਂ 'ਤੇ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ ਅਤੇ ਦੁਪਹਿਰ 1 ਵਜੇ ਤੱਕ 37 ਫੀਸਦੀ ਵੋਟਾਂ ਦਾ ਭੁਗਤਾਨ ਹੋ ਗਿਆ ਸੀ। ਇਸ ਰੁਝਾਨ ਨੂੰ ਦੇਖਦਿਆਂ ਅੰਦਾਜ਼ਾ ਲਾਇਆ ਜਾ ਰਿਹਾ ਸੀ ਕਿ ਵੋਟਾਂ ਪੈਣ ਦੇ ਪੁਰਾਣੇ ਰਿਕਾਰਡ ਟੁੱਟ ਜਾਣਗੇ ਪਰ ਬਾਅਦ ਦੁਪਹਿਰ ਵੋਟਾਂ ਪਾਉਣ ਦਾ ਅਮਲ ਮੱਠਾ ਪੈਣਾ ਸ਼ੁਰੂ ਹੋ ਗਿਆ ਤੇ ਸ਼ਾਮ ਤੱਕ ਮਹਿਜ਼ 64.33 ਫੀਸਦੀ ਤੱਕ ਹੀ ਵੋਟਾਂ ਭੁਗਤ ਸਕੀਆਂ।

ਨੌਜਵਾਨਾਂ ਨੇ ਵੋਟਾਂ ਪਾਉਣ 'ਚ ਜ਼ਿਆਦਾ ਰੁਚੀ ਦਿਖਾਈ। ਚੋਣ ਕਮਿਸ਼ਨ ਦੇ ਪ੍ਰਬੰਧਾਂ ਕਾਰਨ ਕਈ ਬੂਥਾਂ 'ਤੇ ਅੰਗਹੀਣ ਵਿਅਕਤੀਆਂ ਨੇ ਵੀ ਆਪਣੇ ਜਮਹੂਰੀ ਹੱਕ ਦੀ ਵਰਤੋਂ ਕੀਤੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਮੇਤ ਪਰਿਵਾਰ ਬਾਦਲ ਪਿੰਡ ਵਿੱਚ ਵੋਟਾਂ ਪਾਈਆਂ। ਪੰਜਾਬ ਦੇ ਜ਼ਿਆਦਾਤਰ ਹਲਕਿਆਂ 'ਚ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਦਰਮਿਆਨ ਹੀ ਮੁਕਾਬਲਾ ਸੀ। ਚੋਣ ਕਮਿਸ਼ਨ ਵੱਲੋਂ ਭੁਗਤੀਆਂ ਵੋਟਾਂ ਦੀ ਜੋ ਪ੍ਰਤੀਸ਼ਤ ਜਾਰੀ ਕੀਤੀ ਗਈ ਹੈ, ਉਸ ਮੁਤਾਬਕ ਗੁਰਦਾਸਪੁਰ ਹਲਕੇ ਵਿਚ 69.27 ਫੀਸਦੀ, ਅੰਮ੍ਰਿਤਸਰ 'ਚ 56.35 ਫੀਸਦੀ, ਖਡੂਰ ਸਾਹਿਬ ਵਿਚ 64.17 ਫੀਸਦੀ, ਜਲੰਧਰ 'ਚ 62.92 ਫੀਸਦੀ, ਹੁਸ਼ਿਆਰਪੁਰ 61.21 ਫੀਸਦੀ, ਆਨੰਦਪੁਰ ਸਾਹਿਬ 64.05 ਫੀਸਦੀ, ਲੁਧਿਆਣਾ 61.52 ਫੀਸਦੀ, ਫਤਿਹਗੜ੍ਹ ਸਾਹਿਬ 65.65 ਫੀਸਦੀ, ਫਰੀਦਕੋਟ ਵਿਚ 62.74 ਫੀਸਦੀ, ਫਿਰੋਜ਼ਪੁਰ 67.76 ਫੀਸਦੀ, ਬਠਿੰਡਾ ਵਿਚ ਸਭ ਤੋਂ ਵੱਧ 73.90 ਫੀਸਦੀ, ਸੰਗਰੂਰ ਵਿਚ 70.74 ਫੀਸਦੀ ਅਤੇ ਪਟਿਆਲਾ ਵਿਚ 67.02 ਫੀਸਦੀ ਵੋਟਾਂ ਪਈਆਂ ਹਨ। ਇਸ ਦੌਰਾਨ ਚੰਡੀਗੜ੍ਹ ਦੀ ਇਕੋ ਇਕ ਲੋਕ ਸਭਾ ਸੀਟ 'ਤੇ 63.57 ਫੀਸਦੀ ਵੋਟਾਂ ਪਈਆਂ।

## ਘੱਟ ਵੋਟ ਫੀਸਦੀ 'ਤੇ ਉਠੇ ਸਵਾਲ

### 'ਆਪ' ਨੇ ਪਿੰਡਾਂ 'ਚ ਬੂਥ ਲਾਉਣ ਤੋਂ ਟਾਲਾ ਵੱਟਿਆ

**ਫਤਹਿਗੜ੍ਹ ਸਾਹਿਬ:** ਰਾਖਵਾਂ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਵਿਚ ਪਿਛਲੀ ਵਾਰ ਲੋਕ ਸਭਾ ਚੋਣਾਂ 'ਚ ਜੇਤੂ ਰਹੀ ਆਮ ਆਦਮੀ ਪਾਰਟੀ ਦਾ ਇਸ ਵਾਰ ਕਿਤੇ ਵੀ ਬੂਥ ਨਹੀਂ ਲੱਗਿਆ। ਪਿੰਡਾਂ ਅਤੇ ਸ਼ਹਿਰਾਂ ਵਿਚ ਜ਼ਿਆਦਾਤਰ ਕਾਂਗਰਸ ਜਾਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਹੀ ਬੂਥ ਦਿਖਾਈ ਦਿੱਤੇ। ਪੀ.ਡੀ.ਏ. ਉਮੀਦਵਾਰ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਆਜ਼ਾਦ ਉਮੀਦਵਾਰਾਂ ਦੇ ਬੂਥ ਵੀ ਨਾ-ਮਾਤਰ ਸਨ। ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਸ਼ਪਿੰਦਰ ਸਿੰਘ ਨੇ ਕਿਹਾ ਕਿ ਇਸ ਵਾਰ ਉਨ੍ਹਾਂ ਨੇ ਹਲਕਾ ਫਤਹਿਗੜ੍ਹ ਸਾਹਿਬ ਵਿਚ ਬੂਥ ਨਾ ਲਗਾਉਣ ਦਾ ਫੈਸਲਾ ਲਿਆ। ਉਨ੍ਹਾਂ ਇਸ ਨੂੰ ਨਿਵੇਕਲੀ ਪਹਿਲਕਦਮੀ ਦੱਸਦਿਆਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਪਰਚੀਆਂ ਘਰੋ-ਘਰੀ ਪਹੁੰਚਾ ਦਿੱਤੀਆਂ ਗਈਆਂ ਸਨ, ਇਸ ਲਈ ਬੂਥ ਲਗਾਉਣ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ। ਬੂਥ ਲਗਾਉਣ ਨਾਲ ਪਾਰਟੀਬਾਜ਼ੀ ਉੱਭਰਦੀ ਹੈ, ਜੋ ਸਮਾਜ ਲਈ ਘਾਤਕ ਹੈ।

### ਪਟਿਆਲਾ 'ਚ ਨਸ਼ੇ ਵਰਤਾਉਣ ਲਈ ਅਮਰਿੰਦਰ ਜ਼ਿੰਮੇਵਾਰ: ਡਾ. ਗਾਂਧੀ

**ਪਟਿਆਲਾ:** ਸੰਸਦ ਮੈਂਬਰ ਤੇ ਪਟਿਆਲਾ ਤੋਂ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਪਟਿਆਲਾ ਵਿਚ ਨਸ਼ੇ ਵਰਤਾਉਣ ਦੇ ਖੁੱਲ੍ਹੇ ਭੇਦ ਲਈ ਕੈਪਟਨ ਅਮਰਿੰਦਰ ਸਿੰਘ ਜ਼ਿੰਮੇਵਾਰ ਹੈ। ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸ੍ਰੀ ਅਕਾਲ ਤਖਤ 'ਤੇ ਤਲਬ ਕਰਨ ਦੀ ਮੰਗ ਕਰਨ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਦੇ ਸਹੁੰ ਖਾ ਕੇ ਪੰਜਾਬ ਵਿਚ ਨਸ਼ੇ ਖਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਉਹ ਉਲਟਾ ਪੰਜਾਬ ਵਿਚ ਨਸ਼ੇ ਵਰਤਾ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਸਮਾਪਤ ਹੋਣ ਤੋਂ ਇਕ ਘੰਟਾ ਪਹਿਲਾਂ ਕਾਂਗਰਸੀਆਂ ਨੇ ਬੂਥ ਕੈਪਚਰ ਕਰਨ ਦੀ ਕੋਸ਼ਿਸ਼ ਕੀਤੀ ਜੋ ਪੁਲਿਸ ਨੇ ਸ਼ਿਕਾਇਤ ਮਿਲਦਿਆਂ ਮੌਕੇ 'ਤੇ ਪੁੱਜ ਕੇ ਨਾਕਾਮਯਾਬ ਕਰ ਦਿੱਤੀ। ਡਾ. ਗਾਂਧੀ ਨੇ ਮੰਗ ਕਰਦਿਆਂ ਕਿਹਾ ਕਿ ਨਸ਼ਾ ਵਰਤਾਉਣ ਵਾਲਿਆਂ ਵਿਚ ਜਿਨ੍ਹਾਂ ਦਾ ਵੀ ਨਾਮ ਆਉਂਦਾ ਹੈ, ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

## 120 ਸਾਲਾਂ ਦੇ ਗੰਗਾ ਰਾਮ ਤੇ ਸੌ ਸਾਲਾਂ ਦੀ ਸੰਤੋਖ ਕੌਰ ਨੇ ਵੋਟਾਂ ਪਾਈਆਂ

**ਨੂਰਪੁਰਬੇਦੀ:** ਪਿੰਡ ਬੜਵਾ ਵਿਚ 120 ਸਾਲਾਂ ਦੇ ਬਜ਼ੁਰਗ ਗੰਗਾ ਰਾਮ ਅਤੇ ਪਿੰਡ ਬਸੀ ਵਿਚ 100 ਸਾਲਾਂ ਦੀ ਬਜ਼ੁਰਗ ਔਰਤ ਸੰਤੋਖ ਕੌਰ ਨੇ ਮਤਦਾਨ ਕੀਤਾ ਤੇ ਹੋਰਨਾਂ ਨੂੰ ਵੀ ਇਸ ਲੋਕਤੰਤਰ ਪ੍ਰਕਿਰਿਆ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸਵੇਰੇ ਵੋਟਿੰਗ ਸ਼ੁਰੂ ਹੋਣ ਤੋਂ ਕੁਝ ਹੀ ਦੇਰ ਬਾਅਦ ਪੋਲਿੰਗ ਬੂਥ 'ਤੇ ਆਪਣੇ ਲੜਕੇ ਰਤਨ ਸਿੰਘ ਨਾਲ ਪਹੁੰਚੀ ਬੇਬੇ ਸੰਤੋਖ ਕੌਰ ਨੇ ਉਤਸ਼ਾਹਪੂਰਵਕ ਵੋਟ ਪਾਈ ਤੇ ਪਿੰਡ ਵਿਚ ਮਿਲਣ ਵਾਲੇ ਹਰ ਵਿਅਕਤੀ ਨੂੰ ਵੋਟ ਪਾਉਣ ਦਾ ਹੋਕਾ ਦਿੱਤਾ। ਇਸੇ ਤਰ੍ਹਾਂ ਖੁਦ ਚੱਲ ਕੇ ਮਤਦਾਨ ਕੇਂਦਰ ਪਹੁੰਚੇ ਬਜ਼ੁਰਗ ਗੰਗਾ ਰਾਮ ਨੇ ਵੀ ਮਤਦਾਨ ਕੀਤਾ। ਉਮਰ ਦੇ ਇਸ ਮੁਕਾਮ 'ਤੇ ਪਹੁੰਚ ਕੇ 120 ਸਾਲਾ ਬਜ਼ੁਰਗ ਅਤੇ 100 ਸਾਲਾ ਬਜ਼ੁਰਗ ਔਰਤ ਵੱਲੋਂ ਦਿਖਾਏ ਗਏ ਉਤਸ਼ਾਹ ਨੇ ਪਿੰਡ ਵਾਸੀਆਂ ਤੇ ਨੌਜਵਾਨ ਪੀੜੀ ਵਿਚ ਵੀ ਮਤਦਾਨ ਕਰਨ ਲਈ ਜੋਸ਼ ਭਰਿਆ।

## ਹੁਸ਼ਿਆਰਪੁਰ ਹਲਕੇ 'ਚ ਵੋਟਰਾਂ ਦਾ ਉਤਸ਼ਾਹ ਮੱਠਾ

**ਹੁਸ਼ਿਆਰਪੁਰ:** ਹੁਸ਼ਿਆਰਪੁਰ ਲੋਕ ਸਭਾ ਹਲਕੇ ਲਈ 57 ਫੀਸਦੀ ਵੋਟਰਾਂ ਨੇ ਵੋਟਾਂ ਪਾਈਆਂ। ਹਲਕੇ ਦੇ ਕੁੱਲ ਵੋਟਰਾਂ ਦੀ ਗਿਣਤੀ 15.79 ਲੱਖ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ 64.70 ਫੀਸਦੀ ਵੋਟਾਂ ਪੋਲ ਹੋਈਆਂ ਸਨ, ਜਿਸ ਤੋਂ ਸਪਸ਼ਟ ਹੈ ਕਿ ਇਸ ਵਾਰ ਲੋਕਾਂ ਵਿਚ ਵੋਟਾਂ ਪ੍ਰਤੀ ਉਤਸ਼ਾਹ ਕਾਫੀ ਘੱਟ ਰਿਹਾ। ਚੋਣ ਕਮਿਸ਼ਨ, ਸਥਾਨਕ ਪ੍ਰਸ਼ਾਸਨ ਅਤੇ ਪਾਰਟੀਆਂ ਵੱਲੋਂ ਕੀਤੀਆਂ ਅਪੀਲਾਂ ਦੇ ਬਾਵਜੂਦ ਲੋਕ ਵੋਟ ਪਾਉਣ ਨਹੀਂ ਗਏ। ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਨਲੋਈਆਂ ਚੌਕ ਵਿਚ ਬਣੇ ਪੋਲਿੰਗ ਬੂਥ 'ਤੇ ਜਾ ਕੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ। ਕਾਂਗਰਸ ਦੇ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਨੇ ਪਿੰਡ ਮਾਂਝੀ ਵਿਚ ਵੋਟ ਪਾਈ। ਆਮ ਆਦਮੀ ਪਾਰਟੀ ਦੇ ਡਾ. ਰਵਜੋਤ ਸਿੰਘ ਨੇ ਡੀ.ਡੀ.ਪੀ.ਓ. ਦਫਤਰ ਵਿਚ ਬਣੇ ਪੋਲਿੰਗ ਸਟੇਸ਼ਨ 'ਤੇ ਵੋਟ ਪਾਈ।

# ਪੰਜਾਬ ਦੇ ਭਖਵੇਂ ਮਸਲਿਆਂ 'ਤੇ ਸਿਆਸੀ ਖਹਿਬਾਜ਼ੀ ਪਈ ਭਾਰੂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਭਾਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਆਪਣੇ-ਆਪਣੇ ਉਮੀਦਵਾਰਾਂ ਦੇ ਹੱਕ ਵਿਚ ਇਸ ਵਾਰ ਪੰਜਾਬ ਵਿਚ ਖੁੱਲ੍ਹ ਕੇ ਪ੍ਰਚਾਰ ਗਿਆ, ਪਰ ਸਿਆਸੀ ਖਹਿਬਾਜ਼ੀ ਨੇ ਪੰਜਾਬ ਦੇ ਭਖਵੇਂ ਮੁੱਦੇ ਨੁੱਕਰੇ ਲਾ ਦਿੱਤੇ ਅਤੇ ਪੰਜਾਬੀਆਂ ਦੇ ਪੱਲੇ ਮਹਿਜ਼ ਰੌਲਾ ਹੀ ਪਿਆ।





ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਨੇ ਪੰਜਾਬ ਦੇ ਸਭ ਤੋਂ ਗੰਭੀਰ ਬੇਰੁਜ਼ਗਾਰੀ ਦੇ ਮੁੱਦੇ 'ਤੇ ਕੋਈ ਗੰਭੀਰ ਸੰਵਾਦ ਨਹੀਂ ਛੇੜਿਆ। ਰਾਹੁਲ ਗਾਂਧੀ ਕਾਂਗਰਸ ਦੀ ਸਰਕਾਰ ਬਣਨ 'ਤੇ ਸਮੂਹ ਸੂਬਾ ਸਰਕਾਰਾਂ ਵਿਚਲੀਆਂ ਖਾਲੀ 22 ਲੱਖ ਅਸਾਮੀਆਂ ਭਰ ਕੇ ਨੌਕਰੀਆਂ ਦੇਣ ਦਾ ਅਜੀਬ ਦਾਅਵਾ ਕਰ ਰਹੇ ਹਨ ਕਿਉਂਕਿ ਆਪੋ-ਆਪਣੇ ਸੂਬੇ ਵਿਚ ਭਰਤੀ ਕਰਨ ਦਾ ਅਧਿਕਾਰ ਸਬੰਧਤ ਸੂਬਿਆਂ ਦੀਆਂ ਸਰਕਾਰਾਂ ਨੂੰ ਹੀ ਹੁੰਦਾ ਹੈ। ਦੂਜੇ ਪਾਸੇ ਸ੍ਰੀ ਮੋਦੀ ਵੀ ਇਸ ਗੰਭੀਰ ਮੁੱਦੇ 'ਤੇ ਸੰਵਾਦ ਰਚਾਉਣ ਤੋਂ ਟਾਲਾ ਵੱਟਦੇ ਆ ਰਹੇ ਹਨ। ਇਸ ਤੋਂ ਇਲਾਵਾ ਨਸ਼ਿਆਂ ਦਾ ਮੁੱਦਾ ਵੀ ਕਿਸੇ ਕੌਮੀ ਆਗੂ ਦੀ ਜ਼ੁਬਾਨ 'ਤੇ ਨਹੀਂ ਹੈ। ਇਸੇ ਤਰ੍ਹਾਂ ਪੰਜਾਬ ਲਈ ਕਿਸਾਨੀ ਕਰਜ਼ੇ ਦੁਖਾਂਤ ਭਰਿਆ ਮੁੱਦਾ ਹੈ ਪਰ ਸ੍ਰੀ ਮੋਦੀ ਤੇ ਰਾਹੁਲ ਦੇ ਭਾਸ਼ਣਾਂ ਵਿਚੋਂ ਇਹ ਮੁੱਦਾ ਵੀ ਤਕਰੀਬਨ ਗਾਇਬ ਹੈ।

ਪੰਜਾਬ ਵਿਚ ਬੇਰੁਜ਼ਗਾਰੀ ਤੇ ਨਸ਼ੇ, ਅਮਨ-ਕਾਨੂੰਨ ਅਤੇ ਟਰੈਫਿਕ ਦੇ ਨਾਕਸ ਪ੍ਰਬੰਧਾਂ ਦੀਆਂ ਸਮੱਸਿਆਵਾਂ ਕਾਰਨ ਪੰਜਾਬੀ ਆਪਣੇ ਧੀਆਂ ਪੁੱਤਰਾਂ ਨੂੰ ਕਰਜ਼ੇ ਚੁੱਕ ਕੇ ਅਤੇ ਜਾਇਦਾਦਾਂ ਵੇਚ ਕੇ ਵਿਦੇਸ਼ਾਂ ਵਿਚ ਭੇਜ ਰਹੇ ਹਨ, ਜਿਸ ਕਾਰਨ ਪੰਜਾਬ ਦਾ ਭਵਿੱਖ ਤੇ ਸਰਮਾਇਆ ਗੁਆਚਦਾ ਜਾ ਰਿਹਾ ਹੈ ਪਰ ਰਾਹੁਲ ਗਾਂਧੀ ਤੇ ਨਰਿੰਦਰ ਮੋਦੀ ਸਮੇਤ ਪੰਜਾਬ ਦੇ ਸਿਆਸੀ ਆਗੂਆਂ ਦੇ ਚੋਣ ਪ੍ਰਚਾਰ ਵਿਚੋਂ ਇਹ ਮੁੱਦਾ ਵੀ ਗਾਇਬ ਹੈ। ਦਰਅਸਲ, ਪੰਜਾਬ ਵਿਚ ਪ੍ਰਧਾਨ ਮੰਤਰੀ ਸ੍ਰੀ ਮੋਦੀ, ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਅਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਅਤੇ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਵਰਗੇ ਕੌਮੀ ਆਗੂਆਂ ਦੀ ਨਿਰੰਤਰ ਆਮਦ ਕਾਰਨ ਇਥੋਂ ਦੇ ਸਿਆਸੀ ਲੀਡਰ, ਕੌਮੀ ਆਗੂਆਂ ਦੀਆਂ ਰੈਲੀਆਂ ਸਜਾਉਣ ਤੱਕ ਹੀ ਸੀਮਿਤ ਰਹੇ, ਜਿਸ ਕਾਰਨ ਸੂਬਾਈ ਲੀਡਰਾਂ ਨੂੰ ਵੀ ਪੰਜਾਬੀਆਂ ਦੇ ਮੁੱਦੇ ਗਾਇਬ ਕਰਨ ਦਾ ਬਹਾਨਾ ਮਿਲ ਗਿਆ ਹੈ। ਇਸ ਤੋਂ ਇਲਾਵਾ ਮੋਦੀ ਤੇ ਰਾਹੁਲ ਵੱਲੋਂ ਇਕ-ਦੂਸਰੇ ਵਿਰੁੱਧ ਨਿੱਜੀ ਹਮਲੇ ਕਰਨ ਤੱਕ ਹੀ ਸੀਮਿਤ ਰਹਿਣ ਕਾਰਨ ਚੋਣਾਂ ਦੇ ਅਖੀਰਲੇ ਪੜਾਅ ਤੱਕ ਪੰਜਾਬ ਦੇ ਮੁੱਦਿਆਂ ਉਪਰ ਸੰਜੀਦਗੀ ਨਾਲ ਬਹਿਸ ਨਹੀਂ ਹੋ ਸਕੀ।

ਮੋਦੀ ਅਤੇ ਰਾਹੁਲ ਦੀਆਂ ਚੋਣ ਰੈਲੀਆਂ ਵਿਚ 'ਹੁਆ ਤੋ ਹੁਆ', 'ਮਿਲਾਵਟੀ ਗੱਠਜੋੜ', 'ਚੌਕੀਦਾਰ ਚੋਰ ਹੈ' ਆਦਿ ਕੁਬੋਲਾਂ ਦਾ ਹੀ ਘੜਮੱਸ ਸੁਣਨ ਨੂੰ ਮਿਲਿਆ। ਇਸੇ ਤਰ੍ਹਾਂ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਵੀ ਸੂਬੇ ਵਿਚ ਪ੍ਰਚਾਰ ਕੀਤਾ। ਉਨ੍ਹਾਂ ਵੱਲੋਂ ਨਸ਼ੇ ਦੇ ਮੁੱਦੇ 'ਤੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਮੁਆਫੀ ਮੰਗਣ ਕਾਰਨ ਉਹ ਵੀ ਨਸ਼ਿਆਂ ਦੇ ਮੁੱਦੇ ਉਪਰ ਚਰਚਾ ਕਰਨ ਤੋਂ ਬਚਦੇ ਰਹੇ। ਸ੍ਰੀ ਕੇਜਰੀਵਾਲ ਪੰਜਾਬ ਵਿਚ ਦਿੱਲੀ ਮਾਡਲ ਵੇਚ ਕੇ ਆਪਣੇ ਉਮੀਦਵਾਰਾਂ ਦਾ ਪਾਰ ਉਤਾਰਾ ਕਰਨ ਦਾ ਯਤਨ ਕਰਦੇ ਰਹੇ।

## ਮੋਦੀ ਦੇ ਨਾਂ ਦਾ ਹੀ ਹੋਕਾ ਦਿੰਦੇ ਰਹੇ ਬਾਦਲ

**ਜਲੰਧਰ:** ਲੋਕ ਸਭਾ ਚੋਣਾਂ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਥ ਤੋਂ ਪਾਸਾ ਵੱਟ ਕੇ ਮੋਦੀ 'ਤੇ ਹੀ ਟੇਕ ਰੱਖੀ ਹੋਈ ਹੈ। ਰੇਡੀਓ ਰਾਹੀਂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੀਤੀ ਵੋਟਾਂ ਦੀ ਅਪੀਲ ਵਿਚ ਉਨ੍ਹਾਂ ਨੇ ਪੰਥ ਦਾ ਨਾਂ ਤਾਂ ਕੀ ਲੈਣਾ ਸੀ, ਇਥੋਂ ਤੱਕ ਕਿ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਤੇ ਨਾ ਹੀ ਤੱਕੜੀ ਚੋਣ ਨਿਸ਼ਾਨ ਦਾ ਨਾਂ ਲਿਆ। ਉਨ੍ਹਾਂ ਆਪਣੀ ਅਪੀਲ ਵਿਚ ਇਹੋ ਹੀ ਗੱਲ ਜੋਰ ਦੇ ਕੇ ਕਹੀ ਕਿ ਉਹ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਕਮਲ ਦੇ ਫੁੱਲ ਵਾਲਾ ਬਟਨ ਦਬਾਉਣ ਅਤੇ ਉਨ੍ਹਾਂ ਦੀਆਂ ਸਹਿਯੋਗੀਆਂ ਪਾਰਟੀਆਂ ਨੂੰ ਵੋਟਾਂ ਪਾਉਣ।

ਪੰਥਕ ਹਲਕਿਆਂ 'ਚ ਇਸ ਗੱਲ ਦੀ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿ ਛੋਟੀਆਂ-ਵੱਡੀਆਂ ਚੋਣਾਂ ਵਿਚ ਪੰਥ ਦੇ ਨਾਂ 'ਤੇ ਸਿਆਸਤ ਕਰਦੇ ਆ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਇਸ ਵਾਰ ਰੇਡੀਓ 'ਤੇ ਕੀਤੀ ਅਪੀਲ ਵਿਚ ਇਕ ਵਾਰ ਵੀ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਦਾ ਅਤੇ ਤੱਕੜੀ ਚੋਣ ਨਿਸ਼ਾਨ ਦਾ ਜ਼ਿਕਰ ਨਹੀਂ ਕੀਤਾ। ਇਹ ਵੀ ਪਹਿਲੀ ਵਾਰ ਹੈ ਕਿ ਲੋਕ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਕੋਈ ਚੋਣ ਮਨੋਰਥ ਪੱਤਰ ਜਾਰੀ ਨਹੀਂ ਕੀਤਾ। ਪੰਜਾਬ ਦਾ ਬੁੱਧੀਜੀਵੀ ਵਰਗ ਇਹ ਸੋਚ ਰਿਹਾ ਹੈ ਕਿ ਸ਼ਤਾਬਦੀ ਪੂਰੀ ਕਰਨ ਜਾ ਰਹੇ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਇਸ ਤੋਂ ਮਾੜੀ ਕਦੇ ਨਹੀਂ ਹੋਈ।

## ਸਿਆਸੀ ਧਿਰਾਂ ਨੂੰ ਐਸ.ਵਾਈ.ਐਲ. ਮੁੱਦੇ ਦਾ ਭੁੱਲਿਆ ਚੇਤਾ

**ਪਟਿਆਲਾ:** ਹਰਿਆਣਾ ਨੂੰ ਪਾਣੀ ਦੇਣ ਲਈ ਪੰਜਾਬ 'ਚੋਂ ਕੱਢੀ ਗਈ ਸਤਲੁਜ ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ.) ਸ਼ੁਰੂ ਤੋਂ ਵਿਵਾਦਾਂ 'ਚ ਘਿਰ ਜਾਣ ਕਰਕੇ ਅੱਜ ਤੱਕ ਨਹੀਂ ਚੱਲ ਸਕੀ। ਪੰਜਾਬ ਦੇ ਪਾਣੀਆਂ ਬਾਰੇ ਕਿਸੇ ਸਮੇਂ ਅੰਤਰਰਾਜੀ ਮੁੱਦਾ ਰਹੇ ਨਹਿਰੀ ਵਿਵਾਦ ਦਾ ਇਹ ਮਾਮਲਾ ਐਤਕੀਂ ਚੋਣਾਂ 'ਚ ਉਭਰ ਨਹੀਂ ਸਕਿਆ। ਕਿਸੇ ਧਿਰ ਨੇ ਇਸ ਬਾਰੇ ਚਰਚਾ ਨਹੀਂ ਕੀਤੀ। ਇਸ ਮਾਮਲੇ 'ਤੇ ਮੋਰਚੇ ਲਾਉਣ ਵਾਲੇ ਅਕਾਲੀਆਂ ਨੇ ਵੀ ਇਸ ਮੁੱਦੇ ਨੂੰ ਵਿਸਾਰ ਦਿੱਤਾ।

ਇਸ ਨਹਿਰੀ ਵਿਵਾਦ ਨੇ ਕਈ ਉਤਰਾਅ ਚੜ੍ਹਾਅ ਦੇਖੇ ਹਨ। ਹਰਿਆਣਾ ਨੂੰ ਪਾਣੀ ਦੇਣ ਲਈ 8 ਅਪਰੈਲ 1982 ਵਿਚ ਇਸ ਨਹਿਰ ਦਾ ਨੀਂਹ ਪੱਥਰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਟਿਆਲਾ ਦੇ ਪਿੰਡ ਕਪੂਰੀ ਵਿਚ ਰੱਖਿਆ ਸੀ। ਅਕਾਲੀਆਂ ਨੇ ਨਹਿਰ ਖਿਲਾਫ ਕਪੂਰੀ ਮੋਰਚਾ ਸ਼ੁਰੂ ਕੀਤਾ, ਜੋ ਜਲਦੀ ਹੀ ਹਰਿਮੰਦਰ ਸਾਹਿਬ ਵਿਖੇ ਤਬਦੀਲ ਕਰ ਕੇ ਧਰਮਯੁੱਧ ਮੋਰਚੇ ਵਿਚ ਬਦਲ ਦਿੱਤਾ ਅਤੇ ਹਰਚੰਦ ਸਿੰਘ ਲੌਂਗੋਵਾਲ ਦੀ ਨਿਗਰਾਨੀ ਹੇਠਾਂ ਸੈਂਕੜੇ ਲੋਕ ਜੇਲ੍ਹ ਗਏ। ਇਹ ਮਾਮਲਾ ਆਨੰਦਪੁਰ ਮਤੇ ਦਾ ਹਿੱਸਾ ਵੀ ਬਣਿਆ। ਫੇਰ ਰਾਜੀਵ-ਲੌਂਗੋਵਾਲ ਸਮਝੌਤੇ ਮਗਰੋਂ ਮੋਰਚਾ ਭਾਵੇਂ ਸਮਾਪਤ ਹੋ ਗਿਆ, ਪਰ ਨਹਿਰ ਦਾ ਮਾਮਲਾ ਰੁਲ ਗਿਆ।

ਸਾਲ 2016 'ਚ ਬਾਦਲ ਸਰਕਾਰ ਨੇ ਇਹ ਨਹਿਰ ਬੰਦ ਕਰਕੇ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਫੈਸਲਾ ਲਿਆ ਤੇ ਨਹਿਰ ਬੰਦ ਕਰਨ ਦੀ ਮੁਹਿੰਮ ਵਜੋਂ ਅਕਾਲੀ ਦਲ ਨੇ ਪਟਿਆਲਾ ਦੇ ਪਿੰਡ ਜਨਸੂਈ ਤੇ ਕਾਮੀ ਕਲਾਂ ਸਮੇਤ ਪੰਜਾਬ 'ਚ ਹੋਰਨਾਂ ਥਾਵਾਂ 'ਤੇ ਨਹਿਰ ਵਿਚ ਮਿੱਟੀ ਵੀ ਪਾਈ। ਪਰ ਇਹ ਮਾਮਲਾ ਵੀ ਅਦਾਲਤ ਚਲਾ ਗਿਆ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਵਿਚ ਜ਼ਿਮਨੀ ਚੋਣਾਂ ਦਾ ਬਿਗਲ ਵੱਜਣ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਢਾਈ ਮਹੀਨੇ ਲੰਮੇ ਚੋਣ ਅਮਲ ਵਿਚੋਂ ਲੰਘਣ ਮਗਰੋਂ ਇਕ ਹੋਰ ਚੋਣ ਪ੍ਰੀਖਿਆ ਵਿਚੋਂ ਲੰਘਣਾ ਪੈਣਾ ਹੈ। ਨਤੀਜਿਆਂ ਤੋਂ ਬਾਅਦ 7 ਦੇ ਕਰੀਬ ਵਿਧਾਨ ਸਭਾ ਹਲਕਿਆਂ ਲਈ ਜ਼ਿਮਨੀ ਚੋਣਾਂ ਤੈਅ ਮੰਨੀਆਂ ਜਾ ਰਹੀਆਂ ਹਨ।

ਵਿਧਾਨ ਸਭਾ ਹਲਕਿਆਂ ਦੀਆਂ ਇਹ ਜ਼ਿਮਨੀ ਚੋਣਾਂ ਮਹਿਜ਼ ਵਿਧਾਇਕਾਂ ਦੀ ਚੋਣ ਨਾ ਹੋ ਕੇ ਵਿਧਾਨ ਸਭਾ ਅੰਦਰਲੇ ਸਿਆਸੀ ਦ੍ਰਿਸ਼ ਨੂੰ ਬਦਲਣ ਦੇ ਵੀ ਸਮਰੱਥ ਹਨ। ਵਿਧਾਨ ਸਭਾ ਵਿਚ ਇਸ ਸਮੇਂ ਆਮ ਆਦਮੀ ਪਾਰਟੀ ਮੁੱਖ ਵਿਰੋਧੀ ਧਿਰ ਹੈ ਤੇ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ 'ਤੇ ਹੀ ਮੁਨੱਸਰ ਕਰੇਗਾ ਕਿ 'ਆਪ' ਦਾ ਇਹ ਸੰਵਿਧਾਨਕ ਰੁਤਬਾ ਕਾਇਮ ਰਹਿੰਦਾ ਹੈ ਜਾਂ ਨਹੀਂ। ਵਿਧਾਨ ਸਭਾ ਵਿਚ ਇਸ ਸਮੇਂ ਕਾਂਗਰਸ ਦੇ 78, 'ਆਪ' ਦੇ 20, ਅਕਾਲੀ ਦਲ ਦੇ 14, ਭਾਜਪਾ ਦੇ 3 ਅਤੇ ਲੋਕ ਇਨਸਾਫ ਪਾਰਟੀ ਦੇ 2 ਵਿਧਾਇਕ ਹਨ।

'ਆਪ' ਦੇ 4 ਵਿਧਾਇਕ ਐਚ.ਐਸ. ਫੂਲਕਾ, ਸੁਖਪਾਲ ਸਿੰਘ ਖਹਿਰਾ, ਨਾਜਰ ਸਿੰਘ ਮਾਨਸ਼ਾਹੀਆ ਅਤੇ ਅਮਰਜੀਤ ਸਿੰਘ ਸੰਦੋਆ ਵਿਧਾਇਕ ਦੇ ਅਹੁਦਿਆਂ ਤੋਂ ਅਸਤੀਫਾ ਦੇ ਚੁੱਕੇ ਹਨ। 'ਆਪ' ਦੇ ਹੀ ਇਕ ਵਿਧਾਇਕ ਮਾਸਟਰ ਬਲਦੇਵ ਸਿੰਘ ਨੇ ਇਨ੍ਹਾਂ ਸੰਸਦੀ ਚੋਣਾਂ ਦੌਰਾਨ ਪੰਜਾਬ ਏਕਤਾ ਪਾਰਟੀ ਦੇ ਉਮੀਦਵਾਰ ਵਜੋਂ ਫਰੀਦਕੋਟ ਸੰਸਦੀ ਹਲਕੇ ਤੋਂ ਚੋਣ ਲੜੀ ਸੀ। ਇਸ ਤਰ੍ਹਾਂ ਨਾਲ ਇਸ ਵਿਧਾਇਕ ਦੇ ਭਵਿੱਖ 'ਤੇ ਵੀ ਸਵਾਲੀਆ ਨਿਸ਼ਾਨ ਲੱਗਿਆ ਹੋਇਆ ਹੈ। ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੈ ਕਿ ਜ਼ਿਮਨੀ ਚੋਣਾਂ ਹੋਣ ਦੀ ਸੂਰਤ ਵਿਚ ਆਮ ਆਦਮੀ ਪਾਰਟੀ ਕੋਲੋਂ ਵਿਰੋਧੀ ਧਿਰ ਦਾ ਰੁਤਬਾ ਖੁੱਸ ਸਕਦਾ ਹੈ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਸੰਵਿਧਾਨਕ ਅਹੁਦਾ ਮਿਲਣ ਦੇ ਆਸਾਰ ਹਨ।

ਨਾਜਰ ਸਿੰਘ ਮਾਨਸ਼ਾਹੀਆ ਤੇ ਅਮਰਜੀਤ ਸਿੰਘ ਸੰਦੋਆ ਤਾਂ ਕਾਂਗਰਸ ਵਿਚ ਸ਼ਾਮਲ ਹੋ ਚੁੱਕੇ ਹਨ ਤੇ ਦੋਹਾਂ ਵੱਲੋਂ ਵਿਧਾਇਕ ਵਜੋਂ ਅਸਤੀਫਾ ਵੀ ਦਿੱਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਸ੍ਰੀ ਫੂਲਕਾ ਤੇ ਸ੍ਰੀ ਖਹਿਰਾ ਵੀ ਆਪਣਾ ਅਸਤੀਫਾ ਸਪੀਕਰ ਨੂੰ ਭੇਜ ਚੁੱਕੇ ਹਨ। ਵਿਧਾਨ ਸਭਾ ਵਿਚ ਇਸ ਵੇਲੇ ਕਾਂਗਰਸ ਕੋਲ ਦੋ ਤਿਹਾਈ ਬਹੁਮਤ ਹੈ। ਜ਼ਿਮਨੀ ਚੋਣਾਂ ਆਮ ਤੌਰ 'ਤੇ ਹਾਕਮ ਧਿਰ ਹੀ ਜਿੱਤਦੀ ਹੈ, ਪਰ ਜਿਸ ਤਰ੍ਹਾਂ ਕਾਂਗਰਸ ਅਤੇ ਅਕਾਲੀਆਂ 'ਤੇ 'ਦੋਸਤਾਨਾ ਮੈਚ' ਖੇਡਣ ਦੇ ਦੋਸ਼ ਲਗਦੇ ਹਨ, ਉਸ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਕੁਝ ਸੀਟਾਂ 'ਤੇ ਅਕਾਲੀ ਦਲ ਵੀ ਜਿੱਤ ਹਾਸਲ ਕਰ ਸਕਦਾ ਹੈ। ਜੇਕਰ ਅਕਾਲੀ ਦਲ ਨੂੰ ਜ਼ਿਮਨੀ ਚੋਣਾਂ ਵਿਚ ਸਫਲਤਾ ਮਿਲਦੀ ਹੈ ਤਾਂ ਵਿਰੋਧੀ ਧਿਰ ਦਾ ਰੁਤਬਾ ਵੀ ਅਕਾਲੀਆਂ ਨੂੰ ਮਿਲ ਸਕਦਾ ਹੈ। ਸੰਸਦੀ ਚੋਣਾਂ ਦੇ ਅਮਲ ਦੌਰਾਨ 'ਆਪ' ਦੇ ਕੁਝ ਹੋਰਨਾਂ ਵਿਧਾਇਕਾਂ ਵੱਲੋਂ ਵੀ ਕਾਂਗਰਸ ਵਿਚ ਸ਼ਾਮਲ ਹੋਣ ਦੀਆਂ ਅਫਵਾਹਾਂ ਸਨ, ਪਰ ਮਾਨਸ਼ਾਹੀਆ ਅਤੇ ਸੰਦੋਆ ਦਾ ਸੋਸ਼ਲ ਮੀਡੀਆ 'ਤੇ ਤਿੱਖਾ ਵਿਰੋਧ ਹੋਣ ਕਾਰਨ 'ਆਪ' ਦੇ ਹੋਰਨਾਂ ਵਿਧਾਇਕਾਂ ਨੇ ਦਲ ਬਦਲਣ ਦੀ ਹਿੰਮਤ ਨਹੀਂ ਜੁਟਾਈ।

## ਕਾਮੇਡੀਅਨ ਜ਼ੇਲੈਂਸਕੀ ਬਣੇ ਯੂਕਰੇਨ ਦੇ ਰਾਸ਼ਟਰਪਤੀ

**ਕੀਵ:** ਕਾਮੇਡੀਅਨ ਵੋਲੋਦਿਮੀਰ ਜ਼ੇਲੈਂਸਕੀ ਯੂਕਰੇਨ ਦੇ ਰਾਸ਼ਟਰਪਤੀ ਬਣ ਗਏ ਹਨ ਤੇ ਉਨ੍ਹਾਂ ਸੰਸਦ ਭਵਨ 'ਚ ਰੱਖੇ ਗਏ ਸਮਾਗਮ ਦੌਰਾਨ ਆਪਣੇ ਅਹੁਦੇ ਦੀ ਸਹੁੰ ਚੁੱਕੀ। ਉਨ੍ਹਾਂ ਪਿਛਲੇ ਮਹੀਨੇ ਚੋਣਾਂ 'ਚ ਪੈਤਰੋ ਪੋਰੋਸ਼ੇਨਕੋ ਖਿਲਾਫ ਸ਼ਾਨਦਾਰ ਜਿੱਤ ਹਾਸਲ ਕੀਤੀ ਸੀ। 41 ਸਾਲਾ ਜ਼ੇਲੈਂਸਕੀ ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਯੂਕਰੇਨ ਦੇ ਸਭ ਤੋਂ ਛੋਟੀ ਉਮਰ ਦੇ ਰਾਸ਼ਟਰਪਤੀ ਬਣੇ ਹਨ।

# ਮਨੁੱਖੀ ਭਲਾਈ ਲਈ ਭਾਰਤੀ ਸੰਸਥਾ ਨੂੰ ਗਿੰਨੀਜ਼ ਬੁੱਕ 'ਚ ਥਾਂ

**ਦੁਬਈ:** ਸੰਯੁਕਤ ਅਰਬ ਅਮੀਰਾਤ (ਯੂ. ਏ. ਈ.) ਵਿਚ ਇਕ ਭਾਰਤੀ ਵੱਲੋਂ ਮਨੁੱਖੀ ਭਲਾਈ ਹਿੱਤ ਚਲਾਏ ਜਾ ਰਹੇ ਸੰਗਠਨ 'ਪੀਸੀਟੀ ਹਿਊਮੈਨਿਟੀ' ਨੂੰ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਦਰਜ ਕੀਤਾ ਗਿਆ ਹੈ। ਜੋਗਿੰਦਰ ਸਿੰਘ ਸਲਾਰੀਆ ਦੀ ਅਗਵਾਈ ਵਿਚ ਚੱਲ ਰਹੀ ਇਸ ਸੰਸਥਾ ਨੂੰ ਇਹ ਮਾਣ ਰਮਜ਼ਾਨ ਦੇ ਪਵਿੱਤਰ ਮਹੀਨੇ ਭੋਜਨ ਸਬੰਧੀ ਰਾਹਤ ਪਹੁੰਚਾਉਣ ਬਦਲੇ ਮਿਲਿਆ ਹੈ।

ਸੰਸਥਾ ਦੁਬਈ ਸਨਅਤੀ ਪਾਰਕ ਵਿਚ ਸਥਿਤ ਸਲਾਰੀਆ ਦੀ ਕੰਪਨੀ 'ਪਹਿਲ ਇੰਟਰਨੈਸ਼ਨਲ' ਦੇ ਅਹਾਤੇ 'ਚ ਸ਼ਾਕਾਹਾਰੀ ਇਫਤਾਰ ਦਾ ਪ੍ਰਬੰਧ ਕਰ ਰਹੀ ਹੈ। ਇਸ ਮੁਹਿੰਮ ਨੇ 'ਭੁੱਖ ਮਿਟਾਉਣ ਲਈ ਕਤਾਰ ਵਿਚ ਲਾਏ ਗਏ ਪਕਵਾਨਾਂ ਦੇ ਸਭ ਤੋਂ ਲੰਮੇ ਪੈਕੇਜ' ਦਾ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ। ਸਲਾਰੀਆ ਨੇ ਕਿਹਾ ਕਿ ਲੋਕਾਂ ਦੇ ਚਿਹਰਿਆਂ 'ਤੇ ਖੁਸ਼ੀ ਦੇਖ ਕੇ ਅਥਾਹ ਖੁਸ਼ੀ ਮਿਲਦੀ ਹੈ।

ਰਿਕਾਰਡ ਬਣਾਉਣਾ ਤਾਂ ਇਸ ਦਾ ਇਕ ਹਿੱਸਾ ਹੈ ਪਰ ਅਸਲ ਮਕਸਦ ਲੋੜਵੰਦਾਂ ਨੂੰ ਸ਼ੁੱਧ ਸ਼ਾਕਾਹਾਰੀ ਭੋਜਨ ਮੁਹੱਈਆ ਕਰਵਾਉਣਾ ਹੈ ਤਾਂ ਕਿ ਉਹ ਸਿਹਤਮੰਦ ਰਹਿ ਸਕਣ ਤੇ ਜਾਨਵਰਾਂ ਦਾ ਭਲਾ ਵੀ ਇਸ ਮੁਹਿੰਮ ਦਾ ਹਿੱਸਾ ਹੈ। ਇਸ ਇਫਤਾਰ ਭੋਜ ਵਿਚ ਕਰੀਬ ਸੱਤ ਤਰ੍ਹਾਂ ਦੇ ਪਕਵਾਨ ਸਨ ਤੇ ਉਨ੍ਹਾਂ ਨੂੰ ਲਗਾਤਾਰ ਇਕ ਕਿਲੋਮੀਟਰ ਤੱਕ ਪਰੋਸਿਆ ਗਿਆ ਸੀ।

# ਸ਼ਤਾਬਦੀ ਸਮਾਗਮ: ਪਾਕਿਸਤਾਨ ਵਲੋਂ ਸਿੱਕੇ ਤੇ ਡਾਕ ਟਿਕਟ ਦਾ ਡਿਜ਼ਾਈਨ ਪ੍ਰਵਾਨ

**ਲਾਹੌਰ:** ਪਾਕਿਸਤਾਨ ਦੀ ਸਿੱਖ ਕਮੇਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੇ ਲਈ ਯਾਦਗਾਰੀ ਸਿੱਕੇ ਅਤੇ ਡਾਕ ਟਿਕਟ ਦੇ ਡਿਜ਼ਾਈਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਵਿਚ ਦੱਸਿਆ ਕਿ ਸਿੱਕੇ ਦੇ ਇੱਕ ਪਾਸੇ ਬਾਬੇ ਨਾਨਕ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਤਸਵੀਰ ਹੋਵੇਗੀ ਅਤੇ ਦੂਜੇ ਪਾਸੇ ਇਸਲਾਮਕ ਗਣਰਾਜ ਪਾਕਿਸਤਾਨ ਅਤੇ '550' ਅੰਕ ਉਕਰਿਆ ਹੋਵੇਗਾ। 'ਐਕਸਪ੍ਰੈੱਸ ਟ੍ਰਿਬਿਊਨ' ਅਨੁਸਾਰ ਡਾਕ ਟਿਕਟ ਜੋ ਅੱਠ ਰੁਪਏ ਦੀ ਹੋਵੇਗੀ, ਆਮ ਵਰਤੋਂਯੋਗ ਹੋਵੇਗੀ। ਇਸ ਦੇ ਉੱਤੇ ਵੀ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਫੋਟੋ ਹੋਵੇਗੀ। ਪੀ.ਐਸ.ਜੀ.ਪੀ.ਸੀ. ਨੇ ਪਾਕਿਸਤਾਨ ਅਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਕੀਤੀਆਂ ਤਿਆਰੀਆਂ ਦੇ ਉੱਤੇ ਤਸੱਲੀ ਪ੍ਰਗਟਾਈ ਹੈ। ਦੁਨੀਆਂ ਭਰ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਦੇ ਲਈ ਨਨਕਾਣਾ ਸਾਹਿਬ ਵਿਚ ਟੈਂਟ ਲਾਏ ਜਾ ਰਹੇ ਹਨ। ਇੱਥੇ 25000 ਸ਼ਰਧਾਲੂਆਂ ਦੀ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।

ਜ਼ਿਕਰਯੋਗ ਹੈ ਕਿ ਸਾਲ 2019 ਨੂੰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ 550ਵੇਂ ਸ਼ਤਾਬਦੀ ਸਾਲ ਦੇ ਵਜੋਂ ਮਨਾਇਆ ਜਾ ਰਿਹਾ ਹੈ। ਇਸ ਲਈ ਭਾਰਤ ਤੇ ਪਾਕਿਸਤਾਨ ਪਿਛਲੇ ਸਾਲ ਨਵੰਬਰ ਮਹੀਨੇ ਵਿਚ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਲਈ ਤਿਆਰ ਹੋ ਗਏ ਸਨ। ਇਸ ਦੀਆਂ ਤਿਆਰੀਆਂ ਜੰਗੀ ਪੱਧਰ ਉੱਤੇ ਚੱਲ ਰਹੀਆਂ ਹਨ।

## ਬਰਤਾਨੀਆ ਜਾਣ ਲਈ ਨਹੀਂ ਪਵੇਗੀ 'ਲੈਂਡਿੰਗ ਕਾਰਡ' ਦੀ ਲੋੜ

**ਲੰਡਨ:** ਬਰਤਾਨੀਆ ਸਰਕਾਰ ਨੇ ਭਾਰਤ ਜਿਹੇ ਦੇਸ਼ਾਂ ਤੋਂ ਬਰਤਾਨੀਆ ਆਉਣ ਵਾਲੇ ਯਾਤਰੀਆਂ ਲਈ 'ਲੈਂਡਿੰਗ ਕਾਰਡ' ਭਰਨ ਦੀ ਲੋੜ ਖਤਮ ਕਰ ਦਿੱਤੀ ਹੈ। ਇਸ ਕਦਮ ਦਾ ਮਕਸਦ ਬਰਤਾਨੀਆ ਵਿਚ ਦਾਖਲੇ ਨੂੰ ਸੁਖਾਲਾ ਬਣਾਉਣਾ ਹੈ।

ਯੂਰਪੀ ਆਰਥਿਕ ਖੇਤਰ (ਈ.ਈ.ਏ.) ਤੋਂ ਬਾਹਰ ਦੇ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਬਰਤਾਨੀਆ ਦੇ ਹਵਾਈ ਅੱਡਿਆਂ 'ਤੇ ਪਹੁੰਚਣ ਪਿਛੋਂ ਫਾਰਮ ਭਰ ਕੇ ਪਾਸਪੋਰਟ ਦੇ ਨਾਲ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਦੇਣ ਦੀ ਲੋੜ ਨਹੀਂ ਪਵੇਗੀ। ਇਸ ਨਾਲ ਦੇਸ਼ 'ਚ ਆਉਣਾ-ਜਾਣਾ ਆਸਾਨ ਹੋਵੇਗਾ। ਬਰਤਾਨੀਆ ਦੇ ਏਅਰਪੋਰਟ ਆਪ੍ਰੇਟਰ ਐਸੋਸੀਏਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਕਰਨ ਡੀ. ਨੇ ਕਿਹਾ ਕਿ ਹਵਾਈ ਅੱਡੇ ਰੁਝੇਵੇਂ ਭਰੇ ਮੌਸਮ ਦੀ ਤਿਆਰੀ ਕਰ ਰਹੇ ਹਨ। ਸਾਨੂੰ ਪਤਾ ਹੈ ਕਿ ਪਾਸਪੋਰਟ ਕੰਟਰੋਲ ਲਈ ਕੋਈ ਵੀ ਲਾਈਨ 'ਚ ਉਡੀਕ ਨਹੀਂ ਕਰਨਾ ਚਾਹੁੰਦਾ।

# ਅਬ ਤੁਮ੍ਹਾਰੇ ਹਵਾਲੇ ਵਤਨ ਸਾਥੀਓ...

(ਸਫਾ ਇਕ ਦੀ ਬਾਕੀ)

ਹੀ ਅਜਿਹਾ ਸੰਭਵ ਹੋ ਸਕਿਆ ਹੈ। ਦਰਅਸਲ, ਚੋਣਾਂ ਦੇ ਐਲਾਨ ਤੋਂ ਲੈ ਕੇ ਚੋਣ ਅਮਲ ਮੁਕੰਮਲ ਹੋਣ ਤੱਕ ਚੋਣ ਕਮਿਸ਼ਨ ਦੀ ਕਾਰਗੁਜ਼ਾਰੀ ਸ਼ੱਕੀ ਹੀ ਰਹੀ ਹੈ। ਇਹ ਪਹਿਲੀ ਵਾਰ ਸੀ, ਜਦੋਂ ਦੇਸ਼ ਦੀ ਸੁਪਰੀਮ ਕੋਰਟ ਨੂੰ ਚੋਣ ਕਮਿਸ਼ਨ ਨੂੰ ਇਸ ਦੀ ਮਰਿਆਦਾ ਯਾਦ ਕਰਵਾਉਣ ਲਈ ਚਿਤਾਵਨੀ ਦੇਣੀ ਪਈ।

ਮੋਦੀ ਅਤੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੀਆਂ ਫਿਰਕੂ ਤਕਰੀਰਾਂ ਵੀ ਚੋਣ ਕਮਿਸ਼ਨ ਨੂੰ ਜਾਇਜ਼ ਲੱਗੀਆਂ। ਮੋਦੀ ਖਿਲਾਫ ਅਣਗਿਣਤ ਸ਼ਿਕਾਇਤਾਂ ਗਈਆਂ ਪਰ ਹਰ ਵਾਰ ਮੋਦੀ ਨੂੰ ਕਲੀਨ ਚਿੱਟ ਵੱਡੇ ਸਵਾਲ ਖੜ੍ਹੇ ਕਰ ਗਈ; ਹਾਲਾਂਕਿ ਮੋਦੀ ਨੂੰ 'ਸਭ ਮੁਆਫ' ਵਾਲੀ ਨੀਤੀ ਉਤੇ ਚੋਣ ਕਮਿਸ਼ਨ ਵੀ ਇਕਮੱਤ ਨਹੀਂ ਸੀ ਅਤੇ ਇਸ ਦੇ ਇਕ ਮੈਂਬਰ ਕਮਿਸ਼ਨਰ ਅਸ਼ੋਕ ਲਵਾਸਾ ਨੇ ਬਾਗੀ ਸੁਰ ਵੀ ਅਲਾਪੇ ਪਰ ਹੋਇਆ ਉਹੀ ਜੋ ਮੋਦੀ ਦੀ ਮਰਜ਼ੀ ਸੀ।

ਸੰਵਿਧਾਨ ਦੀ ਧਾਰਾ 324 ਦਾ ਇਸਤੇਮਾਲ ਕਰਦੇ ਹੋਏ ਕੇਂਦਰੀ ਚੋਣ ਕਮਿਸ਼ਨ ਨੇ ਪੱਛਮੀ ਬੰਗਾਲ ਦੇ ਆਖਰੀ ਪੜਾਅ ਲਈ ਹੋਣ ਵਾਲੇ ਚੋਣ ਪ੍ਰਚਾਰ 'ਤੇ ਇਕ ਦਿਨ ਪਹਿਲਾਂ ਹੀ ਰੋਕ ਲਾ ਦਿੱਤੀ। ਕਮਿਸ਼ਨ ਨੇ ਪੱਛਮੀ ਬੰਗਾਲ ਦੇ ਗ੍ਰਹਿ ਸਕੱਤਰ ਅਤਰੀ ਭੱਟਾਚਾਰੀਆ ਤੇ ਸੀ. ਆਈ. ਡੀ. ਦੇ ਐਡੀਸ਼ਨਲ ਡਾਇਰੈਕਟਰ ਜਨਰਲ ਰਾਜੀਵ ਕੁਮਾਰ ਨੂੰ ਵੀ ਅਹੁਦੇ ਤੋਂ ਹਟਾਉਣ ਦੇ ਆਦੇਸ਼ ਜਾਰੀ ਕਰ ਦਿੱਤੇ। ਦਰਅਸਲ, ਮੋਦੀ ਸਰਕਾਰ ਦੇ 5 ਸਾਲਾ ਸ਼ਾਸਨ ਵਿਚ ਸਿਰਫ ਚੋਣ ਕਮਿਸ਼ਨ ਹੀ ਨਹੀਂ ਜਿਸ ਉਤੇ ਮੋਦੀ ਭਗਤੀ ਦੇ ਦੋਸ਼ ਲੱਗੇ ਹਨ; ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਵਿਚ ਧੱਕੇਸ਼ਾਹੀ ਤੋਂ ਲੈ ਕੇ ਸੀ. ਬੀ. ਆਈ. , ਐਨ. ਆਈ. ਏ. (ਕੇਂਦਰੀ ਜਾਂਚ ਏਜੰਸੀ) ਵੀ ਵਾਦ-ਵਿਵਾਦ ਦਾ ਸ਼ਿਕਾਰ ਹੋਈਆਂ।

ਇਹੀ ਨਹੀਂ, ਪਿਛਲੇ ਸਾਲ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਵਲੋਂ ਚੀਫ ਜਸਟਿਸ ਦੇ ਖੁੱਲ੍ਹੇਆਮ ਵਿਰੋਧ ਤੋਂ ਬਾਅਦ ਹੋਰ ਕਈ ਮਾਮਲਿਆਂ ਵਿਚ ਦੇਸ਼ ਦੀ ਸਰਬਉਚ ਅਦਾਲਤ ਦੀ ਕਾਰਗੁਜ਼ਾਰੀ ਸਬੰਧੀ ਸਵਾਲ ਉਠਾਏ ਗਏ। ਪੰਜ ਸਾਲਾ ਸ਼ਾਸਨ ਵਿਚ ਮੋਦੀ ਸਰਕਾਰ ਨੇ ਹਰ ਸੰਸਥਾ ਵਿਚ ਘੁਸਪੈਠ ਕੀਤੀ। ਵਿਰੋਧੀ ਧਿਰਾਂ ਸਮੇਤ ਸੰਵਿਧਾਨਿਕ ਅਹੁਦਿਆਂ ਉਤੇ ਬੈਠੇ ਲੋਕਾਂ ਨੇ ਮੋਦੀ ਦੀ ਨੀਤੀ ਉਤੇ ਸਵਾਲ ਚੁੱਕੇ ਪਰ ਸਰਕਾਰ ਨੇ ਆਪਣੀ ਤਾਕਤ ਦਿਖਾਉਂਦੇ ਹੋਏ ਕਿਸੇ ਨੂੰ ਸਿਰ ਚੁੱਕਣ ਦਾ ਮੌਕਾ ਨਹੀਂ ਦਿੱਤਾ। ਸਿਆਸੀ ਮਾਹਿਰ ਇਹ ਗੱਲ ਖੁੱਲ੍ਹ ਕੇ ਆਖਣ ਤੋਂ ਗੁਰੇਜ਼ ਨਹੀਂ ਕਰਦੇ ਕਿ ਇਸ ਭਗਵਾ ਧਿਰ ਨੇ ਚੋਣਾਂ ਤੋਂ ਪਹਿਲਾਂ ਹੀ ਮਾਹੌਲ ਆਪਣੇ ਹੱਕ ਵਿਚ ਬਣਾ ਲਿਆ ਸੀ। ਦੇਸ਼ ਦੇ ਹਰ ਸੂਬੇ ਵਿਚ ਆਰ. ਐਸ. ਐਸ. ਕਾਰਕੁਨਾਂ ਨੂੰ ਰਾਜਪਾਲ ਨਿਯੁਕਤ ਕਰਨਾ ਵੀ ਇਸੇ ਰਣਨੀਤੀ ਦਾ ਹਿੱਸਾ ਸੀ। ਭਾਜਪਾ ਨੇ ਹਰ ਉਚ-ਅਹੁਦੇ ਉਤੇ ਆਰ. ਐਸ. ਐਸ. ਕਾਰਕੁਨ ਨਿਯੁਕਤ ਕਰਨ ਦੀ ਰਣਨੀਤੀ ਬਣਾਈ ਰੱਖੀ। ਇਸੇ ਦਾ ਇਸ ਨੂੰ ਰੱਜਵਾਂ ਫਲ ਮਿਲਿਆ। ਇਸੇ ਕਾਰਨ ਇਹ ਚੋਣਾਂ ਵਿਚ ਕੀਤੀਆਂ ਧੱਕੇਸ਼ਾਹੀਆਂ ਉਤੇ ਪਰਦਾ ਪਾਉਣ ਵਿਚ ਸਫਲ ਰਹੀ।

ਭਾਜਪਾ ਸਰਕਾਰ ਦੀ ਵਾਪਸੀ ਦਾ ਇਕ ਹੋਰ ਕਾਰਨ ਵੀ ਅਹਿਮ ਰਿਹਾ। ਰਾਜਸੀ ਮਾਹਿਰਾਂ ਅਨੁਸਾਰ, ਵਿਰੋਧੀ ਧਿਰਾਂ ਉਸ ਤਰ੍ਹਾਂ ਦਾ ਮਹਾਂ-ਗੱਠਜੋੜ ਨਹੀਂ ਬਣਾ ਸਕੀਆਂ ਜਿਸ ਤਰ੍ਹਾਂ ਦੀ ਚੋਣਾਂ ਤੋਂ ਪਹਿਲਾਂ ਉਮੀਦ ਕੀਤੀ ਜਾ ਰਹੀ ਸੀ। ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੇ ਆਪਸ ਵਿਚ ਸਮਝੌਤਾ ਕਰਕੇ ਕਾਂਗਰਸ ਨੂੰ ਅਲੱਗ-ਥਲੱਗ ਕਰ ਦਿੱਤਾ; ਦਿੱਲੀ ਤੇ ਹਰਿਆਣਾ ਵਿਚ ਆਮ ਆਦਮੀ ਪਾਰਟੀ ਤੇ ਕਾਂਗਰਸ ਕਿਸੇ ਸਮਝੌਤੇ 'ਤੇ ਨਾ ਪਹੁੰਚ ਸਕੀਆਂ; ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਵਿਰੋਧੀ ਪਾਰਟੀਆਂ ਅਲੱਗ-ਅਲੱਗ ਲੜੀਆਂ।

# ਕੰਚਨਜੰਗਾ ਚੋਟੀ 'ਤੇ ਦੋ ਭਾਰਤੀ ਪਰਬਤਰੋਹੀਆਂ ਦੀ ਮੌਤ

**ਕਾਠਮੰਡੂ:** ਵਿਸ਼ਵ ਦੀ ਤੀਜੀ ਸਭ ਤੋਂ ਉੱਚੀ ਪਰਬਤੀ ਚੋਟੀ ਕੰਚਨਜੰਗਾ ਨੂੰ ਸਰ ਕਰਦੇ ਸਮੇਂ ਦੋ ਭਾਰਤੀ ਪਰਬਤਰੋਹੀਆਂ ਦੀ ਮੌਤ ਹੋ ਗਈ ਹੈ। ਇਨ੍ਹਾਂ ਦੀ ਮੌਤ ਉੱਚੇ ਪਹਾੜੀ ਖਿੱਤੇ ਵਿਚ ਆਈ ਸਰੀਰਕ ਕਮਜ਼ੋਰੀ ਕਾਰਨ ਹੋਈ ਹੈ। ਪਰਬਤਰੋਹੀ ਬਿਪਲਬ ਬੈਦਿਆ (48) ਅਤੇ ਕੁੰਤਲ ਕਰਾਰ ਕੰਚਨਜੰਗਾ ਚੋਟੀ ਨੂੰ ਸਰ ਕਰਨ ਦੀ ਮੁਹਿੰਮ ਦੌਰਾਨ ਰਾਤ ਨੂੰ ਕੈਂਪ-4 ਤੋਂ ਅੱਗੇ 8586 ਮੀਟਰ ਦੀ ਚੋਟੀ ਦੇ ਨੇੜੇ ਆਪਣੀ ਮੁਹਿੰਮ ਨੂੰ ਜਾਰੀ ਨਾ ਰੱਖ ਸਕੇ। ਇਨ੍ਹਾਂ ਨੂੰ ਸਾਹ ਆਉਣ ਵਿਚ ਮੁਸ਼ਕਿਲ ਆ ਗਈ ਅਤੇ ਬਰਫ ਦੇ ਕਾਰਨ ਅੰਧਰਾਤਾ ਹੋ ਗਿਆ। ਬਿਪਲਬ ਚੋਟੀ ਦੇ ਸਭ ਤੋਂ ਉੱਚੀ ਪਹਾੜੀ 'ਤੇ ਚੜ੍ਹ ਗਿਆ ਸੀ ਪਰ ਕੁੰਤਲ ਆਪਣੀ ਮੁਹਿੰਮ ਨੂੰ ਜਾਰੀ ਨਹੀਂ ਰੱਖ ਸਕਿਆ। ਨੇਪਾਲ ਦੇ ਸੈਰ ਸਪਾਟਾ ਵਿਭਾਗ ਦੀ ਅਧਿਕਾਰੀ ਮੀਰਾ ਅਚਾਰੀਆ ਨੇ ਦੱਸਿਆ ਕਿ ਦੋਵਾਂ ਪਰਬਤਰੋਹੀਆਂ ਦੀ ਮੌਤ ਚੋਟੀ ਤੋਂ ਉਤਰਨ ਸਮੇਂ ਹੋਈ ਹੈ। ਇਹ ਪੱਛਮੀ ਬੰਗਾਲ ਤੋਂ ਗਈ 5 ਮੈਂਬਰੀ ਟੀਮ ਦੇ ਮੈਂਬਰ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਬਾਦਲਾਂ ਖਿਲਾਫ ਕਾਰਵਾਈ ਨਾ ਹੋਈ ਤਾਂ ਅਸਤੀਫਾ ਦੇਵਾਂਗਾ: ਸਿੱਧੂ

**ਬਠਿੰਡਾ:** ਪੰਜਾਬ ਕਾਂਗਰਸ ਵਿਚ ਬਗਾਵਤ ਦਾ ਨਵਾਂ ਰਾਹ ਖੁੱਲ੍ਹ ਗਿਆ ਹੈ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਬਾਗੀ ਸੁਰ ਇਸ਼ਾਰਾ ਕਰ ਗਏ ਕਿ ਚੋਣਾਂ ਮਗਰੋਂ ਪੰਜਾਬ ਕਾਂਗਰਸ ਵਿਚ ਢਕੀ ਨਹੀਂ ਰਿੱਝਣੀ। ਮੁੱਖ ਮੰਤਰੀ ਕੈਪਟਨ



ਅਮਰਿੰਦਰ ਸਿੰਘ ਤੇ ਬਾਦਲਾਂ ਉਤੇ ਅਸਿੱਧਾ ਨਿਸ਼ਾਨਾ ਲਾਉਂਦਿਆਂ ਸਿੱਧੂ ਨੇ ਵੋਟਰਾਂ ਨੂੰ ਸੱਦਾ ਦਿੱਤਾ ਕਿ ਉਹ 'ਦੋਸਤਾਨਾ ਮੈਚ' ਖੇਡਣ ਵਾਲਿਆਂ ਨੂੰ ਸਬਕ ਸਿਖਾਉਣ।

ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਚ ਬਾਦਲਾਂ ਖਿਲਾਫ ਕਾਰਵਾਈ ਨਾ ਹੋਈ ਤਾਂ ਉਹ ਕੈਬਨਿਟ ਤੋਂ ਅਸਤੀਫਾ ਦੇ ਦੇਣਗੇ। ਸਿੱਧੂ ਨੇ ਆਪਣੀ ਤਕਰੀਰ 'ਚ ਬਾਦਲਾਂ ਨੂੰ ਰੱਜ ਕੇ ਰਗੜੇ ਲਾਏ। ਨਵਜੋਤ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ ਤੇ ਬਾਦਲਾਂ ਵਿਚਾਲੇ ਚੱਲ ਰਹੇ ਕਥਿਤ 'ਦੋਸਤਾਨਾ ਮੈਚ' ਦੀ ਗੱਲ ਖੁੱਲ੍ਹ ਕੇ ਕੀਤੀ। ਉਨ੍ਹਾਂ ਵੋਟਰਾਂ ਨੂੰ ਸੱਦਾ ਦਿੱਤਾ ਕਿ ਉਹ ਅਜਿਹੇ 'ਦੋਸਤਾਨਾ ਮੈਚ' ਖੇਡਣ ਵਾਲਿਆਂ ਨੂੰ ਸਬਕ ਸਿਖਾਉਣ। ਸਿੱਧੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਦਾ ਅਸਿੱਧਾ ਹਵਾਲਾ ਦਿੰਦਿਆਂ ਕਿਹਾ ਕਿ ਕੋਈ ਸਾਰੀਆਂ ਸੀਟਾਂ ਹਾਰ ਜਾਣ ਦੀ ਸੂਰਤ ਵਿਚ ਅਸਤੀਫੇ ਦੇਣ ਦੀ ਗੱਲ ਕਰ ਰਿਹਾ ਹੈ, ਪਰ ਜੇਕਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਬਦਲਾ ਨਾ ਲਿਆ ਤੇ ਬਾਦਲਾਂ ਖਿਲਾਫ ਕਾਰਵਾਈ ਨਾ ਕੀਤੀ ਤਾਂ ਉਹ (ਸਿੱਧੂ) ਪੰਜਾਬ ਕੈਬਨਿਟ 'ਚੋਂ ਅਸਤੀਫਾ ਦੇ ਦੇਣਗੇ। ਸ੍ਰੀ ਸਿੱਧੂ ਨੇ ਲੋਕਾਂ ਨੂੰ ਸਵਾਲ ਕੀਤਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਜਾਂ ਸਿੱਟ ਦੇ ਗਠਨ ਦੇ ਬਾਵਜੂਦ ਬਾਦਲਾਂ ਖਿਲਾਫ ਕੇਸ ਦਰਜ ਕਿਉਂ ਨਹੀਂ ਹੋਇਆ।

ਉਨ੍ਹਾਂ ਕਿਹਾ ਕਿ ਮਿਲ ਕੇ ਸਿਆਸਤ ਕਰਨ ਵਾਲਿਆਂ ਨੂੰ ਵੋਟਰ ਸਬਕ ਸਿਖਾ ਸਕਦੇ ਹਨ। ਬਾਦਲਾਂ ਦੀ ਸਿਆਸੀ ਰਾਜਧਾਨੀ ਲੰਬੀ 'ਚ ਸਿੱਧੂ ਨੇ 55 ਮਿੰਟ ਦੇ ਭਾਸ਼ਨ 'ਚ ਵੋਟਰਾਂ ਨੂੰ ਗੁਰੂਆਂ ਪੀਰਾਂ ਦੀ ਵਿਚਾਰਧਾਰਾ ਦਾ ਵਾਸਤਾ ਦਿੰਦਿਆਂ ਬੇਅਦਬੀਆਂ ਕਰਨ ਵਾਲਿਆਂ ਨੂੰ ਵੋਟਾਂ ਨਾਲ ਠੋਕਣ ਦਾ ਸੱਦਾ ਦਿੱਤਾ। ਸਿੱਧੂ ਨੇ ਕਿਹਾ ਕਿ ਉਨ੍ਹਾਂ ਲਈ ਆਮ ਜਨਤਾ ਹੀ ਸਿੱਟ ਜਾਂ ਅਦਾਲਤ ਹੈ। ਬਾਦਲਾਂ ਉਪਰ ਨਿਸ਼ਾਨੇ ਸਾਧਦਿਆਂ ਕੈਬਨਿਟ ਮੰਤਰੀ ਨੇ ਇਨ੍ਹਾਂ 'ਤੇ ਪੰਜਾਬ 'ਚ ਆਰਥਿਕ ਅਤਿਵਾਦ ਲਿਆਉਣ, ਸਿਆਸਤ ਦੇ ਨਾਂ ਉਤੇ ਵਪਾਰ ਕਰਨ ਅਤੇ ਪੰਜਾਬ ਪੁਲਿਸ ਦਾ ਸਿਆਸੀਕਰਨ ਕਰਨ ਜਿਹੇ ਸੰਗੀਨ ਦੋਸ਼ ਲਗਾਏ। ਅਕਾਲੀ ਦਲ (ਬ) ਦੇ ਮੁਖੀ ਨੂੰ 'ਸੁੱਖਾ ਗੱਪੀ' ਆਖ ਕੇ ਸੰਬੋਧਨ ਕਰਦਿਆਂ ਕਿਹਾ ਕਿ ਮੰਗਲ ਗ੍ਰਹਿ 'ਤੇ ਮੀਟਿੰਗਾਂ ਕਰਨ ਵਾਲੇ ਇਹ ਲੋਕ ਨਾਂ ਦੇ ਅਕਾਲੀ ਹਨ, ਜਦਕਿ ਇਨ੍ਹਾਂ ਦੇ ਕੰਮ 'ਅਬਦਾਲੀ' ਵਾਲੇ ਹਨ। ਸਿੱਧੂ ਨੇ ਮਾਤਾ ਚੰਦ ਕੌਰ ਹੱਤਿਆਕਾਂਡ, ਨਿਰੰਕਾਰੀ ਕਾਂਡ ਚੇਤੇ ਕਰਵਾ ਜਨਤਾ ਨੂੰ ਕਾਂਗਰਸ ਦੇ ਹੱਥ ਨਾਲ ਜੁੜਨ ਦਾ ਸੱਦਾ ਦਿੱਤਾ। ਉਨ੍ਹਾਂ ਮੌਜੂਦਾ ਚੋਣਾਂ ਨੂੰ ਹਰਾਮ ਤੇ ਈਮਾਨ ਦੀ ਲੜਾਈ ਦੱਸਿਆ। ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ 'ਤੇ ਸੰਵਿਧਾਨਕ ਸੰਸਥਾਵਾਂ ਨੂੰ ਢਾਹ ਲਾਉਣ ਦਾ ਦੋਸ਼ ਲਾਇਆ।

## ਸ਼ਿਕਾਰ ਮਾਮਲੇ 'ਚ ਸੈਫ ਸਣੇ ਚਾਰ ਨੂੰ ਨੋਟਿਸ

**ਜੋਧਪੁਰ:** ਰਾਜਸਥਾਨ ਹਾਈ ਕੋਰਟ ਦੇ ਜੋਧਪੁਰ ਬੈਂਚ ਨੇ ਰਾਜਸਥਾਨ ਸਰਕਾਰ ਦੀ ਅਪੀਲ 'ਤੇ ਅਦਾਕਾਰ ਸੈਫ ਅਲੀ ਖਾਨ, ਸੋਨਾਲੀ ਬੇਂਦਰੇ, ਤੱਬੂ ਤੇ ਨੀਲਮ ਕੋਠਾਰੀ ਨੂੰ ਦੋ ਕਾਲੇ ਹਿਰਨਾਂ ਦੇ ਸ਼ਿਕਾਰ ਮਾਮਲੇ ਵਿਚ ਸੱਜਰਾ ਨੋਟਿਸ ਜਾਰੀ ਕੀਤਾ ਹੈ। ਸੂਬਾਈ ਸਰਕਾਰ ਨੇ ਪਟੀਸ਼ਨ ਵਿਚ ਅਦਾਕਾਰਾਂ ਨੂੰ ਰਿਹਾਅ ਕਰਨ ਦੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ।


ਇਸ ਦੇ ਨਾਲ ਹੀ ਦੁਸ਼ਯੰਤ ਸਿੰਘ ਨਾਂ ਦੇ ਮੁਕਾਮੀ ਸ਼ਖਸ ਨੂੰ ਵੀ ਨੋਟਿਸ ਜਾਰੀ ਕੀਤਾ ਗਿਆ ਹੈ। ਅਕਤੂਬਰ 1998 ਵਿਚ ਜੋਧਪੁਰ ਨੇੜੇ ਕਾਂਕਨੀ ਪਿੰਡ ਵਿਚ ਸ਼ਿਕਾਰ ਮੌਕੇ ਦੁਸ਼ਯੰਤ ਵੀ ਅਦਾਕਾਰਾਂ ਨਾਲ ਮੌਕੇ 'ਤੇ ਮੌਜੂਦ ਸੀ। ਹੇਠਲੀ ਅਦਾਲਤ ਨੇ ਪਿਛਲੇ ਸਾਲ ਅਪਰੈਲ ਵਿਚ ਬੌਲੀਵੁੱਡ ਅਦਾਕਾਰ ਸਲਮਾਨ ਖਾਨ ਨੂੰ 5 ਸਾਲ ਦੀ ਸਜ਼ਾ ਸੁਣਾਉਂਦਿਆਂ ਬਾਕੀ ਸਹਿ-ਮੁਲਜ਼ਮਾਂ ਨੂੰ ਰਿਹਾਅ ਕਰ ਦਿੱਤਾ ਸੀ। ਸਲਮਾਨ ਖਾਨ ਹੁਣ ਜ਼ਮਾਨਤ 'ਤੇ ਹੈ।

# ਹਾਰ ਦੇ ਡਰੋਂ ਆਪਣੀਆਂ ਸੀਟਾਂ ਤੱਕ ਹੀ ਸੀਮਤ ਰਹੇ ਪਾਰਟੀ ਪ੍ਰਧਾਨ

**ਚੰਡੀਗੜ੍ਹ:** ਸੂਬੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣੀ ਡਾਵਾਂਡੋਲ ਸਥਿਤੀ ਨੂੰ ਪੈਰਾਂ ਸਿਰ ਕਰਨ ਲਈ ਆਪਣੇ ਪਾਰਟੀ ਪ੍ਰਧਾਨਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ। ਇਨ੍ਹਾਂ ਪ੍ਰਧਾਨਾਂ ਦੀਆਂ ਚੋਣ ਗਤੀਵਿਧੀਆਂ ਸਿਰਫ ਆਪਣੀਆਂ ਸੀਟਾਂ ਤੱਕ ਮਹਿਦੂਦ ਹੋ ਕੇ ਰਹਿ ਗਈਆਂ ਜਿਸ ਕਰਕੇ ਵੀ ਹਨ। ਪਰ ਖੁਦ ਅਤੇ ਪਤਨੀ ਹਰਸਿਮਰਤ ਬਾਦਲ ਦੇ ਬਠਿੰਡਾ ਤੋਂ ਚੋਣ ਲੜਨ ਕਰਕੇ ਸੁਖਬੀਰ ਨੂੰ ਇਨ੍ਹਾਂ ਦੋਵਾਂ ਸੀਟਾਂ ਤੱਕ ਸੀਮਤ ਹੋਣਾ ਪਿਆ। ਕਈ ਹਲਕਿਆਂ 'ਚ ਤਾਂ ਪਾਰਟੀ ਪ੍ਰਧਾਨ ਨੇ ਇਕ ਵੀ ਚੋਣ ਰੈਲੀ ਨਹੀਂ ਕੀਤੀ। ਵੱਡੇ ਬਾਦਲ ਦੀਆਂ ਕਾਫੀ ਸਮੇਂ ਤੋਂ ਘਟੀਆਂ ਸਰਗਰਮੀਆਂ ਕਾਰਨ







ਪਾਰਟੀਆਂ ਦਾ ਨਾ ਸਿਰਫ ਸੰਗਠਨਾਤਮਕ ਢਾਂਚਾ ਪ੍ਰਭਾਵਿਤ ਹੋਇਆ ਹੈ ਸਗੋਂ ਹੋਰਨਾਂ ਉਮੀਦਵਾਰਾਂ ਨੂੰ ਪਾਰਟੀ ਪ੍ਰਧਾਨਾਂ ਦੀ ਗੈਰਹਾਜ਼ਰੀ ਕਾਰਨ ਚੋਣ ਮੁਹਿੰਮ ਵਿਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ।

ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਹੋ ਰਹੇ ਭਾਰੀ ਵਿਰੋਧ ਕਰਕੇ ਪਾਰਟੀ ਦੀ ਸਾਖ ਬਚਾਉਣ ਲਈ ਪ੍ਰਧਾਨ ਸੁਖਬੀਰ ਬਾਦਲ ਫਿਰੋਜ਼ਪੁਰ ਤੋਂ ਚੋਣ ਲੜੀ। ਸੁਖਬੀਰ ਨਾ ਸਿਰਫ ਪਾਰਟੀ ਦੇ ਸਟਾਰ ਪ੍ਰਚਾਰਕ ਹਨ ਸਗੋਂ ਸਭ ਤੋਂ ਪ੍ਰਭਾਵਸ਼ਾਲੀ ਆਗੂ ਬਾਕੀ ਉਮੀਦਵਾਰ ਸੁਖਬੀਰ ਦੀ ਘਾਟ ਨੂੰ ਹੋਰ ਵੀ ਜ਼ਿਆਦਾ ਮਹਿਸੂਸ ਕਰ ਰਹੇ ਹਨ।

ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਸਥਿਤੀ ਵੀ ਅਜਿਹੀ ਹੀ ਰਹੀ। ਗੁਰਦਾਸਪੁਰ ਤੋਂ ਚੋਣ ਲੜ ਰਹੇ ਜਾਖੜ ਦੇ ਬਰਾਬਰ ਭਾਜਪਾ ਵੱਲੋਂ ਸੰਨੀ ਦਿਓਲ ਵਰਗਾ ਮਜ਼ਬੂਤ ਉਮੀਦਵਾਰ ਉਤਾਰਨ ਕਰ ਕੇ ਉਨ੍ਹਾਂ ਨੂੰ ਉਥੇ ਹੀ ਪੂਰਾ ਜ਼ੋਰ ਲਗਾਉਣਾ ਪਿਆ। ਬਾਕੀ ਹੋਰ ਸੀਟਾਂ 'ਤੇ ਪ੍ਰਚਾਰ ਕਰਨ ਲਈ ਜਾਖੜ ਸਮਾਂ ਨਹੀਂ ਕੱਢ ਸਕੇ ਅਤੇ ਆਪਣੇ ਜੱਦੀ ਹਲਕੇ ਫਿਰੋਜ਼ਪੁਰ ਲਈ ਸਮਾਂ ਕੱਢਣਾ ਵੀ ਔਖਾ ਹੋ ਗਿਆ।

ਆਮ ਆਦਮੀ ਪਾਰਟੀ ਪ੍ਰਧਾਨ ਭਗਵੰਤ ਮਾਨ ਵੀ ਸੰਗਰੂਰ ਤੋਂ ਮੁੜ ਚੋਣ ਮੈਦਾਨ ਵਿਚ ਉਤਰੇ। ਵਿਰੋਧੀ ਕਾਂਗਰਸੀ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਫਸਵੀਂ ਟੱਕਰ ਦੇ ਬਾਵਜੂਦ ਉਹ ਮਾਲਵੇ ਦੀਆਂ ਇਕ ਦੋ ਸੀਟਾਂ 'ਤੇ ਹੀ ਜਾ ਸਕੇ ਹਨ। ਮਾਝੇ ਅਤੇ ਦੋਆਬੇ ਤੋਂ ਭਗਵੰਤ ਨੇ ਪੂਰੀ ਤਰ੍ਹਾਂ ਕਿਨਾਰਾ ਹੀ ਕੀਤਾ। 'ਆਪ' ਦੇ ਬਾਗੀ ਤੇ ਪੰਜਾਬ ਏਕਤਾ ਪਾਰਟੀ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਵੀ ਬਾਦਲਾਂ ਦੇ ਗੜ੍ਹ ਬਠਿੰਡਾ ਤੋਂ ਚੋਣ ਲੜਨ ਕਰਕੇ ਹੋਰ ਸੀਟਾਂ ਲਈ ਘੱਟ ਸਮਾਂ ਕੱਢ ਸਕੇ। ਲੋਕ ਇਨਸਾਫ ਪਾਰਟੀ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਵੀ ਲੁਧਿਆਣਾ ਤੋਂ ਚੋਣ ਲੜਨ ਕਰਕੇ ਆਪਣੀ ਸੀਟ ਤੱਕ ਸੀਮਤ ਰਹਿ। ਸ਼੍ਰੋਮਣੀ ਅਕਾਲੀ ਦਲ (ਅ) ਨੇ ਭਾਵੇਂ ਦੋ ਸੀਟਾਂ ਬਠਿੰਡਾ ਅਤੇ ਸੰਗਰੂਰ 'ਤੇ ਚੋਣ ਲੜੀ, ਪਰ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸਿਰਫ ਸੰਗਰੂਰ ਤੱਕ ਹੀ ਸੀਮਤ ਰਹੇ।

# ਅਰਵਿੰਦ ਕੇਜਰੀਵਾਲ ਨੂੰ ਆਪਣੇ ਦੀ ਸੁਰੱਖਿਆ ਗਾਰਡਾਂ ਤੋਂ ਖਤਰਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਵਾਂਗ ਇਕ ਉਨ੍ਹਾਂ ਦਾ ਵੀ ਕਤਲ ਕਰਵਾਇਆ ਜਾ ਸਕਦਾ ਹੈ। ਕੇਜਰੀਵਾਲ ਨੇ ਕਿਹਾ ਕਿ ਭਾਜਪਾ ਉਨ੍ਹਾਂ ਦੀ ਜਾਨ ਦੇ ਪਿੱਛੇ ਪਈ ਹੋਈ ਹੈ। ਇਕ ਨਿੱਜੀ ਚੈਨਲ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਇਕ ਦਿਨ ਭਾਜਪਾ ਮੇਰਾ ਕਤਲ ਮੇਰੇ ਹੀ ਨਿੱਜੀ ਅੰਗ ਰੱਖਿਅਕਾਂ ਤੋਂ ਇੰਦਰਾ ਗਾਂਧੀ ਵਾਂਗ ਕਰਵਾ ਸਕਦੀ ਹੈ। ਮੇਰੇ ਆਪਣੇ ਸੁਰੱਖਿਆ ਅਧਿਕਾਰੀ ਭਾਜਪਾ ਨੂੰ ਰਿਪੋਰਟ ਕਰਦੇ ਹਨ।

ਕੇਜਰੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਹੁੰਦਿਆਂ ਉਨ੍ਹਾਂ ਉੱਪਰ 5 ਵਾਰ ਹਮਲੇ ਹੋ ਚੁੱਕੇ ਹਨ ਤੇ 70 ਸਾਲਾਂ ਵਿਚ ਦੇਸ਼ ਅੰਦਰ ਅਜਿਹਾ ਨਹੀਂ ਹੋਇਆ ਕਿ ਕਿਸੇ ਮੁੱਖ ਮੰਤਰੀ ਉੱਪਰ ਇਸ ਤਰ੍ਹਾਂ ਹਮਲੇ ਹੋਏ ਹੋਣ। ਉਨ੍ਹਾਂ ਪੁੱਛਿਆ ਕਿ ਇਹ ਹਮਲੇ ਕਿਉਂ ਹੋ ਰਹੇ ਤੇ ਉਨ੍ਹਾਂ ਕੀ ਗਲਤ ਕੀਤਾ ਹੈ? ਕੇਜਰੀਵਾਲ ਨੇ ਪੁੱਛਿਆ ਕਿ ਜੇ ਅਜਿਹੀ ਗੱਲ ਹੈ ਤਾਂ ਕੀ ਜੇ ਕੋਈ ਕਾਂਗਰਸੀ ਵਰਕਰ ਕੈਪਟਨ ਅਮਰਿੰਦਰ ਸਿੰਘ ਤੋਂ ਖਫਾ ਹੈ ਤਾਂ ਉਹ ਉਨ੍ਹਾਂ ਨੂੰ ਮਾਰ ਸਕਦਾ ਹੈ? ਜੇਕਰ ਭਾਜਪਾ ਦਾ ਵਰਕਰ ਸ੍ਰੀ ਮੋਦੀ ਤੋਂ ਨਾਰਾਜ਼ ਹੈ ਤਾਂ ਉਹ ਉਨ੍ਹਾਂ ਨੂੰ ਮਾਰ ਸਕਦਾ ਹੈ? ਉਨ੍ਹਾਂ ਅੱਗੇ ਕਿਹਾ ਕਿ ਇਕ ਦਿਨ ਕਤਲ ਕਰ ਦੇਣਗੇ ਤੇ ਆਖਣਗੇ ਕਿ ਕੇਜਰੀਵਾਲ ਦਾ ਕੋਈ ਵਰਕਰ ਨਾਰਾਜ਼ ਸੀ ਜਿਸ ਨੇ ਕਤਲ ਕਰ ਦਿੱਤਾ। ਅੱਜ ਇਕੱਲਾ ਮੁੱਖ ਮੰਤਰੀ ਹਾਂ ਕਿ ਮੇਰੀ ਸੁਰੱਖਿਆ ਮੇਰੇ ਕਬਜ਼ੇ ਵਿਚ ਨਹੀਂ ਹੈ। ਜਿੰਨੇ ਵੀ ਮੇਰੇ ਅੱਗੇ-ਪਿੱਛੇ ਘੁੰਮ ਰਹੇ ਹਨ ਸਾਰੇ ਭਾਜਪਾ ਦੀਆਂ ਸਰਕਾਰਾਂ ਨੂੰ ਰਿਪੋਰਟ ਕਰਦੇ ਹਨ। ਮੇਰਾ ਪੀ.ਐਸ.ਓ. ਭਾਜਪਾ ਨੂੰ ਰਿਪੋਰਟ



ਦਿੰਦਾ ਹੈ।

ਇੰਦਰਾ ਗਾਂਧੀ ਦੀ ਤਰ੍ਹਾਂ ਭਾਜਪਾ ਵਾਲੇ ਮੇਰੇ ਪੀ.ਐਸ.ਓ. ਤੋਂ ਮੈਨੂੰ ਖਤਮ ਕਰਵਾ ਦੇਣਗੇ। ਮੇਰੀ ਜ਼ਿੰਦਗੀ ਦੋ ਮਿੰਟ ਵਿਚ ਖਤਮ ਹੋ ਸਕਦੀ ਹੈ।

ਉੱਧਰ ਦਿੱਲੀ ਪੁਲਿਸ ਨੇ ਜਾਰੀ ਬਿਆਨ 'ਚ ਕਿਹਾ ਕਿ ਦਿੱਲੀ ਪੁਲਿਸ ਦੀ ਸੁਰੱਖਿਆ ਇਕਾਈ ਬੇਹੱਦ ਸਿਖਲਾਈ ਯਾਫਤਾ ਜਵਾਨਾਂ ਦੀ ਟੀਮ ਹੈ ਅਤੇ ਉਹ ਪੂਰੀ ਵਫਾਦਾਰੀ ਤੇ ਸਮਰਪਣ ਭਾਵਨਾ ਨਾਲ ਆਪਣਾ ਕੰਮ ਕਰ ਰਹੇ ਹਨ। ਦਿੱਲੀ ਪੁਲੀਸ ਮੁਤਾਬਕ ਉਨ੍ਹਾਂ ਦੀ ਇਹ ਯੂਨਿਟ ਕਈ ਦਲਾਂ ਦੇ ਮੁੱਖ ਆਗੂਆਂ ਨੂੰ ਸੁਰੱਖਿਆ ਮੁਹੱਈਆ ਕਰਵਾ ਰਹੀ ਹੈ।

# ਮੁਕਤਸਰ ਜੇਲ੍ਹ 'ਚ ਬੰਦ ਗੈਂਗਸਟਰਾਂ ਵੱਲੋਂ ਜੇਲ੍ਹ ਸਟਾਫ 'ਤੇ ਹਮਲਾ

**ਸ੍ਰੀ ਮੁਕਤਸਰ ਸਾਹਿਬ:** ਮੁਕਤਸਰ ਜੇਲ੍ਹ ਵਿਚ ਦੋ ਗੈਂਗਸਟਰਾਂ ਵੱਲੋਂ ਇਕ ਕੈਦੀ ਉਪਰ ਹਮਲਾ ਕਰਨ ਤੇ ਮੁਲਾਜ਼ਮਾਂ ਨਾਲ ਧੱਕਾ ਮੁੱਕੀ ਕਰਨ 'ਤੇ ਜੇਲ੍ਹ ਸੁਪਰਡੈਂਟ ਦੀ ਸ਼ਿਕਾਇਤ ਉਤੇ ਥਾਣਾ ਸਦਰ ਵਿਚ ਕੇਸ ਦਰਜ ਕੀਤਾ ਗਿਆ ਹੈ। ਭਾਵੇਂ ਗੈਂਗਸਟਰਾਂ ਨੇ ਹਮਲਾਵਰ ਰੁੱਖ ਅਪਨਾਉਂਦਿਆਂ ਹਮਲਾ ਕੀਤਾ ਸੀ ਪਰ ਜੇਲ੍ਹ ਸਟਾਫ ਦੀ ਚੌਕਸੀ ਕਾਰਣ ਉਹ ਕਿਸੇ ਦਾ ਨੁਕਸਾਨ ਨਾ ਕਰ ਸਕੇ।

ਸਦਰ ਪੁਲਿਸ ਨੂੰ ਭੇਜੀ ਸ਼ਕਾਇਤ ਵਿਚ ਜ਼ਿਲ੍ਹਾ ਜੇਲ੍ਹ ਮੁਕਤਸਰ ਦੇ ਸੁਪਰਡੈਂਟ ਸ਼ਿਵਰਾਜ ਸਿੰਘ ਨੰਦਗੜ੍ਹ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਵਿਚ ਬੰਦ ਕੈਦੀਆਂ ਤੇ ਹਵਾਲਾਤੀਆਂ ਨੂੰ ਪਰਿਵਾਰਾਂ ਨਾਲ ਗੱਲਬਾਤ ਕਰਨ ਲਈ ਫੋਨ ਦੀ ਸਹੂਲਤ ਦਿੱਤੀ ਗਈ ਹੈ ਪਰ ਇਸ ਵਾਸਤੇ ਕੀਤੇ ਜਾਂਦੇ ਫੋਨਾਂ ਦਾ ਲਿਖਤੀ ਰਿਕਾਰਡ ਰੱਖਣ ਦੀ ਵੀ ਹਦਾਇਤ ਕੀਤੀ ਗਈ ਹੈ। ਮੁਕਤਸਰ ਜੇਲ੍ਹ ਵਿਚ ਇਹ ਰਿਕਾਰਡ ਦਰਜ ਕਰਨ ਲਈ ਕੈਦੀ ਗੁਰਚਰਨ ਸਿੰਘ ਦੀ ਡਿਊਟੀ ਲਾਈ ਗਈ ਹੈ। ਜੇਲ੍ਹ ਵਿਚ ਬੰਦ ਜ਼ਿਲ੍ਹਾ ਮਾਨਸਾ ਦੇ ਪਿੰਡ ਰੱਲੀ ਦੇ ਗੈਂਗਸਟਰ ਮੋਹਨ ਸਿੰਘ ਉਰਫ ਮੋਹਨਾਂ ਅਤੇ ਅੰਮ੍ਰਿਤਸਰ ਦੇ ਕਾਰਤਿਕ ਉਰਫ ਘੋੜਾ ਜਦੋਂ ਫੋਨ ਕਰਨ ਵਾਸਤੇ ਆਏ ਤਾਂ ਕੈਦੀ ਗੁਰਚਰਨ ਸਿੰਘ ਨੇ ਉਨ੍ਹਾਂ ਨੂੰ ਨੰਬਰ ਦਰਜ ਕਰਾਉਣ ਲਈ ਕਿਹਾ ਕਿ ਤਾਂ ਉਹ ਨੰਬਰ ਦਰਜ ਕਰਾਉਣ ਦੀ ਥਾਂ ਉਸ ਦੇ ਗਲ ਪੈ ਗਏ ਅਤੇ ਇੱਟ ਨਾਲ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਪਰ ਮੌਕੇ 'ਤੇ ਮੌਜੂਦ ਜੇਲ੍ਹ ਕਰਮਚਾਰੀਆਂ ਨੇ ਇਨ੍ਹਾਂ ਨੂੰ ਕਾਬੂ ਕਰ ਲਿਆ। ਥਾਣਾ ਮੁਕਤਸਰ ਪੁਲਿਸ ਵੱਲੋਂ ਇਸ ਸ਼ਕਾਇਤ ਦੇ ਆਧਾਰ 'ਤੇ ਮੋਹਨਾ ਅਤੇ ਘੋੜਾ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

# ਡੇਰਾ ਸਿਰਸਾ ਵੱਲੋਂ ਸਿਆਸੀ ਧਿਰਾਂ ਨੂੰ ਇਕੋ ਲਿਹਾਜ਼ ਨਾਲ ਗੱਫਾ

**ਬਠਿੰਡਾ:** ਡੇਰਾ ਸਿਰਸਾ ਨੇ ਐਤਕੀਂ ਸਿਆਸੀ ਟਕਰਾਅ ਤੋਂ ਪਾਸਾ ਵੱਟਿਆ ਹੈ ਅਤੇ ਪ੍ਰਮੁੱਖ ਸਿਆਸੀ ਧਿਰਾਂ ਨੂੰ ਇਕੋ ਲਿਹਾਜ਼ ਨਾਲ ਗੱਫਾ ਦਿੱਤਾ ਹੈ। ਡੇਰਾ ਸਿਰਸਾ ਦੇ ਸਿਆਸੀ ਵਿੰਗ ਨੇ ਜੋ ਗੁਪਤ ਸੁਨੇਹੇ ਲਾਏ ਹਨ, ਉਨ੍ਹਾਂ ਅਨੁਸਾਰ ਡੇਰਾ ਸਿਰਸਾ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੀ ਸਿਆਸੀ ਮਦਦ ਕੀਤੀ ਹੈ। ਕਿਸੇ ਸੰਸਦੀ ਹਲਕੇ ਵਿਚ ਪੈਰੋਕਾਰਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ ਅਤੇ ਕਿਸੇ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਵੱਲ ਝੁਕਾਅ ਦਿਖਿਆ।

ਡੇਰਾ ਸਿਰਸਾ ਨੇ ਸਿਆਸੀ ਧਿਰ ਬਣਨ ਤੋਂ ਗੁਰੇਜ਼ ਕੀਤਾ ਹੈ। ਕੇਂਦਰ ਵਿਚ ਨਵੀਂ ਸਰਕਾਰ ਕਿਸ ਦੀ ਬਣੇਗੀ, ਉਸ ਦਾ ਭੇਤ ਨਾ ਹੋਣ ਕਰਕੇ ਡੇਰਾ ਸਿਰਸਾ ਨੇ ਪੰਜਾਬ ਵਿਚ ਦੋਹਾਂ ਪ੍ਰਮੁੱਖ ਧਿਰਾਂ ਦੀ ਬਾਂਹ ਫੜੀ ਹੈ। ਅਹਿਮ ਸੂਤਰਾਂ ਅਨੁਸਾਰ ਬਠਿੰਡਾ ਸੰਸਦੀ ਹਲਕੇ ਵਿਚ ਡੇਰਾ ਸਿਰਸਾ ਦੇ ਪੈਰੋਕਾਰਾਂ ਨੇ ਅਕਾਲੀ ਦਲ ਅਤੇ ਕਾਂਗਰਸ ਨੂੰ ਵੰਡ ਕੇ ਵੋਟਾਂ ਪਾਈਆਂ ਹਨ।

ਸੂਤਰ ਦੱਸਦੇ ਹਨ ਕਿ ਮਾਨਸਾ ਜ਼ਿਲ੍ਹੇ ਵਿਚ ਡੇਰਾ ਪੈਰੋਕਾਰਾਂ ਨੇ ਆਪਣਾ ਝੁਕਾਅ ਅਕਾਲੀ ਦਲ ਵੱਲ ਦਿਖਾਇਆ, ਜਦੋਂ ਕਿ ਬਠਿੰਡਾ ਜ਼ਿਲ੍ਹੇ ਦੇ ਚਾਰ ਵਿਧਾਨ ਸਭਾ ਹਲਕਿਆਂ ਵਿਚ ਕਾਂਗਰਸ ਦਾ ਬਟਨ ਦੱਬਣ ਦੀ ਕਨਸੋਅ ਹੈ। ਪੈਰੋਕਾਰਾਂ ਨੇ ਇਸ ਦੀ ਪੁਸ਼ਟੀ ਵੀ ਕੀਤੀ ਹੈ। ਸਿਆਸੀ ਵਿੰਗ ਦੇ ਆਗੂ ਇਸ ਮਾਮਲੇ 'ਤੇ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ ਹਨ। ਸੂਤਰਾਂ ਅਨੁਸਾਰ ਬਠਿੰਡਾ ਸੰਸਦੀ ਹਲਕੇ ਦੇ 9 ਵਿਧਾਨ ਸਭਾ ਹਲਕਿਆਂ ਵਿਚੋਂ ਡੇਰਾ ਪੈਰੋਕਾਰਾਂ ਨੇ ਚਾਰ ਹਲਕਿਆਂ 'ਤੇ ਕਾਂਗਰਸ ਅਤੇ ਪੰਜ ਹਲਕਿਆਂ ਵਿਚ ਅਕਾਲੀ ਦਲ ਵੱਲ ਰੁਝਾਨ ਦਿਖਾਇਆ ਹੈ।

ਡੇਰਾ ਮੁਖੀ ਨੂੰ ਸਜ਼ਾ ਹੋਣ ਮਗਰੋਂ ਡੇਰਾ ਦੇ ਸਿਆਸੀ ਵਿੰਗ ਨੇ ਫੈਸਲਾ ਜਨਤਕ ਕਰਨ ਤੋਂ ਪਾਸਾ ਵੱਟਿਆ ਹੈ। ਡੇਰਾ ਸਿਰਸਾ ਪਹਿਲਾਂ ਹੀ ਸਿਆਸੀ ਫੈਸਲਿਆਂ ਨੂੰ ਨਸ਼ਰ ਕਰਕੇ ਨੁਕਸਾਨ ਝੱਲ ਚੁੱਕਾ ਹੈ ਤੇ ਇਸੇ ਸੋਚ ਤਹਿਤ ਹੁਣ ਸਿਆਸੀ ਵਿੰਗ ਨੇ ਕਿਸੇ ਵੀ ਸਿਆਸੀ ਧਿਰ ਨੂੰ ਨਾਰਾਜ਼ ਕਰਨ ਦੀ ਭੁੱਲ ਨਹੀਂ ਕੀਤੀ। ਬਠਿੰਡਾ ਸੰਸਦੀ ਹਲਕੇ ਤੋਂ ਇਲਾਵਾ ਮਾਲਵਾ ਖਿੱਤੇ ਦੀਆਂ ਬਾਕੀ ਚਾਰ ਸੰਸਦੀ ਸੀਟਾਂ ਵੱਲ ਦੇਖੀਏ ਤਾਂ ਡੇਰਾ ਸਿਰਸਾ ਨੇ ਦੋ ਸੀਟਾਂ 'ਤੇ ਅਕਾਲੀ ਦਲ ਨੂੰ ਹੁਲਾਰਾ ਦਿੱਤਾ ਹੈ ਜਦੋਂ ਕਿ ਦੋ ਸੰਸਦੀ ਸੀਟਾਂ 'ਤੇ ਕਾਂਗਰਸ ਦਾ ਪੱਖ ਪੂਰਿਆ ਹੈ।

# ਪੰਜਾਬ ਦੇ ਪਿੰਡਾਂ ਵਿਚ ਵੀ 'ਖਾਪ' ਦਾ ਖੌਫ

**ਚੰਡੀਗੜ੍ਹ:** ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਵੱਟੂ ਦੀ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੇਮ ਸਬੰਧ ਨੂੰ ਸੰਗੀਨ ਜੁਰਮ ਕਰਾਰ ਦੇਣ ਦਾ ਮਤਾ ਉਤਰੀ ਭਾਰਤ, ਖਾਸ ਤੌਰ ਉਤੇ ਹਰਿਆਣਾ ਵਿਚ ਕੰਮ ਕਰ ਰਹੀਆਂ ਖਾਪ ਪੰਚਾਇਤਾਂ ਦੀ ਝਲਕ ਪੇਸ਼ ਕਰ ਰਿਹਾ ਹੈ। ਇਹ ਮਤਾ ਪਿੰਡ ਦੇ ਲੋਕਾਂ ਨੂੰ ਕਾਨੂੰਨ ਨੂੰ ਆਪਣੇ ਹੱਥ ਲੈ ਕੇ ਹਰ ਤਰ੍ਹਾਂ ਦਾ ਜੁਰਮ ਕਰਨ ਦੀ ਇਜਾਜ਼ਤ ਦੇ ਰਿਹਾ ਹੈ। ਹਾਲਾਂਕਿ ਪੰਚਾਇਤ ਨੇ ਬਾਅਦ ਵਿਚ ਆਪਣੇ ਆਪ ਨੂੰ ਇਸ ਤੋਂ ਵੱਖ ਕਰ ਲਿਆ ਹੈ ਪਰ ਕਿਹਾ ਜਾ ਰਿਹਾ ਹੈ ਕਿ ਇਹ ਪਿੰਡ ਦਾ ਸਾਂਝਾ ਫੈਸਲਾ ਹੈ।


ਇਹ ਮਤਾ ਕੇਵਲ ਪਾਇਆ ਹੀ ਨਹੀਂ ਗਿਆ, ਸਗੋਂ ਇਸ ਦੀ ਵੀਡੀਓ ਵੀ ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਹੈ ਜਿਸ ਨੂੰ ਗੁਰਦੁਆਰੇ ਦਾ ਗ੍ਰੰਥੀ ਪੜ੍ਹ ਕੇ ਸੁਣਾ ਰਿਹਾ ਹੈ। ਉਹ ਕਹਿ ਰਿਹਾ ਹੈ ਕਿ ਪਿੰਡ ਦਾ ਕੋਈ ਮੁੰਡਾ ਜਾਂ ਕੁੜੀ ਜੇਕਰ ਪ੍ਰੇਮ ਸਬੰਧ ਬਣਾਉਣ ਜਾਂ ਪ੍ਰੇਮ ਵਿਆਹ ਕਰਵਾਉਣ ਦੀ ਕੋਸ਼ਿਸ਼ ਕਰਨਗੇ ਤਾਂ ਪਿੰਡ ਦੇ ਲੋਕ ਉਸ ਪ੍ਰੇਮੀ ਜੋੜੇ ਅਤੇ ਉਨ੍ਹਾਂ ਦਾ ਸਾਥ ਦੇਣ ਵਾਲੇ ਪਰਿਵਾਰਾਂ ਦਾ ਬਾਈਕਾਟ ਕਰਨਗੇ। ਅਜਿਹੇ ਪਰਿਵਾਰਾਂ ਦੀ ਜ਼ਮੀਨ ਜਾਂ ਘਰ ਵੀ ਠੇਕੇ ਉਤੇ ਨਹੀਂ ਲਏ ਜਾਣਗੇ।

ਇਕ ਹੋਰ ਮਤੇ ਵਿਚ ਹੋਰ ਗੈਰਕਾਨੂੰਨੀ ਕੰਮ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ। ਕਿਹਾ ਗਿਆ ਹੈ ਕਿ ਜੇਕਰ ਕੋਈ ਮੁੰਡਾ ਜਾਂ ਕੁੜੀ 'ਗਲਤ ਕਦਮ' ਚੁੱਕਦਾ ਹੈ ਅਤੇ ਮਾਪਿਆਂ ਦੇ ਸਮਝਾਉਣ ਉਤੇ ਵੀ ਨਹੀਂ ਸਮਝਦਾ ਤਾਂ ਮਾਪੇ ਉਸ ਲੜਕੇ ਜਾਂ ਲੜਕੀ ਦਾ ਜੋ ਚਾਹੇ ਨੁਕਸਾਨ ਕਰ ਦੇਣ ਅਤੇ ਸਾਰਾ ਪਿੰਡ ਮਾਪਿਆਂ ਦਾ ਸਾਥ ਦੇਵੇਗਾ। ਇਹ ਦੋਵੇਂ ਮਤੇ ਸੰਵਿਧਾਨ ਅਤੇ ਕਾਨੂੰਨ ਦੇ ਖਿਲਾਫ ਹਨ। ਕਿਹਾ ਜਾ ਰਿਹਾ ਹੈ ਕਿ ਪਿੰਡ ਵਿਚ ਕੁਝ ਅਜਿਹੇ ਮਾਮਲੇ ਸਾਹਮਣੇ ਆਏ ਸਨ ਕਿ ਲੜਕੇ ਲੜਕੀ ਨੇ ਆਪਸੀ ਸਬੰਧ ਬਣਾ ਲਏ ਜਾਂ ਵਿਆਹ ਕਰਵਾਉਣ ਦੀ ਕੋਸ਼ਿਸ਼ ਕੀਤੀ।

ਪਿੰਡ ਵਾਲੇ ਇਸ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਹਰਿਆਣਾ ਦੀਆਂ ਖਾਪ ਪੰਚਾਇਤਾਂ ਨੇ ਅੰਤਰਜਾਤੀ ਵਿਆਹ ਅਤੇ ਇਕੋ ਪਿੰਡ ਵਿਚ ਵਿਆਹਾਂ ਖਿਲਾਫ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਗਾਈਆਂ ਹੋਈਆਂ ਹਨ। ਅਣਖ ਖਾਤਰ ਕਤਲ ਦੇ ਮਾਮਲਿਆਂ ਦੀਆਂ ਖਬਰਾਂ ਵੀ ਆਮ ਆਉਂਦੀਆਂ ਰਹਿੰਦੀਆਂ ਹਨ।

# ਮੋਦੀ ਨੂੰ ਕਲੀਨ ਚਿੱਟ ਮਾਮਲੇ 'ਤੇ ਚੋਣ ਕਮਿਸ਼ਨ 'ਚ ਅੰਦਰੂਨੀ ਜੰਗ ਭਖੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਰੈਲੀਆਂ 'ਚ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ 'ਚ ਦਿੱਤੀ ਕਲੀਨ ਚਿੱਟ ਕਾਰਨ ਚੋਣ ਕਮਿਸ਼ਨ ਦੇ ਅੰਦਰਲੇ ਮਤਭੇਦ ਸਾਹਮਣੇ ਆ ਰਹੇ ਹਨ। ਜਿਥੇ ਕਲੀਨ ਚਿੱਟ ਦੇਣ ਕੀਤਾ ਸੀ ਕਿ ਜਦੋਂ ਤੋਂ ਘੱਟ ਗਿਣਤੀ ਨੂੰ ਰਿਕਾਰਡ ਨਹੀਂ ਕੀਤਾ ਗਿਆ, ਉਸ ਸਮੇਂ ਤੋਂ ਉਨ੍ਹਾਂ ਨੂੰ ਕਮਿਸ਼ਨ ਦੀ ਮੀਟਿੰਗ ਤੋਂ ਦੂਰ ਰਹਿਣ ਲਈ ਦਬਾਅ ਬਣਾਇਆ ਗਿਆ। ਲਵਾਸਾ ਨੇ ਇਹ ਵੀ ਕਿਹਾ ਸੀ ਕਿ ਉਸ ਸਮੇਂ ਤੋਂ ਹੀ ਕਮਿਸ਼ਨ 'ਚ ਹੋਏ



ਦੇ ਬਹੁਮਤ ਦੇ ਫੈਸਲੇ ਨਾਲ ਇਤਫਾਕ ਨਾ ਰੱਖਣ ਵਾਲੇ ਚੋਣ ਕਮਿਸ਼ਨ ਨੇ ਆਪਣੀ ਨਾਰਾਜ਼ਗੀ ਪ੍ਰਗਟਾਉਂਦਿਆਂ ਮੁੱਖ ਚੋਣ ਕਮਿਸ਼ਨਰ ਨੂੰ ਚਿੱਠੀ ਲਿਖੀ ਹੈ, ਉਥੇ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਵੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਹਿਲਾਂ ਵੀ ਅਜਿਹੇ ਮਾਮਲੇ ਹੁੰਦੇ ਰਹੇ ਹਨ ਪਰ ਉਸ ਵੇਲੇ ਅੰਦਰੂਨੀ ਸ਼ਿਕਾਇਤਾਂ ਨੂੰ ਸੰਸਥਾ ਦੇ ਅੰਦਰ ਹੀ ਨਿਪਟਾਇਆ ਜਾਂਦਾ ਰਿਹਾ ਹੈ।

ਘੱਟ ਗਿਣਤੀ ਦੇ ਫੈਸਲੇ ਨੂੰ ਅਣਗੌਲੇ ਜਾਣ ਤੋਂ ਨਾਰਾਜ਼ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਨੇ ਚੋਣ ਕਮਿਸ਼ਨ ਦੀ ਮੀਟਿੰਗ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਲਵਾਸਾ ਨੇ ਘੱਟ ਗਿਣਤੀ ਦੇ ਫੈਸਲੇ ਨੂੰ ਰਿਕਾਰਡ 'ਤੇ ਨਾ ਲਏ ਜਾਣ ਉਤੇ ਨਾਰਾਜ਼ਗੀ ਦਾ ਇਜ਼ਹਾਰ ਪ੍ਰਗਟਾਉਂਦਿਆਂ ਕਿਹਾ ਕਿ ਮੀਟਿੰਗ 'ਚ ਜਾਣ ਦਾ ਕੋਈ ਮਤਲਬ ਨਹੀਂ ਹੈ। ਇਸ ਲਈ ਉਹ ਦੂਜੇ ਕਿਸੇ ਹੱਲ 'ਤੇ ਵਿਚਾਰ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਅਸ਼ੋਕ ਲਵਾਸਾ ਨੇ 4 ਮਈ ਨੂੰ ਲਿਖੀ ਚਿੱਠੀ 'ਚ ਦਾਅਵਾ

ਵਿਚਾਰ-ਵਟਾਂਦਰੇ 'ਚ ਉਨ੍ਹਾਂ ਦੀ ਭਾਗੀਦਾਰੀ ਦਾ ਕੋਈ ਅਰਥ ਨਹੀਂ।

ਲਵਾਸਾ ਨੇ ਚਿੱਠੀ 'ਚ ਇਹ ਵੀ ਕਿਹਾ ਕਿ ਉਨ੍ਹਾਂ ਲਈ ਨੋਟਿਸ 'ਚ ਰਿਕਾਰਡਿੰਗ ਦੀ ਪਾਰਦਰਸ਼ਿਤਾ ਦੀ ਲੋੜ ਲਈ ਕਿਹਾ ਗਿਆ ਸੀ। ਚਿੱਠੀ 'ਚ ਉਨ੍ਹਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਚੋਣ ਕਮਿਸ਼ਨ ਵੰਡਿਆ ਹੋਇਆ ਹੈ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਲਵਾਸਾ ਦੀ ਨਾਰਾਜ਼ਗੀ 'ਤੇ ਬਿਆਨ ਕਰਦਿਆਂ ਕਿਹਾ ਕਿ ਵਿਵਾਦ ਤੋਂ ਬਿਹਤਰ ਹੈ ਖਾਮੋਸ਼ੀ। ਅਰੋੜਾ ਨੇ ਕਿਹਾ ਕਿ ਕਮੇਟੀ ਦੇ ਤਿੰਨੇ ਮੈਂਬਰ ਇਕ-ਦੂਜੇ ਦਾ ਕਲੋਨ ਨਹੀਂ ਹੋ ਸਕਦੇ। ਉਨ੍ਹਾਂ ਕਿਹਾ ਕਿ ਇਸ ਨੂੰ ਟਾਲਿਆ ਜਾ ਸਕਦਾ ਸੀ। ਅਰੋੜਾ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਕਈ ਮਾਮਲਿਆਂ 'ਚ ਆਪਸ 'ਚ ਇਕ-ਦੂਜੇ ਦੇ ਨਜ਼ਰੀਏ ਵੱਖ-ਵੱਖ ਰਹੇ ਹਨ। ਚੋਣ ਜ਼ਾਬਤੇ ਦੇ ਮਾਮਲਿਆਂ ਨੂੰ ਲੈ ਕੇ ਇਸ ਮਾਮਲੇ 'ਚ ਦੂਜੇ ਕਾਨੂੰਨੀ ਤਰੀਕਿਆਂ 'ਚ ਵਿਚਾਰ ਕਰਨ ਦੀ ਵੀ ਗੱਲ ਕੀਤੀ ਸੀ।

## ਮੋਦੀ ਦਾ ਪਿੱਠੂ ਬਣ ਚੁੱਕੈ ਚੋਣ ਕਮਿਸ਼ਨ: ਕਾਂਗਰਸ

ਲਵਾਸਾ ਦੀ ਪ੍ਰਤੱਖ ਹੋਈ ਨਾਰਾਜ਼ਗੀ 'ਤੇ ਕਾਂਗਰਸ ਨੇ ਮੋਦੀ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਉਸ 'ਤੇ ਸੰਸਥਾਵਾਂ ਦੀ ਸੁਤੰਤਰਤਾ ਖਤਮ ਕਰਨ ਦਾ ਇਲਜ਼ਾਮ ਲਾਇਆ। ਕਾਂਗਰਸ ਦੇ ਬੁਲਾਰੇ ਰਣਦੀਪ ਸਿੰਘ ਸੂਰਜੇਵਾਲਾ ਨੇ ਟਵਿੱਟਰ ਰਾਹੀਂ ਕਿਹਾ ਕਿ ਚੋਣ ਕਮਿਸ਼ਨ ਹੈ ਜਾਂ ਚੂਕ ਕਮਿਸ਼ਨ। ਸੂਰਜੇਵਾਲਾ ਨੇ ਅਸ਼ੋਕ ਲਵਾਸਾ ਦੀ ਨਰਾਜ਼ਗੀ ਦੀ ਖਬਰ ਸਾਂਝੀ ਕਰਦਿਆਂ ਇਸ ਨੂੰ ਲੋਕਤੰਤਰ ਲਈ ਇਕ ਕਾਲਾ ਦਿਨ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਮੋਦੀ ਦਾ ਪਿੱਠੂ ਬਣ ਚੁੱਕਾ ਹੈ।

## ਲਵਾਸਾ ਦਾ ਪ੍ਰਤੀਕਰਮ ਬੇਲੋੜਾ: ਅਰੋੜਾ

**ਨਵੀਂ ਦਿੱਲੀ:** ਚੋਣ ਜ਼ਾਬਤੇ ਦੇ ਕੇਸਾਂ ਦੀ ਸੁਣਵਾਈ ਤੋਂ ਆਪਣੇ ਆਪ ਨੂੰ ਲਾਂਭੇ ਕਰਨ ਦੇ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਵੱਲੋਂ ਲਏ ਫੈਸਲੇ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਦੇ ਮੈਂਬਰਾਂ ਦੇ ਵਿਚਾਰਾਂ ਵਿਚ ਵਖਰੇਵਾਂ ਹੋਣਾ ਕੁਦਰਤੀ ਵਰਤਾਰਾ ਹੈ ਅਤੇ ਮੈਂਬਰ ਇਕ ਦੂਜੇ ਦੇ 'ਕਲੋਨ' ਨਹੀਂ ਹੋ ਸਕਦੇ। ਚੋਣ ਕਮਿਸ਼ਨਰ ਸ੍ਰੀ ਲਵਾਸਾ ਵੱਲੋਂ ਆਪਣੇ ਆਪ ਨੂੰ ਚੋਣ ਕਮਿਸ਼ਨ ਕੋਲ ਆਈਆਂ ਆਦਰਸ਼ ਚੋਣ ਜ਼ਾਬਤੇ ਦੀਆਂ ਉਲੰਘਣਾ ਸਬੰਧੀ ਸ਼ਿਕਾਇਤਾਂ ਦੀ ਸੁਣਵਾਈ ਤੋਂ ਲਾਂਭੇ ਕਰ ਲੈਣ ਦੇ ਫੈਸਲੇ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਕਿਹਾ ਕਿ ਇਹ ਫੈਸਲਾ 'ਬੇਲੋੜਾ' ਸੀ ਅਤੇ ਇਸ ਨੂੰ ਟਾਲਿਆ ਜਾ ਸਕਦਾ ਸੀ।

# ਭਾਰਤੀ ਫੌਜ ਨੇ ਭੁਲੇਖੇ ਨਾਲ ਸੁੱਟਿਆ ਸੀ ਆਪਣਾ ਹੀ ਜਹਾਜ

**ਨਵੀਂ ਦਿੱਲੀ:** ਸ੍ਰੀਨਗਰ ਨੇੜੇ ਬਡਗਾਮ ਵਿਚ 27 ਫਰਵਰੀ ਨੂੰ ਹਾਦਸਾਗ੍ਰਸਤ ਹੋਏ ਐਮ.ਆਈ-17 ਹੈਲੀਕਾਪਟਰ ਮਾਮਲੇ ਦੀ ਜਾਂਚ ਭਾਵੇਂ ਮੁਕੰਮਲ ਹੋਣ ਵਾਲੀ ਹੈ, ਪਰ ਇਸੇ ਦੌਰਾਨ ਭਾਰਤੀ ਹਵਾਈ ਸੈਨਾ ਨੇ ਇਸ ਹਾਦਸੇ ਦੌਰਾਨ ਕੁਤਾਹੀ ਵਰਤਣ ਵਾਲੇ ਸ੍ਰੀਨਗਰ ਬੇਸ ਦੇ ਏਅਰ ਆਫਿਸਰ ਕਮਾਂਡਿੰਗ (ਏਓਸੀ) ਨੂੰ ਹਟਾ ਦਿੱਤਾ ਹੈ। ਇਸ ਕਾਰਵਾਈ ਨਾਲ ਹਵਾਈ ਸੈਨਾ ਨੇ ਇਹ ਸੰਕੇਤ ਦਿੱਤਾ ਹੈ ਕਿ ਕੁਤਾਹੀ ਵਰਤਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਹਾਦਸੇ ਵਿਚ ਹੈਲੀਕਾਪਟਰ 'ਤੇ ਸਵਾਰ ਛੇ ਏਅਰ ਫੋਰਸ ਮੁਲਾਜ਼ਮ ਅਤੇ ਇਕ ਨਾਗਰਿਕ ਮਾਰਿਆ ਗਿਆ ਸੀ। ਇਹ ਹੈਲੀਕਾਪਟਰ ਜ਼ਮੀਨ ਤੋਂ ਹਵਾ ਵਿਚ ਮਾਰ ਕਰਨ ਵਾਲੀ ਮਿਜ਼ਾਈਲ ਲੱਗਣ ਕਾਰਨ ਹਾਦਸਾਗ੍ਰਸਤ ਹੋਇਆ ਸੀ। ਹਵਾਈ ਸੈਨਾ ਨੂੰ ਇਹ ਲੱਗਿਆ ਸੀ ਕਿ ਇਹ ਹੈਲੀਕਾਪਟਰ ਦੁਸ਼ਮਣ ਦਾ ਹੈ। ਰੂਸ 'ਚ ਬਣਿਆ ਇਹ ਹੈਲੀਕਾਪਟਰ ਸਵੇਰੇ 10.05 ਮਿੰਟ 'ਤੇ ਉਸੇ ਸਮੇਂ ਹਾਦਸਾਗ੍ਰਸਤ ਹੋਇਆ ਜਦੋਂ ਕਸ਼ਮੀਰ ਦੇ ਨੌਸ਼ਹਿਰਾ ਸੈਕਟਰ 'ਚ ਭਾਰਤੀ ਅਤੇ ਪਾਕਿਸਤਾਨੀ ਲੜਾਕੂ ਜਹਾਜ਼ ਇਕ ਦੂਜੇ ਨਾਲ ਜੂਝ ਰਹੇ ਸੀ ਅਤੇ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਦਾ ਲੜਾਕੂ ਜਹਾਜ਼ 10.30 ਵਜੇ ਦੇ ਕਰੀਬ ਹੇਠਾਂ ਸੁੱਟ ਦਿੱਤਾ ਗਿਆ ਸੀ। ਉਸ ਸਮੇਂ ਇਹ ਹਟਾਇਆ ਗਿਆ ਏਓਸੀ ਏਅਰਫੋਰਸ ਬੇਸ 'ਤੇ ਸਭ ਤੋਂ ਸੀਨੀਅਰ ਅਧਿਕਾਰੀ ਸੀ।

ਹਾਦਸੇ ਬਾਰੇ ਚੱਲ ਰਹੀ ਜਾਂਚ ਵਿਚ ਹੁਣ ਤੱਕ ਸਾਹਮਣੇ ਆਇਆ ਹੈ ਕਿ ਏਅਰਫੋਰਸ ਟਰੈਫਿਕ ਕੰਟਰੋਲ ਨੇ ਇਸ ਹੈਲੀਕਾਪਟਰ ਨੂੰ ਉਸ ਵੇਲੇ ਵਾਪਸ ਸੱਦਿਆ ਸੀ ਜਦੋਂ ਅਜੇ ਭਾਰਤ ਤੇ ਪਾਕਿਸਤਾਨੀ ਹਵਾਈ ਸੈਨਾ ਵਿਚਾਲੇ ਕਸ਼ਮਕਸ਼ ਚੱਲ ਰਹੀ ਸੀ। ਇਸ ਗੱਲ ਨੂੰ ਵੱਡੀ ਕੁਤਾਹੀ ਮੰਨਿਆ ਜਾ ਰਿਹਾ ਹੈ ਕਿਉਂਕਿ ਹੈਲੀਕਾਪਟਰ ਨੂੰ ਸ੍ਰੀਨਗਰ ਵਾਪਸ ਸੱਦਣ ਦੀ ਥਾਂ ਕਿਸੇ ਸੁਰੱਖਿਅਤ ਥਾਂ 'ਤੇ ਉਤਾਰਨਾ ਚਾਹੀਦਾ ਸੀ। ਸ਼ਨਾਖਤ ਨਾ ਹੋਣ ਕਾਰਨ ਜ਼ਮੀਨ 'ਤੇ ਤਾਇਨਾਤ ਮਿਜ਼ਾਈਲ ਸਿਸਟਮ ਅਤੇ ਹਵਾਈ ਰੱਖਿਆ ਬੰਦੂਕਾਂ ਹੈਲੀਕਾਪਟਰ ਉਤੇ ਦਾਗੀਆਂ ਗਈਆਂ।

ਜਹਾਜ਼ 'ਤੇ ਲੱਗੇ ਉਪਕਰਨ ਜਿਨ੍ਹਾਂ ਰਾਹੀਂ ਏਅਰ ਫੋਰਸ ਦੇ ਅਧਿਕਾਰੀਆਂ ਨੂੰ ਹੈਲੀਕਾਪਟਰ ਬਾਰੇ ਕੋਈ ਜਾਣਕਾਰੀ ਮਿਲਦੀ, ਉਸ ਸਮੇਂ ਬੰਦ ਸਨ, ਜੋ ਕਿ ਪ੍ਰਵਾਨਿਤ ਨੇਮਾਂ ਦੇ ਖਿਲਾਫ ਹੈ। ਭਾਰਤੀ ਹਵਾਈ ਸੈਨਾ ਵੱਲੋਂ ਜਹਾਜ਼ 'ਤੇ ਲੱਗੇ ਸੁਰੱਖਿਆ ਉਪਕਰਨਾਂ ਨੂੰ ਚਾਲੂ ਰੱਖਣ ਦੀ ਹਦਾਇਤ ਕੀਤੀ ਗਈ ਸੀ, ਪਰ ਸ੍ਰੀਨਗਰ ਏਅਰ ਬੇਸ ਨੇ ਇਸ ਦੇ ਉਲਟ ਹੁਕਮ ਜਾਰੀ ਕੀਤੇ ਸਨ। ਸੂਤਰਾਂ ਅਨੁਸਾਰ ਕੁਤਾਹੀ ਕਰਨ ਵਾਲਿਆਂ ਖਿਲਾਫ ਹਵਾਈ ਸੈਨਾ ਅਪਰਾਧਿਕ ਦੋਸ਼ਾਂ ਹੇਠ ਕਾਰਵਾਈ ਕਰ ਸਕਦੀ ਹੈ।

# ਕਰਮਬੀਰ ਦੀ ਜਲ ਸੈਨਾ ਮੁਖੀ ਵਜੋਂ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੀ ਅਰਜ਼ੀ ਖਾਰਜ

**ਨਵੀਂ ਦਿੱਲੀ:** ਵਾਈਸ ਐਡਮਿਰਲ ਕਰਮਬੀਰ ਸਿੰਘ ਦੀ ਅਗਲੇ ਜਲ ਸੈਨਾ ਮੁਖੀ ਵਜੋਂ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੀ ਵਾਈਸ ਐਡਮਿਰਲ ਬਿਮਲ ਵਰਮਾ ਦੀ ਪਟੀਸ਼ਨ ਨੂੰ ਰੱਖਿਆ ਮੰਤਰਾਲੇ ਨੇ ਖਾਰਜ ਕਰ ਦਿੱਤਾ। ਬਿਮਲ ਵਰਮਾ ਨੇ ਇਤਰਾਜ਼ ਉਠਾਇਆ ਸੀ ਕੀ ਉਸ ਦੀ ਸੀਨੀਆਰਤਾ ਨੂੰ ਨਜ਼ਰਅੰਦਾਜ ਕੀਤਾ ਗਿਆ ਹੈ।




ਅਧਿਕਾਰੀਆਂ ਅਨੁਸਾਰ ਰੱਖਿਆ ਮੰਤਰਾਲੇ ਨੇ ਆਪਣੇ ਆਦੇਸ਼ 'ਚ ਕਿਹਾ ਕਿ ਸਾਰੇ ਨਿਰਧਾਰਿਤ ਮਾਪਦੰਡਾਂ ਨੂੰ ਧਿਆਨ 'ਚ ਰੱਖਦਿਆਂ ਹੋਇਆਂ ਨਿਯੁਕਤੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਚੋਣ ਲਈ ਕੇਵਲ ਸੀਨੀਆਰਤਾ ਹੀ ਇਕ ਮਾਪਦੰਡ ਨਹੀਂ ਹੋ ਸਕਦਾ। ਦੱਸਣਯੋਗ ਹੈ ਕਿ ਇਸ ਮਾਮਲੇ 'ਚ ਵਰਮਾ ਨੇ ਮਿਲਟਰੀ ਟ੍ਰਿਬਿਊਨਲ ਕੋਲ ਪਹੁੰਚ ਕੀਤੀ ਸੀ ਅਤੇ ਟ੍ਰਿਬਿਊਨਲ ਨੇ ਬੀਤੀ 26 ਅਪਰੈਲ ਨੂੰ ਵਰਮਾ ਦੀ ਅਰਜ਼ੀ 'ਤੇ ਫੈਸਲਾ ਕਰਨ ਲਈ ਰੱਖਿਆ ਮੰਤਰਾਲੇ ਨੂੰ ਤਿੰਨ ਹਫਤਿਆਂ ਦਾ ਸਮਾਂ ਦਿੱਤਾ ਸੀ। ਰੱਖਿਆ ਮੰਤਰਾਲੇ ਨੇ ਆਪਣੇ ਜਵਾਬ 'ਚ ਕਿਹਾ ਕਿ ਅਗਲੇ ਜਲ ਸੈਨਾ ਮੁਖੀ ਦੀ ਚੋਣ ਕਰਨ ਲਈ ਇਕ ਮਜ਼ਬੂਤ ਚੋਣ ਪ੍ਰੀਕਿਰਿਆ ਦੀ ਪਾਲਣਾ ਕੀਤੀ ਗਈ ਹੈ ਅਤੇ ਪਟੀਸ਼ਨਕਰਤਾ ਇਸ ਉੱਚ ਅਹੁਦੇ ਲਈ ਯੋਗ ਨਹੀਂ ਪਾਇਆ ਗਿਆ।

# ਬੋਫੋਰਜ਼ ਵੱਢੀ ਮਾਮਲੇ 'ਚ ਜਾਂਚ ਰਹੇਗੀ ਜਾਰੀ: ਸੀ. ਬੀ. ਆਈ.

**ਨਵੀਂ ਦਿੱਲੀ :** ਸੀ.ਬੀ.ਆਈ. ਨੇ ਕਿਹਾ ਕਿ ਬੋਫੋਰਜ਼ ਖਰੀਦ ਸੌਦੇ ਲਈ ਦਿੱਤੀ ਕਥਿਤ 64 ਕਰੋੜ ਰੁਪਏ ਦੀ ਵੱਢੀ ਮਾਮਲੇ ਦੀ ਜਾਂਚ ਜਾਰੀ ਰਹੇਗੀ। ਕੇਂਦਰੀ ਜਾਂਚ ਏਜੰਸੀ ਦੇ ਬੁਲਾਰੇ ਨਿਤਿਨ ਵਾਕਾਂਕਰ ਨੇ ਕਿਹਾ ਕਿ ਮਿਸ਼ੇਲ ਹਰਸ਼ਮੈਨ ਵੱਲੋਂ ਕੀਤੇ ਸੱਜਰੇ ਖੁਲਾਸਿਆਂ ਦੇ ਮੱਦੇਨਜ਼ਰ ਸੀ. ਬੀ. ਆਈ. ਨੇ ਹੇਠਲੀ ਅਦਾਲਤ ਤੋਂ ਬੋਫੋਰਜ਼ ਮਾਮਲੇ 'ਚ ਹੋਰ ਜਾਂਚ ਕੀਤੇ ਜਾਣ ਦੀ ਪ੍ਰਵਾਨਗੀ ਮੰਗੀ ਹੈ।

ਬੁਲਾਰੇ ਨੇ ਕਿਹਾ ਕਿ ਕਾਨੂੰਨੀ ਸਲਾਹ ਮਗਰੋਂ ਸੀ.ਬੀ.ਆਈ. ਨੇ ਹੇਠਲੀ ਵਿਚ ਅਰਜ਼ੀ ਦਾਇਰ ਕਰਕੇ ਸੂਚਿਤ ਕਰ ਦਿੱਤਾ ਹੈ ਕਿ ਸੀ.ਆਰ.ਪੀ.ਸੀ. ਦੀ ਧਾਰਾ 173(8) ਤਹਿਤ ਇਸ ਮਾਮਲੇ ਵਿਚ ਅੱਗੇ ਦੀ ਜਾਂਚ ਲਈ ਸੀ.ਬੀ.ਆਈ. ਨੂੰ ਅਦਾਲਤ ਦੀ ਲਾਜ਼ਮੀ ਪ੍ਰਵਾਨਗੀ ਦੀ ਕੋਈ ਲੋੜ ਨਹੀਂ ਹੈ। ਵਾਕਾਂਕਰ ਨੇ ਕਿਹਾ ਕਿ ਬੋਫੋਰਜ਼ ਕੇਸ ਵਿਚ ਜਾਂਚ ਜਾਰੀ ਰਹੇਗੀ। ਏਜੰਸੀ ਨੇ ਇਹ ਦਾਅਵਾ ਅਜਿਹੇ ਸਮੇਂ ਕੀਤਾ ਹੈ ਜਦੋਂ ਉਸ ਨੇ ਖੁਦ ਦਿੱਲੀ ਕੋਰਟ 'ਚ ਇਸ ਮਾਮਲੇ 'ਚ ਅਗਲੇਰੀ ਜਾਂਚ ਲਈ ਦਾਇਰ ਅਰਜ਼ੀ ਵਾਪਸ ਲੈਣ ਦਾ ਫੈਸਲਾ ਕੀਤਾ ਸੀ।

ਜਾਂਚ ਏਜੰਸੀ ਨੇ ਮੁੱਖ ਮੈਟਰੋਪਾਲਿਟਨ ਮੈਜਿਸਟਰੇਟ ਨਵੀਨ ਕੁਮਾਰ ਕਸ਼ਯਪ ਨੂੰ ਦੱਸਿਆ ਕਿ ਜਾਂਚ ਏਜੰਸੀ 1 ਫਰਵਰੀ 2018 ਨੂੰ ਦਿੱਤੀ ਆਪਣੀ ਅਰਜ਼ੀ ਵਾਪਸ ਲੈਣਾ ਚਾਹੁੰਦੀ ਹੈ। ਸੀ.ਬੀ.ਆਈ. ਦੇ ਬਦਲੇ ਹੋਏ ਰੁਖ 'ਤੇ ਗੌਰ ਕਰਦਿਆਂ ਜੱਜ ਨੇ ਕਿਹਾ ਕਿ ਇਸ ਦਾ ਕਾਰਨ ਦਾ ਸੀ.ਬੀ.ਆਈ. ਬਿਹਤਰ ਜਾਣਦੀ ਹੈ। ਉਹ ਆਪਣੀ ਅਰਜ਼ੀ ਵਾਪਸ ਲੈਣਾ ਚਾਹੁੰਦੀ ਹੈ ਤੇ ਅਜਿਹਾ ਕਰਨ ਦਾ ਉਹਨੂੰ ਅਧਿਕਾਰ ਹੈ ਕਿਉਂਕਿ ਉਹ ਅਰਜ਼ੀਕਰਤਾ ਹੈ।

## ਕਾਲਾ ਧਨ: ਸਵਿਟਜ਼ਰਲੈਂਡ ਤੋਂ ਮਿਲੀ ਜਾਣਕਾਰੀ ਸਾਂਝੀ ਕਰਨ ਤੋਂ ਨਾਂਹ

**ਨਵੀਂ ਦਿੱਲੀ:** ਸਰਕਾਰ ਨੇ ਭੇਤ ਗੁਪਤ ਰੱਖਣ ਦਾ ਹਵਾਲਾ ਦਿੰਦਿਆਂ ਸਵਿਟਜ਼ਰਲੈਂਡ ਤੋਂ ਕਾਲੇ ਧਨ ਸਬੰਧੀ ਮਿਲੀ ਜਾਣਕਾਰੀ ਸਾਂਝੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਕਾਨੂੰਨ ਤਹਿਤ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਚ ਵਿੱਤ ਮੰਤਰਾਲੇ ਨੇ ਕਿਹਾ



ਕਿ ਚਲਦੀ ਜਾਂਚ ਤਹਿਤ ਭਾਰਤ ਤੇ ਸਵਿਟਜ਼ਰਲੈਂਡ ਕੇਸ ਦਰ ਕੇਸ ਅਧਾਰ 'ਤੇ ਕਾਲੇ ਧਨ ਸਬੰਧੀ ਸੂਚਨਾ ਸਾਂਝੀ ਕਰਦੇ ਹਨ ਤੇ ਜਾਂਚ ਦਾ ਇਹ ਅਮਲ ਨਿਰੰਤਰ ਚਲਦਾ ਰਹਿੰਦਾ ਹੈ।

ਇਸ ਖਬਰ ਏਜੰਸੀ ਦੇ ਪੱਤਰਕਾਰ ਵੱਲੋਂ ਆਰ.ਟੀ.ਆਈ. ਤਹਿਤ ਮੰਗੀ ਜਾਣਕਾਰੀ ਵਿਚ ਪੁੱਛੇ ਸਵਾਲਾਂ ਦੇ ਜਵਾਬ ਵਿਚ ਸਰਕਾਰ ਨੇ ਕਿਹਾ ਕਿ ਸਵਿਟਜ਼ਰਲੈਂਡ ਨੇ ਕਾਲੇ ਧਨ ਦੇ ਮਾਮਲੇ ਵਿਚ ਜਿਹੜੀ ਜਾਣਕਾਰੀ ਦਿੱਤੀ ਹੈ, ਉਹ ਭੇਤ ਗੁਪਤ ਰੱਖਣ ਦੇ ਪ੍ਰਬੰਧ ਅਧੀਨ ਆਉਂਦੀ ਹੈ। ਆਰ.ਟੀ.ਆਈ. ਵਿਚ ਮੰਤਰਾਲੇ ਨੂੰ ਸਵਿਟਜ਼ਰਲੈਂਡ ਤੋਂ ਕਾਲੇ ਧਨ ਸਬੰਧੀ ਮਿਲੀ ਜਾਣਕਾਰੀ ਦਾ ਬਿਉਰਾ ਸਾਂਝਾ ਕਰਨ ਲਈ ਕਿਹਾ ਗਿਆ ਸੀ, ਜਿਸ ਵਿਚ ਕੰਪਨੀਆਂ ਤੇ ਲੋਕਾਂ ਨਾਂ ਦੇ ਸ਼ਾਮਲ ਹਨ। ਇਸ ਤੋਂ ਇਲਾਵਾ ਆਰ.ਟੀ.ਆਈ. ਤਹਿਤ ਕੀਤੀ ਗਈ ਕਾਰਵਾਈ ਬਾਰੇ ਵੀ ਜਾਣਕਾਰੀ ਮੰਗੀ ਗਈ ਸੀ।

# ਸਬ-ਇੰਸਪੈਕਟਰ ਨੂੰ ਕੁੱਟ-ਕੁੱਟ ਕੇ ਮਾਰਿਆ


**ਨਵੀਂ ਦਿੱਲੀ:** ਸ਼ਾਹਦਰਾ ਜ਼ਿਲ੍ਹੇ ਵਿਚ ਮੁਲਜ਼ਮ ਨੇ ਵਿਵੇਕ ਵਿਹਾਰ ਵਿਚ ਦਿੱਲੀ ਪੁਲਿਸ ਦੇ ਸਬ-ਇੰਸਪੈਕਟਰ ਨੂੰ ਕੁੱਟ-ਕੁੱਟ ਕੇ ਮਾਰ ਮੁਕਾਇਆ ਤੇ ਇਹ ਵਾਰਦਾਤ ਦਿੱਲੀ ਪੁਲਿਸ ਦੀ 'ਪਿਕਟ' ਦੇ ਨੇੜੇ ਹੀ ਵਪਾਰੀ। ਇਸ ਘਟਨਾ ਦੇ ਜ਼ਿੰਮੇਵਾਰ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਪੁਲਿਸ ਮੁਤਾਬਕ ਸਬ-ਇੰਸਪੈਕਟਰ ਰਾਜਕੁਮਾਰ (56) ਸ਼ਾਹਦਰਾ ਪੁਲਿਸ ਜ਼ਿਲ੍ਹੇ ਦੇ ਵਿਵੇਕ ਵਿਹਾਰ ਵਿਚ ਰਹਿੰਦਾ ਸੀ ਤੇ ਦਿੱਲੀ ਪੁਲਿਸ ਦੇ ਸੰਪਰਕ ਯੂਨਿਟ ਵਿਚ ਤਾਇਨਾਤ ਸੀ। ਰਾਤ ਸਮੇਂ ਪੁਲਿਸ ਨੂੰ ਰਾਜਕੁਮਾਰ ਉੱਪਰ ਹਮਲਾ ਹੋਣ ਦੀ ਸੂਚਨਾ ਮਿਲੀ ਸੀ। ਕਥਿਤ ਹਮਲਾਵਰ ਵਿਨੋਦ ਨਾਲ ਪਹਿਲਾਂ ਵੀ ਸਬ-ਇੰਸਪੈਕਟਰ ਰਾਜਕੁਮਾਰ ਦਾ ਝਗੜਾ ਹੋ ਚੁੱਕਾ ਹੈ। ਕਿਉਂਕਿ ਦਿੱਲੀ ਪੁਲਿਸ ਨੇ ਇਸ ਇਲਾਕੇ ਵਿਚ ਗੈਰਕਾਨੂੰਨੀ ਵਿਕਰੀ ਰੋਕਣ ਲਈ ਮੁਹਿੰਮ ਸ਼ੁਰੂ ਕੀਤੀ ਸੀ। ਪੁਲਿਸ ਵੱਲੋਂ ਇਲਾਕੇ ਵਿਚ ਪਿਕਟ ਲਾਈ ਗਈ ਸੀ। ਡੀ.ਸੀ.ਪੀ. ਮੇਘਨਾ ਯਾਦਵ ਮੁਤਾਬਕ ਮੁਲਜ਼ਮ ਵਿਨੋਦ ਖਿਲਾਫ ਕਰੀਬ ਦੋ ਦਰਜਨ ਮਾਮਲੇ ਦਰਜ ਹਨ। ਸਬ-ਇੰਸਪੈਕਟਰ ਖਾਣਾ ਖਾਣ ਤੋਂ ਬਾਅਦ ਬਾਹਰ ਟਹਿਲਣ ਚਲਾ ਗਿਆ।

ਇਸ ਦੌਰਾਨ ਕਸਤੂਰਬਾ ਵਾਸੀ ਵਿਨੋਦ ਉਰਫ ਭੂਰੀ ਨੇ ਸਬ-ਇੰਸਪੈਕਟਰ ਰਾਜਕੁਮਾਰ ਨਾਲ ਬਦਸਲੂਕੀ ਕੀਤੀ ਤਾਂ ਸਬ-ਇੰਸਪੈਕਟਰ ਨੇ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ। ਮੁਲਜ਼ਮ ਨੇ ਸਧਾਰਨ ਕੱਪੜਿਆਂ ਵਿਚ ਆਏ ਸਬ-ਇੰਸਪੈਕਟਰ ਰਾਜਕੁਮਾਰ ਨੂੰ ਕਥਿਤ ਕੁਟਾਪਾ ਚਾੜ੍ਹਨਾ ਸ਼ੁਰੂ ਕਰ ਦਿੱਤਾ ਤੇ ਅਧਮੋਇਆ ਸੁੱਟ ਕੇ ਫਰਾਰ ਹੋ ਗਿਆ।

# ਆਲ ਇੰਡੀਆ ਸਿੱਖ ਸਟੂਡੈਂਟਸ ਦੇ ਮੁੱਖ ਬਾਨੀ ਡਾ. ਸੰਤੋਖ ਸਿੰਘ ਨਹੀਂ ਰਹੇ

**ਖੰਨਾ:** ਆਲ ਇੰਡੀਆ ਸਿੱਖ ਸਟੂਡੈਂਟ ਦੇ ਮੁੱਖ ਬਾਨੀ ਡਾ. ਸੰਤੋਖ ਸਿੰਘ ਭੋਪਾਲ 'ਚ ਅਕਾਲ ਚਲਾਣਾ ਕਰ ਗਏ। ਉਹ 96 ਸਾਲਾਂ



ਦੇ ਸਨ। ਉਨ੍ਹਾਂ ਨੇ 1944 ਵਿਚ ਲਾਹੌਰ ਮੈਡੀਕਲ ਕਾਲਜ 'ਚ ਪੜ੍ਹਦਿਆਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਬਣਾਉਣ ਬਾਰੇ ਸੋਚਿਆ ਅਤੇ ਆਪਣੇ ਸਾਥੀਆਂ ਡਾ. ਜਸਵੰਤ ਸਿੰਘ ਨੇਕੀ, ਸਰੂਪ ਸਿੰਘ ਸਾਬਕਾ ਵਿਧਾਇਕ, ਭਾਈ ਹਰਬੰਸ ਲਾਲ, ਡਾ. ਸ਼ਮਸ਼ੇਰ ਸਿੰਘ ਸਾਬਕਾ ਡਾਇਰੈਕਟਰ ਵਰਲਡ ਬੈਂਕ, ਭਾਨ ਸਿੰਘ ਸਾਬਕਾ ਸਕੱਤਰ ਸ਼੍ਰੋਮਣੀ ਕਮੇਟੀ, ਅਮਰ ਸਿੰਘ ਅੰਬਾਲਵੀ ਆਦਿ ਨੂੰ ਨਾਲ ਲੈ ਕੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਨੀਂਹ ਰੱਖੀ।

ਗੌਰਤਲਬ ਹੈ ਕਿ ਲੰਮਾ ਸਮਾਂ ਇਹ ਸੰਸਥਾ ਸਿੱਖਾਂ ਦੀ ਅਗਵਾਈ ਕਰਦੀ ਰਹੀ। ਇਥੋਂ ਤੱਕ ਕਿ ਸਿੱਖਾਂ ਦੇ ਮਹਾਨ ਲੀਡਰ ਮਾ: ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਵੀ ਹਰ ਸਿੱਖ ਮਾਮਲੇ ਵਿਚ ਫੈਡਰੇਸ਼ਨ ਦੇ ਇਨ੍ਹਾਂ ਨੇਤਾਵਾਂ ਦੀ ਹੀ ਸਲਾਹ ਲੈਂਦੇ ਰਹੇ। ਡਾ. ਸੰਤੋਖ ਸਿੰਘ ਅੱਖਾਂ ਦੇ ਮਾਹਿਰ ਡਾਕਟਰ ਸਨ ਤੇ ਉਹ ਮੱਧ ਪ੍ਰਦੇਸ਼ ਮੈਡੀਕਲ ਐਜੂਕੇਸ਼ਨ ਦੇ ਡਾਇਰੈਕਟਰ ਵੀ ਰਹੇ। 1984 ਦੇ ਸਿੱਖ ਕਤਲੇਆਮ ਦੇ ਵਿਰੋਧ 'ਚ ਇਨ੍ਹਾਂ ਨੇ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਭੋਪਾਲ 'ਚ ਇਕ ਵੱਡੇ ਰੋਸ ਮਾਰਚ ਦੀ ਅਗਵਾਈ ਵੀ ਕੀਤੀ ਸੀ।

ਗੌਰਤਲਬ ਹੈ ਕਿ ਮੱਧ ਪ੍ਰਦੇਸ਼ ਦੀ ਕੇਂਦਰੀ ਸਿੰਘ ਸਭਾ ਬਣਾਉਣ 'ਚ ਵੀ ਡਾ: ਸੰਤੋਖ ਸਿੰਘ ਦਾ ਮੁੱਖ ਰੋਲ ਸੀ। ਡਾ. ਸੰਤੋਖ ਸਿੰਘ ਦੀ ਮੌਤ 'ਤੇ ਅਫਸੋਸ ਕਰਦਿਆਂ ਤਰਲੋਚਨ ਸਿੰਘ ਸਾਬਕਾ ਐਮ.ਪੀ. ਤੇ ਸਾਬਕਾ ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ ਨੇ ਕਿਹਾ ਕਿ ਅਜਿਹੀਆਂ ਸ਼ਖ਼ਸੀਅਤਾਂ ਕਦੇ ਕਦੇ ਹੀ ਪੈਦਾ ਹੁੰਦੀਆਂ ਹਨ।

# ਕੈਨੇਡਾ ਦੇ ਸਿੱਖਾਂ ਨੇ 22 ਮੁਲਕਾਂ 'ਚ ਪ੍ਰਚਾਰਿਆ ਬਾਬੇ ਨਾਨਕ ਦਾ ਸੰਦੇਸ਼

**ਚੰਡੀਗੜ੍ਹ:** ਸਿੱਖ ਮੋਟਰਸਾਈਕਲ ਕਲੱਬ ਕੈਨੇਡਾ ਦਾ ਕਾਫਲਾ 22 ਦੇਸ਼ਾਂ ਵਿਚ ਮੋਟਰਸਾਈਕਲਾਂ 'ਤੇ 9500 ਕਿਲੋਮੀਟਰ ਦਾ ਸਫਰ ਤੈਅ ਕਰ ਕੇ ਗੁਰੂ ਨਾਨਕ ਦੇਵ ਦੇ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦੇ ਉਪਦੇਸ਼ ਨੂੰ ਪ੍ਰਚਾਰਨ ਤੋਂ ਬਾਅਦ ਚੰਡੀਗੜ੍ਹ ਪੁੱਜਿਆ। ਛੇ ਸਿੱਧੂ, ਪ੍ਰਵਜੀਤ ਸਿੰਘ ਤੱਖੜ, ਜਤਿੰਦਰ ਸਿੰਘ ਚੌਹਾਨ, ਜਸਮੀਤਪਾਲ ਸਿੰਘ, ਮਨਦੀਪ ਸਿੰਘ ਧਾਲੀਵਾਲ ਅਤੇ ਮੁਖਬੀਰ ਸਿੰਘ ਨੇ ਪ੍ਰੈੱਸ ਕਲੱਬ ਵਿਚ ਮੀਡੀਆ ਦੇ ਰੂਬਰੂ ਹੁੰਦਿਆਂ 22 ਦੇਸ਼ਾਂ ਦੇ 40 ਦਿਨ ਕੀਤੇ ਸੜਕੀ ਸਫਰ ਦੇ ਤਜਰਬੇ ਸਾਂਝੇ ਕੀਤੇ।



ਮੋਟਰਸਾਈਕਲਾਂ 'ਤੇ ਸਵਾਰ ਛੇ ਸਿੱਖ ਨੌਜਵਾਨਾਂ ਨੇ 3 ਅਪਰੈਲ ਨੂੰ ਵੈਨਕੂਵਰ (ਕੈਨੇਡਾ) ਤੋਂ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਆਪਣੀ ਯਾਤਰਾ ਸ਼ੁਰੂ ਕੀਤੀ ਸੀ। ਇਸ ਕਾਫਲੇ ਦੀ ਮੰਜ਼ਿਲ ਸੁਲਤਾਨਪੁਰ ਲੋਧੀ ਸੀ। ਇਸ ਕਾਫਲੇ ਦੇ ਸਿੱਖ ਨੌਜਵਾਨਾਂ ਆਜ਼ਾਦਇੰਦਰ ਸਿੰਘ

ਉਨ੍ਹਾਂ ਦੱਸਿਆ ਕਿ ਲੰਮੀ ਜੱਦੋ-ਜਹਿਦ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦੀ ਸਰਕਾਰ ਨੇ ਸਿੱਖ ਮੋਟਰਸਾਈਕਲ ਕਲੱਬ ਨੂੰ ਮਾਨਤਾ ਦੇ ਕੇ ਹੈਲਮੇਟ ਦੀ ਥਾਂ ਦਸਤਾਰ ਸਜਾ ਕੇ ਮੋਟਰਸਾਈਕਲ ਚਲਾਉਣ ਦੀ ਇਜਾਜ਼ਤ ਦਿੱਤੀ ਸੀ। ਇਸ ਤੋਂ ਬਾਅਦ ਕੈਨੇਡਾ ਦੇ ਸਿੱਖਾਂ ਲਈ ਮੋਟਰਸਾਈਕਲ ਦੀ ਸਵਾਰੀ ਸ਼ੌਕ ਬਣ ਗਿਆ। ਉਨ੍ਹਾਂ ਦੱਸਿਆ ਕਿ 3 ਅਪਰੈਲ ਨੂੰ ਉਹ ਆਪਣੇ ਕਾਵਾਸਾਕੀ ਮੋਟਰਸਾਈਕਲਾਂ ਸਮੇਤ ਵੈਨਕੂਵਰ ਤੋਂ ਉਡਾਣ ਰਾਹੀਂ ਇੰਗਲੈਂਡ ਪੁੱਜੇ ਸਨ, ਜਿਥੋਂ ਉਹ ਸਮੁੰਦਰ ਹੇਠੋਂ ਚੱਲਦੀ ਰੇਲਗੱਡੀ ਰਾਹੀਂ ਆਪਣੇ ਮੋਟਰਸਾਈਕਲਾਂ ਸਮੇਤ ਫਰਾਂਸ ਪੁੱਜੇ। ਇਸ ਤੋਂ ਬਾਅਦ ਉਨ੍ਹਾਂ ਨੇ ਮੋਟਰਸਾਈਕਲਾਂ ਰਾਹੀਂ ਸਾਰਾ ਸੜਕੀ ਸਫਰ ਕੀਤਾ। ਜਦੋਂ ਉਹ ਵੈਨਕੂਵਰ ਤੋਂ ਚੱਲੇ ਸਨ ਤਾਂ ਉਥੇ ਤਾਪਮਾਨ 11 ਡਿਗਰੀ ਸੀ ਅਤੇ ਜਦੋਂ ਉਹ ਆਸਟਰੀਆ ਪੁੱਜੇ ਤਾਂ ਉਥੇ ਤਾਪਮਾਨ ਜ਼ੀਰੋ ਡਿਗਰੀ ਸੀ।

ਇਸੇ ਤਰ੍ਹਾਂ ਸਵਿਟਜ਼ਰਲੈਂਡ ਵਿਚ ਬਰਫ ਸੀ। ਕੈਨੇਡਾ ਦੇ ਨਾਗਰਿਕ ਹੋਣ ਕਾਰਨ ਉਨ੍ਹਾਂ ਨੂੰ 22 ਵਿਚੋਂ 18 ਦੇਸ਼ਾਂ ਦੇ ਵੀਜ਼ੇ ਨਹੀਂ ਲੈਣੇ ਪਏ ਅਤੇ ਸਿਰਫ ਚਾਰ ਦੇਸ਼ਾਂ ਭਾਰਤ, ਪਾਕਿਸਤਾਨ, ਇਰਾਨ ਤੇ ਟਰਕੀ ਦੇ ਹੀ ਵੀਜ਼ੇ ਲੈਣੇ ਪਏ ਹਨ। ਉਨ੍ਹਾਂ ਦੱਸਿਆ ਕਿ ਉਹ 11 ਮਈ ਨੂੰ ਪਾਕਿਸਤਾਨ ਰਾਹੀਂ ਭਾਰਤ ਵਿਚ ਦਾਖਲ ਹੋਏ।

ਸ੍ਰੀ ਅੰਮ੍ਰਿਤਸਰ, ਖਡੂਰ ਸਾਹਿਬ ਤੇ ਸੁਲਤਾਨਪੁਰ ਲੋਧੀ ਦੇ ਦਰਸ਼ਨ-ਦੀਦਾਰ ਕਰ ਕੇ ਚੰਡੀਗੜ੍ਹ ਪੁੱਜੇ ਹਨ। ਉਹ ਹੁਣ ਉਡਾਣ ਰਾਹੀਂ ਵਾਪਸ ਵੈਨਕੂਵਰ ਜਾਣਗੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਇਸ ਯਾਤਰਾ ਦਾ ਮਿਸ਼ਨ ਲੋਕਾਈ ਦੀ ਭਲਾਈ ਵਿਚ ਜੁਟੀ ਸੰਸਥਾ 'ਖਾਲਸਾ ਏਡ ਇੰਟਰਨੈਸ਼ਨਲ' ਲਈ ਫੰਡ ਇਕੱਠਾ ਕਰਨਾ ਸੀ ਅਤੇ ਹਰੇਕ ਦੇਸ਼ ਵਿਚਲੇ ਸਿੱਖਾਂ ਨੇ ਇਸ ਵਿਚ ਵੱਡਾ ਸਹਿਯੋਗ ਪਾਇਆ ਹੈ। ਇਸ ਤਹਿਤ ਤਕਰੀਬਨ 75-80 ਹਜ਼ਾਰ ਡਾਲਰ ਇਕੱਠੇ ਹੋਏ ਹਨ। ਇਸ ਵਿਚੋਂ ਪੰਜਾਬ ਦੇ ਦਾਨੀਆਂ ਨੇ ਵੀ 6.50 ਲੱਖ ਰੁਪਏ ਦਾ ਯੋਗਦਾਨ ਪਾਇਆ ਹੈ।

# '84 ਕਤਲੇਆਮ: ਜਗਦੀਸ਼ ਕੌਰ ਵੱਲੋਂ ਰਾਜੀਵ ਗਾਂਧੀ ਖਿਲਾਫ ਸ਼ਿਕਾਇਤ ਦਰਜ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਦੀ ਪੀੜਤ ਅਤੇ ਗਵਾਹ ਬੀਬੀ ਜਗਦੀਸ਼ ਕੌਰ ਨੇ ਥਾਣਾ ਪਾਰਲੀਮੈਂਟ ਸਟਰੀਟ ਵਿਚ ਰਾਜੀਵ ਗਾਂਧੀ ਅਤੇ ਹੋਰਨਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤ ਵਿਚ ਕਤਲ,



ਸਬੂਤ ਖੁਰਦ-ਬੁਰਦ ਕਰਨ ਅਤੇ ਖਤਰਨਾਕ ਹਥਿਆਰਾਂ ਦੀ ਵਰਤੋਂ ਆਦਿ ਦੇ ਦੋਸ਼ ਲਾਏ ਗਏ ਹਨ।

ਸ਼ਿਕਾਇਤ ਦਰਜ ਕਰਵਾਉਣ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਜਗਦੀਸ਼ ਕੌਰ ਨੇ ਕਿਹਾ ਕਿ ਇੰਦਰਾ ਗਾਂਧੀ ਦੀ ਮੌਤ ਤੋਂ 4-5 ਦਿਨ ਮਗਰੋਂ ਇਕ ਸ਼ੋਕ ਸਭਾ ਹੋਈ ਸੀ, ਉੱਥੇ ਪੱਤਰਕਾਰਾਂ ਨੇ ਰਾਜੀਵ ਗਾਂਧੀ ਨੂੰ ਜਦੋਂ ਇਹ ਸਵਾਲ ਕੀਤਾ ਕਿ ਪਿਛਲੇ ਦਿਨੀਂ ਹਜ਼ਾਰਾਂ ਕਤਲ ਹੋਏ ਹਨ ਤਾਂ ਇਸ ਦੇ ਜਵਾਬ ਵਿਚ ਰਾਜੀਵ ਗਾਂਧੀ ਨੇ ਬੜਾ ਹੀ ਸ਼ਰਮਨਾਕ ਜੁਆਬ ਦਿੱਤਾ ਸੀ ਕਿ ਜਬ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿਲਤੀ ਹੈ। ਉਨ੍ਹਾਂ ਕਿਹਾ ਕਿ ਉਸ ਦੀ ਮਾਂ ਤਾਂ ਵੱਡਾ ਦਰੱਖਤ ਸੀ, ਪਰ ਜਿਹੜੇ ਸਾਡੇ ਪਰਿਵਾਰ ਦੇ ਬੇਗੁਨਾਹ ਜੀਅ ਮਾਰੇ ਗਏ ਅਤੇ ਅਤੇ ਸਾਡੇ ਆਂਢ-ਗੁਆਂਢ ਵਿਚ ਦੇਸ਼ ਦੀ ਸੇਵਾ ਕਰਨ ਵਾਲੇ ਫੌਜੀ ਅਫਸਰ ਕਤਲ ਕਰ ਦਿੱਤੇ ਗਏ, ਉਨ੍ਹਾਂ ਦੀ ਗਿਣਤੀ ਕਿਹੜੇ 'ਪੇੜਾਂ' ਵਿਚ ਆਉਂਦੀ ਸੀ।

ਉਨ੍ਹਾਂ ਕਿਹਾ ਕਿ ਦੇਸ਼ ਦੀ ਸਰਕਾਰ ਨੇ ਹਜ਼ਾਰਾਂ ਬੇਗੁਨਾਹਾਂ ਦਾ ਕਤਲ ਕਰਵਾਉਣ ਵਾਲੇ ਨੂੰ ਭਾਰਤ ਰਤਨ ਐਵਾਰਡ ਨਾਲ ਸਨਮਾਨਤ ਕਰਕੇ ਭਾਰਤ ਰਤਨ ਵਰਗੇ ਐਵਾਰਡ ਦੀ ਵੀ ਤੌਹੀਨ ਕੀਤੀ ਹੈ। ਉਨ੍ਹਾਂ ਕਿਹਾ ਕਿ ਅਪਰਾਧ ਕਰਨ ਵਾਲਾ ਜਿੰਨਾ ਦੋਸ਼ੀ ਹੈ, ਅਪਰਾਧੀ ਨੂੰ ਬਚਾਉਣ ਵਾਲਾ ਵੀ ਓਨਾ ਹੀ ਦੋਸ਼ੀ ਹੈ। ਇਸ ਕਰਕੇ ਸੋਨੀਆ ਗਾਂਧੀ ਅਤੇ ਉਨ੍ਹਾਂ ਦੇ ਪਰਿਵਾਰ ਉਪਰ ਵੀ ਅਪਰਾਧਿਕ ਕਾਰਵਾਈ ਹੋਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੇ ਸੱਜਣ ਕੁਮਾਰ, ਐੱਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਵਰਗੇ ਵਿਅਕਤੀਆਂ ਨੂੰ ਨਾ ਕੇਵਲ ਬਚਾਇਆ ਬਲਕਿ ਉੱਚ ਅਹੁਦੇ ਵੀ ਦਿੱਤੇ ਹਨ।

# ਦਿੱਲੀ ਕਮੇਟੀ 'ਚ ਭ੍ਰਿਸ਼ਟਾਚਾਰ ਮਾਮਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਣ ਦੀ ਤਿਆਰੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਕਾਨੂੰਨੀ ਚਾਰਾਜੋਈ ਕਰਨ ਵਾਲੇ ਸ਼ਿਕਾਇਤਕਰਤਾ ਗੁਰਮੀਤ ਸਿੰਘ ਸ਼ੰਟੀ (ਮੈਂਬਰ ਦਿੱਲੀ ਕਮੇਟੀ) ਨੇ ਕਿਹਾ ਹੈ ਕਿ ਕਮੇਟੀ ਪ੍ਰਬੰਧ 'ਚ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਸਜ਼ਾ ਦਿਵਾਉਣ ਲਈ ਉਹ ਹੇਠਲੀ ਅਦਾਲਤ ਤੋਂ ਲੈ ਕੇ



ਸੁਪਰੀਮ ਕੋਰਟ ਤੱਕ ਵੀ ਜਾਣ ਤੋਂ ਗੁਰੇਜ਼ ਨਹੀਂ ਕਰਨਗੇ।

ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਸਾਬਕਾ ਜਾਇੰਟ ਸਕੱਤਰ ਅਮਰਜੀਤ ਸਿੰਘ ਫਤਹਿ ਨਗਰ ਤੇ ਸਾਬਕਾ ਜਨਰਲ ਮੈਨੇਜਰ ਹਰਜੀਤ ਸਿੰਘ ਖਿਲਾਫ ਚੱਲ ਰਹੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਦਿੱਲੀ ਪੁਲਿਸ ਵੱਲੋਂ 19 ਜਨਵਰੀ 2019 ਨੂੰ ਕਲੋਜ਼ਰ ਰਿਪੋਰਟ ਅਦਾਲਤ 'ਚ ਦਾਖਲ ਕਰਕੇ ਜੀ.ਕੇ. ਤੇ ਹੋਰਨਾਂ ਨੂੰ ਕਲੀਨ ਚਿੱਟ ਦੇ ਦਿੱਤੀ ਸੀ ਪਰ ਇਸ ਕਲੋਜ਼ਰ ਰਿਪੋਰਟ ਖਿਲਾਫ ਉਨ੍ਹਾਂ (ਸ਼ੰਟੀ) ਵੱਲੋਂ ਦਾਇਰ ਵਿਰੋਧ ਪਟੀਸ਼ਨ (ਪ੍ਰੋਟੈਸਟ ਪਟੀਸ਼ਨ) ਦੀ ਸੁਣਵਾਈ ਦੌਰਾਨ ਸਾਡੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਦਿੱਲੀ ਪੁਲਿਸ ਦੀ ਜਾਂਚ 'ਤੇ ਸਵਾਲ ਖੜ੍ਹੇ ਕਰਦੇ ਹੋਏ ਜੀ.ਕੇ. ਤੇ ਹੋਰਨਾਂ ਨੂੰ ਰਾਹਤ ਦੇਣ ਵਾਲੀ ਕਲੋਜ਼ਰ ਰਿਪੋਰਟ ਨੂੰ ਹੀ ਰੱਦ ਕਰ ਦਿੱਤਾ।

ਸ਼ੰਟੀ ਨੇ ਕਿਹਾ ਕਿ ਅਸੀਂ ਸ਼ੁਰੂ ਤੋਂ ਆਖਦੇ ਆ ਰਹੇ ਸੀ ਕਿ ਇਸ ਮਾਮਲੇ 'ਚ ਪੁਲਿਸ ਜਾਂਚ ਸਹੀ ਨਹੀਂ ਕਰ ਰਹੀ ਕਿਉਂਕਿ ਉਹ ਮੁਲਜ਼ਮਾਂ ਨਾਲ ਰਲੀ ਹੋਈ ਹੈ। ਹੁਣ ਅਦਾਲਤ ਨੇ ਕਲੋਜ਼ਰ ਰਿਪੋਰਟ 'ਚ ਖਾਮੀਆਂ ਤੇ ਪੁਲਿਸ ਦੀ ਜਾਂਚ 'ਤੇ ਸਵਾਲ ਖੜੇ ਕਰਦੇ ਹੋਏ ਮਾਮਲੇ ਦੀ ਅਗਲੀ ਪੜਤਾਲ ਦਿੱਲੀ ਪੁਲਿਸ ਕਮਿਸ਼ਨਰ ਦੀ ਨਿਗਰਾਨੀ ਹੇਠ ਕਰਵਾਉਣ ਦਾ ਹੁਕਮ ਦਿੱਤਾ ਹੈ ਅਤੇ ਹਰ 15 ਤਰੀਕ ਨੂੰ ਜਾਂਚ ਰਿਪੋਰਟ ਜਾਇੰਟ ਕਮਿਸ਼ਨਰ ਰੈਂਕ ਦੇ ਅਧਿਕਾਰੀ ਕੋਲੋਂ ਦਸਤਖਤ ਹੋ ਕੇ ਆਵੇਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਦਿੱਲੀ ਕਮੇਟੀ ਪ੍ਰਬੰਧ 'ਚ ਪੈਸੇ ਦੇ ਗਬਨ ਅਤੇ ਆਰਥਿਕ ਬੇਨੇਮੀਆਂ ਨਾਲ ਜੁੜੇ 3 ਵੱਖ-ਵੱਖ ਮਾਮਲੇ ਅਦਾਲਤ ਦੇ ਸਾਹਮਣੇ ਚੁੱਕੇ ਸਨ। ਹੁਣ ਮੁਲਜ਼ਮਾਂ ਖਿਲਾਫ ਹੋਰ ਧਾਰਾਵਾਂ ਜੋੜਨ ਲਈ ਮਾਮਲੇ ਦੀ ਅਗਲੀ ਸੁਣਵਾਈ 3 ਜੂਨ ਨੂੰ ਹੋਵੇਗੀ।

# ਦਲ ਖਾਲਸਾ ਵੱਲੋਂ ਜੱਗੀ ਜੌਹਲ ਤੇ ਨਜ਼ਰਬੰਦ ਸਿੰਘਾਂ ਦਾ ਕੇਸ ਤਬਦੀਲ ਕਰਨ ਦਾ ਵਿਰੋਧ

**ਬਠਿੰਡਾ:** ਦਲ ਖਾਲਸਾ ਵੱਲੋਂ ਜੱਗੀ ਜੌਹਲ ਅਤੇ ਹੋਰਨਾਂ ਨਜ਼ਰਬੰਦਾਂ ਨੂੰ ਪੰਜਾਬ ਤੋਂ ਦਿੱਲੀ ਤਬਦੀਲ ਕਰਨ, ਲੱਖਾ ਸਿਧਾਣਾ 'ਤੇ ਝੂਠਾ ਕੇਸ ਦਰਜ ਕਰਨ, ਅਕਾਲੀ ਦਲ-ਭਾਜਪਾ ਤੇ ਕਾਂਗਰਸ ਵੱਲੋਂ ਨਵੰਬਰ 1984 ਸਿੱਖ ਕਤਲੇਆਮ ਦੇ ਮੁੱਦੇ 'ਤੇ ਗੰਧਲੀ ਰਾਜਨੀਤੀ ਕਰਨ ਅਤੇ ਚੋਣ ਕਮਿਸ਼ਨ ਵੱਲੋਂ ਬੇਅਦਬੀ ਮਾਮਲੇ ਵਿਚ ਅੜਿੱਕਾ ਪਾਉਣ ਵਿਰੁੱਧ ਕਾਲੇ ਬੈਨਰ ਲੈ ਕੇ ਰੋਸ ਮਾਰਚ ਕੀਤਾ ਗਿਆ ਹੈ। ਇਸ ਮਾਰਚ ਵਿਚ ਮਾਲਵਾ ਯੂਥ ਫੈਡਰੇਸ਼ਨ ਤੋਂ ਇਲਾਵਾ ਹੋਰਨਾਂ ਜਥੇਬੰਦੀਆਂ ਦੇ ਕਾਰਕੁਨਾਂ ਨੇ ਵੀ ਸ਼ਮੂਲੀਅਤ ਕੀਤੀ। ਰੋਸ ਮਾਰਚ ਗੁਰਦੁਆਰਾ ਗੁਰੂਸਰ ਮਹਿਰਾਜ ਤੋਂ ਆਰੰਭ ਹੋ ਕੇ ਗੁਰਦੁਆਰਾ ਹਾਜੀਰਤਨ ਹੁੰਦਾ ਹੋਇਆ ਡੀ.ਸੀ. ਦਫਤਰ ਪਹੁੰਚ ਕੇ ਸਮਾਪਤ ਹੋਇਆ।

ਮਾਰਚ ਦੇ ਪ੍ਰਬੰਧਕਾਂ ਨੇ ਅਕਾਲੀ ਦਲ-ਭਾਜਪਾ ਗਠਜੋੜ ਅਤੇ ਕਾਂਗਰਸ 'ਤੇ ਇਲਜ਼ਾਮ ਲਾਇਆ ਕਿ ਉਹ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਨਵੰਬਰ '84 ਮੌਕੇ ਹੋਈਆਂ ਮੌਤਾਂ ਦਾ ਸੰਵੇਦਨਸ਼ੀਲ ਮੁੱਦਾ ਉਛਾਲ ਕੇ ਸਿੱਖਾਂ ਦੀ ਪੀੜ 'ਤੇ ਵਪਾਰ ਕਰ ਰਹੇ ਹਨ। ਦਲ ਖਾਲਸਾ ਨੇ ਚੋਣਾਂ ਦੇ ਬਾਈਕਾਟ ਦੇ ਆਪਣੇ ਫੈਸਲੇ ਨੂੰ ਮੁੜ ਦੁਹਰਾਇਆ ਅਤੇ ਸਪੱਸ਼ਟ ਕੀਤਾ ਕਿ ਉਹ ਲੋਕਤੰਤਰ ਦੇ ਖਿਲਾਫ ਨਹੀਂ ਹਨ ਪਰ ਸਵੈ-ਨਿਰਣੇ ਦੇ ਹੱਕ ਤੋਂ ਬਿਨਾਂ ਭਾਰਤੀ ਨਿਜ਼ਾਮ ਹੇਠ ਚੋਣਾਂ ਵਿਚ ਹਿੱਸਾ ਲੈਣਾ ਬੇਅਰਥ ਹੈ। ਬਾਬਾ ਹਰਦੀਪ ਸਿੰਘ ਮਹਿਰਾਜ ਅਤੇ ਜਨਰਲ ਸਕੱਤਰ




ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਦੋਵੇਂ ਹੀ ਪੰਜਾਬ ਅਤੇ ਸਿੱਖ ਵਿਰੋਧੀ ਪਾਰਟੀਆਂ ਹਨ। ਜਸਵੀਰ ਸਿੰਘ ਖੰਡੂਰ ਨੇ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਮੋਦੀ ਨਿਜ਼ਾਮ ਦੇ ਏਜੰਟ ਵਜੋਂ ਕੰਮ ਕਰ ਰਿਹਾ ਹੈ ਅਤੇ ਉਸ ਨੇ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਗੋਲੀ ਕਾਂਡ ਲਈ ਜਾਂਚ ਕਰ ਰਹੇ ਪੈਨਲ ਵਿਚੋਂ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਹਟਾ ਕੇ ਬਾਦਲਾਂ ਦੀ ਸੇਵਾ ਕੀਤੀ ਹੈ।

ਸੁਪਰੀਮ ਕੋਰਟ ਵਲੋਂ ਐਨ.ਆਈ. ਏਜੰਸੀ ਦੀ ਦਰਖਾਸਤ 'ਤੇ ਜੱਗੀ ਜੌਹਲ ਅਤੇ ਹੋਰਨਾਂ ਸਾਥੀਆਂ ਦਾ ਕੇਸ ਅਤੇ ਉਨ੍ਹਾਂ ਨੂੰ ਪੰਜਾਬ ਤੋਂ ਦਿੱਲੀ ਤਬਦੀਲ ਕਰਨ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਨਿਆਂ ਨੇ ਅਨਿਆਂ ਕੀਤਾ ਹੈ ਅਤੇ ਨੌਜਵਾਨਾਂ ਨੂੰ ਪੰਜਾਬ ਤੋਂ ਦਿੱਲੀ ਲਿਜਾਣ ਪਿੱਛੇ ਭਾਰਤ ਸਰਕਾਰ ਦੀ ਮੰਦ ਭਾਵਨਾ ਝਲਕ ਰਹੀ ਹੈ। ਵਰਕਿੰਗ ਕਮੇਟੀ ਮੈਂਬਰ ਗੁਰਵਿੰਦਰ ਸਿੰਘ ਬਠਿੰਡਾ ਨੇ ਖਦਸ਼ਾ ਪ੍ਰਗਟਾਇਆ ਕਿ ਭਾਰਤ ਸਰਕਾਰ ਜੁਡੀਸ਼ਰੀ ਰਾਹੀਂ ਇਨ੍ਹਾਂ ਸਿੱਖ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਤੋੜਨ ਅਤੇ ਲੰਬਾ ਸਮਾਂ ਕੈਦ ਰੱਖਣ ਦੀ ਮਨਸ਼ਾ ਰੱਖਦੀ ਹੈ। ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਟਾਂਡਾ ਨੇ ਬਰਤਾਨੀਆ ਸਰਕਾਰ ਨੂੰ ਜੱਗੀ ਜੌਹਲ ਨਾਲ ਹੋ ਰਹੀ ਵਧੀਕੀ ਦਾ ਮਸਲਾ ਭਾਰਤ ਸਰਕਾਰ ਕੋਲ ਅਸਰਦਾਰ ਢੰਗ ਨਾਲ ਚੁੱਕਣ ਦੀ ਅਪੀਲ ਕੀਤੀ। ਦਲ ਖਾਲਸਾ ਅਤੇ ਮਾਲਵਾ ਯੂਥ ਫੈਡਰੇਸ਼ਨ ਦੇ ਕਾਰਜਕਰਤਾਵਾਂ ਨੇ ਲੱਖਾ ਸਿਧਾਣਾ ਵਿਰੁੱਧ ਦਰਜ ਐਫ.ਆਈ.ਆਰ. ਖਾਰਜ ਕਰਨ ਲਈ ਸਰਕਾਰ ਨੂੰ ਅਲਟੀਮੇਟਮ ਵੀ ਦਿੱਤਾ।

# 'ਨਿਰੰਕਾਰੀ' ਸ਼ਬਦ ਕਾਪੀ ਰਾਈਟ ਕਰਵਾਉਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਕਿ ਨਿਰੰਕਾਰੀ ਮਿਸ਼ਨ ਦਿੱਲੀ ਵੱਲੋਂ 'ਨਿਰੰਕਾਰੀ' ਸ਼ਬਦ ਦਾ ਕਾਪੀ ਰਾਈਟ ਲੈਣ ਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਸ ਦਾ ਸਿੱਖ ਸੰਸਥਾ ਨੇ ਗੰਭੀਰ ਨੋਟਿਸ ਲਿਆ ਹੈ।

ਇਹ ਮਾਮਲਾ ਸਾਹਮਣੇ ਆਉਣ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਨਿਰੰਕਾਰੀ ਮਿਸ਼ਨ ਦੀ ਇਸ ਕਾਰਵਾਈ ਨੂੰ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਕਰਾਰ ਦਿੰਦਿਆਂ ਆਖਿਆ ਕਿ ਇਹ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਕੋਈ ਨਿੱਜੀ ਤੌਰ 'ਤੇ ਪਾਵਨ ਗੁਰਬਾਣੀ ਦੇ ਕਿਸੇ ਸ਼ਬਦ ਦਾ ਕਾਪੀ ਰਾਈਟ ਲਵੇ। ਉਨ੍ਹਾਂ ਕਿਹਾ ਕਿ ਇਸ ਨੂੰ ਰੋਕਣ ਵਾਸਤੇ ਕਾਨੂੰਨੀ ਮਾਹਿਰਾਂ ਦੀ ਰਾਏ ਨਾਲ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗੁਰਬਾਣੀ ਦਾ ਇਕ-ਇਕ ਸ਼ਬਦ ਸਿੱਖ ਸੰਗਤ ਦੇ ਨਾਲ-ਨਾਲ ਸਮੁੱਚੇ ਵਿਸ਼ਵ ਵਿਚ ਵੱਸਦੇ ਗੁਰੂ ਨਾਨਕ ਨਾਮ ਲੇਵਾ ਲਈ ਇਲਾਹੀ ਹੈ ਪਰ ਕੁਝ ਲੋਕ ਜਾਣ-ਬੁਝ ਕੇ ਸਿੱਖਾਂ ਦੀ ਭਾਵਨਾਵਾਂ ਨਾਲ ਖੇਡਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਸ਼ਬਦ-ਗੁਰੂ ਨੂੰ ਮੰਨਣ ਵਾਲੀਆਂ ਸੰਗਤਾਂ ਇਹ ਬਰਦਾਸ਼ਤ ਨਹੀਂ ਕਰ ਸਕਦੀਆਂ। ਉਨ੍ਹਾਂ ਕਿਹਾ ਕਿ ਮਾਨਵਤਾ ਵਿਚ ਵੰਡੀਆਂ ਪਾ ਰਹੇ ਲੋਕਾਂ ਤੋਂ ਸੰਗਤ ਨੂੰ ਵੀ ਸੁਚੇਤ ਹੋਣ ਦੀ ਲੋੜ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਕੱਪੜਿਆਂ 'ਤੇ ਧਾਰਮਿਕ ਚਿੰਨ੍ਹ ਛਾਪਣ ਵਾਲੀ ਵੈੱਬਸਾਈਟ ਨੂੰ ਨੋਟਿਸ

**ਅੰਮ੍ਰਿਤਸਰ :** ਸ਼੍ਰੋਮਣੀ ਕਮੇਟੀ ਨੇ ਆਨ ਲਾਈਨ ਖਰੀਦਦਾਰੀ ਵਾਲੀ 'ਰੈਡਬਬਲ' ਨਾਂ ਦੀ ਇਕ ਵੈੱਬਸਾਈਟ ਵਲੋਂ ਔਰਤਾਂ ਦੇ ਰੈਡੀਮੇਡ ਕੱਪੜਿਆਂ 'ਤੇ 'ੴ' ਛਾਪਣ 'ਤੇ ਸਖਤ ਇਤਰਾਜ਼ ਪ੍ਰਗਟਾਉਂਦਿਆਂ ਤੇ ਇਸ ਨੂੰ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲੀ ਕਾਰਵਾਈ ਕਰਾਰ ਦਿੰਦਿਆਂ ਉਕਤ ਵੈੱਬਸਾਈਟ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ।

ਸ਼੍ਰੋਮਣੀ ਕਮੇਟੀ ਮੁੱਖ ਦਫਤਰ ਤੋਂ ਜਾਰੀ ਬਿਆਨ 'ਚ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਆਨ ਲਾਈਨ ਖਰੀਦਦਾਰੀ ਵਾਲੀ ਉਕਤ ਵੈੱਬਸਾਈਟ ਦੀ ਇਸ ਕੋਝੀ ਹਰਕਤ ਨਾਲ ਸਿੱਖ ਜਗਤ 'ਚ ਰੋਸ ਫੈਲਿਆ ਹੈ। ਉਨ੍ਹਾਂ ਆਖਿਆ ਕਿ ਕੁਝ ਲੋਕ ਜਾਣਬੁਝ ਕੇ ਅਜਿਹਾ ਕਰ ਰਹੇ ਹਨ। ਇਕ ਵੈੱਬਸਾਈਟ ਵਲੋਂ ਔਰਤਾਂ ਦੇ ਕੱਪੜਿਆਂ 'ਤੇ ਸਿੱਖਾਂ ਦਾ ਪਵਿੱਤਰ ਧਾਰਮਿਕ ਚਿੰਨ੍ਹ ਛਾਪ ਕੇ ਸੰਗਤ ਦੇ ਹਿਰਦਿਆਂ ਨੂੰ ਸੱਟ ਮਾਰੀ ਗਈ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੁੱਖ ਸਕੱਤਰ ਡਾ. ਰੂਪ ਸਿੰਘ ਤੇ ਸਕੱਤਰ ਅਵਤਾਰ ਸਿੰਘ ਸਾਂਪਲਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਉਕਤ ਵੈੱਬਸਾਈਟ ਨੂੰ ਨੋਟਿਸ ਭੇਜ ਕੇ ਕਾਨੂੰਨੀ ਕਾਰਵਾਈ ਕਰੇਗੀ।

### ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਗੁਰਦੁਆਰਾ ਕਮੇਟੀਆਂ ਨੂੰ ਸੁਚੇਤ ਹੋਣ ਦੀ ਹਦਾਇਤ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਸ਼ਬਦ ਗੁਰੂ ਅਤੇ ਗਰਮੀ ਅਤੇ ਸਰਦੀ ਤੋਂ ਰਹਿਤ ਹਨ ਤੇ ਇਨ੍ਹਾਂ ਦਾ ਸਤਿਕਾਰ ਕਰਨਾ ਹਰ ਗੁਰਸਿੱਖ ਦਾ ਫਰਜ਼ ਬਣਦਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰਦੀਆਂ ਘਟਨਾਵਾਂ ਨੂੰ ਰੋਕਣ ਲਈ ਗੁਰਦੁਆਰਾ ਸਾਹਿਬਾਨ 'ਚ ਚੰਗੀ ਵਾਇਰਿੰਗ ਤੇ ਚੰਗਾ ਬਿਜਲੀ ਦਾ ਸਾਮਾਨ ਲਗਾਇਆ ਜਾਵੇ ਤੇ ਪਾਲਕੀ ਸਾਹਿਬ ਦੇ ਨਾਲ ਲੜੀਆਂ ਤੇ ਪਲਾਸਟਿਕ ਦਾ ਪੱਖਾ ਆਦਿ ਲਗਾਉਣ ਤੋਂ ਗੁਰੇਜ਼ ਕੀਤਾ ਜਾਵੇ।

ਸ੍ਰੀ ਅਕਾਲ ਤਖ਼ਤ ਸਕੱਤਰੇਤ ਤੋਂ ਜਾਰੀ ਹਦਾਇਤ 'ਚ ਉਨ੍ਹਾਂ ਕਿਹਾ ਕਿ ਬੇਅਦਬੀਆਂ ਦੀਆਂ ਘਟਨਾਵਾਂ ਦੀ ਰੋਕਥਾਮ ਲਈ ਸਮੂਹ ਗ੍ਰੰਥੀ ਸਿੰਘ ਜਿੰਨੀ ਦੇਰ ਗੁਰਦੁਆਰਾ ਸਾਹਿਬ 'ਚ ਹਾਜ਼ਰ ਰਹਿਣ, ਉਨ੍ਹੀ ਦੇਰ ਹੀ ਬਿਜਲੀ ਦਾ ਪ੍ਰਯੋਗ ਕੀਤਾ ਜਾਵੇ।

# ਰੋਸੁ ਨ ਕੀਜੈ ਉਤਰੁ ਦੀਜੈ

**ਭਾਰਤ ਵਿਚ ਪਿਛਲੇ ਹਫਤੇ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਵੱਖ ਵੱਖ ਪਾਰਟੀਆਂ ਨੇ ਆਪੋ ਆਪਣੇ ਜੁਮਲੇ ਵਰਤੇ ਅਤੇ ਲੋਕਾਂ ਨੂੰ ਭਰਮਾਉਣ ਲਈ ਹਰ ਵਾਹ ਲਾਈ, ਪਰ ਇਨ੍ਹਾਂ ਚੋਣਾਂ ਦੌਰਾਨ ਇਸ ਵਾਰ ਲੋਕਾਂ ਨੇ ਸਿਆਸਤਦਾਨਾਂ ਨੂੰ ਸਵਾਲ ਪੁੱਛ ਕੇ ਇਹ ਦਰਸਾ ਦਿੱਤਾ ਕਿ ਉਹ ਪਹਿਲਾਂ ਵਾਂਗ ਇੰਨੇ ਭੋਲੇ ਨਹੀਂ ਕਿ ਉਨ੍ਹਾਂ ਦੀਆਂ ਗੱਲਾਂ ਵਿਚ ਆ ਜਾਣ। ਡਾ. ਗੁਰਨਾਮ ਕੌਰ ਨੇ ਇਸ ਲੇਖ ਵਿਚ ਭਾਰਤ ਵਿਚ ਹੋਈਆਂ ਇਨ੍ਹਾਂ ਚੋਣਾਂ ਦੇ ਮਾਹੌਲ ਦੀ ਚੀਰ-ਫਾੜ ਕੀਤੀ ਹੈ। -ਸੰਪਾਦਕ**

ਅਮਰੀਕਾ ਦੇ 16ਵੇਂ ਰਾਸ਼ਟਰਪਤੀ ਜੌਹਨ ਅਬਰਾਹਮ ਲਿੰਕਨ ਦਾ ਨਾਂ ਅੱਜ ਦੁਨੀਆਂ ਵਿਚ ਕੌਣ ਨਹੀਂ ਜਾਣਦਾ! ਉਸ ਨੇ ਕੌਮ ਦੀ ਨਿਹਾਇਤ ਖ਼ੂਨੀ ਘਰੇਲੂ ਜੰਗ ਤੇ ਇਸ ਦੇ ਬਹੁਤ ਵੱਡੇ ਨੈਤਿਕ, ਸੰਵਿਧਾਨਕ ਅਤੇ ਸਿਆਸੀ ਸੰਕਟ ਵਿਚ ਅਗਵਾਈ ਕੀਤੀ, ਸੰਘ ਨੂੰ ਸਲਾਮਤ ਰੱਖਿਆ, ਗੁਲਾਮੀ ਦੀ ਰਵਾਇਤ ਨੂੰ ਜੜ੍ਹੋਂ ਪੁੱਟਿਆ, ਸੰਘੀ ਢਾਂਚੇ ਨੂੰ ਮਜ਼ਬੂਤ ਕੀਤਾ ਅਤੇ ਅਮਰੀਕਾ ਦੀ ਆਰਥਿਕਤਾ ਨੂੰ ਆਧੁਨਿਕ ਤਰਜ 'ਤੇ ਮਜ਼ਬੂਤ ਬਣਾਇਆ। ਉਸ ਦੀ 'ਗੈਟਸਬਰਗ ਤਕਰੀਰ' ਰਾਸ਼ਟਰਵਾਦ, ਗਣਤੰਤਰਵਾਦ, ਬਰਾਬਰ ਅਧਿਕਾਰਾਂ, ਸੁਤੰਤਰਤਾ ਤੇ ਲੋਕਤੰਤਰ ਲਈ ਮਸ਼ਹੂਰ ਹੋ ਗਈ।



ਡਾ. ਗੁਰਨਾਮ ਕੌਰ, ਕੈਨੇਡਾ

ਅਬਰਾਹਮ ਲਿੰਕਨ ਨੇ ਲੋਕਤੰਤਰ ਦੀ ਪਰਿਭਾਸ਼ਾ ਕਰਦਿਆਂ ਕਿਹਾ ਸੀ, "ਲੋਕਾਂ ਦੀ ਸਰਕਾਰ, ਲੋਕਾਂ ਦੁਆਰਾ ਅਤੇ ਲੋਕਾਂ ਲਈ।" ਅਰਥਾਤ ਅਜਿਹੀ ਸਰਕਾਰ ਜੋ ਲੋਕਾਂ ਵਿਚੋਂ ਚੁਣੀ ਜਾਂਦੀ ਹੈ, ਜੋ ਲੋਕਾਂ ਰਾਹੀਂ ਚੁਣੀ ਜਾਂਦੀ ਹੈ ਅਤੇ ਜੋ ਲੋਕਾਂ ਲਈ ਕੰਮ ਕਰਦੀ ਹੈ। ਅੱਜ ਅਬਰਾਹਮ ਲਿੰਕਨ ਨੂੰ ਆਮ ਲੋਕਾਂ ਅਤੇ ਵਿਦਵਾਨਾਂ ਵੱਲੋਂ ਅਮਰੀਕਾ ਦੇ ਮਹਾਨ ਰਾਸ਼ਟਰਪਤੀਆਂ ਵਿਚੋਂ ਮੰਨਿਆ ਜਾਂਦਾ ਹੈ ਅਤੇ ਸ਼ਾਇਦ ਹੀ ਲੋਕਤੰਤਰ ਦੀ ਏਨੀ ਵਧੀਆ ਅਤੇ ਸਹੀ ਵਿਆਖਿਆ ਕਿਸੇ ਹੋਰ ਨੇ ਕੀਤੀ ਹੋਵੇ।

ਭਾਰਤ ਦੇਸ਼ ਮਹਾਨ ਵਿਚ ਚੋਣਾਂ ਸਮੇਂ ਲੋਕ ਰਾਜ ਦੇ ਨਾਂ 'ਤੇ ਵੋਟਾਂ ਮੰਗਣ ਵਾਲਿਆਂ ਨੇ ਲੋਕ ਰਾਜ ਨੂੰ ਇੱਕ ਤਮਾਸ਼ਾ ਬਣਾਇਆ ਹੋਇਆ ਹੈ। ਨਤੀਜੇ ਤਾਂ ਜੋ ਆਉਣਗੇ, ਸੋ ਆਉਣਗੇ, ਪਰ ਵੋਟਾਂ ਲਈ ਪ੍ਰਚਾਰ ਕਰਦਿਆਂ ਇੱਕ ਦੂਜੇ ਦੇ ਸਿਰ ਵਿਚ ਜੋ ਖੇਹ ਪਾਈ ਅਤੇ ਲੋਕਾਂ ਦੀਆਂ ਮੰਗਾਂ ਤੇ ਪਹਿਲਾਂ ਕੀਤੇ ਵਾਅਦਿਆਂ ਤੋਂ ਜਿਵੇਂ ਕਿਨਾਰਾ ਕੀਤਾ, ਉਹ ਧਿਆਨ ਮੰਗਦਾ ਹੈ। ਪੰਜਾਬ ਵਿਚ ਵੋਟਾਂ ਆਖਰੀ ਗੇੜ ਵਿਚ ਪੈਣੀਆਂ ਸਨ ਤੇ ਉਦੋਂ ਤੱਕ ਬਾਕੀ ਮੁਲਕ ਵਿਚ ਵੋਟਾਂ ਪੈਣ ਦਾ ਬਹੁਤਾ ਕੰਮ ਤਕਰੀਬਨ ਨਿਬੜ ਗਿਆ ਸੀ।

ਅਸੀਂ ਸਾਰੇ ਜਾਣਦੇ ਹਾਂ ਕਿ ਜਦੋਂ ਵੀ ਵੋਟਾਂ ਪੈਣ ਦਾ ਸਮਾਂ ਆਉਂਦਾ ਹੈ ਤਾਂ ਵੱਖ ਵੱਖ ਰਾਜਨੀਤਕ ਪਾਰਟੀਆਂ ਵੋਟਾਂ ਬਟੋਰਨ ਲਈ ਲੋਕਾਂ ਨਾਲ ਕਈ ਤਰ੍ਹਾਂ ਦੇ ਵਾਅਦੇ ਕਰਦੀਆਂ ਹਨ, ਕਈ ਤਰ੍ਹਾਂ ਦੇ ਨਾਅਰੇ ਪਰੋਸ ਕੇ ਲੋਕਾਂ ਨੂੰ ਭਰਮਾਉਂਦੀਆਂ ਅਤੇ ਖੂਬ ਬੁੱਧੂ ਬਣਾਉਂਦੀਆਂ ਹਨ। ਲੋਕਾਂ ਨੂੰ ਧਰਮ, ਜਾਤ-ਬਰਾਦਰੀ, ਭਾਈਚਾਰੇ ਆਦਿ ਦੇ ਨਾਂ 'ਤੇ ਵੋਟਾਂ ਪਾਉਣ ਲਈ ਆਪਸ ਵਿਚ ਵੰਡਣਾ; ਆਰਥਕ ਰਿਆਇਤਾਂ ਦਾ ਭਰਮ ਜਾਲ ਵਿਛਾਉਣਾ-ਜਿਵੇਂ ਗਰੀਬਾਂ ਨੂੰ ਮੁਫਤ ਦਾਲ-ਆਟਾ ਸਕੀਮ, ਕਿਸਾਨਾਂ ਨੂੰ ਖੇਤਾਂ ਲਈ ਮੁਫਤ ਬਿਜਲੀ ਆਦਿ-ਸਭ ਨੇ ਦੇਖਿਆ ਹੈ। ਇਸ ਦੇ ਨਾਲ ਹੀ ਸ਼ਰੇਆਮ ਸ਼ਰਾਬ ਅਤੇ ਹੋਰ ਨਸ਼ੇ ਵਰਤਾਏ ਜਾਂਦੇ ਤੇ ਪੈਸੇ ਬਦਲੇ ਵੋਟਾਂ ਖਰੀਦੀਆਂ ਜਾਂਦੀਆਂ ਹਨ। ਲੋਕਾਂ ਦੀਆਂ ਅਸਲੀ ਅਤੇ ਮੁਢਲੀਆਂ ਲੋੜਾਂ ਤੇ ਸਮੱਸਿਆਵਾਂ ਕੀ ਹਨ ਅਤੇ ਉਨ੍ਹਾਂ ਨੂੰ ਪੂਰੀਆਂ ਕਰਨ ਲਈ ਕਿਹੋ ਜਿਹੀ ਵਿਉਂਤਬੰਦੀ ਉਲੀਕੀ ਹੈ? ਇਸ ਵੱਲ ਕੋਈ ਵੀ ਪਾਰਟੀ ਧਿਆਨ ਨਹੀਂ ਦਿੰਦੀ ਅਤੇ ਨਾ ਹੀ ਪ੍ਰਵਾਹ ਕਰਦੀ ਹੈ, ਕਿਉਂਕਿ ਲੋਕਾਂ ਪ੍ਰਤੀ ਹੁਕਮਰਾਨ ਪਾਰਟੀਆਂ ਸੰਵੇਦਨਸ਼ੀਲ ਹੀ ਨਹੀਂ ਹਨ।

ਹੁਣ ਆਈਏ ਵਰਤਮਾਨ ਚੋਣਾਂ ਦੀ ਮੁਹਿੰਮ ਵੱਲ, ਜੋ ਖਾਸ ਕਰਕੇ ਪੰਜਾਬ ਵਿਚ ਚੱਲਿਆ। ਬਾਕੀ ਹਿੰਦੁਸਤਾਨ ਤੋਂ ਵਿਹਲੇ ਹੋ ਕੇ ਸਭ ਪਾਰਟੀਆਂ ਦੇ ਕੇਂਦਰੀ ਨੇਤਾਵਾਂ ਨੇ ਪੰਜਾਬ ਵੱਲ ਵਹੀਰਾਂ ਘੱਤ ਲਈਆਂ; ਭਾਰਤੀ ਜਨਤਾ ਪਾਰਟੀ ਵੱਲੋਂ ਨਰਿੰਦਰ ਮੋਦੀ, ਅਮਿਤ ਸ਼ਾਹ, ਰਾਜ ਨਾਥ ਸਿੰਘ, ਸਿਮ੍ਰਤੀ ਇਰਾਨੀ, ਹੇਮਾ ਮਾਲਿਨੀ, ਧਰਮਿੰਦਰ, ਸਨੀ ਦਿਉਲ ਵਗੈਰਾ; ਉਧਰੋਂ ਕਾਂਗਰਸ ਦੇ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਵਾਡਰਾ; 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਸਿਸੋਦੀਆ-ਸਭ ਨੇ ਮੈਦਾਨ ਮੱਲ ਲਿਆ। ਲੰਘੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਅਖੌਤੀ ਰਾਸ਼ਟਰਵਾਦ ਦੇ ਨਾਲ ਨਾਲ ਪੰਜਾਬ ਤੋਂ ਬਾਹਰ ਇੱਕੋ ਇੱਕ ਮੁੱਦਾ ਚੁੱਕਿਆ ਪੁਲਵਾਮਾ ਵਿਚ ਭਾਰਤੀ ਸੁਰੱਖਿਆ ਫੋਰਸ ਦੇ ਕਾਫਲੇ 'ਤੇ ਆਤਮਘਾਤੀ ਵਿਸਫੋਟਕ ਹਮਲਾ ਅਤੇ ਭਾਰਤੀ ਹਵਾਈ ਸੈਨਾ ਵੱਲੋਂ ਸਰਜੀਕਲ ਸਟਰਾਈਕ। ਪਹਿਲੇ ਦਿਨ ਤੋਂ ਹੀ ਪ੍ਰਚਾਰ ਇਵੇਂ ਕੀਤਾ ਗਿਆ ਜਿਵੇਂ ਸਰਜੀਕਲ ਸਟਰਾਈਕ ਭਾਰਤੀ ਹਵਾਈ ਸੈਨਾ ਨੇ ਨਹੀਂ ਸਗੋਂ ਪ੍ਰਧਾਨ ਮੰਤਰੀ ਨੇ ਕੀਤਾ ਹੋਵੇ।

ਭਾਰਤੀ ਜਨਤਾ ਪਾਰਟੀ (ਭਾਜਪਾ) ਜਾਣਦੀ ਹੈ ਕਿ ਪਾਕਿਸਤਾਨ ਨਾਲ ਸਬੰਧ ਵਿਗੜਨ ਜਾਂ ਲੜਾਈ ਲੱਗਣ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਨੂੰ ਹੋਵੇਗਾ-ਭਾਵੇਂ ਜੰਗ ਵਿਚ ਮਰਨ ਵਾਲੇ ਫੌਜੀ ਹੋਣ, ਭਾਵੇਂ ਵਪਾਰ ਬੰਦ ਹੋਵੇ ਅਤੇ ਭਾਵੇਂ ਪੰਜਾਬ ਦੇ ਸਰਹੱਦੀ ਪਿੰਡਾਂ ਨੂੰ ਖਾਲੀ ਕਰਨ ਦੀ ਗੱਲ ਹੋਵੇ। ਇਸ ਲਈ ਪੰਜਾਬ ਵਿਚ ਇਹ ਮੁੱਦਾ ਬਹੁਤਾ ਚੱਲਣਾ ਨਹੀਂ ਸੀ। ਪੰਜਾਬ ਵਿਚ ਇਸ ਸਾਰੀ ਮੁਹਿੰਮ ਦੌਰਾਨ ਦੋ ਨੁਕਤੇ ਵੱਧ ਭਾਰੂ ਰਹੇ: ਪਹਿਲਾ, ਵਿਰੋਧੀ ਧਿਰ 'ਤੇ ਇੱਕ ਦੂਜੇ ਵੱਲੋਂ ਚਿੱਕੜ ਉਛਾਲਣਾ ਅਤੇ ਦੂਜਾ, ਭਾਜਪਾ ਤੇ ਉਸ ਦੀ ਸਹਿਯੋਗੀ ਪਾਰਟੀ ਅਕਾਲੀ ਦਲ (ਬਾਦਲ) ਵੱਲੋਂ ਸੰਨ ਚੁਰਾਸੀ ਵਿਚ ਦਰਬਾਰ ਸਾਹਿਬ 'ਤੇ ਹੋਇਆ ਹਮਲਾ ਅਤੇ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ। ਸੰਨ ਚੁਰਾਸੀ ਵਿਚ ਜੋ ਵੀ ਵਾਪਰਿਆ, ਉਹ ਕੋਈ ਵੀ ਪੰਜਾਬੀ ਅਤੇ ਸਿੱਖ ਕਦੇ ਵੀ ਨਹੀਂ ਭੁਲਾ ਸਕਦਾ ਤੇ ਹਰ ਕੋਈ ਦੋਸ਼ੀਆਂ ਨੂੰ ਸਜ਼ਾ ਹੋਈ ਦੇਖਣੀ ਚਾਹੁੰਦਾ ਹੈ, ਪਰ ਭਾਰਤੀ ਜਨਤਾ ਪਾਰਟੀ ਪ੍ਰਚਾਰ ਕਰਦਿਆਂ ਇਹ ਭੁੱਲ ਗਈ ਕਿ ਜੋ ਵਾਪਰਿਆ (ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੀ ਲਿਖਤ ਅਨੁਸਾਰ) ਉਸ ਵਿਚ ਭਾਜਪਾ ਦੀ ਵੀ ਕਿਤੇ ਨਾ ਕਿਤੇ ਸ਼ਮੂਲੀਅਤ ਸੀ। ਇਹ ਦੌਰ ਵੈਸੇ ਵੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਕਾਰਜਕਾਲ ਸਮੇਂ 1978 ਦੇ ਨਿਰੰਕਾਰੀ ਕਾਂਡ ਤੋਂ ਸ਼ੁਰੂ ਹੋਇਆ ਸੀ ਜਿਸ ਨੇ ਇੱਕ ਪੂਰੀ ਪੀੜ੍ਹੀ ਹੀ ਖਤਮ ਕਰ ਦਿੱਤੀ।

ਅਕਾਲੀ ਦਲ (ਬਾਦਲ) ਵੱਲੋਂ ਵਾਰ ਵਾਰ ਕੈਪਟਨ ਸਰਕਾਰ ਵੱਲੋਂ ਨਸ਼ੇ ਨਾ ਖਤਮ ਕਰਨ ਅਤੇ ਕਿਸਾਨ ਖੁਦਕੁਸ਼ੀਆਂ, ਕਰਜ਼ਾ ਮੁਆਫੀ ਆਦਿ ਵਿਚ ਫੇਲ੍ਹ ਹੋ ਜਾਣ ਦੀ ਗੱਲ ਕੀਤੀ ਗਈ, ਪਰ ਉਹ ਇਹ ਭੁੱਲ ਗਏ ਕਿ ਇਸ ਸਭ ਦੀਆਂ ਜੜ੍ਹਾਂ ਖੁਦ ਉਨ੍ਹਾਂ ਦੇ ਦਸ ਸਾਲ ਦੇ ਕਾਰਜਕਾਲ ਵਿਚ ਹੀ ਪਈਆਂ ਹਨ। ਨਰਿੰਦਰ ਮੋਦੀ ਨੇ ਇਹ ਨਹੀਂ ਦੱਸਿਆ ਕਿ ਕਾਲਾ ਧਨ ਕਿਉਂ ਵਾਪਸ ਨਹੀਂ ਆਇਆ, ਲੋਕਾਂ ਦੇ ਖਾਤਿਆਂ ਵਿਚ ਆਉਣ ਵਾਲਾ 15-15 ਲੱਖ ਰੁਪਿਆ ਕਿੱਥੇ ਗਿਆ, ਪੰਜ ਸਾਲ 'ਚ ਉਸ ਨੇ ਕਿਸਾਨਾਂ ਲਈ ਕੀ ਕੀਤਾ, ਨੌਜਆਨਾਂ ਨੂੰ ਰੁਜ਼ਗਾਰ ਕਿਉਂ ਨਹੀਂ ਮਿਲਿਆ ਆਦਿ?

ਇਸੇ ਤਰ੍ਹਾਂ ਕਾਂਗਰਸ ਪਾਰਟੀ ਨੇ ਆਪਣੇ ਕੀਤੇ ਵਾਅਦੇ ਨਾ ਨਿਭਾਉਣ ਬਾਰੇ ਕੋਈ ਵੀ ਗੱਲ ਕਰਨ ਦੀ ਥਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਮੁੱਢਲਾ ਮੁੱਦਾ ਬਣਾਇਆ, ਪਰ ਉਸ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਏਨੀ ਢਿੱਲ ਕਿਉਂ ਦਿਖਾਈ? ਲੋਕਾਂ ਨਾਲ ਚੋਣਾਂ ਵੇਲੇ ਜੋ ਵਾਅਦੇ ਕੀਤੇ ਗਏ ਸਨ, ਉਨ੍ਹਾਂ ਦਾ ਕੀ ਬਣਿਆ?

ਬੀਬੀ ਬਾਦਲ ਨੇ ਏਮਜ਼ ਬਠਿੰਡਾ ਵਿਚ ਲਿਆਉਣ ਦੀ ਗੱਲ ਤਾਂ ਕੀਤੀ, ਪਰ ਬਠਿੰਡੇ ਦੇ ਸਰਕਾਰੀ ਹਸਪਤਾਲ ਵਿਚ ਵੱਖ ਵੱਖ ਵਿਭਾਗਾਂ ਨੂੰ ਤਾਲੇ ਕਿਉਂ ਲੱਗੇ ਹੋਏ ਹਨ? ਹਸਪਤਾਲ ਵਿਚ ਅਵਾਰਾ ਸਾਨ੍ਹ ਅਤੇ ਕੁੱਤੇ ਕਿਉਂ ਤੁਰੇ ਫਿਰਦੇ ਹਨ? ਉਹ ਆਪ ਤਾਂ ਸਾਰਾ ਟੱਬਰ ਇਲਾਜ ਕਰਾਉਣ ਅਮਰੀਕਾ ਜਾਂਦਾ ਹੈ, ਉਹ ਵੀ ਸਰਕਾਰੀ ਖਰਚੇ 'ਤੇ; ਬਠਿੰਡੇ ਦੇ ਆਮ ਲੋਕ ਕਿੱਥੇ ਜਾਣ? ਸਾਰੀਆਂ ਮੋਦੀ ਸਿੱਖ ਸੰਸਥਾਵਾਂ ਦਾ ਵੱਕਾਰ ਬਾਦਲਾਂ ਦੇ ਰਾਜ ਵਿਚ ਹੀ ਕਿਉਂ ਦਾਅ 'ਤੇ ਲੱਗਿਆ? 'ਨਕੋਦਰ ਵਰਗੇ ਕਾਂਡ ਤਾਂ ਹੁੰਦੇ ਹੀ ਰਹਿੰਦੇ ਹਨ' ਕਹਿ ਕੇ ਬਾਦਲ ਸਾਹਿਬ ਕੀ ਸਾਬਤ ਕਰਨਾ ਚਾਹੁੰਦੇ ਸਨ? 'ਚਿੜੀਆਂ ਦਾ ਮਰਨ ਗਵਾਰਾਂ ਦਾ ਹਾਸਾ?' ਲੋਕਾਂ ਦੀਆਂ ਬਹੁਤ ਤਕਲੀਫਾਂ ਹਨ, ਬਹੁਤ ਦਰਦ ਅਤੇ ਮੁੱਦੇ ਹਨ, ਜਿਨ੍ਹਾਂ ਦੀ ਵਿਸਥਾਰ ਵਿਚ ਇੱਥੇ ਚਰਚਾ ਕਰ ਸਕਣੀ ਵੀ ਮੁਸ਼ਕਿਲ ਹੈ।

ਪਹਿਲਾਂ ਸ. ਪ੍ਰਕਾਸ਼ ਸਿੰਘ ਬਾਦਲ ਵੋਟਾਂ ਖਾਤਰ ਹਮੇਸ਼ਾ ਪੰਜਾਬ ਦੇ ਪਾਣੀਆਂ, ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕਿਆਂ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਗੱਲ ਕਰਦੇ ਰਹੇ ਹਨ, ਪਰ ਕੇਂਦਰ ਵਿਚ ਆਪਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਦੇ ਕਾਰਜ ਕਾਲ ਸਮੇਂ ਇੱਕ ਵਾਰ ਵੀ ਕੇਂਦਰ ਕੋਲ ਪੰਜਾਬ ਦੇ ਇਨ੍ਹਾਂ ਮੁੱਦਿਆਂ ਨੂੰ ਨਹੀਂ ਉਠਾਇਆ ਅਤੇ ਨਾ ਹੀ ਪੰਜਾਬ ਨੂੰ ਇਨ੍ਹਾਂ ਵਿਚੋਂ ਇੱਕ ਵੀ ਮੰਗ ਪੂਰੀ ਕਰਕੇ ਦਿਖਾਈ ਹੈ, ਜਦ ਕਿ ਉਹ ਜਾਣਦੇ ਹਨ ਕਿ ਪੰਜਾਬ ਦੀਆਂ ਇਨ੍ਹਾਂ ਮੰਗਾਂ ਦੇ ਸਿਰ 'ਤੇ ਹੀ ਉਹ ਏਨੀ ਵਾਰ ਮੁੱਖ ਮੰਤਰੀ ਬਣੇ। ਨਸ਼ਿਆਂ ਦਾ ਕਾਰੋਬਾਰ ਸ. ਬਾਦਲ ਦੇ ਕਾਰਜ ਕਾਲ ਵਿਚ ਹੀ ਵਧਿਆ ਅਤੇ ਥਾਂ ਥਾਂ ਸ਼ਰਾਬ ਦੇ ਠੇਕੇ ਖੁੱਲ੍ਹੇ। ਉਨ੍ਹਾਂ ਦੇ ਕਾਰਜ ਕਾਲ ਵਿਚ ਹੀ ਨਸ਼ਾ ਮਾਫੀਆ, ਰੇਤ-ਬਜਰੀ ਮਾਫੀਆ ਆਦਿ ਦਾ ਜਾਲ ਫੈਲਿਆ।

ਕਰਤਾਰਪੁਰ ਲਾਂਘੇ ਲਈ ਪਹਿਲ ਜਨਾਬ ਇਮਰਾਨ ਖਾਨ ਦੀ ਸਰਕਾਰ ਨੇ ਕੀਤੀ, ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਸੰਭਵ ਦੋਹਾਂ ਸਰਕਾਰਾਂ ਵਿਚ ਸਹਿਮਤੀ ਨਾਲ ਹੀ ਹੋਣਾ ਸੀ। ਲਾਂਘੇ ਦਾ ਕੰਮ ਵੀ ਉਸ ਪਾਸੇ ਜ਼ਿਆਦਾ ਤੇਜ਼ੀ ਨਾਲ ਹੋਇਆ ਹੈ ਅਤੇ ਹੋ ਰਿਹਾ ਹੈ। ਬੀਬੀ ਹਰਸਿਮਰਤ ਕੌਰ ਬਾਦਲ ਨੇ ਇਹ ਨਹੀਂ ਖੁਲਾਸਾ ਕੀਤਾ ਕਿ ਦਿੱਲੀ ਕਤਲੇਆਮ ਦੇ ਪੀੜਤਾਂ ਦੀ ਉਨ੍ਹਾਂ ਨੇ ਕੀ ਅਤੇ ਕਿੰਨੀ ਕੁ ਮਦਦ ਕੀਤੀ? ਜਿੱਥੋਂ ਤੱਕ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਦੀ ਗੱਲ ਹੈ, ਉਹ ਅਦਾਲਤ ਨੇ ਦਿੱਤੀਆਂ ਹਨ, ਜਿਸ ਵਿਚ ਪ੍ਰਧਾਨ ਮੰਤਰੀ ਦਾ ਕੋਈ ਹੱਥ ਜਾਂ ਦਖਲਅੰਦਾਜ਼ੀ ਨਹੀਂ। ਗੁਜਰਾਤ ਵਿਚ ਵੀ ਘੱਟ-ਗਿਣਤੀ ਮੁਸਲਿਮ ਭਾਈਚਾਰੇ ਦਾ ਅਮਿਤ ਸ਼ਾਹ ਅਤੇ ਨਰਿੰਦਰ ਮੋਦੀ ਦੀ ਸਰਕਾਰ ਵੇਲੇ ਕਤਲੇਆਮ ਹੋਇਆ। ਇਹੀ ਨਹੀਂ, ਅਜਿਹੇ ਦੋਸ਼ੀਆਂ ਨੂੰ ਇਨ੍ਹਾਂ ਚੋਣਾਂ ਵਿਚ ਟਿਕਟਾਂ ਵੀ ਦਿੱਤੀਆਂ ਗਈਆਂ।

ਪੰਜਾਬ ਦੇ ਕਿਸਾਨਾਂ ਨੇ ਚੋਣਾਂ ਦੀ ਚੱਲ ਰਹੀ ਮੁਹਿੰਮ ਵਿਚ ਕਾਲੀਆਂ ਝੰਡੀਆਂ ਦਿਖਾ ਕੇ ਆਪਣੇ ਜਾਗੇ ਹੋਣ ਦਾ ਸਬੂਤ ਦਿੱਤਾ, ਪੰਜਾਬ ਦੇ ਲੋਕ ਅਤੇ ਖਾਸ ਕਰ ਨੌਜੁਆਨ ਪੀੜ੍ਹੀ ਹੁਣ ਓਨੀ ਸੁੱਤੀ ਹੋਈ ਨਹੀਂ ਰਹੀ। ਆਜ਼ਾਦ ਨਾਗਰਿਕ ਹੋਣ ਦੇ ਨਾਤੇ ਉਨ੍ਹਾਂ ਨੇ ਉਮੀਦਵਾਰਾਂ ਤੋਂ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਸਬੰਧੀ ਸਵਾਲ ਪੁੱਛਣ ਦੀ ਕੋਸ਼ਿਸ਼ ਕੀਤੀ; ਕਿਸਾਨਾਂ ਨੇ ਆਪਣੀਆਂ ਸਮੱਸਿਆਵਾਂ ਨੂੰ ਲੈ ਕੇ ਪ੍ਰਸ਼ਨ ਪੁੱਛੇ ਅਤੇ ਉੱਤਰ ਨਾ ਮਿਲਣ 'ਤੇ ਰੋਸ ਪ੍ਰਗਟ ਕੀਤਾ। ਲੋਕਾਂ ਦੀਆਂ ਪੁੱਛਾਂ ਦਾ ਉੱਤਰ ਦੇਣ ਦੀ ਥਾਂ ਅਤੇ ਕੀਤੇ ਵਾਅਦਿਆਂ ਨੂੰ ਨਾ ਨਿਭਾਉਣ ਸਬੰਧੀ ਕੋਈ ਤਸੱਲੀਬਖਸ਼ ਉੱਤਰ ਦੇਣ ਦੀ ਥਾਂ ਲੀਡਰਾਂ ਨੇ ਨੌਜੁਆਨਾਂ ਨੂੰ ਥੱਪੜ ਤੱਕ ਮਾਰੇ, ਉਨ੍ਹਾਂ ਨੂੰ ਇਹ ਕਹਿ ਕੇ ਭੰਡਿਆ ਕਿ ਉਹ ਵਿਰੋਧੀ ਪਾਰਟੀ ਵੱਲੋਂ ਜਾਣ ਬੁੱਝ ਕੇ ਭੇਜੇ ਗਏ ਸਨ।

ਇਸ ਵਾਰ ਨਵੀਂ ਗੱਲ ਦੇਖਣ ਨੂੰ ਇਹ ਮਿਲੀ ਕਿ ਉਮੀਦਵਾਰਾਂ ਨੇ ਬਾਊਂਸਰਾਂ, ਨਿਹੰਗ ਸਿੰਘਾਂ ਅਤੇ ਹੋਰ ਇਸ ਕਿਸਮ ਦੇ ਅੰਗ-ਰਖਿਅਕਾਂ ਨੂੰ ਨਾਲ ਰੱਖਿਆ ਤਾਂ ਕਿ ਕੋਈ ਸਵਾਲ ਹੀ ਨਾ ਕਰ ਸਕੇ। ਸਵਾਲ ਕਰਨ ਵਾਲਿਆਂ ਨੂੰ ਖਦੇੜ ਦਿੱਤਾ ਜਾਂਦਾ ਰਿਹਾ। ਇਹ ਕਿਹੋ ਜਿਹਾ ਲੋਕਰਾਜ ਹੈ, ਕਿਹੋ ਜਿਹੀ ਲੋਕਾਂ ਦੀ ਆਪਣੀ, ਲੋਕਾਂ ਲਈ ਸਰਕਾਰ ਹੈ? ਲੋਕ ਹੁਣ ਜਾਗ ਰਹੇ ਹਨ, ਹੁਣ ਉਨ੍ਹਾਂ ਨੂੰ ਚੁੱਪ-ਚੁਪੀਤਿਆਂ ਬਹੁਤੀ ਦੇਰ ਤੱਕ ਬੁੱਧੂ ਨਹੀਂ ਬਣਾਇਆ ਜਾ ਸਕਦਾ। ਉਮੀਦਵਾਰ ਜੇ ਸੱਚੇ-ਸੁੱਚੇ ਹੁੰਦੇ ਤਾਂ ਡਾ. ਧਰਮਵੀਰ ਗਾਂਧੀ ਵਾਂਗ ਲੋਕਾਂ 'ਚ ਬਿਨਾ ਕਿਸੇ ਸੁਰੱਖਿਆ ਕਵਚ ਦੇ ਸ਼ਰੇਆਮ ਪ੍ਰਚਾਰ ਕਰਨ ਦੀ ਹਿੰਮਤ ਕਰਦੇ।

13 ਮਈ ਦੇ 'ਪੰਜਾਬੀ ਟ੍ਰਿਬਿਊਨ' ਵਿਚ ਦੋ ਬਹੁਤ ਹੀ ਸੰਵੇਦਨਸ਼ੀਲ ਅਤੇ ਅਜ਼ੀਮ ਸ਼ਾਇਰਾਂ ਜਨਾਬ ਜਾਵੇਦ ਅਖਤਰ ਦੀ 'ਨਯਾ ਹੁਕਮ' ਅਤੇ ਸੁਰਜੀਤ ਪਾਤਰ ਦੀ 'ਜੰਗਲ ਵਿਚ' ਕਵਿਤਾਵਾਂ ਛਪੀਆਂ ਹਨ, ਜੋ ਹਿੰਦੁਸਤਾਨ ਦੇ ਮੌਜੂਦਾ ਹਾਲਾਤ ਦੀ ਬਹੁਤ ਵਧੀਆ ਤਰਜਮਾਨੀ ਕਰਦੀਆਂ ਜਾਪਦੀਆਂ ਹਨ। ਜਨਾਬ ਜਾਵੇਦ ਅਖਤਰ ਦੀ ਕਵਿਤਾ ਦਾ ਭਾਵ, ਜੋ ਮੈਨੂੰ ਸਮਝ ਆਇਆ ਹੈ, ਉਹ ਕੁੱਝ ਇਸ ਤਰ੍ਹਾਂ ਹੈ ਕਿ ਸਮੇਂ ਦੇ ਹੁਕਮਰਾਨ ਕੁਦਰਤ ਨੂੰ ਆਪਣੇ ਹੁਕਮ ਅਨੁਸਾਰ ਚਲਾਉਣਾ ਚਾਹੁੰਦੇ ਹਨ। ਕਵੀ ਅਨੁਸਾਰ ਕਿਸੇ ਦਾ ਹੁਕਮ ਹੈ ਕਿ ਹਵਾ ਵਗਣ ਤੋਂ ਪਹਿਲਾਂ ਦੱਸੇ ਕਿ ਉਸ ਨੇ ਕਿਸ ਦਿਸ਼ਾ ਵਿਚ ਚੱਲਣਾ ਹੈ, ਉਸ ਦੀ ਰਫਤਾਰ ਕਿੰਨੀ ਹੋਵੇਗੀ ਕਿ ਹੁਣ ਉਸ ਨੂੰ ਤੇਜ਼ ਚੱਲਣ ਜਾਂ ਹਨੇਰੀ-ਤੂਫਾਨ ਦਾ ਰੁਖ ਅਖਤਿਆਰ ਕਰਨ ਦਾ ਹੁਕਮ ਨਹੀਂ ਹੈ ਕਿਉਂਕਿ ਹੁਣ ਰੇਤ ਦੀਆਂ ਕੰਧਾਂ, ਕਾਗਜ਼ ਦੇ ਮਹਿਲ ਜਿਹੜੇ ਉਨ੍ਹਾਂ (ਹੁਕਮਰਾਨਾਂ) ਨੇ ਉਸਾਰੇ ਹਨ, ਉਨ੍ਹਾਂ ਦੀ ਹਿਫਾਜ਼ਤ ਕਰਨਾ ਬਹੁਤ ਜ਼ਰੂਰੀ ਹੈ ਅਤੇ ਹਨੇਰੀ ਤਾਂ ਅਜਿਹੀਆਂ ਉਸਾਰੀਆਂ ਦੀ ਪੁਰਾਣੀ ਦੁਸ਼ਮਣ ਹੈ। ਦਰਿਆ ਦੀਆਂ ਲਹਿਰਾਂ ਆਪਣੀ ਰਵਾਨੀ ਨੂੰ ਘੱਟ ਕਰਨ ਅਤੇ ਹੱਦ ਵਿਚ ਵਹਿਣ ਕਿਉਂਕਿ ਉਨ੍ਹਾਂ ਦਾ ਹੱਦੋਂ ਬਾਹਰ ਉਭਰਨਾ, ਬਿਖਰਨਾ ਅਤੇ ਬਿਖਰ ਕੇ ਫਿਰ ਉਭਰਨਾ ਤੇ ਇਸ ਤਰ੍ਹਾਂ ਹੰਗਾਮਾ ਕਰਨਾ ਗਲਤ ਹੈ, ਇਹ ਕਿਸੇ ਵਹਿਸ਼ਤ ਜਾਂ ਬਗਾਵਤ ਦੀ ਹੀ ਅਲਾਮਤ ਹੈ।

ਅਗਲਾ ਹੁਕਮ ਹੈ ਕਿ ਜੇ ਲਹਿਰਾਂ ਨੇ ਦਰਿਆ ਵਿਚ ਰਹਿਣਾ ਹੈ ਤਾਂ ਉਨ੍ਹਾਂ ਨੂੰ ਚੁੱਪਚਾਪ ਵਗਣਾ ਹੋਵੇਗਾ ਕਿਉਂਕਿ ਹੁਣ ਕੋਈ ਬਗਾਵਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕਵੀ ਨੇ ਦੱਸਿਆ ਹੈ ਕਿ ਕਿਸੇ ਦਾ ਇਹ ਵੀ ਹੁਕਮ ਹੈ ਕਿ ਗੁਲਿਸਤਾਂ ਵਿਚ ਹੁਣ ਕੇਵਲ ਇੱਕੋ ਰੰਗ ਦੇ ਫੁੱਲ ਖਿੜਨਗੇ। ਕੁੱਝ ਅਫਸਰ ਹੋਣਗੇ ਜੋ ਇਹ ਤੈਅ ਕਰਨਗੇ ਕਿ ਕੱਲ੍ਹ ਦਾ ਗੁਲਿਸਤਾਂ ਕਿਸ ਰੰਗ ਦਾ ਬਣਨਾ ਹੈ। ਫੁੱਲ ਯਕਰੰਗੀ ਤਾਂ ਹੋਣਗੇ ਪਰ ਇਹ ਰੰਗ ਕਿੰਨਾ ਗੂੜ੍ਹਾ ਹੋਵੇਗਾ ਜਾਂ ਫਿੱਕਾ ਹੋਵੇਗਾ, ਇਹ ਵੀ ਅਫਸਰ ਤੈਅ ਕਰਨਗੇ। ਕਵੀ ਦਾ ਕਹਿਣਾ ਹੈ ਕਿ ਕਿਸੇ ਨੂੰ ਇਹ ਕੋਈ ਕਿਵੇਂ ਦੱਸੇ ਕਿ ਗੁਲਿਸਤਾਂ ਵਿਚ ਫੁੱਲ ਕਦੇ ਵੀ ਯਕਰੰਗੀ ਨਹੀਂ ਹੁੰਦੇ, ਹੋ ਹੀ ਨਹੀਂ ਸਕਦੇ ਕਿਉਂਕਿ ਇੱਕ ਰੰਗ ਵਿਚ ਕਈ ਕਈ ਰੰਗ ਛੁਪ ਕੇ ਰਹਿ ਰਹੇ ਹੁੰਦੇ ਹਨ। ਜਿਨ੍ਹਾਂ ਨੇ ਵੀ ਬਾਗ ਯਕਰੰਗੀ ਬਣਾਉਣੇ ਚਾਹੇ ਤਾਂ ਜਦੋਂ ਇੱਕ ਰੰਗ ਵਿਚੋਂ ਕਈ ਕਈ ਰੰਗ ਜਾਹਰ ਹੋ ਗਏ ਤਾਂ ਉਹ ਕਿੰਨੇ ਪ੍ਰੇਸ਼ਾਨ ਹਨ। ਕਿਸੇ ਨੂੰ ਕੋਈ ਕਿਵੇਂ ਦੱਸੇ ਕਿ ਹਵਾਵਾਂ ਅਤੇ ਲਹਿਰਾਂ ਕਿਸੇ ਦਾ ਹੁਕਮ ਕਦੋਂ ਸੁਣਦੀਆਂ ਹਨ?

ਹਵਾਵਾਂ ਹਾਕਮਾਂ ਦੀਆਂ ਮੁੱਠੀਆਂ, ਹੱਥਕੜੀਆਂ ਅਤੇ ਕੈਦਖਾਨਿਆਂ ਵਿਚ ਨਹੀਂ ਰੁਕਦੀਆਂ। ਜੇ ਲਹਿਰਾਂ ਨੂੰ ਰੋਕ ਲਿਆ ਜਾਵੇ ਤਾਂ ਦਰਿਆ ਭਾਵੇਂ ਕਿੰਨਾ ਵੀ ਪੁਰਸਕੂਨ ਹੋਵੇ, ਬੇਤਾਬ ਹੁੰਦਾ ਹੈ ਅਤੇ ਇਸ ਬੇਤਾਬੀ ਦਾ ਅਗਲਾ ਕਦਮ ਹੜ੍ਹ ਹੁੰਦਾ ਹੈ।

ਸੁਰਜੀਤ ਪਾਤਰ ਨੇ ਲਿਖਿਆ ਹੈ ਕਿ ਪਤਾ ਨਹੀਂ ਇਹ ਸੱਚ ਹੈ ਜਾਂ ਉਸ ਦੀ ਨਜ਼ਰ ਨੂੰ ਕੋਈ ਭੁਲੇਖਾ ਪਿਆ ਹੈ ਕਿ ਕੱਲ੍ਹ ਉਸ ਨੇ ਜੰਗਲ ਵਿਚ ਬੰਦਿਆਂ ਦਾ ਇੱਕ ਟੋਲਾ ਆਉਂਦਾ ਦੇਖਿਆ, ਜਿਨ੍ਹਾਂ ਵਿਚੋਂ ਇੱਕ ਬੰਦਾ ਦਰੱਖਤਾਂ ਨੂੰ ਕਹਿਣ ਲੱਗਾ ਕਿ ਇਹ ਉਨ੍ਹਾਂ ਦੀ ਅਰਜ਼ ਹੈ, ਰੀਝ ਵੀ ਹੈ ਅਤੇ ਫੈਸਲਾ ਵੀ ਕਿ ਏਕਤਾ, ਮੁੱਢ ਕਦੀਮੀ ਸ਼ਾਨਾਂ ਮੱਤੀ ਸਭਿਅਤਾ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਲਈ ਅਗਲੇ ਮੌਸਮ ਤੋਂ ਹਰ ਬੂਟੇ 'ਤੇ ਇੱਕੋ ਰੰਗ ਦੇ ਫੁੱਲ ਖਿੜਿਆ ਕਰਨਗੇ। ਸੋਚ ਕੇ ਦੇਖੋ ਕਿ ਦੂਰ ਤੱਕ ਇੱਕੋ ਰੰਗ ਦੇ ਖਿੜੇ ਹੋਏ ਫੁੱਲ ਕਿਹੋ ਜਿਹਾ ਨਜ਼ਾਰਾ ਪੇਸ਼ ਕਰਨਗੇ, ਜਿਨ੍ਹਾਂ ਨੂੰ ਕੋਈ ਦੋਖੀ ਹੀ ਮਾੜਾ ਕਹਿ ਸਕਦਾ ਹੈ। ਉਸ ਜਣੇ ਨੇ ਇਹ ਵੀ ਆਗਾਹ ਕੀਤਾ ਕਿ ਕੋਈ ਇਸ ਫੈਸਲੇ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਨਾ ਕਰੇ ਕਿਉਂਕਿ ਇਹ ਬਦਸ਼ਗਨੀ ਹੋਵੇਗੀ।

ਕਵੀ ਅਨੁਸਾਰ ਵਿਚੋਂ ਕਿਸੇ ਨੇ ਹੌਲੀ ਜਿਹੀ ਕਿਹਾ ਕਿ ਜੇ ਕੋਈ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਚੀਰ ਦਿੱਤਾ ਜਾਵੇਗਾ ਅਤੇ ਏਨਾ ਕਹਿਣ 'ਤੇ ਉਸ ਟੋਲੇ ਦੇ ਦੰਦ ਲਿਸ਼ਕੇ ਜਿਵੇਂ ਕਿਸੇ ਆਰੇ ਦੇ ਦੰਦੇ ਹੋਣ। ਇਸ ਫੈਸਲੇ ਨੂੰ ਜੰਗਲ ਖਾਮੋਸ਼ ਹੋ ਕੇ, ਬਿਲਕੁਲ ਅਹਿਲ ਹੋ ਕੇ ਬਿਨਾ ਕੋਈ ਪੱਤਾ ਹਿਲਾਇਆਂ ਬੜੀ ਦੇਰ ਤੱਕ ਸੁਣਦਾ ਰਿਹਾ, ਪਰ ਅਚਾਨਕ ਪਤਾ ਨਹੀਂ ਕੀ ਹੋ ਗਿਆ ਕਿ ਕੋਈ ਪੀਲਾ ਪੱਤਾ ਡਿਗਿਆ, ਫਿਰ ਹਰਾ ਪੱਤਾ ਹਿੱਲਿਆ, ਕੋਈ ਕਲੀ ਖਿੜ ਗਈ ਅਤੇ ਦੇਖਦੇ ਦੇਖਦੇ ਸਾਰਾ ਜੰਗਲ ਖਿੜ ਖਿੜਾ ਕੇ ਹੱਸ ਪਿਆ। ਇਸ ਹਾਸੇ ਵਿਚ ਹਰਾ, ਜਾਮਣੀ, ਪੀਲਾ, ਗੁਲਾਬੀ, ਧਾਨੀ, ਊਨਾਭੀ, ਸ਼ਰਬਤੀ, ਨੀਲਾ, ਫਿਰੋਜ਼ੀ, ਮੋਰਪੰਖੀ, ਮੋਤੀਆ, ਘੀਆਕਪੂਰੀ, ਸੰਦਲੀ, ਖਾਕੀ, ਕਪਾਹੀ ਅਨੇਕ ਕਿਸਮ ਦੇ ਰੰਗ ਸ਼ਾਮਲ ਹੋ ਗਏ ਅਤੇ ਏਨੇ ਰੰਗਾਂ ਨੂੰ ਦੇਖ ਕੇ ਬੰਦਿਆਂ ਦਾ ਟੋਲਾ ਇਨ੍ਹਾਂ ਰੰਗਾਂ ਨੂੰ ਗਿਣਦਾ ਗਿਣਦਾ ਥੱਕ ਗਿਆ।

ਟੋਲੇ ਨੂੰ ਥੱਕ ਗਿਆ ਦੇਖ ਕੇ ਦਰੱਖਤਾਂ ਦਾ ਹਰ ਝੁੰਡ ਹੱਸ ਪਿਆ ਅਤੇ ਇਸ ਹਾਸੇ ਵਿਚ ਏਨੇ ਰੰਗ ਸ਼ਾਮਲ ਹੋਏ ਦੇਖ ਕੇ ਬੰਦਿਆਂ ਦਾ ਉਹ ਟੋਲਾ ਵਿਚਾਰਾ ਜਿਹਾ ਹੋ ਕੇ ਡਰ ਗਿਆ ਅਤੇ ਆਖਰ ਟੋਲਾ ਵੀ ਹੱਸ ਪਿਆ। ਹੱਸਦੇ ਹੋਏ ਉਸ ਟੋਲੇ ਵਿਚ ਸ਼ਾਮਲ ਹਰ ਇੱਕ ਬੰਦੇ ਦੇ ਦੰਦਾਂ ਦਾ ਰੰਗ ਵੀ ਕਿਸੇ ਦੇ ਚਿੱਟੇ, ਜੰਗਾਲੇ ਹੋਏ ਤੇ ਕਿਸੇ ਦੇ ਕਰੇਜੀ ਆਦਿ ਵੱਖਰਾ ਸੀ; ਉਹ ਆਪ ਵੀ ਕੋਈ ਗੋਰਾ, ਸਾਂਵਲਾ, ਕਣਕਵੰਨਾ, ਬੱਗਾ, ਮੁਸ਼ਕੀ, ਤਾਂਬੇ ਰੰਗਾ ਜਾਂ ਸੰਧੂਰੀ ਸੀ ਅਤੇ ਵਾਲਾਂ ਦੇ ਰੰਗ ਵੀ ਵੱਖਰੇ ਵੱਖਰੇ ਕਾਲੇ, ਭੂਰੇ, ਧੌਲੇ, ਮਹਿੰਦੀ ਰੰਗੇ ਸਨ। ਇਸ ਤਰ੍ਹਾਂ ਫਿਰ ਇਸ ਹਾਸੇ ਵਿਚ ਕੇਸਰੀ, ਸਾਵਾ ਤੇ ਚਿੱਟਾ ਵੀ, ਪਰਮਾਤਮਾ ਦੇ ਰਚੇ ਸਾਰੇ ਕਾਇਨਾਤੀ ਰੰਗ ਸ਼ਾਮਲ ਹੋ ਗਏ। ਸ਼ਾਇਰ ਅਨੁਸਾਰ ਉਸ ਨੂੰ ਹਾਲੇ ਵੀ ਪਤਾ ਨਹੀਂ ਕਿ ਇਹ ਸੱਚ ਹੈ, ਭੁਲੇਖਾ ਹੈ, ਕੋਈ ਲੋਕਧਾਰਾ ਜਾਂ ਮਿੱਥ ਹੈ, ਕੋਈ ਬਾਲ ਕਵਿਤਾ ਹੈ ਜਾਂ ਫਿਰ ਕਿਸੇ ਸ਼ਾਇਰ ਦਾ ਐਵੇਂ ਸੁਪਨਾ ਹੈ।


ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਨੂੰ ਕਾਦਰ ਦੀ ਰਚਨਾ ਦੀ ਵੰਨ-ਸੁਵੰਨਤਾ ਨੂੰ ਸਮਝਣ ਅਤੇ ਅਪਨਾਉਣ ਲਈ ਪ੍ਰੇਰਿਆ ਗਿਆ ਹੈ। ਗੁਰੂ ਅਰਜਨ ਦੇਵ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1236 'ਤੇ ਦੱਸਦੇ ਹਨ ਕਿ ਉਸ ਕਾਦਰ ਨੇ ਬੇਅੰਤ ਪੁਰੀਆਂ ਅਤੇ ਖੰਡਾਂ ਦੀ ਰਚਨਾ ਕੀਤੀ ਹੈ। ਉਸ ਨੇ ਅਨੇਕ ਬ੍ਰਹਿਮੰਡਾਂ ਵਿਚ ਅਣਗਿਣਤ ਰੂਪਾਂ ਤੇ ਰੰਗਾਂ ਦੀ ਰਚਨਾ ਕੀਤੀ ਹੈ ਅਤੇ ਅਣਗਿਣਤ ਜੰਗਲ ਸਾਜ ਕੇ ਉਨ੍ਹਾਂ ਵਿਚ ਅਨੇਕ ਤਰ੍ਹਾਂ ਦੇ ਰੰਗਾਂ ਦੀ ਰਚਨਾ ਕੀਤੀ ਹੈ। ਉਹ ਆਪ ਹੀ ਸੂਖਮ ਰੂਪ ਹੈ ਅਤੇ ਆਪ ਹੀ ਸਥੂਲ ਰੂਪਾਂ ਵਿਚ ਰੂਪਮਾਨ ਹੈ। ਭਗਤ ਕਬੀਰ (ਪੰਨਾ 480) ਕਹਿੰਦੇ ਹਨ ਕਿ ਮਿੱਟੀ ਇੱਕੋ ਹੀ ਹੈ, ਜਿਸ ਨੇ ਤਰ੍ਹਾਂ-ਤਰ੍ਹਾਂ ਦੇ ਜੀਵਾਂ ਦੇ ਰੂਪ ਧਾਰੇ ਹੋਏ ਹਨ; ਉਨ੍ਹਾਂ ਸਭ ਰੂਪਾਂ ਵਿਚ ਮੈਂ ਇੱਕੋ ਪਰਮਾਤਮਾ ਨੂੰ ਦੇਖਦਾ ਹਾਂ।





# ਕਿੰਨਾ ਹੀ ਚਿਰ ਗੂੰਜਦਾ ਰਹੇਗਾ ਚੋਣਾਂ ਦਾ ਬੇਸੁਰਾ ਰੌਲਾ-ਗੌਲਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜਿਵੇਂ ਕੋਈ ਵਾਵਰੋਲਾ ਲੰਘ ਜਾਵੇ ਤਾਂ ਉਸ ਨਾਲ ਪਿਆ ਗੰਦ ਬਾਅਦ ਵਿਚ ਵੀ ਗਲੀਆਂ-ਬਾਜ਼ਾਰਾਂ ਵਿਚ ਦਿਖਾਈ ਦਿੰਦਾ ਹੈ, ਉਵੇਂ ਹੀ ਵਾਵਰੋਲੇ ਵਰਗੀ ਇਸ ਵਾਰ ਦੀ ਚੋਣ ਮੁਹਿੰਮ ਲੰਘ ਜਾਣ ਵੇਲੇ ਚੋਖਾ ਗੰਦ ਖਿਲਾਰ ਗਈ ਹੈ, ਜਿਸ ਨੇ ਕਈ ਦਿਨ ਚਰਚਾ ਦਾ ਵਿਸ਼ਾ ਬਣੇ ਰਹਿਣਾ ਹੈ। ਚੋਣ ਕਿਸੇ ਵੀ ਲੋਕਤੰਤਰ ਵਿਚ ਇੱਕ ਪਵਿੱਤਰ ਪ੍ਰਕ੍ਰਿਆ ਦੇ ਤੌਰ 'ਤੇ ਜਾਣੀ ਜਾਂਦੀ ਹੈ, ਪਰ ਅਸੀਂ



ਮਮਤਾ ਬੈਨਰਜੀ

ਜਿਹੋ ਜਿਹੇ ਲੋਕਤੰਤਰ ਵਿਚ ਵੱਸਦੇ ਹਾਂ, ਜਿੱਥੇ ਅਰਥਾਂ ਦੇ ਅਨਰਥ ਕਰਨ ਦਾ ਕੰਮ ਵੱਧ ਹੁੰਦਾ ਹੈ, ਉਸ ਵਿਚ ਲੋਕਤੰਤਰੀ ਪ੍ਰਕ੍ਰਿਆ ਵੀ ਓਸੇ ਵਰਗੀ ਹੁੰਦੀ ਹੈ। ਹਰ ਚੋਣ ਵੇਲੇ ਅਸੀਂ ਇਹ ਸੁਣ ਲੈਂਦੇ ਸਾਂ ਕਿ ਜੋ ਕੁਝ ਐਤਕੀਂ ਵਾਪਰਿਆ ਹੈ, ਅੱਗੇ ਕਦੇ ਵਾਪਰਿਆ ਨਹੀਂ ਸੀ, ਪਰ ਅਗਲੀ ਵਾਰੀ ਉਸ ਤੋਂ ਵੀ ਵੱਧ ਹੋਣ ਨਾਲ ਇਹੋ ਕੁਝ ਫਿਰ ਕਹਿਣਾ ਪੈ ਜਾਂਦਾ ਹੈ। ਭਾਰਤ ਦੀ ਹਰ ਕੋਈ ਸਰਕਾਰ ਕਹਿੰਦੀ ਰਹੀ ਹੈ ਕਿ ਦੇਸ਼ ਅੱਗੇ ਜਾ ਰਿਹਾ ਹੈ, ਪਰ ਦੇਸ਼ ਅੱਗੇ ਵਧੇ ਜਾਂ ਨਾ, ਲੋਕਤੰਤਰੀ ਪ੍ਰਕ੍ਰਿਆ ਦੇ ਦਾਗੀ ਹੋਣ ਦਾ ਅਮਲ ਹਰ ਵਾਰੀ ਅੱਗੇ ਵਧੀ ਜਾਂਦਾ ਹੈ।

ਲੋਕਤੰਤਰ ਦੇ ਅਕਸ ਨੂੰ ਦਾਗੀ ਹੋਣ ਤੋਂ ਬਚਾਉਣ ਦੇ ਜਿੰਨੇ ਕੁ ਪ੍ਰਬੰਧ ਕਿਸੇ ਵੀ ਹੋਰ ਦੇਸ਼ ਵਿਚ ਕੀਤੇ ਮਿਲਣਗੇ, ਓਨੇ ਹੀ ਜਾਂ ਸ਼ਾਇਦ ਉਸ ਤੋਂ ਵੱਧ ਕਰਨ ਦਾ ਦਾਅਵਾ ਭਾਰਤ ਵਿਚ ਵੀ ਕੀਤਾ ਜਾਂਦਾ ਹੈ। ਜਿੰਨੇ ਮਰਜ਼ੀ ਪ੍ਰਬੰਧ ਹੁੰਦੇ ਜਾਣ, ਅਮਲ ਵਿਚ ਲਾਗੂ ਕਰਨ ਦਾ ਕੰਮ ਤਾਂ ਉਨ੍ਹਾਂ ਇਨਸਾਨਾਂ ਨੇ ਕਰਨਾ ਹੁੰਦਾ ਹੈ, ਜੋ ਅਮਲ ਕਰਨ ਵੇਲੇ ਹਾਕਮਾਂ ਦੇ ਦਾਬੇ ਅੱਗੇ ਜਾਂ ਫਿਰ ਇਹ ਅਹੁਦਾ ਦਿਵਾਉਣ ਵਾਲਿਆਂ ਦੇ ਅਹਿਸਾਨ ਅੱਗੇ ਝੁਕੇ ਹੋਏ ਹੁੰਦੇ ਹਨ। ਇਸ ਵਕਤ ਦਾ ਚੋਣ ਕਮਿਸ਼ਨ ਇਸ ਦੀ ਸਭ ਤੋਂ ਉਘੀ ਮਿਸਾਲ ਸਾਬਤ ਹੋ ਗਿਆ ਹੈ। ਉਸ ਕੋਲ ਸ਼ਿਕਾਇਤਾਂ ਜਾਂਦੀਆਂ ਸਨ ਤੇ ਕੋਈ ਕਾਰਵਾਈ ਹੀ ਨਹੀਂ ਸੀ ਕਰਦਾ ਅਤੇ ਜਦੋਂ ਸੁਪਰੀਮ ਕੋਰਟ ਨੇ ਝਿੜਕ ਮਾਰੀ ਤਾਂ ਇਦਾਂ ਦੀ ਕਾਰਵਾਈ ਕਰਨ ਦੇ ਰਾਹ ਪੈ ਗਿਆ ਕਿ ਦੇਸ਼ ਦੀ ਵਾਗਡੋਰ ਸੰਭਾਲਣ ਵਾਲੀ ਪਾਰਟੀ ਦਾ ਇੱਕ ਅੱਡਾ ਜਾਪਣ ਲੱਗ ਪਿਆ ਸੀ। ਆਖਰੀ ਇੱਕ ਹਫਤਾ ਉਸ ਦੇ ਅਮਲਾਂ ਨੇ ਚੋਣ ਕਮਿਸ਼ਨ ਦੀ ਇੱਕ ਪਾਰਟੀ ਦੇ ਹੱਕ ਵਿਚ ਦੁਰਵਰਤੋਂ ਦਾ ਕੋਈ ਰਿਕਾਰਡ ਹੀ ਬਣਾ ਦੇਣਾ ਜਾਪਦਾ ਸੀ।

ਦੂਜਾ ਪੱਖ ਸਰਕਾਰੀ ਮਸ਼ੀਨਰੀ ਦਾ ਹੈ, ਜਿਸ ਨੂੰ ਹਰ ਪਾਰਟੀ ਨੇ ਆਪੋ ਆਪਣੇ ਰਾਜ ਵਿਚ ਹਮੇਸ਼ਾ ਵਰਤਣ ਦਾ ਦਾਅ ਵਰਤਿਆ ਹੈ, ਪਰ ਇਸ ਵਾਰੀ ਇਹ ਕੰਮ ਵੀ ਸਿਖਰਾਂ ਛੋਹ ਗਿਆ। ਆਖਰੀ ਹਫਤੇ ਵਿਚ ਇਸ ਦੀ ਅਸਲੀ ਵੰਨਗੀ ਪੱਛਮੀ ਬੰਗਾਲ ਵਿਚ ਵੇਖਣ ਨੂੰ ਮਿਲੀ। ਇੱਕ ਪਾਸੇ ਕੇਂਦਰ ਦੀਆਂ ਏਜੰਸੀਆਂ ਭਾਜਪਾ ਨੂੰ ਜਿਤਾਉਣ ਲਈ ਸਰਗਰਮੀ ਫੜ ਤੁਰੀਆਂ ਅਤੇ ਦੂਜੇ ਪਾਸੇ ਪੱਛਮੀ ਬੰਗਾਲ ਦੇ ਸਰਕਾਰੀ ਅਫਸਰਾਂ ਦਾ ਇੱਕ ਵੱਡਾ ਹਿੱਸਾ ਬੀਬੀ ਮਮਤਾ ਬੈਨਰਜੀ ਦੇ ਦਾਬੇ ਹੇਠ ਕਾਨੂੰਨ ਨੂੰ ਪੈਰਾਂ ਹੇਠ ਰੋਲਣ ਤੱਕ ਪਹੁੰਚ ਗਿਆ। ਦੁਵੱਲੀ ਲੜਾਈ ਨੇ ਨੁਕਸਾਨ ਲੋਕਾਂ ਦਾ ਕੀਤਾ। ਸਤਿਕਾਰ ਦੇ ਪ੍ਰਤੀਕ ਵਿਦਿਆਸਾਗਰ ਵਰਗੇ ਮਹਾਨ ਇਨਸਾਨ ਦੀ ਮੂਰਤੀ ਵੀ ਇਸੇ ਖੇਡ ਵਿਚ ਤੋੜੀ ਗਈ।

ਚੋਣਾਂ ਬਹੁਤ ਵਾਰੀ ਆਈਆਂ ਹਨ ਤੇ ਬਹੁਤ ਵਾਰੀ ਫੇਰ ਵੀ ਆਉਣਗੀਆਂ, ਪਰ ਜਿੰਨਾ ਨੁਕਸਾਨ ਸੱਭਿਆਚਾਰਕ ਵਿਰਾਸਤ ਤੇ ਭਾਈਚਾਰਕ ਸਾਂਝ ਨੂੰ ਤਰੇੜਾਂ ਦੇ ਪੱਖ ਤੋਂ ਹੋ ਗਿਆ ਹੈ, ਉਸ ਨੂੰ ਮਿਣਿਆ ਵੀ ਨਹੀਂ ਜਾ ਸਕਦਾ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਦੀ ਚਿੰਤਾ ਨਾ ਉਥੇ ਰਾਜ ਕਰਦੀ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੂੰ ਹੈ ਅਤੇ ਨਾ ਭਾਜਪਾ ਆਗੂਆਂ ਨੂੰ। ਸਿਖਰਲੇ ਹਕੂਮਤੀ ਤਖਤ ਵੱਲ ਦੌੜ ਵਿਚ ਇਨ੍ਹਾਂ ਦੋਹਾਂ ਧਿਰਾਂ ਦੇ ਆਗੂਆਂ ਨੂੰ ਹੋਰ ਕਿਸੇ ਗੱਲ ਬਾਰੇ ਚਿੰਤਾ ਹੀ ਨਹੀਂ ਸੀ।

ਤੀਜਾ ਪੱਖ ਇਸ ਚੋਣ ਵਿਚ ਹੱਦੋਂ ਵੱਧ ਨੀਵੀਂ ਸ਼ਬਦਾਵਲੀ ਦੀ ਵਰਤੋਂ ਕਰਨ ਦਾ ਸੀ। ਕਈ ਵਾਰੀ ਭਾਸ਼ਣਾਂ ਵਿਚ ਗਾਲ੍ਹਾਂ ਵਰਗੀ ਬੋਲੀ ਵਰਤੀ ਜਾਂਦੀ ਸੀ ਤੇ ਕੁਝ ਥਾਂਈਂ ਸਿੱਧੀ ਗਾਲ੍ਹ ਵੀ ਕੱਢ ਦੇਣ ਦੀ ਖਬਰ ਆਈ ਸੀ। ਇੱਕ ਆਗੂ ਏਸੇ ਰੌਂਅ ਵਿਚ ਦੂਜੀ ਪਾਰਟੀ ਦੇ ਆਗੂ ਨੂੰ ਮਾਂ ਦੀ ਗੰਦੀ ਗਾਲ੍ਹ ਕੱਢ ਗਿਆ ਤੇ ਫਿਰ ਇਹ ਕਹਿਣ ਲੱਗ ਪਿਆ ਕਿ ਮੈਂ ਵਿਰੋਧੀ ਧਿਰ ਦੇ ਆਗੂ ਬਾਰੇ ਕਿਸੇ ਵੱਲੋਂ ਆਇਆ ਮੈਸੇਜ ਪੜ੍ਹ ਰਿਹਾ ਸਾਂ, ਗਾਲ੍ਹ ਉਸ ਵਿਚ ਲਿਖੀ ਹੋਣ ਕਾਰਨ ਪੜ੍ਹੀ ਗਈ ਹੈ ਤੇ ਮੇਰਾ ਇਸ ਵਿਚ ਕੋਈ ਕਸੂਰ ਨਹੀਂ।

ਹੇਠਲਿਆਂ ਦੀ ਗੱਲ ਕੀ ਕਰਨੀ, ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਦੋਂ ਬਹੁਜਨ ਸਮਾਜ ਪਾਰਟੀ ਦੀ ਮੁਖੀ ਬੀਬੀ ਮਾਇਆਵਤੀ ਨੂੰ ਕੋਈ ਭੱਦੀ ਗੱਲ ਕਹੀ ਤਾਂ ਅੱਗੋਂ ਬੀਬੀ ਨੇ ਵੀ ਕਹਿ ਦਿੱਤਾ ਕਿ ਪਹਿਲਾਂ ਨਰਿੰਦਰ ਮੋਦੀ ਆਪਣੀ ਪਤਨੀ ਨੂੰ ਇਨਸਾਫ ਦੇਵੇ, ਜਿਸ ਨੂੰ ਵਿਆਹ ਕੇ ਪੰਜਾਹ ਸਾਲਾਂ ਤੋਂ ਛੱਡ ਰੱਖਿਆ ਹੈ ਅਤੇ ਭਾਜਪਾ ਲੀਡਰਾਂ ਦੀਆਂ ਪਤਨੀਆਂ ਡਰਦੀਆਂ ਹਨ ਕਿ ਸਾਨੂੰ ਵੀ ਸਾਡੇ ਪਤੀਆਂ ਤੋਂ ਛੁਡਵਾ ਨਾ ਦੇਵੇ। ਇਸ ਸੱਟ ਪਿੱਛੋਂ ਉਹ ਖੁਦ ਤਾਂ ਨਹੀਂ ਬੋਲਿਆ, ਪਰ ਉਸ ਦੀ ਸਰਕਾਰ ਵਿਚਲੇ ਮਹਾਰਾਸ਼ਟਰ ਦੇ ਇੱਕ ਭਾਈਵਾਲ ਪਾਰਟੀ ਵਾਲੇ ਦਲਿਤ ਆਗੂ ਨੇ ਇਹ ਚੋਟ ਕਰ ਦਿੱਤੀ ਕਿ ਮਾਇਆਵਤੀ ਨੇ ਵਿਆਹ ਨਹੀਂ ਕਰਵਾਇਆ, ਵਿਆਹੀ ਹੁੰਦੀ ਤਾਂ ਉਸ ਨੂੰ ਪਰਿਵਾਰਕ ਜ਼ਿੰਦਗੀ ਦਾ ਪਤਾ ਹੁੰਦਾ ਤੇ ਲੋਕਾਂ ਦੇ ਦੁੱਖਾਂ ਨੂੰ ਜਾਣ ਸਕਦੀ। ਇਹ ਦੋਵੇਂ ਪਾਸੇ ਸਿਰੇ ਦੇ



ਮਾਇਆਵਤੀ

ਭੱਦੇਪਣ ਦੀ ਹੱਦ ਸੀ।

ਬਹੁਤ ਸਾਲ ਪਹਿਲਾਂ ਜਦੋਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸੀ ਤੇ ਉਸ ਵਕਤ ਮਾਇਆਵਤੀ ਬਾਰੇ ਏਦਾਂ ਦੀ ਕੁਝ ਭੱਦੀ ਗੱਲ ਕਹੀ ਗਈ ਸੀ ਤਾਂ ਉਸ ਨੇ ਜਵਾਬ ਵਿਚ ਵਾਜਪਾਈ ਦੀ ਗੋਦ ਲਈ ਧੀ ਅਤੇ ਜਵਾਈ ਬਾਰੇ ਪਾਰਲੀਮੈਂਟ ਵਿਚ ਕਿਹਾ ਸੀ ਕਿ ਇੱਕ ਆਗੂ ਦੇ ਘਰ ਧੀ ਤਾਂ ਜੰਮੀ ਨਹੀਂ ਤੇ ਜਵਾਈ ਤੁਰੇ ਫਿਰਦੇ ਹਨ। ਵਾਜਪਾਈ ਸਾਹਿਬ ਕਈ ਦਿਨ ਪਾਰਲੀਮੈਂਟ ਵਿਚ ਨਹੀਂ ਸਨ ਗਏ। ਫਿਰ ਇੱਕ ਹੋਰ ਆਗੂ ਨੇ ਇਹ ਕਿਹਾ ਸੀ ਕਿ ਰਾਹੁਲ ਗਾਂਧੀ ਕੁਆਰੇ ਹੋਣ ਕਾਰਨ ਲੋਕ ਪੁੱਛਦੇ ਹਨ ਕਿ ਉਹ ਵਿਆਹ ਕਦੋਂ ਕਰਵਾਉਣਗੇ ਤੇ ਨਾਲ ਭੱਦਾ ਇਸ਼ਾਰਾ ਕਰ ਦਿੱਤਾ ਤਾਂ ਕਿਸੇ ਹੋਰ ਨੇ ਜਵਾਬੀ ਮਿਹਣਾ ਮਾਰ ਦਿੱਤਾ ਸੀ ਕਿ ਵਾਜਪਾਈ ਸਾਹਿਬ ਸਾਰੀ ਉਮਰ ਦੇ ਕੁਆਰੇ ਹੋਣ ਕਰ ਕੇ ਤਿੰਨ ਲੀਡਰ ਬੀਬੀਆਂ ਇਨ੍ਹਾਂ ਦੀ ਸਰਕਾਰ ਨੂੰ ਨਹੀਂ ਚੱਲਣ ਦਿੰਦੀਆਂ। ਇਹ ਭਾਰਤ ਦੇ ਲੋਕਤੰਤਰ ਦਾ ਭੱਦਾ ਨਮੂਨਾ ਸੀ। ਇਸ ਵਾਰੀ ਦੀ ਪਾਰਲੀਮੈਂਟ ਚੋਣ ਨੇ ਇਸ ਭੱਦੇਪਣ ਨੂੰ ਬਹੁਤ ਜ਼ਿਆਦਾ ਅੱਗੇ ਪਹੁੰਚਾਉਣ ਦਾ ਕੰਮ ਕੀਤਾ ਹੈ, ਜਿਸ ਤੋਂ ਲੋਕ ਦੁਖੀ ਹੋਏ ਪਏ ਹਨ।

ਲੋਕ ਇਸ ਕਾਰਨ ਵੀ ਦੁਖੀ ਹਨ ਕਿ ਇੱਕ ਪਾਰਟੀ ਨੇ ਅਜਿਹੇ ਲੋਕ ਅੱਗੇ ਕੀਤੇ ਸਨ, ਜਿਨ੍ਹਾਂ ਨੇ ਬਾਕੀਆਂ ਉਤੇ ਚੋਟਾਂ ਕਰਨ ਦੇ ਬਾਅਦ ਉਸ ਮਹਾਤਮਾ ਗਾਂਧੀ ਨੂੰ ਵੀ ਨਿਸ਼ਾਨਾ ਬਣਾ ਲਿਆ ਹੈ, ਜਿਸ ਨੂੰ ਭਾਰਤ ਦੀ ਹਰ ਸਰਕਾਰ ਦੁਨੀਆਂ ਵਿਚ 'ਰਾਸ਼ਟਰ ਪਿਤਾ' ਕਹਿ ਕੇ ਪੇਸ਼ ਕਰਦੀ ਰਹੀ ਹੈ। ਕਾਂਗਰਸ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਰਾਜ ਦੌਰਾਨ ਸ਼ੰਕਰ ਸਿੰਘ ਵਘੇਲਾ ਦੀ ਭਾਜਪਾ ਸਰਕਾਰ ਜਦੋਂ ਗੁਜਰਾਤ ਵਿਚ ਤੋੜੀ ਗਈ ਸੀ ਤਾਂ ਭਾਜਪਾ ਆਗੂਆਂ ਨੇ ਮਹਾਤਮਾ ਗਾਂਧੀ ਦੀ ਮੂਰਤੀ ਹੇਠਾਂ ਪਹਿਲੀ ਵਾਰੀ ਧਰਨਾ ਮਾਰਿਆ ਸੀ ਤੇ ਚਰਚਾ ਹੋਈ ਸੀ ਕਿ ਕੰਮ ਨਰਸਿਮਹਾ ਰਾਓ ਨੇ ਗਲਤ ਕੀਤਾ ਸੀ, ਪਰ ਇਸੇ ਬਹਾਨੇ ਭਾਜਪਾ ਨੂੰ ਗਾਂਧੀ ਦੀ ਸ਼ਰਨ ਲੈ ਆਂਦਾ ਸੀ। ਉਦੋਂ ਬਾਅਦ ਹੌਲੀ-ਹੌਲੀ ਭਾਜਪਾ ਆਗੂਆਂ ਨੇ ਗਾਂਧੀ-ਭਗਤ ਹੋਣ ਦਾ ਦਿਖਾਵਾ ਅਰੰਭ ਕਰ ਦਿੱਤਾ, ਪਰ ਵਿਚੋਂ ਉਹ ਉਸੇ ਸੋਚ ਉਤੇ ਚੱਲਦੇ ਰਹੇ ਸਨ। ਇਸੇ ਲਈ ਚਾਰ ਸਾਲ ਪਹਿਲਾਂ ਨਰਿੰਦਰ ਮੋਦੀ ਦੀ ਸਰਕਾਰ ਬਣਨ ਦੇ ਬਾਅਦ ਉਨ੍ਹਾਂ ਦੇ ਕਈ ਲੋਕਾਂ ਨੇ ਗਾਂਧੀ-ਵਿਰੋਧ ਤੋਂ ਸ਼ੁਰੂ ਕਰ ਕੇ ਗਾਂਧੀ ਜੀ ਦੇ ਚਾਲ ਚਲਨ ਖਿਲਾਫ ਕਿੱਸੇ-ਕਹਾਣੀਆਂ ਪੇਸ਼ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਸੀ।

ਤਾਜ਼ਾ ਚੋਣ ਵਿਚ ਇਸ ਪਾਰਟੀ ਦੇ ਆਗੂਆਂ ਨੇ ਮਹਾਤਮਾ ਗਾਂਧੀ ਦੇ ਖਿਲਾਫ ਪ੍ਰਚਾਰ ਨਰਮ ਹਮਲਾਵਰੀ ਤੋਂ ਸ਼ੁਰੂ ਕੀਤਾ ਅਤੇ ਮੱਧ ਪ੍ਰਦੇਸ਼ ਭਾਜਪਾ ਦੇ ਮੀਡੀਆ ਇੰਚਾਰਜ ਨੇ ਇਹ ਕਹਿ ਕੇ ਸਿਖਰ ਕਰ ਦਿੱਤੀ ਕਿ ਗਾਂਧੀ ਭਾਰਤ ਦਾ ਨਹੀਂ, 'ਪਾਕਿਸਤਾਨ ਦਾ ਰਾਸ਼ਟਰ ਪਿਤਾ' ਸੀ। ਪਾਰਟੀ ਨੇ ਉਸ ਨੂੰ ਚੋਣ ਚੱਲਦੀ ਹੋਣ ਕਰ ਕੇ ਝਿੜਕ ਮਾਰੀ, ਸਸਪੈਂਡ ਕੀਤਾ, ਪਰ ਪਾਰਟੀ ਤੋਂ ਨਹੀਂ ਸੀ ਕੱਢਿਆ, ਕਿਉਂਕਿ ਸੋਚ ਵੱਲੋਂ ਪਾਰਟੀ ਤੋਂ ਵੱਖਰੀ ਗੱਲ ਉਸ ਨੇ ਕੀਤੀ ਹੀ ਨਹੀਂ ਸੀ। ਵਕਤੀ ਤੌਰ 'ਤੇ ਸਸਪੈਂਡ ਕਰ ਕੇ ਫਿਰ ਵਾਪਸ ਲੈ ਲੈਣਗੇ।

ਇਸ ਤਰ੍ਹਾਂ ਦਾ ਕਈ ਕੁਝ ਪੇਸ਼ ਕਰ ਕੇ ਇਹ ਚੋਣ ਲੰਘ ਗਈ ਹੈ। ਜੰਗਲੀਂ ਘੁੰਮਣ ਵਾਲੇ ਇੱਕ ਵਾਤਾਵਰਣ ਪ੍ਰੇਮੀ ਨੇ ਇੱਕ ਦਿਨ ਦੱਸਿਆ ਸੀ ਕਿ ਮੋਟਰ ਸਾਈਕਲ ਨੂੰ ਪੂਰੀ ਰੇਸ ਦੇਣ ਪਿੱਛੋਂ ਉਜਾੜ ਅਤੇ ਸ਼ਾਂਤ ਜਗ੍ਹਾ ਵਿਚ ਅਚਾਨਕ ਬੰਦ ਕਰ ਦੇਈਏ ਤਾਂ ਕਈ ਪਲ ਬਾਅਦ ਤੱਕ ਉਸ ਦੀ ਆਵਾਜ਼ ਗੂੰਜਦੀ ਸੁਣੀ ਜਾਂਦੀ ਹੈ। ਭਾਰਤ ਕਿਸੇ ਸ਼ਾਂਤ ਜੰਗਲ ਵਾਂਗ ਤਾਂ ਨਹੀਂ, ਪਰ ਮਾਹੌਲ ਸ਼ਾਂਤੀ ਵਾਲਾ ਹੀ ਹੁੰਦਾ ਸੀ ਤੇ ਕੁਝ ਹੱਦ ਤੱਕ ਅਜੇ ਵੀ ਸ਼ਾਂਤ ਕਿਹਾ ਜਾ ਸਕਦਾ ਹੈ।



ਨਰਸਿਮਹਾ ਰਾਓ

ਇਸ ਵਾਰੀ ਚੋਣ ਜਿੰਦਾਂ ਦਾ ਧਮੱਚੜ ਪਾਉਂਦੀ ਗਈ ਹੈ, ਇਸ ਦੇ ਰੌਲੇ ਵਿਚ 23 ਮਈ ਦੇ ਚੋਣ ਨਤੀਜੇ ਨਾਲ ਅਚਾਨਕ ਬਰੇਕ ਲੱਗਣ ਦੇ ਬਾਅਦ ਇਹ ਰੌਲਾ ਅਗਲਾ ਚੋਖਾ ਚਿਰ ਸਾਡੇ ਕੰਨਾਂ ਵਿਚ ਗੂੰਜਦਾ ਰਹੇਗਾ। ਚੋਣਾਂ ਪਿੱਛੋਂ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਇਸ ਗੱਲ ਦੀ ਚਰਚਾ ਸੁਣਨ ਨੂੰ ਬੜਾ ਚਿਰ ਮਿਲ ਸਕਦੀ ਹੈ ਕਿ ਚੋਣ ਹੀ ਹੋਣੀ ਹੋਵੇ ਤਾਂ ਭਾਰਤ ਦੀ ਇਸ ਵਾਰ ਦੀ ਚੋਣ ਵਰਗੀ 'ਦਮਦਾਰ' ਹੋਣੀ ਚਾਹੀਦੀ ਹੈ, ਨਹੀਂ ਤਾਂ ਕਰਾਉਣ ਦਾ ਫਾਇਦਾ ਵੀ ਕੀ ਹੈ!

## ਜੰਗਲ ਵਿਚ

ਇਹ ਪਤਾ ਨਈਂ ਸੱਚ ਹੈ
ਜਾਂ ਭੁਲੇਖਾ ਮੇਰੀ ਨਜ਼ਰ ਦਾ
ਕਿ ਹਵਾ ਵਿਚ ਝੰਡੇ ਝੁਲਾਉਂਦਾ
ਬੰਦਿਆਂ ਦਾ ਇਕ ਟੋਲਾ
ਕੱਲ੍ਹ ਮੈਂ ਜੰਗਲ 'ਚ ਆਉਂਦਾ ਦੇਖਿਆ

ਉਨ੍ਹਾਂ 'ਚੋਂ ਇਕ ਕਹਿਣ ਲੱਗਾ:
ਹੇ ਦਰਖਤੋ
ਨੇਕ ਬਖਤੋ
ਇਹ ਅਸਾਡੀ ਅਰਜ਼ ਹੈ
ਕਿ ਏਕਤਾ ਦੇ ਵਾਸਤੇ
ਮੁੱਢ ਕਦੀਮੀ ਸ਼ਾਨਾਂ ਮੱਤੀ
ਸੱਭਿਅਤਾ ਦੀ ਸ਼ੁੱਧਤਾ ਦੇ ਨਾਮ 'ਤੇ
ਇਹ ਅਸਾਡੀ ਰੀਝ ਹੈ
ਤੇ ਅਸਾਡਾ ਫੈਸਲਾ
ਕਿ ਅਗਲੇ ਮੌਸਮ ਤੋਂ
ਹਰ ਇਕ ਬੂਟੇ ਦੇ ਉਤੇ
ਇੱਕੋ ਰੰਗ ਦੇ ਫੁੱਲ ਖਿੜਿਆ ਕਰਨਗੇ।

ਸੋਚ ਕੇ ਦੇਖੋ ਜ਼ਰਾ
ਦੂਰ ਤੀਕਰ
ਇੱਕੋ ਰੰਗ ਦੇ ਫੁੱਲ

ਉਹ ਕੇਹਾ ਅਦਭੁਤ ਨਜ਼ਾਰਾ ਹੋਏਗਾ
ਉਸ ਨਜ਼ਾਰੇ ਨੂੰ ਕੋਈ
ਦੇਖੀ ਹੀ ਮਾੜਾ ਕਹੇਗਾ।

ਦੇਖਣਾ ਕੋਈ ਉਲੰਘਣਾ ਨਾ ਕਰੇ
ਦੇਖਣਾ ਕੋਈ ਬਗ਼ਾਵਤ ਨਾ ਕਰੇ

ਤੇ ਕਿਸੇ ਨੇ ਟੋਲੇ ਵਿਚੋਂ
ਹੌਲੀ ਜਿਹੀ ਆਖਿਆ:
ਜੋ ਕਰੇਗਾ ਚੀਰ ਦਿੱਤਾ ਜਾਏਗਾ
ਦੰਦ ਲਿਸ਼ਕੇ ਉਨ੍ਹਾਂ ਦੇ
ਜਿਉਂ ਕਿਸੇ ਆਰੇ ਦੇ ਦੰਦੇ।

ਬਹੁਤ ਚਿਰ ਸੁਣਦਾ ਰਿਹਾ
ਜੰਗਲ ਖਾਮੋਸ਼
ਜੜ੍ਹਾਂ ਤੱਕ ਗਹਿਰਾ ਖਾਮੋਸ਼
ਪੱਤਾ ਵੀ ਨਾ ਹਿੱਲਿਆ
ਪਰ ਅਚਾਨਕ ਪਤਾ ਨਈਂ ਕੀ ਹੋ ਗਿਆ
ਕੋਈ ਪੀਲਾ ਪੱਤਾ ਡਿੱਗਿਆ
ਸਾਵਾ ਕੋਈ ਥਿਰਕਿਆ
ਜਾਂ ਫੁੱਟ ਪਈ ਕੋਈ ਕਲੀ
ਕਿ ਸਾਰਾ ਜੰਗਲ ਖਿੜਖਿੜਾ ਕੇ ਹੱਸ ਪਿਆ
ਹਰਾ ਹਾਸਾ
ਹਰਾ ਹਾਸਾ ਜੰਗਲਾਂ
ਜਾਮਣੀ, ਪੀਲਾ, ਗੁਲਾਬੀ
ਅਹੁ ਪਰ੍ਹੇ ਧਾਨੀ ਉਨਾਬੀ
ਸ਼ਰਬਤੀ, ਨੀਲਾ, ਫਿਰੋਜ਼ੀ
ਮੋਰਪੰਖੀ, ਗੁਲਨਾਰੀ
ਮੋਤੀਆ, ਘੀਆ ਕਪੂਰੀ,
ਸੰਦਲੀ, ਖਾਕੀ, ਕਪਾਹੀ।

ਏਨਿਆਂ ਰੰਗਾਂ ਦਾ ਹਾਸਾ ਦੇਖ ਕੇ
ਬੰਦਿਆਂ ਦਾ ਟੋਲਾ ਤਾਂ
ਬੱਸ ਦੇਖਦਾ ਹੀ ਰਹਿ ਗਿਆ

ਏਨਿਆਂ ਰੰਗਾਂ ਦਾ ਹਾਸਾ
ਬੰਦਿਆਂ ਦਾ ਟੋਲਾ ਤਾਂ ਬੱਸ
ਗਿਣਦਾ ਗਿਣਦਾ ਥੱਕ ਗਿਆ

ਗਿਣਦਾ ਗਿਣਦਾ ਥੱਕ ਗਿਆ
ਤਾਂ ਹੋਰ ਇਕ ਝੁੰਡ ਹੱਸ ਪਿਆ
ਮੂੰਗੀਆ ਹਾਸਾ
ਰਸੌਂਤੀ, ਮੌਲਾਗੀਰੀ, ਰੱਤਣਾ ਤੇ ਕਾਸ਼ਣੀ
ਏਨਿਆਂ ਰੰਗਾਂ ਦਾ ਹਾਸਾ ਦੇਖ ਕੇ
ਟੋਲਾ ਵਿਚਾਰਾ ਡਰ ਗਿਆ
ਆਸੇ ਪਾਸੇ ਦੇਖਿਆ
ਹੱਸਦਿਆਂ ਰੰਗਾਂ ਦਾ ਇਕ ਅਦਭੁਤ ਨਜ਼ਾਰਾ
ਅਸਮਾਨੀ, ਆਬਨੂਸੀ,
ਮਹਿੰਦੀ ਰੰਗਾ, ਪਾਣੀ ਪੱਤਾ।

ਏਨਿਆਂ ਰੰਗਾਂ ਦਾ ਹਾਸਾ ਦੇਖ ਕੇ
ਹਾਰ ਕੇ ਟੋਲਾ ਵੀ ਆਖਰ ਹੱਸ ਪਿਆ
ਦੰਦ ਕਿਸੇ ਦੇ ਮੋਤੀਆ, ਚਿੱਟੇ,
ਕਰੇਜੀ ਤੇ ਜੰਗਾਰੀ ਕਿਸੇ ਦੇ
ਰੰਗ ਕਿਸੇ ਦਾ ਸਾਂਵਲਾ, ਗੋਰਾ, ਸੰਧੂਰੀ
ਕਣਕਵੰਨਾ, ਬੱਗਾ, ਮੁਸ਼ਕੀ, ਤਾਂਬਈ
ਵਾਲ ਕਾਲੇ, ਭੂਰੇ, ਧੌਲੇ
ਮਹਿੰਦੀ ਰੰਗੇ ਕਿਸੇ ਦੇ।

ਕੇਸਰੀ, ਸਾਵਾ ਤੇ ਚਿੱਟਾ ਰੰਗ ਵੀ
ਇਸ ਮਹਾ ਹਾਸੇ 'ਚ ਸ਼ਾਮਲ ਹੋ ਗਏ
ਸਾਰੇ ਰੰਗ ਪਰਮਾਤਮਾ ਦੇ
ਕਾਇਨਾਤੀ ਆਤਮਾ ਦੇ
ਇਸ ਮਹਾ ਹਾਸੇ 'ਚ ਸ਼ਾਮਲ ਹੋ ਗਏ।

ਇਹ ਪਤਾ ਨਈਂ ਸੱਚ ਹੈ
ਜਾਂ ਭੁਲੇਖਾ ਮੇਰੀ ਨਜ਼ਰ ਦਾ
ਫੈਂਟਸੀ ਹੈ
ਲੋਕਧਾਰਾਈ ਕਥਾ ਹੈ
ਮਿੱਥ ਹੈ ਜਾਂ ਬਾਲ ਕਵਿਤਾ
ਜਾਂ ਕਿਸੇ ਪਾਗਲ ਜਿਹੇ ਸ਼ਾਇਰ ਦਾ
ਐਵੇਂ ਖੁਆਬ ਹੈ।

-ਸੁਰਜੀਤ ਪਾਤਰ
ਫੋਨ: 91-98145-04272

## ਨਯਾ ਹੁਕਮਨਾਮਾ

ਕਿਸੀ ਕਾ ਹੁਕਮ ਹੈ ਸਾਰੀ ਹਵਾਏਂ
ਹਮੇਸ਼ਾ ਚਲਨੇ ਸੇ ਪਹਿਲੇ ਬਤਾਏਂ
ਕਿ ਇਨਕੀ ਸੰਮਤ ਕਯਾ ਹੈ।
ਹਵਾਓਂ ਕੋ ਬਤਾਨਾ ਯੇ ਭੀ ਹੋਗਾ,
ਚਲੇਂਗੀ ਜਬ ਤੋ ਕਯਾ ਰਫਤਾਰ ਹੋਗੀ,
ਕਿ ਆਂਧੀ ਕੀ ਇਜਾਜ਼ਤ ਅਬ ਨਹੀਂ ਹੈ।
ਹਮਾਰੀ ਰੇਤ ਕੀ ਸਬ ਯੇ ਫਾਸੀਲੇਂ,
ਯੇ ਕਾਗਜ਼ ਕੇ ਮਹਿਲ ਜੋ ਬਨ ਰਹੇ ਹੈਂ,
ਹਿਫਾਜ਼ਤ ਇਨਕੀ ਕਰਨਾ ਹੈ ਜ਼ਰੂਰੀ।
ਔਰ ਆਂਧੀ ਹੈ ਪੁਰਾਨੀ ਇਨਕੀ ਦੁਸ਼ਮਨ,
ਯੇ ਸਭੀ ਜਾਨਤੇ ਹੈਂ।

ਕਿਸੀ ਕਾ ਹੁਕਮ ਹੈ ਦਰਿਯਾ ਕੀ ਲਹਿਰੇਂ,
ਜ਼ਰਾ ਯੇ ਸਰਕਸ਼ੀ ਕਮ ਕਰ ਲੇਂ ਅਪਨੀ,
ਹਦ ਮੇਂ ਠਹਿਰੇਂ।
ਉਭਰਨਾ, ਫਿਰ ਬਿਖਰਨਾ,
ਔਰ ਬਿਖਰ ਕਰ ਫਿਰ ਉਭਰਨਾ,
ਗਲਤ ਹੈ ਉਨ ਕਾ ਯੇ ਹੰਗਾਮਾ ਕਰਨਾ।
ਯੇ ਸਬ ਹੈ ਸਿਰਫ ਵਹਿਸ਼ਤ ਕੀ ਅਲਾਮਤ,
ਬਗਾਵਤ ਕੀ ਅਲਾਮਤ।
ਬਗਾਵਤ ਤੋ ਨਹੀਂ ਬਰਦਾਸ਼ਤ ਹੋਗੀ,
ਯੇ ਵਹਿਸ਼ਤ ਤੋ ਨਹੀਂ ਬਰਦਾਸ਼ਤ ਹੋਗੀ।
ਅਗਰ ਲਹਿਰੋਂ ਕੋ ਹੈ ਦਰਿਯਾ ਮੇਂ ਰਹਿਨਾ,
ਤੋ ਉਨ ਕੋ ਹੋਗਾ ਅਬ ਚੁਪਚਾਪ ਬਹਿਨਾ।

ਕਿਸੀ ਕਾ ਹੁਕਮ ਹੈ ਇਸ ਗੁਲਿਸਤਾਂ ਮੇਂ,
ਬਸ ਅਬ ਏਕ ਰੰਗ ਕੇ ਹੀ ਫੂਲ ਹੋਂਗੇ,
ਕੁਛ ਅਫਸਰ ਹੋਂਗੇ ਜੋ ਯੇ ਤੈਅ ਕਰੇਂਗੇ,
ਗੁਲਿਸਤਾਂ ਕਿਸ ਤਰ੍ਹਾਂ ਬਨਨਾ ਹੈ ਕਲ ਕਾ।
ਯਕੀਨਨ ਫੂਲ ਯਕਰੰਗੀ ਤੋ ਹੋਂਗੇ,
ਮਗਰ ਯੇ ਰੰਗ ਹੋਗਾ
ਕਿਤਨਾ ਗਹਿਰਾ ਕਿਤਨਾ ਹਲਕਾ,
ਯੇ ਅਫਸਰ ਤੈਅ ਕਰੇਂਗੇ।
ਕਿਸੀ ਕੋ ਕੋਈ ਯੇ ਕੈਸੇ ਬਤਾਏ,
ਗੁਲਿਸਤਾਂ ਮੇਂ ਕਹੀਂ ਭੀ ਫੂਲ
ਯਕਰੰਗੀ ਨਹੀਂ ਹੋਤੇ।
ਕਭੀ ਹੋ ਹੀ ਨਹੀਂ ਸਕਤੇ।
ਕਿ ਹਰ ਏਕ ਰੰਗ ਮੇਂ ਛੁਪਕਰ
ਬਹੁਤ ਸੇ ਰੰਗ ਰਹਿਤੇ ਹੈਂ,
ਜਿਨਹੋਂ ਨੇ ਬਾਗ ਯਕਰੰਗੀ
ਬਨਾਨਾ ਚਾਹੇ ਥੇ,
ਉਨ ਕੋ ਜ਼ਰਾ ਦੇਖੋ।
ਕਿ ਜਬ ਯਕਰੰਗ ਮੇਂ ਸੌ ਰੰਗ
ਜ਼ਾਹਿਰ ਹੋ ਗਏ ਹੈਂ ਤੋ,
ਵੋ ਅਬ ਕਿਤਨੇ ਪਰੇਸ਼ਾਂ ਹੈਂ,
ਵੋ ਕਿਤਨੇ ਤੰਗ ਰਹਿਤੇ ਹੈਂ।

ਕਿਸੀ ਕੋ ਯੇ ਕੋਈ ਕੈਸੇ ਬਤਾਏ,
ਹਵਾਏਂ ਔਰ ਲਹਿਰੇਂ
ਕਬ ਕਿਸੀ ਕਾ ਹੁਕਮ ਸੁਨਤੀ ਹੈਂ।
ਹਵਾਏਂ, ਹਾਕਿਮੋਂ ਕੀ ਮੁੱਠੀਓਂ ਮੇਂ,
ਹਥਕੜੀ ਮੇਂ, ਕੈਦਖਾਨੋਂ ਮੇਂ ਨਹੀਂ ਰੁਕਤੀਂ।
ਯੇ ਲਹਿਰੇਂ ਰੋਕੀ ਜਾਤੀ ਹੈਂ,
ਤੋ ਦਰਿਯਾ ਕਿਤਨਾ ਭੀ ਹੋ ਪੁਰਸੁਕੂਨ,
ਬੇਤਾਬ ਹੋਤਾ ਹੈ।
ਔਰ ਇਸ ਬੇਤਾਬੀ ਕਾ ਅਗਲਾ ਕਦਮ,
ਸੈਲਾਬ ਹੋਤਾ ਹੈ,
ਕਿਸੀ ਕੋ ਕੋਈ ਯੇ ਕੈਸੇ ਬਤਾਏ।

-ਜਾਵੇਦ ਅਖਤਰ

(ਔਖੇ ਸ਼ਬਦਾਂ ਦੇ ਅਰਥ: 1. ਸੰਮਤ: ਦਿਸ਼ਾ, 2. ਸਰਕਸ਼ੀ: ਰਵਾਨੀ, 3. ਪੁਰਸਕੂਨ: ਸ਼ਾਂਤ, 4. ਸੈਲਾਬ: ਹੜ੍ਹ।)

ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

ਪੰਜਾਬ ਟਾਈਮਜ਼

*ਸਨਿਚਰਵਾਰ, 25 ਮਈ 2019*

# ਨਵੀਂ ਸਰਕਾਰ ਦਾ ਮਤਲਬ

ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇਕ ਵਾਰ ਫਿਰ, ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰਨ ਨਾਲ ਆਉਣ ਵਾਲੇ ਸਾਲਾਂ ਦੌਰਾਨ ਦੇਸ਼ ਦੀ ਸਿਆਸਤ ਬਾਰੇ ਕਨਸੋਅ ਮਿਲ ਜਾਂਦੀ ਹੈ। ਪਿਛਲੇ ਪੰਜ ਸਾਲਾਂ ਦੌਰਾਨ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੀ ਜੋ ਕਾਰਗੁਜ਼ਾਰੀ ਰਹੀ, ਉਸ ਤੋਂ ਲਗਦਾ ਇਹ ਸੀ ਕਿ ਭਾਜਪਾ ਨੂੰ ਸਿਆਸੀ ਪਛਾੜ ਪੈ ਸਕਦੀ ਹੈ ਪਰ ਇਹ ਪਛਾੜ ਅੱਧੀ-ਅਧੂਰੀ ਹੀ ਰਹਿ ਗਈ ਹੈ। ਇਸ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਵਿਰੋਧੀ ਧਿਰ ਮੁਕੰਮਲ ਇਕਜੁੱਟਤਾ ਦਾ ਮੁਜਾਹਰਾ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ। ਵੱਡੀ ਪਾਰਟੀ, ਪੂਰੇ ਦੇਸ਼ ਵਿਚ ਹੋਂਦ ਦੇ ਮੱਦੇਨਜ਼ਰ ਅਤੇ ਸਮੁੱਚੇ ਦੇਸ਼ ਦੇ ਸਿਆਸੀ ਹਾਲਾਤ ਮੁਤਾਬਕ ਵਿਰੋਧੀ ਧਿਰ ਨੂੰ ਇਕੱਠਿਆਂ ਕਰਨ ਦੀ ਜਿੰਮੇਵਾਰੀ ਕਾਂਗਰਸ ਦੀ ਬਣਦੀ ਸੀ, ਜੋ ਇਹ ਕਾਮਯਾਬੀ ਨਾਲ ਨਿਭਾ ਨਾ ਸਕੀ। ਜਾਹਰ ਹੈ, ਇਸ ਦਾ ਅਸਰ ਅਗਲੀ ਸਰਕਾਰ ਉਤੇ ਪੈਣਾ ਹੀ ਪੈਣਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਸਰਕਾਰ ਨੇ ਜਿਸ ਤਰ੍ਹਾਂ ਦੀ ਘੁਸਪੈਠ ਕੇਂਦਰੀ ਸੰਸਥਾਵਾਂ ਵਿਚ ਕਰ ਲਈ ਹੈ, ਉਸ ਨੂੰ ਬਦਲਣ ਲਈ ਹੀ ਦਹਾਕੇ ਲੱਗ ਜਾਣੇ ਹਨ; ਉਹ ਵੀ ਤਾਂ ਜੇ ਕਿਸੇ ਸਿਆਸੀ ਧਿਰ ਨੇ ਇਸ ਨੂੰ ਬਦਲਣ ਲਈ ਮਿਥ ਕੇ ਕੋਈ ਕਾਰਵਾਈ ਅਰੰਭ ਕੀਤੀ। ਫਿਲਹਾਲ ਤਾਂ ਇਸ ਪਾਸੇ ਕਿਸੇ ਕਿਸਮ ਦੀ ਪੇਸ਼ਕਦਮੀ ਦੀ ਕੋਈ ਆਸ ਨਹੀਂ ਹੈ। ਸਿੱਟੇ ਵਜੋਂ, ਇਨ੍ਹਾਂ ਸੰਸਥਾਵਾਂ ਉਤੇ ਆਰ. ਐਸ. ਐਸ. ਮਾਰਕਾ ਸਿਆਸਤ ਦੀ ਮੋਹਰ-ਛਾਪ ਹੋਰ ਗੂੜ੍ਹੀ ਹੋਵੇਗੀ।

ਨਮੋਸ਼ੀ ਵਾਲੀ ਗੱਲ ਇਹ ਹੈ ਕਿ ਮੋਦੀ ਸਰਕਾਰ ਹਰ ਫਰੰਟ ਉਤੇ ਫੇਲ੍ਹ ਹੋਣ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਸਭ ਤੋਂ ਵੱਡੀ ਪਾਰਟੀ ਦਾ ਰੁਤਬਾ ਹਾਸਲ ਕਰਨ ਵਿਚ ਕਾਮਯਾਬ ਰਹੀ ਹੈ। ਬਿਨਾ ਸ਼ੱਕ, ਆਉਣ ਵਾਲੇ ਕੱਲ੍ਹ ਦੀ ਸਿਆਸਤ ਵਿਚ ਇਸ ਦੇ ਦੂਰਰਸ ਸਿੱਟੇ ਨਿਕਲਣਗੇ। ਪਿਛਲੇ ਪੰਜ ਸਾਲਾਂ ਦੌਰਾਨ ਜਿਸ ਤਰ੍ਹਾਂ ਘੱਟਗਿਣਤੀਆਂ, ਦਲਿਤਾਂ, ਲੋਕ-ਪੱਖੀ ਬੁੱਧੀਜੀਵੀਆਂ ਨੂੰ ਨਿਸ਼ਾਨਾ ਬਣਾਇਆ ਗਿਆ, ਨੋਟ ਬੰਦੀ ਤੇ ਜੀ. ਐਸ. ਟੀ. ਦੇ ਮਾਮਲੇ 'ਤੇ ਜਿੰਨਾ ਵਿਰੋਧ ਸਾਹਮਣੇ ਆਇਆ, ਬੇਰੁਜ਼ਗਾਰੀ ਦਾ ਜਿਸ ਤਰ੍ਹਾਂ 45 ਸਾਲਾ ਦਾ ਰਿਕਾਰਡ ਟੁੱਟਿਆ ਅਤੇ ਅਜਿਹੇ ਹੋਰ ਮੁੱਦਿਆਂ ਕਾਰਨ ਜਾਪਦਾ ਸੀ ਕਿ ਐਤਕੀਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਵੱਡੀ ਪਛਾੜ ਵੱਜੇਗੀ, ਪਰ ਠੁੱਕਦਾਰ ਵਿਰੋਧੀ ਧਿਰ ਦੀ ਅਣਹੋਂਦ ਕਾਰਨ ਅਜਿਹਾ ਸੰਭਵ ਨਹੀਂ ਹੋ ਸਕਿਆ। ਅਸਲ ਵਿਚ ਸਮੁੱਚੀ ਵਿਰੋਧੀ ਧਿਰ ਵਿਚੋਂ ਤਾਂ ਕੀ, ਕਾਂਗਰਸ ਵਿਚੋਂ ਵੀ ਕੋਈ ਅਜਿਹਾ ਲੀਡਰ ਨਹੀਂ ਉਭਰ ਸਕਿਆ, ਜੋ ਸਾਰੀਆਂ ਵਿਰੋਧੀ ਧਿਰਾਂ ਨੂੰ ਇਕ ਮੰਚ 'ਤੇ ਲੈ ਆਉਂਦਾ। ਸਭ ਨੂੰ ਆਪੋ ਦੀ ਵੱਧ ਚਿੰਤਾ ਸੀ ਅਤੇ ਇਸੇ ਆਪਾ-ਧਾਪੀ ਦਾ ਸਾਰੇ ਦਾ ਸਾਰਾ ਫਾਇਦਾ ਭਾਰਤੀ ਜਨਤਾ ਪਾਰਟੀ ਨੂੰ ਮਿਲਿਆ। ਦੂਜੇ ਪਾਸੇ, ਨਰਿੰਦਰ ਮੋਦੀ ਅਤੇ ਉਸ ਦੇ ਜੋਟੀਦਾਰਾਂ ਨੇ ਰਾਸ਼ਟਰਵਾਦ ਅਤੇ ਦੇਸ਼ ਦੀ ਸੁਰੱਖਿਆ ਦੇ ਮਾਮਲੇ ਨੂੰ ਜਿਸ ਤਰ੍ਹਾਂ ਦੇਸ਼ ਦੇ ਲੋਕਾਂ ਅੱਗੇ ਪੇਸ਼ ਕੀਤਾ, ਉਸ ਦਾ ਵਿਰੋਧੀ ਧਿਰ ਕੋਲ ਕੋਈ ਜਵਾਬ ਨਹੀਂ ਸੀ। ਇਸ ਮਾਮਲੇ 'ਤੇ ਸਮੁੱਚੀ ਵਿਰੋਧੀ ਧਿਰ ਬਿਲਕੁੱਲ ਵਿਚਾਰੀ ਜਿਹੀ ਬਣ ਕੇ ਰਹਿ ਗਈ।

ਉਂਜ, ਇਸ ਪੱਖ ਤੋਂ ਪੰਜਾਬ ਦੀ ਸੁਰ ਰਤਾ ਵੱਖਰੀ ਰਹੀ ਹੈ; ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਆਪਣੀ ਪੰਜਾਬ ਅਤੇ ਸਿੱਖ ਵਿਰੋਧੀ ਸਿਆਸਤ ਕਾਰਨ ਭਾਰਤੀ ਜਨਤਾ ਪਾਰਟੀ ਤੇ ਨਰਿੰਦਰ ਮੋਦੀ ਅੱਗੇ ਬਿਨਾ ਸ਼ਰਤ ਗੋਡੇ ਟੇਕ ਚੁਕਾ ਹੈ। ਸਮੁੱਚੇ ਦੇਸ਼ 'ਚ ਸ਼ਾਇਦ ਸ਼੍ਰੋਮਣੀ ਅਕਾਲੀ ਦਲ ਹੀ ਅਜਿਹੀ ਸਿਆਸੀ ਧਿਰ ਹੈ ਜੋ ਭਾਜਪਾ ਨੂੰ ਇੰਨੇ ਸਾਲਾਂ ਤੋਂ ਬਿਨਾ ਸ਼ਰਤ ਹਮਾਇਤ ਦੇ ਰਹੀ ਹੈ। ਇਸ ਵਿਚ ਦਰਅਸਲ ਸ਼੍ਰੋਮਣੀ ਅਕਾਲੀ ਦਲ ਨੂੰ ਚਲਾ ਰਹੇ ਬਾਦਲ ਪਰਿਵਾਰ ਦੇ ਨਿੱਜੀ ਹਿਤ ਜੁੜੇ ਹੋਏ ਹਨ। ਇਤਿਹਾਸ ਦੱਸਦਾ ਹੈ ਕਿ ਪਹਿਲਾਂ ਵਾਜਪਾਈ ਸਰਕਾਰ ਵੇਲੇ ਸੁਖਬੀਰ ਸਿੰਘ ਬਾਦਲ ਨੂੰ ਕੇਂਦਰ ਵਿਚ ਮੰਤਰੀ ਬਣਾਉਣ ਵੇਲੇ ਸੀਨੀਅਰ ਆਗੂਆਂ ਨੂੰ ਦਰਕਿਨਾਰ ਕੀਤਾ ਗਿਆ ਅਤੇ ਫਿਰ ਮੋਦੀ ਸਰਕਾਰ ਵੇਲੇ ਵੀ ਸੀਨੀਅਰ ਆਗੂਆਂ ਨੂੰ ਪਛਾੜ ਕੇ ਕੇਂਦਰ ਵਿਚ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਬਣਾਇਆ ਗਿਆ। ਨਿੱਜੀ ਹਿਤਾਂ ਦੀ ਇਸ ਸਿਆਸਤ ਨੂੰ ਭਾਜਪਾ ਆਗੂ ਐਨ ਸਮਝਦੇ ਹਨ, ਇਸੇ ਲਈ ਉਨ੍ਹਾਂ ਕਦੀ ਵੀ ਅਕਾਲੀ ਆਗੂਆਂ ਦੀ ਕਦੀ ਕੋਈ ਗੱਲ ਨਹੀਂ ਮੰਨੀ। ਅਜਿਹੇ ਵੇਲੇ ਵੀ ਆਏ ਸਨ ਕਿ ਜਦੋਂ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਅਤੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਸਨ ਪਰ ਅਕਾਲੀ ਆਗੂ ਪੰਜਾਬ ਦੀਆਂ ਦਹਾਕਿਆਂ ਤੋਂ ਲਟਕਦੀਆਂ ਮੰਗਾਂ ਨਾ ਮੰਨਵਾ ਸਕੇ।

ਦੇਸ਼ ਦੇ ਸਮੁੱਚੇ ਹਾਲਾਤ ਸੂਹ ਦਿੰਦੇ ਹਨ ਕਿ ਪਿਛਲੇ ਪੰਜ ਸਾਲਾਂ ਦੌਰਾਨ ਦੇਸ਼ ਵਿਚ ਜੋ ਸਿਆਸੀ, ਸਮਾਜਕ, ਧਾਰਮਿਕ ਮਾਹੌਲ ਬਣਿਆ ਹੈ, ਉਹ ਅਗਲੇ ਪੰਜ ਸਾਲ ਵੀ ਜਾਰੀ ਰਹੇਗਾ। ਹੁਣ ਦੇਖਣਾ ਸਿਰਫ ਇਹ ਹੈ ਕਿ ਅਜਿਹੇ ਮਾਹੌਲ ਵਿਚ ਵਿਰੋਧੀ ਧਿਰ ਕੀ ਭੂਮਿਕਾ ਨਿਭਾਉਂਦੀ ਹੈ। ਇਥੇ ਵਿਰੋਧੀ ਧਿਰ ਵਿਚ ਇਕੱਲੀਆਂ ਉਹ ਪਾਰਟੀਆਂ ਹੀ ਸ਼ਾਮਿਲ ਨਹੀਂ, ਜੋ ਸਿਰਫ ਚੋਣਾਂ ਵਿਚ ਹਿੱਸਾ ਲੈਂਦੀਆਂ ਹਨ, ਵਿਰੋਧੀ ਧਿਰ ਵਿਚ ਉਹ ਜੁਝਾਰੂ ਧਿਰਾਂ ਵੀ ਸ਼ਾਮਿਲ ਹਨ, ਜੋ ਗਾਹੇ-ਬਗਾਹੇ ਆਪਣੀ ਹਾਜ਼ਰੀ ਧੜੱਲੇ ਨਾਲ ਲੁਆਉਂਦੀਆਂ ਰਹੀਆਂ ਹਨ। ਅਸਲ ਵਿਚ ਹੁਣ ਮੁੱਖ ਆਸ ਇਨ੍ਹਾਂ ਜੁਝਾਰੂ ਧਿਰਾਂ ਤੋਂ ਹੀ ਹੈ। ਇਹ ਜੁਝਾਰੂ ਧਿਰਾਂ ਜੇ ਆਉਂਦੇ ਪੰਜ ਸਾਲਾਂ ਦੌਰਾਨ ਆਪਣਾ ਜੁਝਾਰੂਪਣ ਕਾਇਮ ਰੱਖ ਸਕੀਆਂ ਅਤੇ ਇਸੇ ਜੁਝਾਰੂਪਣ ਵਿਚੋਂ ਭਾਰਤੀ ਜਨਤਾ ਪਾਰਟੀ ਨੂੰ ਵੰਗਾਰ ਪਾ ਸਕੀਆਂ, ਤਾਂ ਪੰਜ ਸਾਲਾਂ ਬਾਅਦ ਦੇਸ਼ ਦਾ ਸਿਆਸੀ ਨਕਸ਼ਾ ਬਦਲਣ ਦੀ ਆਸ ਰੱਖੀ ਜਾ ਸਕਦੀ ਹੈ; ਨਹੀਂ ਤਾਂ ਜਿਸ ਢੰਗ ਨਾਲ ਰਵਾਇਤੀ ਸਿਆਸੀ ਪਾਰਟੀਆਂ ਸਿਰਫ ਚੋਣਾਂ ਲੜਨ ਤੱਕ ਸੀਮਤ ਹੋ ਕੇ ਰਹਿ ਗਈਆਂ ਹਨ, ਉਨ੍ਹਾਂ ਦੀ ਭਾਰਤੀ ਜਨਤਾ ਪਾਰਟੀ ਖਿਲਾਫ ਕੋਈ ਲੜਾਈ ਵੀ ਸੀਮਤ ਹੀ ਰਹੇਗੀ। ਜਿੰਨਾ ਚਿਰ ਸੀਮਤ ਸਿਆਸਤ ਦਾ ਇਹ ਘੇਰਾ ਨਹੀਂ ਟੁੱਟਦਾ, ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਦੇ ਜਥੇਬੰਦ ਹਮਲੇ ਨੂੰ ਟੱਕਰ ਨਹੀਂ ਦਿੱਤੀ ਜਾ ਸਕਦੀ। ਇਹ ਟੱਕਰ ਕਿਸ ਪਾਸਿਓਂ ਉਠੇਗੀ, ਇਹ ਸਵਾਲ ਆਉਣ ਵਾਲੇ ਸਮੇਂ ਦੇ ਗਰਭ ਵਿਚ ਪਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਐਗਜ਼ਿਟ ਪੋਲ-ਢੋਲ ਦਾ ਪੋਲ!*

ਰੌਲਾ ਮੁੱਕਿਆ ਚੋਣ-ਪ੍ਰਚਾਰ ਵਾਲਾ, ਵਾਗਾਂ ਲੀਡਰਾਂ ਘਰਾਂ ਨੂੰ ਮੋੜੀਆਂ ਨੇ।
ਇੱਕ ਦੂਜੇ ਦਾ ਭੰਡੀ ਪ੍ਰਚਾਰ ਕਰਕੇ, ਕਦਰਾਂ-ਕੀਮਤਾਂ ਪਿਛਲੀਆਂ ਰੋੜੀਆਂ ਨੇ।
ਮਾਇਆ, ਨਸ਼ੇ ਤੇ ਗੱਪਾਂ ਦੇ ਆਸਰੇ ਜੀ, ਇੱਧਰੋਂ ਉਧਰੋਂ ਵੋਟਾਂ ਹੀ ਜੋੜੀਆਂ ਨੇ।
ਛੋਹੀ ਤੰਦ ਨਾ ਲੋਕਾਂ ਦੇ ਮਸਲਿਆਂ ਦੀ, ਗਾਈਆਂ ਹੋਰ ਹੀ ਹੋਰ ਕੋਈ ਘੋੜੀਆਂ ਨੇ।
ਮੱਤ-ਦਾਨ ਕਰ ਹੋ ਗਏ ਲੋਕ ਵਿਹਲੇ, ਤੇਈ ਮਈ 'ਤੇ ਨਜ਼ਰਾਂ ਹੁਣ ਗੱਡੀਆਂ ਜੀ।
'ਈ. ਵੀ. ਐਮ.' ਦੇ ਬੋਲਿਆਂ ਪਤਾ ਲੱਗੂ, ਐਗਜ਼ਿਟ ਪੋਲ ਨੂੰ ਸਮਝ ਲਉ ਠੱਗੀਆਂ ਜੀ!

# ਭਾਰਤ ਵਿਚ ਨਵੀਂ ਸਰਕਾਰ, ਐਗਜ਼ਿਟ ਪੋਲ ਅਤੇ ਲੋਕ ਮੁੱਦੇ

*ਭਾਰਤ ਵਿਚ ਪਿਛਲੇ ਪੰਜ ਸਾਲਾਂ ਵਿਚ ਸੰਘ ਬ੍ਰਿਗੇਡ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਜੋ ਕੁਝ ਕੀਤਾ ਹੈ, ਉਸ ਨਾਲ ਸਰਕਾਰ ਦੇ ਅਗਲੇ ਸਾਲਾਂ ਦੇ ਰਾਹ ਦੀ ਕਨਸੋਅ ਸਾਫ ਮਿਲ ਜਾਂਦੀ ਹੈ। ਇਸ ਵਿਚ ਸਭ ਤੋਂ ਵੱਧ ਨੁਕਸਾਨ ਘੱਟਗਿਣਤੀਆਂ, ਦਲਿਤਾਂ ਅਤੇ ਹਾਸ਼ੀਏ ਉਤੇ ਅੱਪੜੇ ਲੋਕਾਂ ਦਾ ਹੋਇਆ ਹੈ। ਸਰਕਾਰ ਭਾਵੇਂ ਕੋਈ ਵੀ ਆਵੇ, ਹੁਣ ਮਾਹੌਲ ਅਜਿਹਾ ਬਣਾ ਦਿੱਤਾ ਗਿਆ ਹੈ, ਜਿਸ ਨੂੰ ਪੂਰੀ ਤਰ੍ਹਾਂ ਤੋੜ ਸੁੱਟਣਾ ਛੇਤੀ ਕੀਤੇ ਸੰਭਵ ਨਹੀਂ। ਇਸ ਸਮੁਚੇ ਹਾਲਾਤ ਬਾਰੇ ਟਿੱਪਣੀ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਭਾਰਤ ਵਿਚ 19 ਮਈ ਨੂੰ 17ਵੀਂ ਲੋਕ ਸਭਾ ਲਈ ਚੋਣਾਂ ਦੇ ਆਖਰੀ ਪੜਾਅ ਦੀ ਸਮਾਪਤੀ ਤੋਂ ਤੁਰੰਤ ਬਾਅਦ 'ਐਗਜ਼ਿਟ ਪੋਲ' ਫਤਵਿਆਂ ਦੀ ਝੜੀ ਲੱਗ ਗਈ। ਐਗਜ਼ਿਟ ਪੋਲ ਜ਼ਰੀਏ ਭਾਜਪਾ ਨੂੰ ਬਹੁਮਤ ਮਿਲਣ ਦਾ ਸੰਕੇਤ ਮਿਲਣ ਦੀ ਦੇਰ ਸੀ ਕਿ ਸਟਾਕ ਮਾਰਕੀਟ ਤੋਂ ਖੁਸ਼ੀ ਸਾਂਭੀ ਨਹੀਂ ਗਈ ਅਤੇ ਸੂਚਕ ਅੰਕ (ਸੈਂਸੈਕਸ) ਵਿਚ ਇਕਦਮ 3. 75 ਫੀਸਦੀ ਉਛਾਲ ਆ ਗਿਆ, ਜਦਕਿ 2004 ਵਿਚ ਵਾਜਪਾਈ ਸਰਕਾਰ ਦੀ ਥਾਂ ਯੂ. ਪੀ. ਏ. ਸਰਕਾਰ ਦੇ ਸੱਤਾਧਾਰੀ ਹੁੰਦਿਆਂ ਸਾਰ ਸਟਾਕ ਮਾਰਕੀਟ ਨੂੰ ਐਨਾ ਸਦਮਾ ਪਹੁੰਚਿਆ ਸੀ ਕਿ ਕਾਰੋਬਾਰ ਵਿਚ 11 ਫੀਸਦੀ ਗਿਰਾਵਟ ਦਰਜ ਹੋਈ ਸੀ। ਕਾਰਨ ਇਹ ਸੀ ਕਿ ਯੂ. ਪੀ. ਏ. ਸਰਕਾਰ ਪਾਰਲੀਮੈਂਟਰੀ ਖੱਬਿਆਂ ਦੀ ਹਮਾਇਤ ਨਾਲ ਬਣੀ ਸੀ। ਇਹ ਕਾਰਪੋਰੇਟ

ਬੂਟਾ ਸਿੰਘ
ਫੋਨ: +91-94634-74342

ਸਰਮਾਏ ਦੇ ਦਲਾਲ, ਸੰਘ ਬ੍ਰਿਗੇਡ ਨੂੰ ਦੁਬਾਰਾ ਸੱਤਾ ਵਿਚ ਲਿਆਉਣ ਵਿਚ ਵੱਡੇ ਹਿਤ ਅਤੇ ਡੂੰਘੀ ਦਿਲਚਸਪੀ ਦਾ ਲਖਾਇਕ ਹੈ।

ਨੌਂ ਵਿਚੋਂ ਸਿਰਫ ਦੋ ਐਗਜ਼ਿਟ ਪੋਲਾਂ ਨੇ ਕਿਹਾ ਹੈ ਕਿ ਐਨ. ਡੀ. ਏ. (ਭਾਜਪਾ ਦੀ ਅਗਵਾਈ ਵਾਲਾ ਕੌਮੀ ਜਮਹੂਰੀ ਗੱਠਜੋੜ) ਬਹੁਮਤ ਹਾਸਲ ਨਹੀਂ ਕਰ ਸਕੇਗਾ। ਨਿਊਜ਼ਐਕਸ-ਨੇਤਾ ਅਨੁਸਾਰ ਇਹ 242 ਅਤੇ ਏ. ਬੀ. ਪੀ. ਨਿਊਜ਼ ਨੀਲਸਨ ਅਨੁਸਾਰ 267 ਸੀਟਾਂ ਦੇ ਅੰਕੜੇ ਤਕ ਹੀ ਪਹੁੰਚ ਸਕੇਗਾ। ਜਦਕਿ ਸੱਤ ਨਿਊਜ਼ ਨੈਟਵਰਕਾਂ ਨੇ ਆਪਣੇ ਐਗਜ਼ਿਟ ਪੋਲ ਦੇ ਆਧਾਰ 'ਤੇ ਪੂਰੇ ਭਰੋਸੇ ਨਾਲ ਦਾਅਵਾ ਕੀਤਾ ਹੈ ਕਿ ਭਾਜਪਾ ਦਾ ਬਹੁਮਤ ਨਾਲ ਜਿੱਤਣਾ ਤੈਅ ਹੈ। ਇੰਡੀਆ ਟੂਡੇ-ਏਕਸਿਸ ਪੋਲ ਨੇ ਤਾਂ ਐਨ. ਡੀ. ਏ. ਦੇ 339 ਤੋਂ ਲੈ ਕੇ 365 ਸੀਟਾਂ ਜਿੱਤ ਲੈਣ ਦਾ ਅੰਦਾਜ਼ਾ ਪੇਸ਼ ਕੀਤਾ ਜੋ ਇਸ ਗੱਠਜੋੜ ਵਲੋਂ 2014 ਵਿਚ 'ਮੋਦੀ ਲਹਿਰ' ਦੇ ਸਿਖਰ 'ਤੇ ਹੋਣ ਸਮੇਂ ਹਾਸਲ ਕੀਤੇ ਜਿੱਤ ਦੇ ਅੰਕੜੇ (336 ਸੀਟਾਂ) ਤੋਂ ਵੀ ਵਧੇਰੇ ਹੈ।

ਸਾਰੇ ਹੀ ਐਗਜ਼ਿਟ ਪੋਲਾਂ ਦਾ ਅੰਦਾਜ਼ਾ ਇਹ ਹੈ ਕਿ ਸੰਘ ਬ੍ਰਿਗੇਡ ਦਾ ਹਿੰਦੀ ਪੱਟੀ ਅੰਦਰ ਗਲਬਾ ਬਣਿਆ ਰਹੇਗਾ। ਪੱਛਮੀ ਰਾਜਾਂ ਵਿਚ ਇਸ ਨੂੰ ਕੋਈ ਵੱਡੀ ਚੁਣੌਤੀ ਨਹੀਂ ਹੈ ਅਤੇ ਪੂਰਬੀ ਰਾਜਾਂ ਵਿਚ ਵੀ ਇਸ ਨੂੰ ਚੋਖਾ ਲਾਹਾ ਹੋਵੇਗਾ ਜਦਕਿ ਕਰਨਾਟਕਾ ਨੂੰ ਛੱਡ ਕੇ ਦੱਖਣ ਦੇ ਬਾਕੀ ਰਾਜਾਂ ਵਿਚ ਇਹ ਕੋਈ ਵੱਡੀ ਮੱਲ ਮਾਰਨ ਵਿਚ ਅਸਫਲ ਰਹੇਗਾ। ਦੂਜੇ ਪਾਸੇ, ਇਨ੍ਹਾਂ ਐਗਜ਼ਿਟ ਪੋਲਾਂ ਨੇ ਕਾਂਗਰਸ ਅਤੇ ਉਸ ਦੀਆਂ ਸੰਗੀ ਤਾਕਤਾਂ ਨੂੰ ਸਿਰਫ 118 ਅਤੇ ਵੱਧ ਤੋਂ ਵੱਧ 142 ਸੀਟਾਂ ਮਿਲਣ ਦੀ ਪੇਸ਼ੀਨਗੋਈ ਕੀਤੀ ਹੈ।

ਗੌਰਤਲਬ ਹੈ ਕਿ ਦੋ ਵੱਡੇ ਰਾਜਾਂ-ਯੂ. ਪੀ. ਤੇ ਬੰਗਾਲ ਦੀ ਭੂਮਿਕਾ ਇਨ੍ਹਾਂ ਚੋਣਾਂ ਵਿਚ ਸਭ ਤੋਂ ਅਹਿਮ ਮੰਨੀ ਜਾ ਰਹੀ ਹੈ। ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਵਲੋਂ ਜ਼ਬਰਦਸਤ ਟੱਕਰ ਦੇ ਬਾਵਜੂਦ ਸੰਘ ਬ੍ਰਿਗੇਡ ਪਾਰਲੀਮੈਂਟਰੀ ਖੱਬੇ ਮੁਹਾਜ਼ ਦੇ ਇਸ ਸਾਬਕਾ ਗੜ੍ਹ ਅੰਦਰ ਚੋਖੀ ਸੰਨ੍ਹ ਲਾਉਣ ਵਿਚ ਕਾਮਯਾਬ ਹੋਇਆ ਹੈ। ਦੂਜੇ ਪਾਸੇ, ਜ਼ਮੀਨੀ ਰਿਪੋਰਟਾਂ ਦੇ ਸੰਕੇਤ ਸਨ ਕਿ ਯੂ. ਪੀ. ਵਿਚ ਸਪਾ-ਬਸਪਾ-ਰਾਸ਼ਟਰੀ ਲੋਕ ਦਲ ਦੇ 'ਮਹਾਂਗਠਬੰਧਨ' ਕਾਰਨ ਸੰਘ ਬ੍ਰਿਗੇਡ ਦਾ ਚੋਣ ਗਣਿਤ 2014 ਵਾਲਾ ਕ੍ਰਿਸ਼ਮਾ ਦਿਖਾਉਣ ਦੀ ਹਾਲਤ ਵਿਚ ਨਹੀਂ।

ਪਿਛਲਾ ਇਤਿਹਾਸ ਵੀ ਦੱਸਦਾ ਹੈ ਕਿ ਐਗਜ਼ਿਟ ਪੋਲ ਦੇ ਅੰਦਾਜ਼ਿਆਂ ਦਾ ਹਕੀਕਤ ਨਾਲ ਮੇਲ ਖਾਣਾ ਜ਼ਰੂਰੀ ਨਹੀਂ। ਬੀਤੇ ਵਿਚ, ਇਕੋ ਇਕ 2014 ਦੀਆਂ ਚੋਣਾਂ ਹੀ ਐਸੀ ਮਿਸਾਲ ਸਨ ਜਦੋਂ ਐਗਜ਼ਿਟ ਪੋਲ ਦੀ ਪੇਸ਼ੀਨਗੋਈ ਸਹੀ ਸਾਬਤ ਹੋਈ; ਜਦਕਿ 2004 ਵਿਚ ਐਗਜ਼ਿਟ ਪੋਲ ਦੀ ਵਾਜਪਾਈ ਦੀ ਅਗਵਾਈ ਹੇਠ ਐਨ. ਡੀ. ਏ. ਦੇ ਮੁੜ ਸੱਤਾ ਵਿਚ ਆਉਣ ਦੀ ਪੇਸ਼ੀਨਗੋਈ ਨੂੰ ਬੁਰੀ ਤਰ੍ਹਾਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਐਗਜ਼ਿਟ ਪੋਲਾਂ ਦੀ ਇਸੇ ਤਰ੍ਹਾਂ ਦੀ ਹਾਲਤ 2009 ਦੀਆਂ ਲੋਕ ਸਭਾ ਚੋਣਾਂ ਅਤੇ ਪਿੱਛੇ ਜਿਹੇ ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਲਈ ਵਿਧਾਨ ਸਭਾ ਚੋਣਾਂ ਵਿਚ ਦੇਖੀ ਗਈ।

ਵਿਰੋਧੀ ਧਿਰ ਨੇ ਐਗਜ਼ਿਟ ਪੋਲ ਦੇ ਦਾਅਵਿਆਂ ਨੂੰ ਪੂਰੀ ਤਰ੍ਹਾਂ ਖਾਰਜ ਕੀਤਾ। ਉਨ੍ਹਾਂ ਦਾ ਇਉਂ ਕਰਨਾ ਸਮਝ ਆਉਂਦਾ ਹੈ; ਲੇਕਿਨ ਸਵਾਲ ਤਾਂ ਇਹ ਹੈ: ਕੀ ਇਲੈਕਟ੍ਰਾਨਿਕ ਮੀਡੀਆ ਦੀ ਆਪਣੀ ਕੋਈ ਭਰੋਸੇਯੋਗਤਾ ਹੈ? ਜਿਸ ਕਦਰ ਮੋਦੀ ਹਮਾਇਤੀ ਕਾਰਪੋਰੇਟਾਂ ਦਾ ਮੁੱਖਧਾਰਾ ਮੀਡੀਆ ਦੇ ਵੱਡੇ ਹਿੱਸੇ ਉਪਰ ਕੰਟਰੋਲ ਬਣ ਚੁੱਕਾ ਹੈ ਅਤੇ ਮੋਦੀ ਰਾਜ ਦੇ ਪਿਛਲੇ ਪੰਜ ਸਾਲਾਂ ਅੰਦਰ ਮੀਡੀਆ ਦੇ ਜ਼ਿਆਦਾਤਰ ਹਿੱਸੇ ਵਲੋਂ ਜਿਸ ਤਰ੍ਹਾਂ ਦੀ ਦਰਬਾਰੀ ਭੂਮਿਕਾ ਨਿਭਾਈ ਗਈ ਹੈ, ਉਸ ਦੇ ਮੱਦੇਨਜ਼ਰ ਇਨ੍ਹਾਂ ਦੇ ਕਰਵਾਏ ਐਗਜ਼ਿਟ ਪੋਲ ਦੀ ਮਨਸ਼ਾ ਹੀ ਸਵਾਲਾਂ ਦੇ ਘੇਰੇ ਵਿਚ ਹੈ, ਭਰੋਸੇਯੋਗਤਾ ਦੀ ਤਾਂ ਗੱਲ ਹੀ ਛੱਡੋ।

ਅਸਲ ਵਿਚ, ਐਗਜ਼ਿਟ ਪੋਲ ਦੀ ਛੱਡੀ ਸ਼ੁਰਲੀ ਭਾਜਪਾ ਨੂੰ ਦੁਬਾਰਾ ਲਿਆਉਣ ਲਈ ਮਾਹੌਲ ਬਣਾਉਣ ਦਾ ਹਿੱਸਾ ਵੀ ਹੋ ਸਕਦਾ ਹੈ। ਪੂਰਾ ਰਾਜ ਢਾਂਚਾ ਸੰਘ ਬ੍ਰਿਗੇਡ ਦੇ ਪੈਰਾਂ ਵਿਚ ਵਿਛਿਆ ਪਿਆ ਹੈ। ਅਮਨ-ਕਾਨੂੰਨ ਲਾਗੂ ਕਰਨੀ ਵਾਲੀ ਮਸ਼ੀਨਰੀ ਅਤੇ ਅਦਾਲਤੀ ਪ੍ਰਣਾਲੀ ਤੋਂ ਲੈ ਕੇ ਚੋਣ ਕਮਿਸ਼ਨ ਤਕ ਦੀ ਤਾਬਿਆਦਾਰ ਭੂਮਿਕਾ ਪੂਰੀ ਤਰ੍ਹਾਂ ਜੱਗ ਜ਼ਾਹਰ ਹੋ ਚੁੱਕੀ ਹੈ। ਜੇ ਸੱਤਾਧਾਰੀ ਧਿਰ ਨੂੰ ਮੌਕਾ ਦੇਣ ਲਈ ਚੋਣ ਅਮਲ ਨੂੰ ਸੱਤ ਗੇੜਾਂ ਵਿਚ ਲਮਕਾਉਣ ਵਾਲਾ ਚੋਣ ਕਮਿਸ਼ਨ ਚੋਣ ਜ਼ਾਬਤੇ ਦੀਆਂ ਧੱਜੀਆਂ ਉਡਾਏ ਜਾਣ ਨੂੰ ਬੇਸ਼ਰਮੀ ਨਾਲ ਨਜ਼ਰਅੰਦਾਜ਼ ਕਰ ਸਕਦਾ ਹੈ ਤਾਂ ਸੱਤਾਧਾਰੀ ਧਿਰ ਲਈ ਵਧੇਰੇ ਮਹੱਤਵਪੂਰਨ ਮੰਨੇ ਜਾ ਰਹੇ ਹਲਕਿਆਂ ਅੰਦਰ ਨਿਗਰਾਨ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਈ. ਵੀ. ਐਮ. ਡੇਟਾ ਨਾਲ ਛੇੜਛਾੜ ਦੀ ਸੰਭਾਵਨਾ ਵੀ ਖਾਰਜ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਹਾਲਾਤ ਵਿਚ, ਜੇ ਐਗਜ਼ਿਟ ਪੋਲ ਦੇ ਇਕਤਰਫਾ ਫਤਵਿਆਂ ਰਾਹੀਂ ਦਿੱਤੇ ਜਾ ਰਹੇ ਭਗਵੀਂ ਜਿੱਤ ਦੇ ਸੰਕੇਤਾਂ ਦਾ ਚੁੰਧਿਆਇਆ ਪ੍ਰਸ਼ਾਸਨਿਕ ਮਸ਼ੀਨਰੀ ਦਾ ਇਕ ਹਿੱਸਾ, ਜੋ ਜਾਤ-ਪਾਤੀ ਅਤੇ ਫਿਰਕੂ ਤੁਅੱਸਬਾਂ ਨਾਲ ਗ੍ਰਸਿਆ ਹੋਇਆ ਹੈ, ਸੱਤਾਧਾਰੀ ਧਿਰ ਦੀਆਂ ਧਾਂਦਲੀਆਂ ਨੂੰ ਦੇਖ ਕੇ ਅਣਡਿੱਠ ਕਰ ਦਿੰਦਾ ਹੈ ਤਾਂ ਇਹ ਹੈਰਾਨੀਜਨਕ ਨਹੀਂ ਹੋਵੇਗਾ।

ਜਿਥੋਂ ਤਕ ਕਾਂਗਰਸ ਦਾ ਸਵਾਲ ਹੈ, ਇਹ ਵਿਰੋਧੀ ਧਿਰ ਦੀਆਂ ਪਾਰਟੀਆਂ ਨਾਲ ਲੈ-ਦੇ ਕਰਕੇ ਸੰਘ ਬ੍ਰਿਗੇਡ ਨੂੰ ਟੱਕਰ ਦੇਣ ਵਾਲਾ ਕੋਈ ਪਾਏਦਾਰ ਬਦਲ ਪੇਸ਼ ਨਹੀਂ ਕਰ ਸਕੀ। ਵਿਰੋਧੀ ਧਿਰ ਵਲੋਂ 'ਐਗਜ਼ਿਟ ਪੋਲ' ਦੇ ਫਤਵਾਨੁਮਾ ਅੰਦਾਜ਼ਿਆਂ ਨੂੰ ਖਾਰਜ ਕਰਨਾ ਹੋਰ ਗੱਲ ਹੈ ਜਦਕਿ ਹਕੀਕਤ ਇਹ ਹੈ ਕਿ ਕਾਂਗਰਸ ਸਮੇਤ ਵਿਰੋਧੀ ਧਿਰ ਸੰਘ ਬ੍ਰਿਗੇਡ ਦੇ ਪੰਜ ਸਾਲ ਦੇ ਰਾਜ ਦੇ ਬੱਜਰ ਜੁਰਮਾਂ, ਰਾਫਾਲ ਘੁਟਾਲੇ ਅਤੇ ਫਿਰਕੂ ਪਾਲਾਬੰਦੀ ਦੀ ਸਿਆਸਤ ਵਿਰੁਧ ਧੂੰਆਂਧਾਰ ਪ੍ਰਚਾਰ ਮੁਹਿੰਮ ਚਲਾਉਣ ਦੇ ਬਾਵਜੂਦ ਸੰਘ ਬ੍ਰਿਗੇਡ ਦੇ ਹਿੰਦੂ ਰਾਸ਼ਟਰਵਾਦੀ ਬਿਰਤਾਂਤ ਨੂੰ ਪਾਏਦਾਰ ਟੱਕਰ ਨਹੀਂ ਦੇ ਸਕੀ ਅਤੇ ਭਗਵੇਂ ਵੋਟ ਬੈਂਕ ਨੂੰ ਕੋਈ ਗਿਣਨਯੋਗ ਵੱਢ ਨਹੀਂ ਮਾਰ ਸਕੀ ਕਿਉਂਕਿ ਇਨ੍ਹਾਂ ਦਾ ਆਪਣਾ ਕਿਰਦਾਰ ਬੁਰੀ ਤਰ੍ਹਾਂ ਦਾਗ਼ੀ ਹੈ।

ਕੁਲ ਮਿਲਾ ਕੇ ਜੋ ਤਸਵੀਰ ਉਭਰੀ ਹੈ, ਉਸ ਮੁਤਾਬਕ ਜੇ ਭਾਜਪਾ ਅਤੇ ਇਸ ਦੀ ਅਗਵਾਈ ਵਾਲੇ ਐਨ. ਡੀ. ਏ. ਨੂੰ ਵਧੇਰੇ ਸੀਟਾਂ ਨਾ ਵੀ ਮਿਲਦੀਆਂ ਤਾਂ ਵੀ ਵੱਡੀ ਪਾਰਟੀ ਵਜੋਂ ਰਾਸ਼ਟਰਪਤੀ ਇਸ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੰਦਾ ਜਾਂ ਕਹਿ ਲਓ ਕਿ ਐਨ. ਡੀ. ਏ. ਨੂੰ ਬਹੁਮਤ ਨਾ ਮਿਲਣ ਦੀ ਸੂਰਤ ਵਿਚ ਮੋਦੀ-ਸ਼ਾਹ ਰਾਸ਼ਟਰਪਤੀ ਕੋਲ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਦੇ ਜੋ ਆਰ. ਐਸ. ਐਸ. ਦਾ ਖਾਸ-ਮਖਾਸ ਹੈ। ਰਾਸ਼ਟਰਪਤੀ ਭਵਨ ਦੀ ਮੋਹਰ ਪਿਛੋਂ ਅਗਲੇ ਦਿਨਾਂ ਵਿਚ ਖਰੀਦ-ਫਰੋਖਤ ਰਾਹੀਂ ਕਾਂਗਰਸ ਦੇ ਗੱਠਜੋੜ ਅੰਦਰਲੇ ਅਤੇ ਹੋਰ ਜੇਤੂਆਂ ਨੂੰ ਖਰੀਦ ਕੇ ਬਹੁਮਤ ਹਾਸਲ ਕਰਨ ਦੇ ਸਿਰਤੋੜ ਯਤਨ ਕੀਤੇ ਜਾਣਗੇ। ਮੱਧ ਪ੍ਰਦੇਸ਼ ਵਿਚ ਕਮਲਨਾਥ ਸਰਕਾਰ ਨੂੰ ਤੋੜਨ ਦੇ ਯਤਨਾਂ ਵਿਚ ਤੇਜ਼ੀ ਇਸੇ ਦਾ ਸੰਕੇਤ ਹੈ।

ਲੇਕਿਨ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਜਮਹੂਰੀਅਤ ਦੇ 'ਮਹਾਂਭਾਰਤ' ਦੇ ਜਸ਼ਨ ਮਨਾ ਰਿਹਾ ਮੀਡੀਆ ਇਸ ਮੁੱਖ ਸਵਾਲ ਨੂੰ ਨਹਾਇਤ ਚਲਾਕੀ ਨਾਲ ਦਬਾ ਗਿਆ ਹੈ ਕਿ ਸਰਕਾਰ ਚਾਹੇ ਕਿਸੇ ਦੀ ਵੀ ਬਣਦੀ, ਭਾਰਤੀ ਜਨਤਾ ਪਾਰਟੀ ਦੀ ਜਾਂ ਵਿਰੋਧੀ-ਧਿਰ ਦੀ ਹੈ, ਦੋਹਾਂ ਸੂਰਤਾਂ ਵਿਚ ਸਮਾਜ ਦੇ ਬੁਨਿਆਦੀ ਮਸਲਿਆਂ ਅਤੇ ਮੁੱਖ ਸਰੋਕਾਰਾਂ ਦੇ ਹਿਸਾਬ ਨਾਲ ਹਾਲਤ ਵਿਚ ਕੋਈ ਗਿਣਨਯੋਗ ਫਰਕ ਪਵੇਗਾ ਜਾਂ ਨਹੀਂ?

ਇਹ ਸਹੀ ਹੈ ਕਿ ਵਿਰੋਧੀ ਧਿਰ ਦੀ ਸਰਕਾਰ ਬਣਨ ਨਾਲ ਸੰਘ ਬ੍ਰਿਗੇਡ ਦੀ ਹਾਲਤ ਪਹਿਲਾਂ ਜਿੰਨੀ ਮਜ਼ਬੂਤ ਨਾ ਹੋਣ ਕਾਰਨ ਆਵਾਮ ਨੂੰ ਹਿੰਦੂਤਵ ਫਾਸ਼ੀਵਾਦ ਦੇ ਸਿੱਧੇ ਹਮਲਿਆਂ ਤੋਂ ਥੋੜ੍ਹੀ ਰਾਹਤ ਮਿਲ ਜਾਵੇਗੀ। ਪਿਛਲੇ ਪੰਜ ਸਾਲਾਂ ਤੋਂ ਧਾਰਮਿਕ ਘੱਟਗਿਣਤੀਆਂ, ਦਲਿਤਾਂ, ਆਲੋਚਕਾਂ ਅਤੇ ਬੁੱਧੀਜੀਵੀਆਂ ਉਪਰ ਜੋ ਤਾਬੜ-ਤੋੜ ਹਮਲੇ ਹੋ ਰਹੇ ਹਨ, ਉਹ ਥੋੜ੍ਹੇ ਸਮੇਂ ਲਈ ਘੱਟ ਜਾਣੇ ਸਨ; ਲੇਕਿਨ ਸੰਘ ਬ੍ਰਿਗੇਡ ਨਾਲ ਮੁਕਾਬਲੇਬਾਜ਼ੀ ਵਿਚ ਕਥਿਤ ਧਰਮ ਨਿਰਪੱਖ ਕਹਾਉਣ ਵਾਲੀ ਕਾਂਗਰਸ ਨੇ ਹਿੰਦੂ ਵੋਟ ਬੈਂਕ ਖਿੱਚਣ ਲਈ ਜੋ 'ਨਰਮ ਹਿੰਦੂਤਵ' ਦੀ ਨੀਤੀ ਅਖਤਿਆਰ ਕੀਤੀ, ਉਸ ਵਿਚ ਕੋਈ ਫਰਕ ਪੈਣ ਵਾਲਾ ਨਹੀਂ ਹੈ ਅਤੇ ਨਾ ਇਸ ਦਾ ਕਥਿਤ ਧਰਮ ਨਿਰਪੱਖ ਗੱਠਜੋੜ ਹਿੰਦੂਤਵ ਫਾਸ਼ੀਵਾਦ ਨੂੰ ਟੱਕਰ ਦੇਣ ਦੀ ਜੁਅਰਤ ਕਰੇਗਾ। ਇਉਂ ਪਿਛਲੇ ਪੰਜ ਸਾਲਾਂ ਵਿਚ ਸੰਘ ਬ੍ਰਿਗੇਡ ਨੇ ਭਾਰਤੀ ਸਮਾਜ ਅੰਦਰ ਫਿਰਕੂ ਪਾਲਾਬੰਦੀ ਕਰਕੇ ਜੋ ਨਫਰਤ ਫੈਲਾ ਦਿੱਤੀ ਹੈ, ਉਸ ਤੋਂ ਛੁਟਕਾਰਾ ਨਹੀਂ ਮਿਲੇਗਾ। ਰਾਜ ਢਾਂਚੇ ਦੇ ਅੰਦਰ ਆਰ. ਐਸ. ਐਸ. ਨੇ ਜੋ ਡੂੰਘੀ ਘੁਸਪੈਠ ਕਰ ਲਈ ਹੈ, ਉਸ ਨੂੰ ਖਤਮ ਕਰਨ ਲਈ ਜੱਦੋਜਹਿਦ ਕਰਨ ਦਾ ਕਾਂਗਰਸ ਅਤੇ ਇਸ ਦੇ ਜੋਟੀਦਾਰਾਂ ਵਿਚ ਦਮਖਮ ਨਹੀਂ ਹੈ। ਇਸ ਦਾ ਆਪਣਾ ਝੁਕਾਅ ਕਿਉਂਕਿ ਸ਼ੁਰੂ ਤੋਂ ਹੀ ਹਿੰਦੂਪੱਖੀ ਅਤੇ ਲੁਕਵੇਂ ਤੌਰ 'ਤੇ ਫਿਰਕੂ ਹੋਣ ਕਾਰਨ ਇਹ ਸੰਘ ਦੇ ਹਿੰਦੂਤਵ ਏਜੰਡੇ ਨਾਲ ਮੁਕਾਬਲੇਬਾਜ਼ੀ ਵਿਚ ਕਦੇ ਵੀ ਉਚ ਜਾਤੀ ਹਿੰਦੂ ਹਿੱਸਿਆਂ ਨੂੰ ਨਾਰਾਜ਼ ਕਰਨ ਦਾ ਜ਼ੋਖਮ ਨਹੀਂ ਲਵੇਗੀ।

ਜਿਥੋਂ ਤਕ ਆਰਥਿਕਤਾ ਨੂੰ ਲੀਹ 'ਤੇ ਲਿਆਉਣ, ਵਿਰਾਟ ਖੇਤੀ ਤੇ ਸਨਅਤੀ ਸੰਕਟ ਅਤੇ ਸਿੱਖਿਆ, ਸਿਹਤ, ਰੁਜ਼ਗਾਰ ਵਰਗੇ ਮਨੁੱਖੀ ਜ਼ਿੰਦਗੀ ਦੇ ਬੁਨਿਆਦੀ ਮਸਲਿਆਂ ਅਤੇ ਵਾਤਾਵਰਨ ਆਦਿ ਬਹੁਤ ਹੀ ਮਹੱਤਵਪੂਰਨ ਮੁੱਦਿਆਂ ਦਾ ਸਵਾਲ ਹੈ, ਲੋਕਾਂ ਨੂੰ ਭਰਮਾਉਣ ਵਾਲੇ ਵਾਅਦਿਆਂ ਦੇ ਲਾਲੀਪੌਪ ਤੋਂ ਸਿਵਾਏ ਦੋਨਾਂ ਮੁੱਖ ਪਾਰਟੀਆਂ ਅਤੇ ਹੋਰ ਹਾਕਮ ਜਮਾਤੀ ਧੜਿਆਂ ਦੀ ਆਰਥਕ ਨੀਤੀ ਵਿਚ ਕੋਈ ਬੁਨਿਆਦੀ ਫਰਕ ਨਹੀਂ ਹੈ। ਮੋਦੀ ਸਰਕਾਰ ਨੇ ਤਾਂ ਚੋਣਾਂ ਦੇ ਆਖਰੀ ਗੇੜ ਤੋਂ ਇਕ ਦਿਨ ਪਹਿਲਾਂ 18 ਮਈ ਨੂੰ ਬਿਲਡਰਾਂ ਦੇ ਪ੍ਰਾਜੈਕਟਾਂ, ਖਣਨ ਅਤੇ ਨਵੀਆਂ ਸਨਅਤੀ ਇਕਾਈਆਂ ਲਾਉਣ ਵਾਲੀਆਂ ਕੰਪਨੀਆਂ ਲਈ ਵਾਤਾਵਰਣ ਦੇ ਨਿਯਮ ਹੋਰ ਮੋਕਲੇ ਕਰ ਦਿੱਤੇ ਹਨ। ਹੁਣ 50 ਹਜ਼ਾਰ ਵਰਗ ਮੀਟਰ ਘੇਰੇ ਵਿਚ ਐਸੀ ਕਿਸੇ ਵੀ ਉਸਾਰੀ ਲਈ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੋਵੇਗੀ ਜਦਕਿ ਪਹਿਲਾਂ ਇਹ ਛੋਟ ਸਿਰਫ 20 ਹਜ਼ਾਰ ਵਰਗ ਮੀਟਰ ਤਕ ਸੀਮਤ ਸੀ।

ਇਸ ਕਥਿਤ ਲੋਕਤੰਤਰ ਵਿਚ ਭਾਰੂ ਬਹੁਗਿਣਤੀ ਆਵਾਮ ਹਾਸ਼ੀਏ 'ਤੇ ਦਿਨ ਕੱਟ ਰਹੇ ਹਨ। ਉਨ੍ਹਾਂ ਨੂੰ ਇਸ ਹੋਣੀ ਲਈ ਮਾਨਸਿਕ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ ਕਿ ਸਰਕਾਰ ਕਿਸੇ ਦੀ ਵੀ ਬਣਦੀ, ਮੁਲਕ ਨੂੰ ਦਰਪੇਸ਼ ਬੁਨਿਆਦੀ ਮਸਲੇ ਕਿਸੇ ਨੇ ਹੱਲ ਨਹੀਂ ਕਰਨੇ ਸਗੋਂ ਆਵਾਮ 'ਤੇ ਚੌਤਰਫਾ ਹਮਲੇ ਹੋਰ ਵਧਣਗੇ। ਆਵਾਮ ਨੂੰ ਓਨਾ ਹੀ ਹਾਸਲ ਹੋਵੇਗਾ, ਜਿੰਨੇ ਕੁ ਮਜ਼ਬੂਤ ਅਤੇ ਹੁਕਮਰਾਨਾਂ 'ਤੇ ਦਬਾਅ ਪਾਉਣ ਦੇ ਸਮਰੱਥ ਉਨ੍ਹਾਂ ਦੇ ਸੰਘਰਸ਼ ਹੋਣਗੇ। ਇਹੀ ਕਥਿਤ ਲੋਕਤੰਤਰੀ ਮਖੌਟੇ ਵਾਲੇ ਧਨਾਢਤੰਤਰ ਦੀ ਕੌੜੀ ਹਕੀਕਤ ਹੈ।

# ਸਮਾਜ ਵਿਚ ਅਖੌਤੀ ਸਾਧਾਂ ਦਾ ਜੰਜਾਲ

ਜੋਧਪੁਰ ਜੇਲ੍ਹ 'ਚ ਬੰਦ ਅਖੌਤੀ ਬਾਬੇ ਆਸਾ ਰਾਮ ਦੇ ਲੜਕੇ ਨੂੰ ਪਿਉ ਵਾਂਗ ਹੀ ਬਲਾਤਕਾਰ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਹੋਣਾ, ਜਲੇਬੀ ਬਾਬਾ, ਦਾਤੀ ਮਹਾਰਾਜ, ਕੈਥੋਲਿਕ ਬਿਸ਼ਪ ਫਰੈਂਕੋ ਮੁਲੱਕਲ ਤੇ ਅਜਿਹੇ ਹੋਰ ਪਾਖੰਡੀਆਂ ਉਤੇ ਬਲਾਤਕਾਰ ਤੇ ਧੋਖਾਧੜੀ ਦੇ ਕੇਸ, ਪਾਦਰੀ ਕੋਲੋਂ 16 ਲੱਖ ਮਿਲਣਾ, ਸਾਧਾਂ ਦੁਆਰਾ ਆਸ਼ਰਮਾਂ ਜਾਂ ਆਸਥਾ ਦੇ ਨਾਮ 'ਤੇ ਵੱਡੇ ਮਾਤਰਾ ਵਿਚ ਧਨ ਦੌਲਤ ਇਕਠਾ ਕਰਨਾ; ਸਾਧਪੁਣੇ ਤੋਂ ਉਲਟ ਅੱਯਾਸ਼ੀ ਤੇ ਅਰਾਮਦਾਇਕ ਜੀਵਨ ਬਸਰ ਕਰਨਾ ਇਸ਼ਾਰਾ ਕਰਦੇ ਹਨ ਕਿ ਇਹ ਅਜੋਕੇ ਸਾਧਾਂ ਜਾਂ ਬਾਬਿਆਂ ਦਾ ਅਧਿਆਤਮਿਕਤਾ ਦਾ ਪ੍ਰਚਾਰ ਨਹੀਂ ਬਲਕਿ ਆਮ ਲੋਕਾਂ ਵਾਂਗ ਹੀ ਪਦਾਰਥਕ ਤੇ ਕਾਮੁਕ ਭਾਵਨਾਵਾਂ ਦੀ ਪੂਰਤੀ ਅਤੇ ਨਿਰੋਲ ਛਲ-ਕਪਟ ਹੀ ਹੈ।

ਆਸਟਰੇਲੀਆ ਵਿਚ ਭਾਰਤੀ ਅਧਿਆਤਮਿਕ ਯੋਗ ਗੁਰੂ ਆਨੰਦ ਗਿਰੀ ਨੂੰ ਦੋ

**ਡਾ. ਸੁਖਦੇਵ ਸਿੰਘ**
ਫੋਨ: +91-94177-15730

ਮਹਿਲਾਵਾਂ ਨਾਲ ਛੇੜਛਾੜ ਦੇ ਕੇਸ ਅਧੀਨ ਗ੍ਰਿਫਤਾਰ ਕਰਨਾ ਇਸ ਦੀ ਤਾਜ਼ੀ ਮਿਸਾਲ ਹੈ। ਬਾਬਿਆਂ ਦੇ ਕੁਕਰਮ ਜਦੋਂ ਜੱਗ ਜ਼ਾਹਿਰ ਹੁੰਦੇ ਹਨ ਤਾਂ ਕੁਝ ਗੁਰਮੀਤ ਰਾਮ ਰਹੀਮ ਵਾਂਗ ਸਲਾਖਾਂ ਪਿੱਛੇ, ਕੁਝ ਗੁਪਤਵਾਸਾਂ ਵਿਚ, ਕੁਝ ਫਰਾਰ ਜਦਕਿ ਕੁਝ ਕੁ ਆਤਮ-ਹੱਤਿਆ ਕਰ ਲੈਂਦੇ ਹਨ। ਪਿਛੇ ਜਿਹੇ ਤਾਲੀਮਯਾਫਤਾ ਮਾਡਰਨ ਸਾਧ ਭੈਯੂਜੀ ਮਹਾਰਾਜ ਵੱਲੋਂ ਕੁਕਰਮ ਜੱਗ ਜ਼ਾਹਿਰ ਹੋਣ ਸਦਕਾ ਆਤਮ-ਹੱਤਿਆ ਕਰ ਲਈ ਸੀ। ਪੰਜਾਬ ਸਮੇਤ ਸਾਰੇ ਮੁਲਕ ਵਿਚ ਇਸ ਪਖੰਡ ਦਾ ਵਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ ਹੈ ਅਤੇ ਸੋਚਣ ਲਈ ਮਜਬੂਰ ਕਰਦਾ ਹੈ ਕਿ ਆਖਿਰ ਅਜਿਹਾ ਕਿਉਂ ਵਾਪਰ ਰਿਹਾ ਹੈ?

ਸਾਧੂ ਜਾਂ ਸਾਧ ਭਾਰਤੀ ਸੰਸਕ੍ਰਿਤੀ ਦਾ ਮਹਤੱਵਪੂਰਨ ਸ਼ਬਦ ਹੈ ਜਿਸ ਦਾ ਮੋਟੇ ਤੌਰ 'ਤੇ ਅਰਥ ਹੈ ਸੱਜਣ ਇਨਸਾਨ। ਹਿੰਦੂ ਮਿਥਿਹਾਸ ਮੁਤਾਬਿਕ, ਸਾਧੂ ਦਾ ਮਤਲਬ ਉਹ ਇਨਸਾਨ ਹੈ ਜੋ ਨੇਮਾਂ ਨਾਲ ਸੋਧ ਕੇ ਦੂਜਿਆਂ ਦੇ ਦੁਨਿਆਵੀ ਕੰਮਾਂ ਜਾਂ ਅਭਿਲਾਸ਼ਾਵਾਂ ਨੂੰ ਪੂਰਾ ਕਰੇ। ਇਸ ਤੋਂ ਛੁੱਟ ਸਾਧ ਦੀਆਂ ਚਾਰ ਵਿਸ਼ੇਸ਼ਤਾਵਾਂ- ਤਿਆਗ, ਸੰਜਮ, ਵੈਰਾਗ ਤੇ ਉਪਰਾਮਤਾ ਦਸੀਆਂ ਗਈਆਂ ਹਨ; ਭਾਵ ਅਜਿਹੀ ਆਤਮਾ ਜਿਸ ਦਾ ਕਿਸੇ ਵਾਸ਼ਨਾ ਵੱਲ ਧਿਆਨ ਨਾ ਜਾਵੇ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਸਾਧ ਉਹ ਉਪਕਾਰੀ ਹੈ ਜੋ 'ਪਰਾਏ ਕਾਰਜ ਨੂੰ ਸਿੱਧ ਕਰੇ'। ਸੰਤ ਬਾਰੇ ਭਾਈ ਸਾਹਿਬ ਲਿਖਦੇ ਹਨ, ਉਹ ਪੁਰਸ਼ ਜਿਸ ਨੇ ਮਨ ਇੰਦ੍ਰੀਆਂ ਨੂੰ ਟਿਕਾਇਆ ਹੈ।

ਰਵਾਇਤੀ ਸਮਾਜ ਵਿਚ ਸਾਧ ਦੀ ਬਹੁਤ ਮਹਾਨਤਾ ਦਰਸਾਈ ਗਈ ਹੈ। ਇਤਿਹਾਸਕ, ਮਿਥਿਹਾਸਕ, ਧਾਰਮਿਕ ਗ੍ਰੰਥਾਂ ਅਤੇ ਆਮ ਸਾਹਿਤ ਵਿਚ ਸਾਧ ਦੀ ਉਪਮਾ ਹੈ। ਭਾਰਤੀ ਸਮਾਜ ਵਿਚ ਧਰਮ ਦਾ ਵਧੇਰੇ ਬੋਲਬਾਲਾ ਹੋਣ ਕਰਕੇ ਸਾਧੂ ਨੂੰ ਵਿਸ਼ੇਸ਼ ਦਰਜਾ ਦਿੱਤਾ ਜਾਂਦਾ ਸੀ ਅਤੇ ਸਾਧ ਦੀ ਸੰਗਤ ਨੂੰ ਜੀਵਨ ਦਾ ਪਾਰ ਉਤਾਰਾ ਕਰਨ ਤਕ ਦੀ ਸੋਭਾ ਦਿੱਤੀ ਗਈ ਹੈ। ਗੁਰਬਾਣੀ ਦਾ ਕਥਨ ਹੈ- 'ਉਤਮ ਸਲੋਕ ਸਾਧ ਕੇ ਬਚਨ॥' ਅਤੇ 'ਸਾਧੂ ਸੰਗਿ ਉਧਾਰੁ ਭਏ ਨਿਕਾਣਿਆ॥' ਪੁਰਾਣੇ ਵੇਲਿਆਂ ਵਿਚ ਹੋਰਾਂ ਪੱਖਾਂ ਤੋਂ ਇਲਾਵਾ ਸਭ ਤੋਂ ਅਹਿਮ ਪੱਖ ਸੀ, ਅਲਗ-ਅਲਗ ਧਰਮ ਹੋਣ ਦੇ ਬਾਵਜੂਦ ਵਧੇਰੇ ਸਾਧ ਸੰਤਾਂ ਕੋਲ ਸਹਿਣਸ਼ੀਲਤਾ ਤੇ ਸੰਜਮ ਸੀ ਅਤੇ ਉਹ ਆਮ ਲੋਕਾਂ ਤੇ ਸਮਾਜ ਵਿਚ ਇਸ ਪੱਖ ਨੂੰ ਪ੍ਰਚਾਰਦੇ ਵੀ ਸਨ। ਲੋਕਾਂ ਦੇ ਘਰੇਲੂ ਕਲੇਸ਼ ਤੇ ਮਾਨਸਿਕ ਤਣਾਅ ਨੂੰ ਆਪਣੇ ਪ੍ਰਵਚਨਾਂ ਰਾਹੀਂ ਨਿਵਾਰਨ ਕਰਦੇ। ਕਈ ਸਾਧ ਤਾਂ ਜੜੀ-ਬੂਟੀਆਂ ਰਾਹੀਂ ਦਵਾ ਦਾਰੂ ਵੀ ਕਰਦੇ ਪਰ ਲਾਲਚ ਤੋਂ ਦੂਰ ਰਹਿੰਦੇ। ਜਤ-ਸਤ ਦੇ ਪ੍ਰੱਪਕ, ਅਲਪ ਅਹਾਰੀ, ਕੁਦਰਤੀ ਵਾਤਾਵਰਨ ਮੁਤਾਬਿਕ ਆਪਣੇ ਜੀਵਨ ਨੂੰ ਰੱਬੀ ਸ਼ਕਤੀ ਦੇ ਨੇੜੇ ਰੱਖਦੇ। ਇਸੇ ਕਰਕੇ ਹੀ ਸਾਧਾਂ ਸੰਤਾਂ ਨੂੰ ਲੋਕ ਸ਼ਰਧਾ ਭਾਵਨਾ ਨਾਲ ਦੇਖਦੇ।

ਅਜੋਕੇ ਯੁੱਗ 'ਚ ਵਧੇਰੇ ਕਰਕੇ ਉਲਟ ਹੋ ਰਿਹਾ ਹੈ। ਮੁਲਕ ਵਿਚ ਸਾਧ ਵੀ ਵਧੇਰੇ ਕਰਕੇ ਪਰ-ਹਿਤ ਦੀ ਬਜਾਏ ਨਿੱਜ-ਹਿਤ ਵਿਚ ਗੜੁੱਚ ਹਨ ਜੋ ਉਨ੍ਹਾਂ ਦੇ ਪਾਖੰਡਾਂ, ਛਲ-ਕਪਟ ਤੇ ਢੰਗਾਂ ਤੋਂ ਸਾਫ ਨਜ਼ਰ ਆਉਂਦਾ ਹੈ। ਲੋਕਾਂ ਨੂੰ ਅੰਧਵਿਸ਼ਵਾਸੀ ਬਣਾ ਅਤੇ ਕਰਮਾਂ ਦੇ ਚੱਕਰਾਂ ਵਿਚ ਪਾ ਕੇ ਮਾਇਆ ਬਟੋਰਨਾ, ਚਲਾਕੀ ਤੇ ਘੋਰ ਫਰੇਬ ਰਾਹੀਂ ਨੌਜੁਆਨ ਲੜਕੀਆਂ ਕੋਲੋਂ ਇਸ਼ਨਾਨ ਕਰਵਾਉਣਾ, ਜਿਨਸੀ ਸ਼ੋਸ਼ਣ, ਲੜਕੀਆਂ ਦਾ ਉਧਾਲਾ, ਸਿਆਸਤਦਾਨਾਂ ਦੀ ਸ਼ਹਿ 'ਤੇ ਆਪਣੇ ਚੇਲਿਆਂ (ਗੁੰਡਿਆਂ) ਦੁਆਰਾ ਡੇਰਿਆਂ ਤੇ ਆਸ਼ਰਮਾਂ ਵਿਚ ਆਉਣ ਵਾਲੇ ਸ਼ਰਧਾਲੂਆਂ ਨੂੰ ਮਾਨਸਿਕ ਤੌਰ 'ਤੇ ਦਬਾ ਕੇ ਹਮੇਸ਼ਾ ਲਈ ਆਪਣੇ ਚੁੰਗਲ ਵਿਚ ਫਸਾਈ ਰੱਖਣਾ, ਕਈ ਹਾਲਾਤ ਵਿਚ ਕਤਲ ਆਦਿ ਕੁਕਰਮ ਪ੍ਰਤੱਖ ਹਨ। ਇਸ ਤੋਂ ਬਿਨਾ ਕਈ ਅਣਦਸੀਆਂ ਕੁਕਰਮ ਕਹਾਣੀਆਂ ਦਫਨ ਹੋ ਕੇ ਰਹਿ ਜਾਂਦੀਆਂ ਹਨ।

ਸਮੇਂ ਨਾਲ ਹਰ ਸ਼ੈਅ ਬਦਲ ਜਾਂਦੀ ਹੈ। ਅਜਿਹਾ ਕੁਝ ਸਾਧ ਸੰਤਾਂ ਦੇ ਪੱਖ ਤੋਂ ਵਾਪਰ ਰਿਹਾ ਹੈ। ਮੰਨਿਆ ਗਿਆ ਹੈ ਕਿ ਮਾਇਆ ਵੱਖ ਵੱਖ ਰੂਪਾਂ ਵਿਚ ਇਨਸਾਨ ਨੂੰ ਆਪਣੀ ਗ੍ਰਿਫਤ ਵਿਚ ਲੈ ਲੈਂਦੀ ਹੈ। ਅਜੋਕਾ ਯੁਗ ਮੰਡੀ-ਸ਼ਕਤੀ ਤੇ ਭੌਤਿਕਵਾਦ ਦਾ ਯੁੱਗ ਹੈ ਜਿਸ ਵਿਚ ਪਦਾਰਥਕ ਵਸਤਾਂ ਦੀ ਖਿੱਚ ਇੰਨੀ ਦਿਖਾਈ ਜਾਂਦੀ ਹੈ, ਜਿਥੇ ਆਮ ਇਨਸਾਨ ਵਿਤੋਂ ਬਾਹਰ ਹੋ ਕੇ ਵੀ ਪਦਾਰਥਕ ਵਸਤਾਂ ਇਕੱਠੀਆਂ ਕਰਦਾ ਹੀ ਨਿਬੜ ਜਾਂਦਾ ਹੈ, ਉਥੇ ਸਾਧ ਸੰਤ ਵੀ ਇਹੀ ਵਰਤਾਰੇ ਅਪਣਾ ਰਹੇ ਹਨ। ਅਜੋਕੇ ਸਾਧਾਂ ਦਾ ਮਨ ਵੀ ਅਸਹਿਣਸ਼ੀਲ, ਖੰਡਤ ਤੇ ਪ੍ਰਚੰਡ ਲਾਲਚੀ ਹੋ ਰਿਹਾ ਹੈ। ਨਵੇਂ ਡੇਰੇ/ਆਸ਼ਰਮ ਖੁੱਲ੍ਹਣਾ ਇਸ ਦੀਆਂ ਪ੍ਰਤਖ ਮਿਸਾਲਾਂ ਹਨ। ਭਾਰਤ ਵਿਚ ਲੱਖਾਂ ਹੀ ਡੇਰੇ/ਆਸ਼ਰਮ ਹੋਂਦ ਵਿਚ ਆ ਚੁੱਕੇ ਹਨ। ਪੰਜਾਬ ਵਰਗੇ ਛੋਟੇ ਰਾਜ ਵਿਚ ਵੀ 9000 ਦੇ ਕਰੀਬ ਡੇਰੇ/ਆਸ਼ਰਮ ਹਨ ਜੋ ਵਧੇਰੇ ਕਰਕੇ ਮਾਇਆ ਇਕੱਠੀ ਕਰਨ ਦਾ ਜ਼ਰੀਆ ਹਨ। ਬਾਬਿਆਂ ਕੋਲ ਮਹਿੰਗੀਆਂ ਕਾਰਾਂ, ਆਲੀਸ਼ਾਨ ਸਥਾਨ ਤੇ ਬੰਦੂਕਧਾਰੀ ਚੇਲਿਆਂ ਦਾ



ਇਕੱਠ ਇਸ ਦਾ ਸਬੂਤ ਹਨ। ਸੋ, ਅਜੋਕਾ ਸਾਧਪੁਣਾ ਆਰਥਿਕ ਆਧਾਰਿਤ ਹੈ, ਅਧਿਆਤਮਕ ਆਧਾਰਿਤ ਨਹੀਂ।

ਅਖੌਤੀ ਬਾਬਿਆਂ ਦੀ ਉਪਜ ਦਾ ਇਕ ਹੋਰ ਵੱਡਾ ਕਾਰਨ ਸਾਧਪੁਣੇ ਵਿਚ ਅਸਾਨ ਦਾਖਲਾ ਹੈ। ਕੋਈ ਕਲਰਕ ਜਾਂ ਦਰਜਾ ਚਾਰ ਮੁਲਾਜ਼ਮ ਵੀ ਭਰਤੀ ਕਰਨਾ ਹੋਵੇ ਤਾਂ ਕੋਈ ਨਿਰਧਾਰਤ ਵਿਦਿਅਕ ਯੋਗਤਾ ਚਾਹੀਦੀ ਹੈ, ਟੈਸਟ ਜਾਂ ਇੰਟਰਵਿਊ ਪਾਸ ਕਰਨੀ ਪੈਂਦੀ ਹੈ ਪਰ ਬਾਬਾ ਬਣਨ ਲਈ ਕਿਸੇ ਯੋਗਤਾ ਦੀ ਜ਼ਰੂਰਤ ਨਹੀਂ। ਬਸ ਖਾਸ ਭੇਸ ਤੇ ਸ਼ੁਰੂਆਤ ਲਈ ਥੋੜ੍ਹੀ ਜਗ੍ਹਾ ਚਾਹੀਦੀ ਹੈ ਜੋ ਛੇਤੀ ਹੀ ਫੈਲ ਜਾਂਦੀ ਹੈ। ਸੋਨੇ ਤੇ ਸੁਹਾਗੇ ਵਾਲੀ ਗੱਲ ਇਹ ਹੁੰਦੀ ਹੈ ਕਿ ਸਾਧਾਂ ਤੇ ਆਸ਼ਰਮਾਂ ਨੂੰ ਸਿਆਸੀ ਥਾਪੜਾ ਵੀ ਮਿਲ ਜਾਂਦਾ ਹੈ। ਬਸ ਫੇਰ ਕੀ? ਨਾ ਕੋਈ ਪੁੱਛਣ ਵਾਲਾ ਤੇ ਨਾ ਹੀ ਕੋਈ ਰੋਕ-ਟੋਕ। ਕਈ ਬਾਬਿਆਂ ਦਾ ਪਿਛੋਕੜ ਨਿਹਾਇਤ ਅਪਰਾਧਿਕ ਹੁੰਦਾ ਹੈ।

ਸਾਧ ਸੰਤਾਂ ਦੇ ਡੇਰੇ ਪ੍ਰਫੁਲਤ ਹੋਣ ਦੇ ਹੋਰ ਵੱਡੇ ਕਾਰਨ ਹਨ: ਸਮਾਜ 'ਚ ਰਿਸ਼ਤਿਆਂ ਦੀ ਟੁੱਟ-ਭੱਜ, ਘਰੇਲੂ ਕਲੇਸ਼, ਸਮਾਜਿਕ ਸਹਾਰਿਆਂ ਦਾ ਟੁੱਟਣਾ, ਸਮਾਜਿਕ ਅਸੰਗਠਤਾ, ਅੰਤਰ-ਮਨੁੱਖੀ ਅਸੰਵੇਦਨਸ਼ੀਲਤਾ, ਮਾਨਸਿਕ ਤਣਾਅ ਆਦਿ। ਮਨੋਵਿਗਿਆਨਕ ਪੱਖਾਂ ਤੋਂ ਕੀਤੇ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਡਿਪਰੈਸ਼ਨ ਦੀ ਬਿਮਾਰੀ ਦੈਂਤ ਦਾ ਰੂਪ ਧਾਰ ਰਹੀ ਹੈ। ਭਾਰਤ ਵਿਚ ਹੁਣ 7 ਕਰੋੜ ਦੇ ਕਰੀਬ ਲੋਕ ਡਿਪਰੈਸ਼ਨ ਦੀ ਮਾਰ ਹੇਠ ਹਨ। ਇਕ ਰਿਪੋਰਟ ਮੁਤਾਬਿਕ, ਪੰਜਾਬ ਦਾ ਹਰ ਅੱਠਵਾਂ ਬੰਦਾ ਡਿਪਰੈਸ਼ਨ ਦਾ ਸ਼ਿਕਾਰ ਹੈ। ਮਾਨਸਿਕ ਤੇ ਸਮਾਜਿਕ ਤੌਰ ਤੇ ਟੁੱਟੇ ਇਨਸਾਨ ਸਾਧਾਂ ਸੰਤਾਂ ਦੀ ਸ਼ਰਨ ਵਿਚ ਆਉਂਦੇ ਹਨ ਅਤੇ ਲੁੱਟ-ਖਸੁੱਟ ਦਾ ਸ਼ਿਕਾਰ ਹੁੰਦੇ ਹਨ।

ਮੰਨਿਆ ਜਾਂਦਾ ਹੈ ਕਿ ਜਿਉਂ ਜਿਉਂ ਸਮਾਜ ਤਰੱਕੀ ਕਰਦਾ ਹੈ, ਅੰਧਵਿਸ਼ਵਾਸ ਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਲੋਕਾਂ ਦਾ ਵਰਤਾਰਾ ਤਰਕਸ਼ੀਲ ਪੱਖੀ ਹੁੰਦਾ ਹੈ ਪਰ ਸਾਡੇ ਸਮਾਜ ਵਿਚ ਅਜਿਹਾ ਨਜ਼ਰ ਨਹੀਂ ਆਉਂਦਾ। ਅੱਜ ਆਮ ਲੋਕ ਆਪਣੇ ਸੁੱਖਾਂ ਦੀ ਪ੍ਰਾਪਤੀ ਲਈ ਸਾਧਾਂ ਸੰਤਾਂ ਦੇ ਕਹੇ ਤੇ ਕੁਝ ਵੀ ਕਰਨ ਲਈ ਤਿਆਰ ਰਹਿੰਦੇ ਹਨ। ਗੁਰੂ ਨਾਨਕ ਜੀ ਦੇ ਉਚਾਰੇ ਸ਼ਬਦ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥' ਅੱਜ ਵੀ ਪ੍ਰਸੰਗਕ ਹਨ। ਪੰਖਡੀ ਬਾਬੇ ਧਰਮ ਦੇ ਨਾਮ ਦੇ ਸਹਾਰੇ ਲੋਕਾਂ ਨੂੰ ਡਰਾ ਕੇ ਸਭ ਕੁਝ ਹਾਸਲ ਕਰ ਲੈਂਦੇ ਹਨ। ਕਈ ਬਾਬੇ ਤਾਂ ਬਾਣੀ ਦੇ ਅਰਥਾਂ ਦਾ ਵੀ ਅਨਰਥ ਕਰ ਦਿੰਦੇ ਹਨ ਅਤੇ ਕਈ ਸ਼ਬਦ ਗਾਇਨ ਵੀ ਮਾਡਰਨ ਤਰਜ਼ਾਂ 'ਤੇ ਕਰਦੇ ਹਨ।

ਤਕਰੀਬਨ ਇਕ ਸਦੀ ਪਹਿਲਾਂ ਜਰਮਨ ਸਮਾਜ ਵਿਗਿਆਨੀ ਮੈਕਸ ਵੈਬਰ ਨੇ ਹੋਰ ਪੱਖਾਂ ਤੋਂ ਇਲਾਵਾ ਧਰਮ ਨੂੰ ਆਰਥਿਕ ਤਰੱਕੀ ਵਿਚ ਵੱਡਾ ਰੋੜਾ ਦੱਸਿਆ ਸੀ। ਆਪਣੀ ਪੁਸਤਕ 'ਪਰੋਟੈਸਟੈਂਟ ਐਥਿਕਸ ਐਂਡ ਸਪਿਰਿਟ ਆਫ ਕੈਪਿਟੇਲਿਜ਼ਮ' ਵਿਚ ਉਸ ਦਾ ਤਰਕ ਸੀ ਕਿ ਕੈਲਵਿਨਿਸਟ ਲੋਕ ਯੂਰਪ ਵਿਚ ਇਸ ਕਰਕੇ ਖੁਸ਼ਹਾਲ ਹੋਏ ਕਿਉਂਕਿ ਉਨ੍ਹਾਂ ਨੇ ਚਰਚ ਜੋ ਕੁਝ ਸਮਾਂ ਪਹਿਲਾਂ ਤੱਕ ਸ਼ਕਤੀਸ਼ਾਲੀ ਸੰਸਥਾ ਸੀ, ਵਿਚ ਸਮਾਂ ਵਿਅਰਥ ਕਰਨ ਦੀ ਬਜਾਏ ਮਿਹਨਤ, ਸੰਜਮ, ਅਨੁਸ਼ਾਸਨ ਤੇ ਆਤਮ-ਵਿਸ਼ਵਾਸ ਨਾਲ ਆਰਥਿਕ ਗਤੀਵਿਧੀਆਂ ਵਿਚ ਧਿਆਨ ਲਾਇਆ।

ਵੈਬਰ ਮੁਤਾਬਿਕ, ਹੋਰ ਕਾਰਨਾਂ ਦੇ ਨਾਲ ਨਾਲ ਭਾਰਤ ਦੀ ਗਰੀਬੀ ਤੇ ਅਣ-ਵਿਕਾਸ ਦਾ ਮੂਲ ਕਾਰਨ ਧਾਰਮਿਕ ਕਰਮਕਾਂਡਾਂ ਤੇ ਵਿਸ਼ਵਾਸਾਂ ਵਿਚ ਵਧੇਰੇ ਸਮਾਂ ਨਸ਼ਟ ਕਰਨਾ ਹੈ। ਉਸ ਮੁਤਾਬਿਕ, ਭਾਰਤੀ ਮਨੁੱਖ ਕਿਸਮਤਵਾਦ, ਸੰਸਾਰ ਤਿਆਗਣ, ਕਰਮਕਾਂਡ ਤੇ ਅਣ-ਦੇਖੀ ਅਗਲੇਰੀ ਦੁਨੀਆ ਲਈ ਵਧੇਰੇ ਫ਼ਿਕਰਮੰਦ ਰਹਿੰਦੇ ਹਨ ਅਤੇ ਅਜਿਹੀ ਸੋਚ ਜਿੱਥੇ ਗੈਰ ਕੁਦਰਤੀ ਤੇ ਮਨੁੱਖੀ ਸ਼ਕਤੀ ਨੂੰ ਅਣਉਪਜਾਊ ਕੰਮਾਂ ਵੱਲ ਧੱਕਦੀ ਹੈ, ਉਥੇ ਵਿਕਾਸ ਵੀ ਰੁਕਦਾ ਹੈ।

ਅਜੋਕੇ ਸਮੇਂ ਵਿਚ ਸਾਡੇ ਮੁਲਕ ਵਿਚ ਬਾਬੇ ਮਨੁੱਖੀ ਤੇ ਕੁਦਰਤੀ ਸ਼ਕਤੀ ਨੂੰ ਬੇਹਾਲ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੇ। ਅੱਜ ਵੀ ਬਲੀਆਂ, ਆਹੂਤੀਆਂ ਤੇ ਅੰਧ-ਵਿਸ਼ਵਾਸਾਂ ਦਾ ਵਰਤਾਰਾ ਜਾਰੀ ਹੈ। ਅਜੋਕੇ ਬਾਬੇ ਹੁਣ ਧਰਮ, ਸਮੂਹ ਤੇ ਕੁਦਰਤ ਦਾ ਖਿਆਲ ਘੱਟ ਤੇ ਮਾਰਕੀਟਿੰਗ ਦਾ ਹੇਜ ਵੱਧ ਕਰਦੇ ਹਨ। ਧਰਮ ਤੇ ਯੋਗ ਦੇ ਨਾਮ 'ਤੇ ਵੇਚਿਆ ਜਾ ਰਿਹਾ ਸਮਾਨ ਇਨ੍ਹਾਂ ਦੀਆਂ ਮਿਸਾਲਾਂ ਹਨ। ਭਾਰਤ ਵਿਚ ਮਿਹਨਤੀ ਅਤੇ ਹੱਕ ਦੀ ਕਮਾਈ ਕਰਨ ਵਾਲਾ ਇਨਸਾਨ ਉਮਰ ਦੇ ਅਖੀਰਲੇ ਸਾਲਾਂ ਵਿਚ ਜਾ ਕੇ ਕਿਤੇ ਲੱਖਾਂ ਰੁਪਏ ਦੇ ਦਰਸ਼ਨ ਕਰਦਾ ਹੈ ਜਦਕਿ ਬਾਬੇ ਚੜ੍ਹਦੀ ਉਮਰੇ ਹੀ ਅਰਬਾਂ ਰੁਪਇਆਂ ਵਿਚ ਖੇਡਦੇ ਹਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਵੱਖ ਵੱਖ ਕਾਰਨਾਂ ਜਿਵੇਂ ਬੇਰੁਜ਼ਗਾਰੀ, ਜ਼ਮੀਨਾਂ ਜੋਤਾਂ ਦਾ ਘਟ ਰਿਹਾ ਆਕਾਰ ਤੇ ਘੱਟ ਆਮਦਨ, ਪਦਾਰਥਵਾਦ ਦੀ ਪੀੜੀ ਹੋ ਰਹੀ ਪਕੜ, ਸਮਾਜਿਕ ਟੁੱਟ ਭੱਜ, ਮਾਨਸਿਕ ਤਣਾਅ, ਸਿਆਸੀ ਪਾਰਟੀਆਂ ਵਲੋਂ ਕੋਈ ਵਿਕਾਸ ਏਜੰਡਾ ਲਾਗੂ ਨਾ ਕਰਨਾ, ਸਿਆਸਤਦਾਨਾਂ ਵੱਲੋਂ ਆਮ ਲੋਕਾਂ ਦੇ ਦੁੱਖ ਦਰਦ ਵੱਲ ਪਿੱਠ ਕਰ ਲੈਣੀ, ਵਧ ਰਿਹਾ ਅਪਰਾਧ, ਲੋਕਾਂ ਵਿਚ ਅਗਿਆਨਤਾ ਤੇ ਅੰਧਵਿਸ਼ਵਾਸ ਆਦਿ ਸਦਕਾ ਸਮਾਜ ਬਿਮਾਰ ਹੈ। ਇਸ ਬਾਰੇ ਵੱਖ-ਵੱਖ ਧੜਿਆਂ 'ਤੇ ਸਰਕਾਰਾਂ ਸਮੇਤ ਗੰਭੀਰ ਚਿੰਤਨ ਦੀ ਲੋੜ ਹੈ ਤਾਂ ਜੋ ਸਮਾਜ ਨੂੰ ਸਮੇਂ ਦਾ ਹਾਣੀ ਬਣਾ ਕੇ ਤਰੱਕੀ ਵੱਲ ਲਿਜਾਇਆ ਜਾਵੇ ਜਿਥੇ ਲੋਕਾਂ ਨੂੰ ਬਾਬਿਆਂ ਦਾ ਸਹਾਰਾ ਨਾ ਤੱਕਣਾ ਪਵੇ ਅਤੇ ਲੋਕ ਆਪਣੀ ਤਰੱਕੀ ਦੇ ਨਾਲ ਮੁਲਕ ਦੇ ਵਿਕਾਸ ਵਿਚ ਵੀ ਹਿੱਸਾ ਪਾ ਸਕਣ।

# ਗੁਫਾਵਾਂ ਵਿਚ ਚਿੰਤਨ?

ਧਰਮਾਂ ਦੇ ਨਾਂ 'ਤੇ ਪ੍ਰਚਾਰਿਆ ਜਾਂਦਾ ਝੂਠ, ਰਾਜ ਕਰਦੀ ਲੁਟੇਰੀ ਜਮਾਤ ਅਤੇ ਧਰਮਾਂ ਦੇ ਨਾਂ 'ਤੇ ਚਲਾਏ ਜਾਂਦੇ ਵਪਾਰ ਦੇ ਐਨ ਫਿੱਟ ਬੈਠਦਾ ਹੈ। ਇਸੇ ਕਰਕੇ ਜਦੋਂ ਕਿਸੇ ਧਾਰਮਿਕ ਮੰਨਤ ਨੂੰ ਵਿਗਿਆਨਿਕ ਤੌਰ 'ਤੇ ਰੱਦ ਕਰਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਧਰਮੀ ਅਖਵਾਉਣ ਵਾਲੇ ਆਪਣੇ ਧਰਮ ਦੀ ਤੌਹੀਨ ਆਖ ਕੇ ਰੌਲਾ ਪਾਉਂਦੇ ਹਨ ਅਤੇ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਦੁਹਾਈ ਪਾ ਦਿੰਦੇ ਹਨ। ਰਾਜ ਕਰਦੀ ਸ਼੍ਰੇਣੀ ਨੇ ਪਹਿਲਾਂ ਹੀ


**ਜਸਵੰਤ ਜੀਰਖ**

ਧਰਮਾਂ ਨੂੰ ਸੁਰੱਖਿਅਤ ਰੱਖਣ ਲਈ ਅਜਿਹੇ ਕਾਨੂੰਨ ਬਣਾਏ ਹੋਏ ਹਨ, ਜਿਨ੍ਹਾਂ ਨੂੰ ਧਰਮ ਦੀਆਂ ਝੂਠੀਆਂ ਮਾਨਤਾਵਾਂ ਦਾ ਖੰਡਨ ਕਰਨ ਵਾਲਿਆਂ ਖ਼ਿਲਾਫ਼ ਵਰਤ ਕੇ ਧਰਮਾਂ ਵਲੋਂ ਫੈਲਾਏ ਜਾਂਦੇ ਅੰਧਵਿਸ਼ਵਾਸ ਬਰਕਰਾਰ ਰੱਖੇ ਜਾਂਦੇ ਹਨ।

ਹੁਣ ਇਕ ਕਦਮ ਹੋਰ ਅੱਗੇ ਜਾਂਦਿਆਂ ਨਰਿੰਦਰ ਮੋਦੀ ਆਪਣੀ ਆਸਥਾ ਦੇ ਨਾਂ ਹੇਠ ਮੰਦਰਾਂ ਦੀ ਪੂਜਾ ਦੁਆਰਾ ਅਤੇ ਵਿਸ਼ੇਸ਼ ਸਹੂਲਤਾਂ ਨੂੰ ਮੁੱਖ ਰੱਖ ਕੇ ਬਣਾਈਆਂ ਗੁਫਾਵਾਂ ਵਿਚ ਬੈਠ ਕੇ, ਅੰਤਰ ਧਿਆਨ ਹੋ ਕੇ ਭਗਤੀ ਕਰ ਚੁੱਕੇ ਹਨ। ਉਹ ਅਜਿਹਾ ਕਰਕੇ ਦੁਬਾਰਾ ਸੱਤਾ ਵਿਚ ਆਣ ਦੇ ਸੁਪਨੇ ਸਾਕਾਰ ਹੋਣ ਦੀ ਆਸ ਰੱਖਦੇ ਹਨ। ਇਸ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੂੰ ਮੁਲਕ ਵਾਸੀਆਂ ਉਤੇ ਵਿਸ਼ਵਾਸ ਨਹੀਂ ਸਗੋਂ ਪੱਥਰ ਦੀਆਂ ਮੂਰਤੀਆਂ ਅਤੇ ਗੁਫਾਵਾਂ ਉਪਰ ਵੱਧ ਵਿਸ਼ਵਾਸ ਹੈ ਜੋ ਕਿਰਤੀ ਲੋਕਾਂ ਨੇ ਹੀ ਬਣਾਈਆਂ ਹਨ।

ਦੂਜੇ ਪਾਸੇ ਜੇ ਵਿਗਿਆਨਿਕ ਨਜ਼ਰੀਏ ਤੋਂ ਮਨੁੱਖ ਦੇ ਅੱਜ ਤੱਕ ਦੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਮਨੁੱਖ ਨੇ ਸਮੁੱਚਾ ਵਿਕਾਸ ਗੁਫਾਵਾਂ ਵਿਚੋਂ ਬਾਹਰ ਆ ਕੇ ਹੀ ਕੀਤਾ ਹੈ। ਜੇ ਸਾਡੇ ਪੁਰਖੇ ਇਨ੍ਹਾਂ ਗੁਫਾਵਾਂ 'ਚ ਹੀ ਬੈਠੇ ਰਹਿੰਦੇ ਤਾਂ ਅੱਜ ਤੱਕ ਦਾ ਮਨੁੱਖੀ ਵਿਕਾਸ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ ਪਰ ਪ੍ਰਧਾਨ ਮੰਤਰੀ ਜੀ ਉਲਟਾ ਮਨੁੱਖੀ ਵਿਕਾਸ ਦਾ ਖੇਤਰ ਛੱਡ ਕੇ, ਪਿੱਛੇ ਵੱਲ ਪਰਤ ਕੇ ਪਤਾ ਨਹੀਂ ਕਿਹੜੇ ਵਿਕਾਸ ਦਾ ਫਾਰਮੂਲਾ ਲੱਭ ਕੇ ਲਿਆਉਣ ਵਾਲੇ ਹਨ?

ਜੇ ਇਸ ਤਰ੍ਹਾਂ ਦੀਆਂ ਆਸਥਾਵਾਂ ਨੂੰ ਵੋਟਾਂ ਹਥਿਆਉਣ ਲਈ ਵਰਤਣ ਨਾਲ ਮਸਲੇ ਹੱਲ ਹੋ ਜਾਂਦੇ ਹਨ ਤਾਂ ਚੋਣਾਂ ਉਪਰ ਕਰੋੜਾਂ ਖ਼ਰਚ ਕੇ, ਨਸ਼ੇ ਵੰਡ ਕੇ ਲੋਕਾਂ ਦੇ ਮਿੰਨਤਾਂ ਤਰਲੇ ਕਰਨ ਦੀ ਕੀ ਲੋੜ ਹੈ? ਜੇ ਗੁਫਾਵਾਂ ਵਿਚ ਬੈਠ ਕੇ ਅੰਤਰ ਧਿਆਨ ਹੋਣ ਨਾਲ ਕੋਈ ਪ੍ਰਾਪਤੀ ਹੋ ਸਕਦੀ ਹੈ ਤਾਂ ਵਿਗਿਆਨ ਦੀਆਂ ਪ੍ਰਾਪਤੀਆਂ ਨਾਲ ਹਾਸਲ ਹੋਈਆਂ ਸੁੱਖ ਸਹੂਲਤਾਂ ਨੂੰ ਉਨ੍ਹਾਂ ਗੁਫਾਵਾਂ ਵਿਚ ਕਿਉਂ ਵਰਤਿਆ ਜਾਂਦਾ ਹੈ? ਮੀਡੀਆ ਰਾਹੀਂ ਇਹ ਵੀ ਪਤਾ ਲੱਗਾ ਹੈ ਕਿ ਅਜੇ ਇਕ



ਗੁਫਾ ਦਾ ਨਿਰਮਾਣ ਹੋਇਆ ਹੈ, ਇਸ ਤਰ੍ਹਾਂ ਦੀਆਂ ਕੁੱਲ ਪੰਜ ਗੁਫਾਵਾਂ ਦਾ ਨਿਰਮਾਣ ਕੀਤਾ ਜਾਣਾ ਹੈ ਜੋ ਆਧੁਨਿਕ ਸੁੱਖ ਸਹੂਲਤਾਂ ਨਾਲ ਲੈਸ ਹੋਣਗੀਆਂ। ਕੀ ਇਸੇ ਨੂੰ ਨਵੇਂ ਭਾਰਤ ਦੇ ਨਿਰਮਾਣ ਦਾ ਨਾਮ ਦਿੱਤਾ ਜਾ ਰਿਹਾ ਹੈ?

ਇਸ ਦੌੜ ਵਿਚ ਪ੍ਰਧਾਨ ਮੰਤਰੀ ਦੇ ਜੋਟੀਦਾਰ ਅਮਿਤ ਸ਼ਾਹ ਅਤੇ ਰਾਹੁਲ ਗਾਂਧੀ ਵੀ ਪਿੱਛੇ ਨਹੀਂ ਰਹੇ, ਉਨ੍ਹਾਂ ਨੇ ਵੀ ਵੱਖ-ਵੱਖ ਮੰਦਰਾਂ ਵਿਚੋਂ ਅਸ਼ੀਰਵਾਦ ਲੈਣ ਦੀ ਆਸਥਾ ਨੂੰ ਬਰਕਰਾਰ ਰੱਖਣ ਦੇ ਬਹਾਨੇ ਲੋਕਾਂ ਦੀਆਂ ਨਜ਼ਰਾਂ ਵਿਚ ਬੜੇ ਦਿਆਨਤਦਾਰ ਹੋਣ ਵਾਲਾ ਪੈਂਤੜਾ ਵਰਤਣ ਲਈ ਕੋਈ ਕਸਰ ਨਹੀਂ ਛੱਡੀ। ਲੋਕਾਂ ਲਈ ਸਵਾਲ ਇਹ ਹੈ: ਕੀ ਇਸ ਤਰ੍ਹਾਂ ਕਰਨ ਨਾਲ ਕਿਸੇ ਦੀਆਂ ਇੱਛਾਵਾਂ ਦੀ ਪੂਰਤੀ ਹੋ ਸਕਦੀ ਹੈ? ਜੇ ਸਿਆਸਤਦਾਨ ਲੋਕਾਂ ਦੀਆਂ ਸਮੱਸਿਆਵਾਂ ਨੂੰ ਖਤਮ ਕਰਨ ਪੱਖੋਂ ਨਾਕਾਮ ਰਹਿਣ ਬਾਅਦ, ਆਪੋ-ਆਪਣੀ ਜਿੱਤ ਪ੍ਰਾਪਤ ਕਰਨ ਲਈ ਇਸ ਤਰ੍ਹਾਂ ਧਰਮਾਂ ਨੂੰ ਵਰਤ ਕੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਵਰਤਦੇ ਰਹਿਣਗੇ ਅਤੇ ਲੋਕ ਇਸੇ ਤਰ੍ਹਾਂ ਦੇਖਦੇ ਸੁਣਦੇ ਰਹਿਣਗੇ ਤਾਂ ਇਹ ਮੁਲਕ ਦੀ ਤਰੱਕੀ ਲਈ ਘਾਤਕ ਸਿੱਧ ਹੋਵੇਗਾ।

ਇਸ ਤਰ੍ਹਾਂ ਦੇ ਜੋ ਵਰਤਾਰੇ ਦੇਖਣ ਨੂੰ ਮਿਲ ਰਹੇ ਹਨ, ਇਨ੍ਹਾਂ ਨਾਲ ਲੋਕਾਂ ਦੀ ਇਕ ਵੀ ਸਮੱਸਿਆ ਹੱਲ ਨਹੀਂ ਹੋ ਸਕਦੀ। ਇਕ ਪਾਸੇ ਮੁਲਕ ਦੇ ਬਹੁਗਿਣਤੀ ਲੋਕ ਦੋ ਡੰਗ ਦੀ ਰੋਟੀ ਤੋਂ ਵੀ ਸੱਖਣੇ ਹਨ, ਦੂਜੇ ਪਾਸੇ ਕਰੋੜਾਂ ਰੁਪਿਆ ਸਾਧਨਾ ਅਤੇ ਚਿੰਤਨ ਕਰਨ ਦੇ ਨਾਂ ਉਤੇ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ। ਕੈਮਰੇ ਅਤੇ ਹੋਰ ਸਰਕਾਰੀ ਅਮਲੇ-ਫੈਲੇ ਨੂੰ ਨਾਲ ਲੈ ਕੇ ਜਾਣਾ, ਹਰ ਪਲ ਨੂੰ ਮੀਡੀਆ ਵਿਚ ਦਿਖਾਉਣ ਦੇ ਪ੍ਰਬੰਧ ਕਰਕੇ ਅਜਿਹੇ ਸਿਆਸਤਦਾਨ ਲੋਕਾਂ ਦੀ ਕਿਹੜੀ ਸਮੱਸਿਆ ਦਾ ਹੱਲ ਕਰਨਾ ਚਾਹੁੰਦੇ ਹਨ? ਕੀ ਪ੍ਰਧਾਨ ਮੰਤਰੀ ਜੀ ਦੱਸ ਸਕਦੇ ਹਨ ਕਿ ਉਨ੍ਹਾਂ ਦੀ ਇਸ ਸਾਧਨਾ ਨਾਲ ਮੁਲਕ ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਵਰਗੀ ਬਿਮਾਰੀ ਅਤੇ ਅਜਿਹੀਆਂ ਅਨੇਕਾਂ ਹੋਰ ਬਿਮਾਰੀਆਂ ਤੋਂ ਮੁਕਤ ਹੋ ਜਾਵੇਗਾ?

ਲੋਕਾਂ ਦੀ ਧਾਰਮਿਕ ਆਸਥਾ ਨੂੰ ਵੋਟਾਂ 'ਚ ਤਬਦੀਲ ਕਰਨ ਲਈ ਇਸ ਨੂੰ ਇਕ ਹੋਰ ਪੈਂਤੜਾ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਅੱਜ ਲੋੜ ਹੈ, ਲੋਕਾਂ ਦੀਆਂ ਸਮੱਸਿਆਵਾਂ ਬਾਰੇ ਵਿਗਿਆਨਿਕ ਨਜ਼ਰੀਏ ਰਾਹੀਂ ਘੋਖ ਕਰਨ ਦੀ ਅਤੇ ਉਨ੍ਹਾਂ ਦੇ ਸਹੀ ਹੱਲ ਪੇਸ਼ ਕਰਨ ਦੀ। ਕੋਈ ਵੀ ਗ਼ੈਰ ਵਿਗਿਆਨਿਕ ਅਤੇ ਅੰਧਵਿਸ਼ਵਾਸੀ ਮਾਨਤਾ ਭਾਰਤੀਆਂ ਦੀ ਕੋਈ ਵੀ ਸਮੱਸਿਆ ਹੱਲ ਨਹੀਂ ਹੋ ਸਕਦੀ। ਸਿਰਫ ਰਾਜ ਕਰਦੀ ਸ਼੍ਰੇਣੀ ਹੀ ਅਜਿਹੇ ਵਰਤਾਰਿਆਂ ਨੂੰ ਆਪਣੇ ਰਾਜ ਦੀ ਸਲਾਮਤੀ ਲਈ ਵਰਤਦੀ ਰਹੇਗੀ। ਲੋਕਾਂ ਨੂੰ ਇਹ ਸਭ ਕੁੱਝ ਸਮਝਣ ਦੀ ਲੋੜ ਹੈ।

## ਦਸਵੀਂ 'ਚੋਂ 90% ਅੰਕ ਲੈਣ ਵਾਲੇ ਵਿਦਿਆਰਥੀ ਮੈਰੀਟੋਰੀਅਸ ਦਾਖਲਾ ਪ੍ਰੀਖਿਆ 'ਚੋਂ ਫੇਲ੍ਹ

**ਸੰਗਰੂਰ:** ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਦਸਵੀਂ ਦੀ ਪ੍ਰੀਖਿਆ 'ਚੋਂ 95 ਪ੍ਰਤੀਸ਼ਤ ਅੰਕ ਪ੍ਰਾਪਤ ਕਰਨ ਵਾਲਾ ਇਕ ਵਿਦਿਆਰਥੀ ਦਸਵੀਂ ਜਮਾਤ ਦੇ ਸਿਲੇਬਸ 'ਚੋਂ ਹੀ ਤਿਆਰ ਕੀਤੇ ਪ੍ਰਸ਼ਨ ਪੱਤਰਾਂ ਨਾਲ ਲਈ ਮੈਰੀਟੋਰੀਅਸ ਸਕੂਲ ਦਾਖਲਾ ਪ੍ਰੀਖਿਆ 'ਚੋਂ ਫੇਲ੍ਹ ਹੋ ਗਿਆ। ਇੰਨਾ ਹੀ ਨਹੀਂ ਵੱਡੀ ਗਿਣਤੀ ਵਿਦਿਆਰਥੀ ਜਿਨ੍ਹਾਂ ਨੇ ਦਸਵੀਂ ਦੀ ਪ੍ਰੀਖਿਆ ਵਿਚੋਂ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ, ਇਸ ਦਾਖਲਾ ਪ੍ਰੀਖਿਆ ਨੂੰ ਪਾਸ ਨਾ ਕਰ ਸਕੇ।

ਮਾਰਚ 2019 'ਚ ਲਈ ਦਸਵੀਂ ਜਮਾਤ ਦੀ ਪ੍ਰੀਖਿਆ ਦੇ ਨਤੀਜਿਆਂ 'ਤੇ ਝਾਤ ਮਾਰੀਏ ਤਾਂ ਇਸ ਵਾਰ ਬੋਰਡ ਦੀ ਪਾਸ ਫੀਸਦੀ 85.56 ਹੈ ਜਦ ਕਿ ਸਰਕਾਰੀ ਸਕੂਲਾਂ ਦੀ ਪਾਸ ਫੀਸਦੀ 88.21 ਹੈ।

ਸਵਾਲ ਉੱਠਦਾ ਹੈ ਜਦ 2018 ਦੀ ਪ੍ਰੀਖਿਆ ਦੀ ਪਾਸ ਫ਼ੀਸਦੀ 57.50 ਸੀ ਤਾਂ ਕੀ ਇਕ ਸਾਲ 'ਚ ਪੰਜਾਬ ਦੀ ਸਕੂਲੀ ਸਿੱਖਿਆ 'ਚ ਇੰਨਾ ਸੁਧਾਰ ਹੋ ਗਿਆ ਕਿ ਪਾਸ ਫੀਸਦੀ ਵਿਚ 30 ਪ੍ਰਤੀਸ਼ਤ ਤੋਂ ਜ਼ਿਆਦਾ ਵਾਧਾ ਹੋ ਗਿਆ ਹੈ। ਕਾਬਲੇਗੌਰ ਹੈ ਕਿ ਔਖੇ ਸਮਝੇ ਜਾਂਦੇ ਵਿਸ਼ਿਆਂ ਗਣਿਤ, ਵਿਗਿਆਨ ਤੇ ਅੰਗਰੇਜ਼ੀ ਵਿਚ ਵੀ ਬੋਰਡ ਨੇ 94 ਪ੍ਰਤੀਸ਼ਤ ਦੇ ਕਰੀਬ ਵਿਦਿਆਰਥੀ ਪਾਸ ਕੀਤੇ ਹਨ।

ਪੰਜਾਬ 'ਚ ਕਈ ਸਾਲਾਂ ਤੋਂ ਖੋਲ੍ਹੇ ਹੋਏ 10 ਮੈਰੀਟੋਰੀਅਸ ਸਕੂਲਾਂ ਦੀਆਂ 4600 ਸੀਟਾਂ ਲਈ ਹਰ ਸਾਲ ਦਾਖਲਾ ਪ੍ਰੀਖਿਆ ਲਈ ਜਾਂਦੀ ਹੈ। ਮੁਫਤ ਦਿੱਤੀਆਂ ਜਾਂਦੀਆਂ ਸਹੂਲਤਾਂ ਨਾਲ ਸੰਪੰਨ ਇਨ੍ਹਾਂ ਸਕੂਲਾਂ 'ਚ ਮੈਡੀਕਲ, ਨਾਨ ਮੈਡੀਕਲ ਤੇ ਕਮਰਸ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਪਹਿਲੇ ਸਾਲ ਗਿਆਰ੍ਹਵੀਂ 'ਚ ਦਾਖਲਾ ਦਿੱਤਾ ਜਾਂਦਾ ਹੈ ਅਤੇ ਬਾਰ੍ਹਵੀਂ ਤੱਕ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਪਹਿਲਾਂ ਇਨ੍ਹਾਂ ਸਕੂਲਾਂ 'ਚ ਦਾਖਲੇ ਲਈ ਦਸਵੀਂ 'ਚੋਂ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਹੀ ਦਾਖਲਾ ਪ੍ਰੀਖਿਆ ਵਿਚ ਬੈਠ ਸਕਦੇ ਸਨ ਪਰ ਲਗਾਤਾਰ ਕਈ ਸਾਲਾਂ ਤੋਂ ਇਨ੍ਹਾਂ ਸਕੂਲਾਂ 'ਚ ਸੀਟਾਂ ਖਾਲੀ ਰਹਿਣ ਕਾਰਨ ਇਸ ਵਾਰ ਦਸਵੀਂ 'ਚੋਂ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਜਨਰਲ ਕੈਟਾਗਰੀ ਲਈ 70 ਪ੍ਰਤੀਸ਼ਤ ਤੇ ਰਿਜ਼ਰਵ ਕੈਟਾਗਰੀ ਲਈ 65 ਪ੍ਰਤੀਸ਼ਤ ਕਰ ਦਿੱਤੀ ਗਈ।

ਇਸ ਦਾਖਲਾ ਪ੍ਰੀਖਿਆ ਲਈ ਸਵਾਲ 9ਵੀਂ ਅਤੇ 10ਵੀਂ ਜਮਾਤ ਦੇ ਸਿਲੇਬਸ 'ਚੋਂ ਹੀ ਪਾਏ ਜਾਂਦੇ ਹਨ। ਪ੍ਰੀਖਿਆ ਲਈ ਕੁੱਲ 15442 ਵਿਦਿਆਰਥੀਆਂ ਨੇ ਅਪਲਾਈ ਕੀਤਾ ਜਿਨ੍ਹਾਂ 'ਚੋਂ 4841 ਪ੍ਰੀਖਿਆਰਥੀਆਂ ਨੇ ਹੀ ਇਹ ਪ੍ਰੀਖਿਆ ਪਾਸ ਕੀਤੀ ਹੈ। ਫੇਲ੍ਹ ਹੋਣ ਵਾਲੇ ਵਿਦਿਆਰਥੀਆਂ ਵਿਚ ਵੱਡੀ ਗਿਣਤੀ ਉਨ੍ਹਾਂ ਵਿਦਿਆਰਥੀਆਂ ਦੀ ਹੈ ਜਿਨ੍ਹਾਂ ਨੇ ਦਸਵੀਂ ਦੀ ਪ੍ਰੀਖਿਆ ਵਿਚੋਂ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ।

## ਬਾਰ੍ਹਵੀਂ ਦੇ ਨਤੀਜਿਆਂ ਵਿਚ ਹਰਿਆਣਾ ਦੇ ਸਰਕਾਰੀ ਸਕੂਲਾਂ ਦੀ ਝੰਡੀ

**ਪੰਚਕੂਲਾ:** ਹਰਿਆਣਾ ਸਕੂਲ ਸਿੱਖਿਆ ਬੋਰਡ ਭਿਵਾਨੀ ਵੱਲੋਂ ਐਲਾਨੇ ਬਾਰ੍ਹਵੀਂ ਦੇ ਨਤੀਜੇ ਵਿਚ ਪਾਸ ਫੀਸਦੀ 78.2 ਫੀਸਦੀ ਰਹੀ। ਅੰਬਾਲਾ ਜ਼ਿਲ੍ਹੇ ਵਿਚ ਇਮਤਿਹਾਨ 'ਚ 5995 ਵਿਦਿਆਰਥੀ ਬੈਠੇ ਅਤੇ ਇਨ੍ਹਾਂ ਵਿਚੋਂ 4414 ਵਿਦਿਆਰਥੀ ਪਾਸ ਹੋਏ ਹਨ ਤੇ ਨਤੀਜਾ 73.63 ਫੀਸਦੀ ਰਿਹਾ ਹੈ। ਭਿਵਾਨੀ ਜ਼ਿਲ੍ਹੇ ਵਿਚ 11269 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਤੇ ਇਨ੍ਹਾਂ ਵਿਚੋਂ 8468 ਵਿਦਿਆਰਥੀ ਪਾਸ ਹੋਏ ਹਨ ਅਤੇ ਨਤੀਜਾ 75.14 ਫੀਸਦੀ ਰਿਹਾ ਹੈ।

ਫਰੀਦਾਬਾਦ ਜ਼ਿਲ੍ਹੇ ਵਿਚ 9489 ਵਿਦਿਆਰਥੀਆਂ ਨੇ ਪੇਪਰ ਦਿੱਤੇ ਤੇ ਇਨ੍ਹਾਂ ਵਿਚੋਂ 6439 ਵਿਦਿਆਰਥੀ ਪਾਸ ਹੋਏ ਤੇ ਨਤੀਜਾ 67.86 ਫੀਸਦੀ ਰਿਹਾ ਹੈ। ਫਤਿਹਾਬਾਦ ਵਿਚ 7316 ਵਿਦਿਆਰਥੀਆਂ ਨੇ ਪੇਪਰ ਦਿੱਤੇ ਇਨ੍ਹਾਂ ਵਿਚੋਂ 5847 ਵਿਦਿਆਰਥੀ ਪਾਸ ਹੋਏ ਤੇ ਨਤੀਜਾ 80 ਫੀਸਦੀ ਰਿਹਾ ਹੈ। ਗੁੜਗਾਉਂ ਜ਼ਿਲ੍ਹੇ ਵਿਚ 7600 ਵਿਦਿਆਰਥੀਆਂ ਨੇ ਪੇਪਰ ਦਿੱਤੇ 5351 ਵਿਦਿਆਰਥੀ ਪਾਸ ਹੋਏ ਤੇ ਨਤੀਜਾ 70 ਫੀਸਦੀ ਰਿਹਾ ਹੈ। ਹਰਿਆਣਾ ਸਕੂਲ ਸਿੱਖਿਆ ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਹਿਸਾਰ ਵਿਚ 15317 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਅਤੇ 11989 ਪਾਸ ਹੋਏ ਤੇ ਨਤੀਜਾ 78.27 ਫੀਸਦੀ ਰਿਹਾ। ਜੀਂਦ ਵਿਚ 12163 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਤੇ 9666 ਪਾਸ ਹੋਏ ਤੇ ਨਤੀਜਾ 79.47 ਫੀਸਦੀ ਰਿਹਾ।

ਕਰਨਾਲ ਵਿਚ 8670 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਅਤੇ 6490 ਪਾਸ ਹੋਏ ਅਤੇ ਨਤੀਜਾ 74.86 ਫੀਸਦੀ ਰਿਹਾ ਹੈ। ਕੁਰੂਕਸ਼ੇਤਰ ਵਿਚ 6723 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਤੇ 4896 ਪਾਸ ਹੋਏ ਤੇ ਨਤੀਜਾ 72.82 ਫੀਸਦੀ ਰਿਹਾ ਹੈ। ਮਹਿੰਦਰਗੜ੍ਹ ਵਿਚ 9332 ਨੇ ਇਮਤਿਹਾਨ ਦਿੱਤਾ ਤੇ 7300 ਪਾਸ ਹੋਏ ਤੇ ਨਤੀਜਾ 78.25 ਫੀਸਦੀ ਰਿਹਾ। ਪੰਚਕੂਲਾ ਵਿਚ 2243 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਅਤੇ 1754 ਵਿਦਿਆਰਥੀ ਪਾਸ ਹੋਏ ਤੇ ਨਤੀਜਾ 78 ਫੀਸਦੀ ਰਿਹਾ। ਪਾਨੀਪਤ ਵਿਚ 9030 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਅਤੇ



6856 ਵਿਦਿਆਰਥੀ ਪਾਸ ਹੋਏ ਅਤੇ ਨਤੀਜਾ 76 ਫੀਸਦੀ ਰਿਹਾ ਹੈ।

ਰਿਵਾੜੀ ਵਿਚ 8215 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਅਤੇ 6644 ਪਾਸ ਹੋਏ ਅਤੇ ਨਤੀਜਾ 80.88 ਫੀਸਦੀ ਰਿਹਾ ਹੈ। ਰੋਹਤਕ ਵਿਚ 9256 ਵਿਦਿਆਰਥੀਆਂ ਨੇ ਪੇਪਰ ਦਿੱਤੇ ਅਤੇ 6810 ਪਾਸ ਹੋਏ ਤੇ ਨਤੀਜਾ 73.57 ਫੀਸਦੀ ਰਿਹਾ ਹੈ। ਸਕੂਲ ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਸਿਰਸਾ ਵਿਚ 8379 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ 6557 ਪਾਸ ਹੋਏ ਤੇ ਨਤੀਜਾ 70.25 ਫੀਸਦੀ ਰਿਹਾ। ਯਮੁਨਾਨਗਰ ਵਿਚ 7031 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਅਤੇ 4660 ਪਾਸ ਹੋਏ ਅਤੇ ਨਤੀਜਾ 66 ਫੀਸਦੀ ਰਿਹਾ।

ਮੇਵਾਤ 'ਚ 10,617 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਅਤੇ 6325 ਪਾਸ ਹੋਏ ਅਤੇ ਨਤੀਜਾ 59.57 ਫੀਸਦੀ ਰਿਹਾ। ਪਲਵਲ ਜ਼ਿਲ੍ਹੇ ਵਿਚ 6252 ਨੇ ਇਮਤਿਹਾਨ ਦਿੱਤਾ ਅਤੇ 4832 ਵਿਦਿਆਰਥੀ ਪਾਸ ਹੋਏ ਹਨ ਤੇ ਨਤੀਜਾ 78.10 ਫੀਸਦੀ ਰਿਹਾ ਹੈ। ਚਰਖੀ ਦਾਦਰੀ ਜ਼ਿਲ੍ਹੇ ਵਿੱਚ 6252 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਅਤੇ 4882 ਪਾਸ ਹੋਏ ਹਨ ਅਤੇ ਨਤੀਜਾ 78.10 ਫੀਸਦੀ ਰਿਹਾ ਹੈ।

## ਮਜ਼ਾਕ 'ਚ ਖਰੀਦੀ ਟਿਕਟ ਦਿਵਾ ਗਈ ਇਕ ਕਰੋੜ ਦਾ ਵਿਸਾਖੀ ਬੰਪਰ

**ਮਾਹਿਲਪੁਰ:** ਮਾਹਿਲਪੁਰ ਸ਼ਹਿਰ ਦੇ ਮੁੱਖ ਚੌਕ 'ਚ ਇਕ ਦੁਕਾਨ ਮਾਲਕ ਵਲੋਂ ਦੋਸਤਾਂ ਨਾਲ ਮਜ਼ਾਕ-ਮਜ਼ਾਕ 'ਚ ਪਾਈ ਵਿਸਾਖੀ ਬੰਪਰ ਲਾਟਰੀ ਨੇ ਇਕ ਕਰੋੜ ਦਾ ਇਨਾਮ ਦਿਵਾ ਦਿੱਤਾ। ਪਰਿਵਾਰ 'ਚ ਖੁਸ਼ੀਆਂ ਦਾ ਮਾਹੌਲ ਬਣਿਆ ਹੋਇਆ ਅਤੇ



ਉਨ੍ਹਾਂ ਦੇ ਗੁਆਂਢੀ ਅਤੇ ਰਿਸ਼ਤੇਦਾਰ ਉਨ੍ਹਾਂ ਨੂੰ ਲਗਾਤਾਰ ਵਧਾਈਆਂ ਦੇਣ ਲਈ ਇਕੱਠਾ ਹੋ ਕੇ ਉਨ੍ਹਾਂ ਦੇ ਘਰ 'ਚ ਪਹੁੰਚ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਸੁਰਜੀਤ ਬੁੱਕ ਡਿਪੂ ਦੇ ਮਾਲਕ ਸਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਅਪਰੈਲ ਮਹੀਨੇ ਆਪਣੀ ਦੁਕਾਨ 'ਤੇ ਆਪਣੇ ਦੋਸਤਾਂ ਨਾਲ ਬੈਠੇ ਸਨ ਕਿ ਵਿਸਾਖੀ ਬੰਪਰ ਦੀਆਂ ਲਾਟਰੀਆਂ ਵੇਚਦਾ ਇਕ ਕਰਿੰਦਾ ਉਨ੍ਹਾਂ ਦੀ ਦੁਕਾਨ 'ਤੇ ਆ ਗਿਆ ਅਤੇ ਲਾਟਰੀ ਖਰੀਦਣ ਲਈ ਕਹਿਣ ਲੱਗਾ। ਉਸ ਨੇ ਦੱਸਿਆ ਕਿ ਉਨ੍ਹਾਂ ਲਾਟਰੀ ਖਰੀਦਣ ਤੋਂ ਮਨ੍ਹਾ ਕਰ ਦਿੱਤਾ ਪਰ ਲਾਟਰੀ ਵੇਚਣ ਵਾਲੇ ਕੋਲ ਆਖਰੀ ਦੋ ਟਿਕਟਾਂ ਹੀ ਬਚਦੀਆਂ ਸਨ। ਇਕ ਲਾਟਰੀ ਦੀ ਟਿਕਟ ਲੈ ਲਈ ਪਰ ਉਹ ਦੂਜੀ ਟਿਕਟ ਖਰੀਦਣ ਲਈ ਜ਼ਿੱਦ ਕਰਨ ਲੱਗਾ। ਉਨ੍ਹਾਂ ਮੱਲੋ ਮੱਲੀ ਦਿੱਤੀ ਜਾ ਰਹੀ ਦੂਜੀ ਟਿਕਟ ਵੀ ਖਰੀਦ ਲਈ।

ਸਨਪ੍ਰੀਤ ਨੂੰ ਫੋਨ ਆਇਆ ਕਿ ਉਨ੍ਹਾਂ ਨੂੰ ਵਿਸਾਖੀ ਬੰਪਰ ਦਾ ਦੂਜਾ ਇਨਾਮ ਇਕ ਕਰੋੜ ਰੁਪਏ ਨਿਕਲਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਯਕੀਨ ਨਹੀਂ ਆਇਆ ਪਰ ਉਨ੍ਹਾਂ ਜਦੋਂ ਅਖ਼ਬਾਰ 'ਚ ਨਤੀਜਾ ਚੈੱਕ ਕੀਤਾ ਤਾਂ ਉਨ੍ਹਾਂ ਦੀ ਸਚਮੁੱਚ ਹੀ ਲਾਟਰੀ ਨਿਕਲੀ ਹੋਈ ਸੀ।

## ਮਾਨਸੂਨ ਤੋਂ ਪਹਿਲਾਂ ਦੀ ਬਾਰਸ਼ ਵਿਚ 22 ਫੀਸਦੀ ਦੀ ਕਮੀ

**ਨਵੀਂ ਦਿੱਲੀ:** ਦੇਸ਼ ਦੇ ਕਈ ਹਿੱਸਿਆਂ ਵਿਚ ਖੇਤੀ ਲਈ ਮਹੱਤਵਪੂਰਨ ਸਮੇਂ ਮਾਰਚ ਤੋਂ ਮਈ ਮਹੀਨੇ ਤੱਕ ਮਾਨਸੂਨ ਤੋਂ ਪਹਿਲਾਂ ਦੀ ਬਾਰਸ਼ ਵਿਚ 22 ਫੀਸਦੀ ਦੀ ਕਮੀ ਦਰਜ ਕੀਤੀ ਗਈ ਹੈ। ਮੌਸਮ ਵਿਭਾਗ ਦੇ ਅੰਕੜਿਆਂ ਮੁਤਾਬਕ ਪਹਿਲੀ ਮਾਰਚ ਤੋਂ 15 ਮਈ ਤੱਕ 75.9 ਮਿਲੀਮੀਟਰ ਮੀਂਹ ਪਿਆ ਹੈ ਜੋ ਕਿ ਆਮ ਨਾਲੋਂ ਕਰੀਬ 22 ਫੀਸਦੀ ਘੱਟ ਹੈ।

ਇਸ ਸਮੇਂ ਦੌਰਾਨ ਆਮ ਤੌਰ 'ਤੇ 96.8 ਮਿਲੀਮੀਟਰ ਮੀਂਹ ਪੈਂਦਾ ਹੈ। ਮਾਨਸੂਨ ਤੋਂ ਪਹਿਲਾਂ ਦੀ ਬਾਰਸ਼ ਦੇਸ਼ ਦੇ ਕੁਝ ਹਿੱਸਿਆਂ ਵਿਚ ਬਾਗਬਾਨੀ ਲਈ ਮਹੱਤਵਪੂਰਨ ਹੈ। ਉੜੀਸਾ ਵਰਗੇ ਰਾਜਾਂ ਵਿਚ ਮਾਨਸੂਨ ਤੋਂ ਪਹਿਲਾਂ ਦੇ ਮੌਸਮ ਦੌਰਾਨ ਖੇਤ ਵਾਹੇ ਜਾਂਦੇ ਹਨ ਜਦਕਿ ਦੇਸ਼ ਦੇ ਉੱਤਰ ਪੂਰਬੀ ਹਿੱਸੇ ਤੇ ਪੱਛਮੀ ਘਾਟ ਵਿਚ ਫਸਲਾਂ ਬੀਜਣ ਲਈ ਇਹ ਮਹੱਤਵਪੂਰਨ ਸਮਾਂ ਹੁੰਦਾ ਹੈ। ਮੌਸਮ ਵਿਭਾਗ ਨੇ ਇਕ ਮਾਰਚ ਤੋਂ 24 ਅਪਰੈਲ ਤੱਕ ਬਾਰਸ਼ ਵਿਚ 27 ਫੀਸਦੀ ਕਮੀ ਦਰਜ ਕੀਤੀ ਹੈ। ਇਸੇ ਦੌਰਾਨ ਮੌਸਮ ਵਿਭਾਗ ਨੇ ਕਿਹਾ ਕਿ ਦੱਖਣ-ਪੂਰਬੀ ਮਾਨਸੂਨ ਮਾਨਸੂਨ ਦੱਖਣੀ ਅੰਡੇਮਾਨ ਸਾਗਰ ਵਿਚ ਅੱਗੇ ਵੱਧ ਰਿਹਾ ਹੈ ਤੇ ਇਸ ਦੇ ਅਗਲੇ ਦੋ-ਤਿੰਨ ਦਿਨਾਂ ਵਿਚ ਉੱਤਰੀ ਅੰਡੇਮਾਨ ਸਾਗਰ ਪਹੁੰਚਣ ਦੀ ਉਮੀਦ ਹੈ।

ਦੇਸ਼ ਦੇ ਦੱਖਣੀ ਇਲਾਕੇ ਵਿਚ ਮਾਨਸੂਨ ਤੋਂ ਪਹਿਲਾਂ ਦੀ ਬਾਰਸ਼ ਵਿਚ 46 ਫੀਸਦੀ ਦੀ ਕਮੀ ਦਰਜ ਕੀਤੀ ਗਈ ਹੈ ਜੋ ਕਿ ਦੇਸ਼ ਵਿਚ ਸਭ ਤੋਂ ਜ਼ਿਆਦਾ ਹੈ। ਇਸ ਤੋਂ ਬਾਅਦ ਉੱਤਰ-ਪੱਛਮੀ ਸਬ-ਡਿਵੀਜ਼ਨ ਜਿਸ 'ਚ ਸਾਰੇ ਉੱਤਰੀ ਰਾਜ ਆਉਂਦੇ ਹਨ, ਵਿਚ ਵੀ ਕਮੀ ਦਰਜ ਕੀਤੀ ਗਈ ਹੈ। ਪੂਰਬੀ ਤੇ ਉੱਤਰ ਪੂਰਬੀ ਖੇਤਰ ਵਿਚ ਸੱਤ ਫੀਸਦੀ ਕਮੀ ਦਰਜ ਕੀਤੀ ਗਈ ਹੈ। ਜਦਕਿ ਮੱਧ ਖੇਤਰ ਵਿਚ ਹਾਲਾਤ ਆਮ ਵਰਗੇ ਹਨ।

## ਫਿਲਮ 'ਸੀਡ ਮਦਰ' ਨੂੰ ਕਾਨ 'ਚ ਮਿਲਿਆ ਪੁਰਸਕਾਰ

**ਕਾਨ:** 72ਵੇਂ ਕਾਨ ਫਿਲਮ ਮੇਲੇ 'ਚ ਭਾਰਤੀ ਫਿਲਮਸਾਜ਼ ਅਭੁਤਾਨੰਦ ਦਿਵੇਦੀ ਦੀ ਤਿੰਨ ਮਿੰਟ ਦੀ ਫਿਲਮ 'ਸੀਡ ਮਦਰ' ਨੇ ਨੇਸਪਰੈਸੋ ਟੇਲੈਂਟਸ 2019 ਦੇ ਕੌਮਾਂਤਰੀ ਵਰਗ 'ਚ ਤੀਜਾ ਪੁਰਸਕਾਰ ਜਿੱਤਿਆ ਹੈ। ਫਿਲਮਸਾਜ਼ੀ ਦੇ ਨਵੇਂ ਦ੍ਰਿਸ਼ਟੀਕੋਣ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਪਿਛਲੇ ਚਾਰ ਵਰ੍ਹਿਆਂ ਤੋਂ ਨੇਸਪਰੈਸੋ ਟੇਲੈਂਟਸ ਤਹਿਤ ਪੁਰਸਕਾਰ ਦਿੱਤਾ ਜਾਂਦਾ ਹੈ। ਵਰਟੀਕਲ 9/16 ਵੀਡੀਓ ਫਾਰਮੈਟ 'ਤੇ ਬਣੀਆਂ ਫਿਲਮਾਂ ਨੂੰ ਇਸ ਮੁਕਾਬਲੇ 'ਚ ਤਰਜੀਹ ਦਿੱਤੀ ਜਾਂਦੀ ਹੈ। ਇਸ ਵਰ੍ਹੇ ਦਾ ਥੀਮ 'ਵੁਈ ਆਰ ਵਟ ਵੁਈ ਈਟ' ਸੀ। ਮੁਕਾਬਲੇ ਤਹਿਤ 47 ਮੁਲਕਾਂ ਦੇ 371 ਵੀਡੀਓ ਪ੍ਰਾਪਤ ਹੋਏ ਸਨ।

'ਸੀਡ ਮਦਰ' ਮਹਿਲਾ ਕਿਸਾਨ ਰਾਹੀਬਾਈ ਸੋਮਾ ਪੋਪਰੇ ਦੀ ਕਹਾਣੀ 'ਤੇ ਆਧਾਰਿਤ ਹੈ ਜਿਸ ਨੇ ਮਹਾਰਾਸ਼ਟਰ ਦੇ ਪਿੰਡਾਂ 'ਚ ਕਿਸਾਨੀ ਦੇ ਰਵਾਇਤੀ ਤਰੀਕਿਆਂ ਨਾਲ ਸਥਾਨਕ ਬੀਜਾਂ ਦੀ ਵਰਤੋਂ ਕੀਤੀ। ਇਸ ਵਰਗ 'ਚ ਪਹਿਲਾ ਪੁਰਸਕਾਰ ਨਿਊਜ਼ੀਲੈਂਡ ਦੇ ਜੋਸ਼ ਮੌਰਿਸ ਨੂੰ 'ਸੁਬਕ' ਲਈ ਮਿਲਿਆ ਜੋ ਬਾਲੀ 'ਚ ਝੋਨੇ ਦੇ ਉਤਪਾਦਨ 'ਤੇ



ਆਧਾਰਿਤ ਹੈ ਜਦਕਿ ਦੂਜਾ ਪੁਰਸਕਾਰ ਮੈਕਸਿਕੋ ਦੇ ਫਿਲਮਸਾਜ਼ ਮਾਰਕੋ ਓਰੇਲਿਓ ਸੇਲਿਸ ਨੂੰ 'ਰੂਫੋ' ਲਈ ਮਿਲਿਆ।

ਮੁੰਬਈ 'ਚ ਜੰਮਿਆ ਦਿਵੇਦੀ ਅੱਜ ਕੱਲ੍ਹ ਉਹ ਪਾਂਡੀਚੇਰੀ 'ਚ ਰਹਿੰਦਾ ਹੈ। ਉਸ ਨੇ ਕਿਹਾ ਕਿ ਮੈਨੂੰ ਅਹਿਸਾਸ ਹੋਇਆ ਕਿ ਮੁੰਬਈ 'ਚ ਜ਼ਿੰਦਗੀ ਦੀ ਰਫਤਾਰ ਮੈਨੂੰ ਮਾਰ ਰਹੀ ਹੈ ਜਿਸ ਕਾਰਨ ਮੈਂ ਉਥੋਂ ਪਾਂਡੀਚੇਰੀ ਆ ਗਿਆ। ਦਿਵੇਦੀ ਨੇ ਦੱਸਿਆ ਕਿ ਉਸ ਨੇ 'ਸੀਡ ਮਦਰ' ਮਿਰਰ ਲੈਂਸ ਨਾਲ ਬਣਾਈ ਜਿਸ ਕਰਕੇ ਤਸਵੀਰਾਂ ਦੀ ਗੁਣਵੱਤਾ ਨਿਖਰ ਕੇ ਆਈ। 2016 'ਚ ਉਸ ਨੇ ਕਾਨ ਲਾਇਨਜ਼ ਦੌਰਾਨ 90 ਸੈਕਿੰਡ ਦੀ ਫਿਲਮ 'ਇੰਟਰਨਲ ਫਾਈਟ' ਲਈ ਪੁਰਸਕਾਰ ਜਿੱਤਿਆ ਸੀ। ਇਹ ਮੁੰਬਈ ਆਧਾਰਿਤ ਮਾਰਸ਼ਲ ਆਰਟ ਫਾਈਟਰ ਫਰਹਾਨ ਸਿੱਦੀਕੀ ਦੇ ਸੰਘਰਸ਼ 'ਤੇ ਸੀ।

## ਵਿਧਵਾ ਧੀ ਆਜ਼ਾਦੀ ਘੁਲਾਟੀਏ ਪਿਤਾ ਦੀ ਪੈਨਸ਼ਨ ਲੈਣ ਦੇ ਯੋਗ

**ਚੰਡੀਗੜ੍ਹ:** ਆਜ਼ਾਦੀ ਘੁਲਾਟੀਏ ਸਨਮਾਨ ਪੈਨਸ਼ਨ ਸਕੀਮ ਦੇ ਅਮਲ ਵਿਚ ਆਉਣ ਤੋਂ ਲਗਭਗ ਚਾਰ ਦਹਾਕਿਆਂ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਕ ਫੈਸਲਾ ਸੁਣਾਉਂਦਿਆਂ ਆਜ਼ਾਦੀ ਘੁਲਾਟੀਏ ਦੀ ਵਿਧਵਾ ਧੀ ਨੂੰ ਆਪਣੇ ਪੈਨਸ਼ਨਰ ਪਿਤਾ ਦੀ ਮੌਤ ਮਗਰੋਂ ਪੈਨਸ਼ਨ ਤੇ ਹੋਰ ਲਾਭ ਲੈਣ ਦੇ ਯੋਗ ਦੱਸਿਆ ਹੈ। ਇਸ ਸਕੀਮ ਤਹਿਤ 30 ਨਵੰਬਰ 2018 ਤੱਕ ਲਗਭਗ 10,483 ਆਜ਼ਾਦੀ ਘੁਲਾਟੀਏ ਪੈਨਸ਼ਨ ਦਾ ਲਾਭ ਲੈ ਰਹੇ ਹਨ ਤੇ ਹਾਈ ਕੋਰਟ ਦੇ ਉਪਰੋਕਤ ਫੈਸਲੇ ਮਗਰੋਂ ਯੋਗ ਲਾਭਪਾਤਰੀਆਂ ਨੂੰ ਲਾਭ ਤਬਦੀਲ ਕੀਤੇ ਜਾਣ ਨਾਲ ਇਹ ਗਿਣਤੀ ਵਧੇਗੀ। ਜਸਟਿਸ ਤੇਜਿੰਦਰ ਸਿੰਘ ਢੀਂਡਸਾ ਦੇ ਬੈਂਚ ਨੇ ਉਪਰੋਕਤ ਹੁਕਮ ਇਕ ਅਜਿਹੇ ਕੇਸ ਦੀ ਸੁਣਵਾਈ ਦੌਰਾਨ ਕੀਤੇ ਹਨ, ਜਿਸ ਵਿਚ ਆਜ਼ਾਦੀ ਘੁਲਾਟੀਏ ਦੀ ਵਿਧਵਾ/ਤਲਾਕਸ਼ੁਦਾ ਧੀ ਨੂੰ ਇਹ ਕਹਿ ਕੇ ਪੈਨਸ਼ਨ ਲਾਭ ਦੇਣ ਤੋਂ ਨਾਂਹ ਕਰ ਦਿੱਤੀ ਗਈ ਸੀ ਕਿ ਉਹ ਪੈਨਸ਼ਨਰ/ਪਤੀ ਦੀ ਮੌਤ ਮਗਰੋਂ ਪੈਨਸ਼ਨ ਦੀ ਹੱਕਦਾਰ ਨਹੀਂ ਹੈ।

## ਐਫ.ਡਬਲਿਊ.ਓ. ਕਰਤਾਰਪੁਰ ਲਾਂਘੇ ਲਈ ਹਾਸਲ ਕਰੇਗਾ ਹੋਰ 622 ਏਕੜ ਜ਼ਮੀਨ

**ਇਸਲਾਮਾਬਾਦ:** ਪਾਕਿਸਤਾਨ ਦੀ ਫਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ (ਐਫ.ਡਬਲਿਊ.ਓ.) ਨੇ ਕਰਤਾਰਪੁਰ ਲਾਂਘੇ ਲਈ ਹੋਰ 622 ਏਕੜ ਜ਼ਮੀਨ ਹਾਸਲ ਕਰਨ ਦੀ ਯੋਜਨਾ ਬਣਾਈ ਹੈ। ਐਫ. ਡਬਲਿਊ. ਓ. 'ਡਿਵੈਲਪਮੈਂਟ ਆਫ ਕਰਤਾਰਪੁਰ ਕੋਰੀਡੋਰ' ਪ੍ਰੋਜੈਕਟ ਅਧੀਨ ਉਸਾਰੇ ਜਾ ਰਹੇ ਲਾਂਘੇ ਲਈ ਪਹਿਲਾਂ ਵੀ ਨਾਲ ਲੱਗਦੇ ਪਿੰਡਾਂ ਦੀ ਕਾਫੀ ਜ਼ਮੀਨ ਹਾਸਲ ਕਰ ਚੁੱਕਿਆ ਹੈ।

ਪਾਕਿਸਤਾਨ ਈਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਦੇ ਲਾਹੌਰ ਸਥਿਤ ਦਫਤਰ 'ਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਬੈਠਕ 'ਚ ਇਹ ਜਾਣਕਾਰੀ ਸਾਂਝੀ ਕਰਦਿਆਂ ਬੋਰਡ ਦੇ ਨਵ-ਨਿਯੁਕਤ ਚੇਅਰਮੈਨ ਡਾ. ਆਮਿਰ ਅਹਿਮਦ ਨੇ ਦੱਸਿਆ ਕਿ ਉਕਤ 622 ਏਕੜ ਜ਼ਮੀਨ 'ਚੋਂ 408 ਏਕੜ ਜ਼ਮੀਨ ਗੁਰਦੁਆਰਾ ਦਰਬਾਰ ਸਾਹਿਬ ਕੰਪਲੈਕਸ ਤੇ 214 ਏਕੜ ਜ਼ਮੀਨ ਸੜਕਾਂ ਦੇ ਨਿਰਮਾਣ, ਪਾਰਕਿੰਗ ਤੇ ਬਾਰਡਰ ਟਰਮੀਨਲ ਲਈ ਵਰਤੋਂ 'ਚ ਲਿਆਂਦੀ ਜਾਵੇਗੀ ਜਦਕਿ ਉਕਤ ਜ਼ਮੀਨ ਦੇ ਬਿਨਾ ਅਜੇ 871 ਏਕੜ ਜ਼ਮੀਨ ਭਵਿੱਖ ਦੇ ਹੋਰਨਾਂ ਪ੍ਰਾਜੈਕਟਾਂ ਲਈ ਲੋੜੀਂਦੀ ਹੈ। ਇਸ ਮੌਕੇ 'ਤੇ ਈ.ਟੀ.ਪੀ.ਬੀ. ਦੇ ਚੇਅਰਮੈਨ ਡਾ. ਆਮਿਰ ਅਹਿਮਦ ਤੇ ਕਮੇਟੀ ਮੈਂਬਰਾਂ ਨੇ ਗੁਰੂ ਨਾਨਕ ਦੇਵ ਜੀ ਦੀ 550ਵੇਂ ਪ੍ਰਕਾਸ਼ ਪੁਰਬ ਦੇ ਪ੍ਰਬੰਧਾਂ ਨੂੰ ਲੈ ਕੇ ਵੀ ਚਰਚਾ ਕਰਦਿਆਂ ਕਿਹਾ ਕਿ ਕਰਤਾਰਪੁਰ ਕਾਰੀਡੋਰ ਯੋਜਨਾ ਦਾ ਪਹਿਲਾ ਪੜਾਅ ਸਤੰਬਰ 2019 ਦੇ ਅੰਤ ਤੱਕ ਪੂਰਾ ਕਰ ਲਿਆ ਜਾਵੇਗਾ।

# ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਮੀਟਿੰਗ ਵਿਚ ਰਚਨਾਵਾਂ ਦਾ ਮੇਲਾ

**ਨਿਊ ਯਾਰਕ:** ਨਿਊ ਯਾਰਕ ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਜਸਵੀਰ ਸਿੰਘ ਡੁਮੇਲੀ ਦੇ ਘਰ ਫਲੋਰਿਲ ਪਾਰਕ ਨਿਊ ਯਾਰਕ ਵਿਚ ਹੋਈ। ਮੀਟਿੰਗ ਦਾ ਪ੍ਰਬੰਧ ਮੋਹਨ ਸਿੰਘ ਭੰਵਰਾ ਨੇ ਕੀਤਾ, ਜਿਸ ਵਿਚ ਬਹੁਤ ਸਾਰੇ ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ।



ਸਭ ਤੋਂ ਪਹਿਲਾਂ ਡਾ. ਰਾਮ ਜੀ ਦਾਸ ਸੇਠੀ ਨੇ ਆਏ ਮਹਿਮਾਨਾਂ ਤੇ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ ਤੇ ਹਾਜ਼ਰੀਨ ਨੂੰ ਬੈਠਕਾਂ ਦੇ ਸਾਹਿਤਕ ਫਾਇਦਿਆਂ ਬਾਰੇ ਜਾਣੂ ਕਰਵਾਇਆ। ਬੈਠਕ ਦੀ ਕਾਰਵਾਈ ਡਾ. ਸੇਠੀ ਨੇ ਹੀ ਚਲਾਈ। ਸਭ ਤੋਂ ਪਹਿਲਾਂ ਮਨਮੋਹਨ ਪੂਨੀ ਨੇ ਆਪਣੀ ਪੰਜਾਬ ਫੇਰੀ ਵੇਲੇ ਸ਼ਹੀਦਾਂ ਨਾਲ ਸਬੰਧਿਤ ਕਾਲੇ ਖੂਹ ਬਾਰੇ ਜਾਣਕਾਰੀ ਦਿੱਤੀ ਜਿਸ ਵਿਚ 1857 ਦੇ ਗਦਰ ਨਾਲ ਸਬੰਧਿਤ ਦੇਸ਼ ਭਗਤਾਂ ਨੂੰ ਗੋਲੀਆਂ ਮਾਰ ਕੇ ਅਧਮੋਇਆਂ ਨੂੰ ਖੂਹ ਅੰਦਰ ਸੁੱਟ ਕੇ ਮਿੱਟੀ ਪਾ ਕੇ ਦਬਾ ਦਿੱਤਾ ਗਿਆ ਸੀ। ਉਨ੍ਹਾਂ ਸਾਰੀ ਗੱਲ ਬਹੁਤ ਭਾਵੁਕਤਾ ਨਾਲ ਸੁਣਾਈ ਕਿ ਸਾਡੀਆਂ ਸਰਕਾਰਾਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਕੇ ਕਿਵੇਂ ਅਜਿਹੇ ਇਤਿਹਾਸਕ ਪੰਨਿਆਂ ਨੂੰ ਦਬਾ ਕੇ ਜਾਂ ਅੱਖੋਂ ਪਰੋਖੇ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਨੇਰੇ ਵਿਚ ਰੱਖ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਇਹ ਉਹ ਫੌਜੀ ਸਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਮੀਆਂ ਮੀਰ ਛਾਉਣੀ ਤੋਂ ਬਗਾਵਤ ਕੀਤੀ ਸੀ, ਜਿਨ੍ਹਾਂ ਦੀ ਗਿਣਤੀ 500 ਦੇ ਕਰੀਬ ਸੀ। ਕੁਝ ਤਾਂ ਰਾਵੀ ਵਿਚ ਆਏ ਹੜ੍ਹ ਕਾਰਨ ਪਾਣੀ ਵਿਚ ਰੁੜ੍ਹ ਗਏ ਸਨ ਅਤੇ ਬਾਕੀ ਅਜਨਾਲਾ ਨੇੜੇ ਫਰੰਗੀਆਂ ਨੇ ਫੜ ਲਏ, ਜਿਨ੍ਹਾਂ ਨੂੰ ਗੋਲੀਆਂ ਮਾਰ ਕੇ ਖੂਹ ਵਿਚ ਸੁੱਟ ਦਿੱਤਾ ਗਿਆ ਸੀ। ਖੂਹ ਵਿਚੋਂ ਫੌਜੀਆਂ ਦੇ ਪਿੰਜਰ ਕੁਝ ਸਾਲ ਪਹਿਲਾਂ ਹੀ ਮਿਲੇ ਸਨ।

ਇਤਿਹਾਸ ਦੇ ਇਨ੍ਹਾਂ ਵਰਕਿਆਂ ਦੀ ਪੜਚੋਲ ਕੁਝ ਲੋਕ ਨਿਜੀ ਤੌਰ ‘ਤੇ ਵੀ ਕਰ ਰਹੇ ਹਨ, ਜਿਨ੍ਹਾਂ ਵਿਚ ਮੁਢਲੇ ਮੈਂਬਰਾਂ ਵਿਚ ਅਮਰਜੀਤ ਸਿੰਘ ਸਰਕਾਰੀਆ ਵੀ ਹਨ। ਇਸ ਚਰਚਾ ਨਾਲ ਸਮੁੱਚਾ ਮਾਹੌਲ ਭਾਵੁਕ ਹੋ ਗਿਆ।

ਇਸ ਤੋਂ ਬਾਅਦ ਅਗਲੇ ਪੜਾਅ ਵਿਚ ਕਵਿਤਾ ਅਤੇ ਗਜ਼ਲ ਪੜ੍ਹੀ ਗਈ। ਜਸਵੀਰ ਸਿੰਘ ਡੁਮੇਲੀ ਨੇ ਦੋ ਗਜ਼ਲਾਂ ਪੜ੍ਹੀਆਂ ਜਿਨ੍ਹਾਂ ਵਿਚ ਇਨਸਾਨ ਦੇ ਵਿਗੜ ਚੁਕੇ ਰਿਸ਼ਤਿਆਂ ਦੀ ਗੱਲ ਕੀਤੀ ਗਈ ਸੀ ਕਿ ਕਿਵੇਂ ਹਰ ਇਨਸਾਨ ਮਤਲਬਪ੍ਰਸਤੀ ਦੇ ਹੜ੍ਹ ਵਿਚ ਰੁੜ੍ਹਿਆ ਜਾ ਰਿਹਾ ਹੈ ਤੇ ਸਾਰੇ ਰਿਸ਼ਤੇ ਟੁੱਟ ਕੇ ਤਾਰ-ਤਾਰ ਹੋ ਰਹੇ ਹਨ। ਫਿਰ ਰੇਸ਼ਮ ਸਿੰਘ ਡੁਮੇਲੀ ਨੇ ਰੁਬਾਈ ਪੜ੍ਹੀ ਜਿਸ ਵਿਚ ਪ੍ਰੀਤਮ ਨੂੰ ਮਿਲਣ ਦੀ ਸਿੱਕ ਸੀ। ਮਨਮੋਹਨ ਭੰਵਰਾ ਨੇ ਦੋ ਕਵਿਤਾਵਾਂ ਪੜ੍ਹੀਆਂ, ਇਕ ਵਿਚ ਇਨਸਾਨ ਨੂੰ ਅੱਜ ਦੀਆਂ ਸਰਕਾਰਾਂ ਤੋਂ ਅਵੇਸਲੇ ਨਾ ਹੋਣ ਦੀ ਤਾਕੀਦ ਸੀ, ਜਦਕਿ ਦੂਜੀ ਕਵਿਤਾ ਵਿਚ ਗੁਰੂ ਨਾਨਕ ਦੇ ਸੁਨੇਹੇ ਨੂੰ ਅਗਾਂਹ ਤੋਰਨ ਦਾ ਸੰਕਲਪ ਜਾਹਰ ਕੀਤਾ ਗਿਆ ਸੀ।

ਰਾਮਪਾਲ ਨੇ ਫਿਲੀਪੀਨਜ਼ ਵਿਚ ਬਿਤਾਏ ਸਾਲਾਂ ਦੇ ਤਜਰਬੇ ਬਾਰੇ ਗੱਲ ਕੀਤੀ ਕਿ ਹਰ ਥਾਂ ‘ਤੇ ਮਿਹਨਤ ਕਰਨ ਨਾਲ ਜੀਵਨ ਵਿਚ ਸਫਲਤਾ ਮਿਲਦੀ ਹੈ। ਤਰਲੋਕ ਬੀਰ ਨੇ ਛੋਟੀਆਂ ਪਰ ਪ੍ਰਭਾਵਸ਼ਾਲੀ ਕਵਿਤਾਵਾਂ ਪੜ੍ਹੀਆਂ, ਜਿਨ੍ਹਾਂ ਵਿਚ ਉਨ੍ਹਾਂ ਜੀਵਨ ਨੂੰ ਬ੍ਰਹਿਮੰਡ ਦਾ ਕਿਣਕਾ ਮਾਤਰ ਹੀ ਹਿੱਸਾ ਦੱਸਿਆ ਕਿ ਸਭ ਕੁਝ ਬੰਦੇ ਦੇ ਅੰਦਰ ਹੀ ਮੌਜੂਦ ਹੈ। ਡਾ. ਸੰਦੀਪ ਸਿੰਘ ਨੇ ਦੋ ਕਵਿਤਾਵਾਂ ਪੜ੍ਹੀਆਂ, ਜਿਨ੍ਹਾਂ ਵਿਚ ਉਨ੍ਹਾਂ ਆਜ਼ਾਦੀ ਤੋਂ ਬਾਅਦ ਲੋਕਾਂ ਦੀ ਹਾਲਾਤ ਬਿਆਨ ਕੀਤੀ। ਉਨ੍ਹਾਂ ਅਸਲੀ ਆਜ਼ਾਦੀ ਲਈ ਹਰ ਇਕ ਇਨਸਾਨ ਨੂੰ ਸੰਘਰਸ਼ਸ਼ੀਲ ਹੋਣ ਦਾ ਸੱਦਾ ਦਿੱਤਾ।

ਰਾਜਿੰਦਰ ਜਿੰਦ ਨੇ ਦੋ ਗਜ਼ਲਾਂ ਪੜ੍ਹੀਆਂ ਕਿ ਕਿਵੇਂ ਇਨਸਾਨ ਸਾਰੀ ਉਮਰ ਆਪਣੇ ਅੰਦਰ ਖਿੰਡੇ-ਪੁੰਡੇ ਮਨ ਨੂੰ ਖੰਡਰ ਹੋਣ ਤੋਂ ਬਚਾਉਣ ਲਈ ਸੰਗਰਾਮ ਕਰਦਾ-ਕਰਦਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਤੁਰ ਜਾਂਦਾ ਹੈ। ਡਾ. ਸੇਠੀ ਨੇ ਆਪਣੀ ਲੰਮੀ ਕਵਿਤਾ ਵਿਚ ਮਾਂ-ਪੁੱਤ ਦੀ ਆਪਸੀ ਗੱਲਬਾਤ ਰਾਹੀਂ ਦਿਨਾਂ, ਮਹੀਨਿਆਂ ਦੇ ਵਹਿਮਾਂ-ਭਰਮਾਂ ਵਿਚੋਂ ਨਿਕਲਣ ਬਾਰੇ ਹਾਸ ਵਿਅੰਗ ਪੇਸ਼ ਕੀਤਾ। ਉਨ੍ਹਾਂ ਅਨੁਸਾਰ, ਬਸ ਇਨਸਾਨ ਨੂੰ ਸਹੀ ਕੰਮ ਕਰਦਿਆਂ ਸਹੀ ਰਸਤੇ ਚਲਦੇ ਰਹਿਣਾ ਚਾਹੀਦਾ ਹੈ। ਰੀਟਾ ਕੋਹਲੀ ਨੇ ਉਸਤਾਦ ਅਮੀਰ ਖਾਨ ਦੀ ਗਾਇਕੀ ਅਤੇ ਉਨ੍ਹਾਂ ਵਲੋਂ ਬਣਾਈਆਂ ਵੱਖ-ਵੱਖ ਬੰਦਿਸ਼ਾਂ ਬਾਰੇ ਵਿਸਥਾਰ ਸਹਿਤ ਗੱਲ ਕੀਤੀ ਤੇ ਇਕ ਗਜ਼ਲ ਵੀ ਉਨ੍ਹਾਂ ਦੀ ਬਣਾਈ ਬੰਦਿਸ਼ ਵਿਚ ਸੁਣਾਈ। ਜਸਵਿੰਦਰ ਸਿੰਘ ਡੁਮੇਲੀ ਨੇ ਹਾਸ ਵਿਅੰਗ ਵਿਚ ਘਰ ਵਿਚ ਸ਼ਾਂਤੀ ਰੱਖਣ ਦੇ ਤਿੰਨ ਨੁਸਖੇ ਪੇਸ਼ ਕੀਤੇ, ਜੋ ਸਭ ਨੇ ਪਸੰਦ ਕੀਤੇ।



ਬਲਬੀਰ ਸਿੰਘ ਡੁਮੇਲੀ ਨੇ ਕੁਝ ਦੋਹੇ ਅਤੇ ਬੱਦਲਾਂ ਬਾਰੇ ਕਵਿਤਾ ਪੜ੍ਹੀ। ਰਾਣੀ ਨਗਿੰਦਰ ਨੇ ਕਵਿਤਾ ਰਾਹੀਂ ਬਚਪਨ ਨੂੰ ਯਾਦ ਕੀਤਾ ਕਿ ਕਿਸ ਤਰ੍ਹਾਂ ਚਾਰ ਸਹੇਲੀਆਂ ਕਿਧਰੇ ਇਕੱਠੀਆਂ ਹੁੰਦੀਆਂ ਹਨ ਅਤੇ ਬਚਪਨ ਵਿਚ ਬਿਤਾਏ ਪਲਾਂ ਤੇ ਬਾਬਲ ਦੇ ਵਿਹੜੇ ਦੀਆਂ ਗੱਲਾਂ ਕਰਦੀਆਂ ਹਨ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਗੁਰਵਿੰਦਰ ਰਾਣਾ, ਹਰਪ੍ਰੀਤ ਰਾਣਾ, ਸੁਰਜੀਤ ਰਾਣਾ, ਸ਼ਰਨਜੀਤ ਸਿੰਘ, ਗੁਰਚਰਨ ਸਿੰਘ, ਮਨਜੀਤ ਕੌਰ, ਪਰਮਜੀਤ ਕੌਰ, ਰਵਿੰਦਰ ਕੌਰ, ਗੁਰਪ੍ਰੀਤ ਕੌਰ, ਅਨੁ ਕੌਰ, ਸਮਰ ਸਿੰਘ ਤੇ ਅਸਰੀਤ ਸ਼ਾਮਲ ਹੋਏ, ਜਿਨ੍ਹਾਂ ਨੇ ਸਰੋਤਿਆਂ ਵਜੋਂ ਬੈਠਕ ਦਾ ਅਨੰਦ ਮਾਣਿਆ। ਬਾਅਦ ਵਿਚ ਮੋਹਨ ਸਿੰਘ ਭੰਵਰਾ ਨੇ ਸਾਹਿਤਕਾਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਮੀਟਿੰਗ ਸਫਲ ਰਹੀ। ਜਿਹੜੇ ਮੈਂਬਰ ਕੁਝ ਰੁਝੇਵਿਆਂ ਕਰਕੇ ਇਸ ਵਾਰ ਹਾਜ਼ਰ ਨਹੀਂ ਹੋ ਸਕੇ, ਉਨ੍ਹਾਂ ਨਾਲ ਫੋਨ ਰਾਹੀਂ ਅਗਾਊਂ ਸੰਪਰਕ ਕਰਨ ਦਾ ਵਾਅਦਾ ਕੀਤਾ।







## ਬਰਗਾੜੀ ਮੋਰਚਾ ਉਠਾਉਣਾ ਮੰਡ ਦੀ ਗਲਤੀ ਸੀ: ਦਾਦੂਵਾਲ

**ਬਠਿੰਡਾ:** ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਬਰਗਾੜੀ ਮੋਰਚਾ ਚੁੱਕਣਾ ਭਾਈ ਮੰਡ ਦੀ ਵੱਡੀ ਗਲਤੀ ਸੀ ਅਤੇ ਇਸ ਬਾਰੇ ਲੋਕ ਵਿਦੇਸ਼ਾਂ ਵਿਚੋਂ ਉਸ ਨੂੰ ਸਵਾਲ ਕਰਦੇ ਹਨ। ਜੇਕਰ ਬਰਗਾੜੀ ਮੋਰਚਾ ਅੱਜ ਲੱਗਾ ਹੁੰਦਾ ਤਾਂ ਪੰਜਾਬ ਦੀ ਸਥਿਤੀ ਕੁਝ ਹੋਰ ਹੋਣੀ ਸੀ। ਭਾਈ ਦਾਦੂਵਾਲ ਨੇ ਕਿਹਾ ਕਿ ਬਾਦਲ ਪਰਿਵਾਰ ਦੇ ਰਾਜ ਵਿਚ ਬਰਗਾੜੀ ਅਤੇ ਹੋਰ ਬਹੁਤ ਥਾਵਾਂ ‘ਤੇ ਗੁਰੂ ਗ੍ਰੰਥ ਸਾਹਿਬ ਸਮੇਤ ਹੋਰ ਧਾਰਮਿਕ ਗ੍ਰੰਥਾਂ ਦੀ ਸ਼ਰਾਰਤੀ ਲੋਕਾਂ ਵੱਲੋਂ ਬੇਅਦਬੀ ਕੀਤੀ ਗਈ ਪਰ ਤਤਕਾਲੀ ਅਕਾਲੀ ਸਰਕਾਰ ਨੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਕਸੂਰਵਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।



ਇਸ ਤੋਂ ਇਲਾਵਾ ਇਨਸਾਫ ਮੰਗਦੇ ਸਿੱਖਾਂ ‘ਤੇ ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਗੋਲੀਆਂ ਚਲਾ ਦਿੱਤੀਆਂ, ਜਿਸ ’ਚ ਦੋ ਸਿੱਖ ਸ਼ਹੀਦ ਹੋ ਗਏ ਸਨ।

ਜਥੇਦਾਰ ਦਾਦੂਵਾਲ ਨੇ ਕਿਹਾ ਕਿ ਸੌਦਾ ਸਾਧ ਨੂੰ ਮੁਆਫੀ ਦੇਣ ਦੇ ਫੈਸਲੇ ਨੂੰ ਸਹੀ ਸਾਬਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਲੱਖਾਂ ਦੇ ਇਸ਼ਤਿਹਾਰ ਦਿਵਾਏ ਗਏ। ਇਸੇ ਤਰ੍ਹਾਂ ਤਖਤ ਸਾਹਿਬਾਨ ਦੇ ਜਥੇਦਾਰਾਂ ਦੀਆਂ ਮਨਮਰਜ਼ੀਆਂ ਨਾਲ ਨਿਯੁਕਤੀਆਂ ਕਰ ਕੇ ਅਤੇ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਕਰ ਕੇ ਉਸ ਦੀ ਦੁਰਵਰਤੋਂ ਕੀਤੀ।

## ਕਾਂਗਰਸ ਨਾਲ ਰਲੇ ਦਾਦੂਵਾਲ ਤੇ ਮੰਡ: ਸੁਖਬੀਰ ਬਾਦਲ

**ਭੁੱਚੋ ਮੰਡੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਬੇਅਦਬੀ ਦੇ ਮਾਮਲੇ ਵਿਚ ਅਕਾਲੀ ਦਲ ਨੂੰ ਕਾਲੀਆਂ ਝੰਡੀਆਂ ਦਿਖਾਉਣ ਵਾਲੇ ਬਲਜੀਤ ਸਿੰਘ ਦਾਦੂਵਾਲ ਅਤੇ ਧਿਆਨ ਸਿੰਘ ਮੰਡ ਕਾਂਗਰਸ ਨਾਲ ਰਲ ਗਏ ਹਨ। ਉਨ੍ਹਾਂ ਸਿੱਖ ਕੌਮ ਦੇ ਅਸਲ ਦੋਖੀ ਗਾਂਧੀ ਪਰਿਵਾਰ ਨਾਲ ਸਬੰਧਤ ਰਾਹੁਲ ਗਾਂਧੀ ਨੂੰ ਬਰਗਾੜੀ ਵਿਚ ਕਾਲੀਆਂ ਝੰਡੀਆਂ ਨਾ ਦਿਖਾ ਕੇ ਕਾਂਗਰਸੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਾਂਗਰਸ ਪਾਰਟੀ ਨੇ ਦਰਬਾਰ ਸਾਹਿਬ ‘ਤੇ ਹਮਲਾ ਕਰਕੇ ਕੀਤੀ ਸੀ।

## ਭਾਰਤੀ ਪ੍ਰੋਫੈਸ਼ਨਲ ਨੂੰ ਐਚ-1ਬੀ ਵੀਜ਼ਾ ਨਾ ਦੇਣ ‘ਤੇ ਮੁਕੱਦਮਾ

**ਵਾਸ਼ਿੰਗਟਨ:** ਸਿਲੀਕੌਨ ਵੈਲੀ ਦੀ ਆਈ. ਟੀ. ਕੰਪਨੀ ਜ਼ੈਟਰਾ ਸੋਲਿਊਸ਼ਨਸ ਨੇ ਭਾਰਤੀ ਪ੍ਰੋਫੈਸ਼ਨਲ ਪ੍ਰਹਰਸ਼ ਚੰਦਰ ਸਾਈ ਵੈਂਕਟ ਅਨੀਸੇਟੀ ਨੂੰ ਐਚ-1ਬੀ ਵੀਜ਼ਾ ਦੇਣ ਤੋਂ ਨਾਂਹ ਕਰਨ ‘ਤੇ ਅਮਰੀਕੀ ਸਰਕਾਰ ਖਿਲਾਫ ਮੁਕੱਦਮਾ ਦਾਇਰ ਕੀਤਾ ਹੈ। ਕੰਪਨੀ ਨੇ ਇਸ ਫੈਸਲੇ ਨੂੰ ਪੱਖਪਾਤੀ ਅਤੇ ਅਧਿਕਾਰਾਂ ਦੀ ਦੁਰਵਰਤੋਂ ਦੱਸਿਆ ਹੈ।

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
1480 N. State Road 1, Cambridge City, IN 47327
ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ
ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

# ਖ਼ੂਬ ਰੌਣਕਾਂ ਲੱਗੀਆਂ ਪੀ. ਸੀ. ਐਸ. ਸੈਕਰਾਮੈਂਟੋ ਦੇ ਮੇਲੇ 'ਤੇ

**ਸੈਕਰਾਮੈਂਟੋ (ਬਿਊਰੋ):** ਪੀ. ਸੀ. ਐਸ. ਸੈਕਰਾਮੈਂਟੋ ਵਲੋਂ ਇਥੇ ਲੰਘੀ 18 ਮਈ, ਸਨਿਚਰਵਾਰ ਨੂੰ ਕਰਵਾਏ ਗਏ 30ਵੇਂ ਸਭਿਆਚਾਰਕ ਮੇਲੇ 'ਚ ਪਹੁੰਚੇ ਛੋਟੇ ਛੋਟੇ ਬਾਲ ਕਲਾਕਾਰਾਂ, ਗਿੱਧੇ ਤੇ ਭੰਗੜੇ ਦੇ ਕਲਾਕਾਰਾਂ ਅਤੇ ਦਰਸ਼ਕਾਂ ਦਾ ਉਤਸ਼ਾਹ ਦੇਖ ਕੇ ਕਈਆਂ ਨੂੰ ਧਨੀਰਾਮ ਚਾਤ੍ਰਿਕ ਦਾ ਇਹ ਬੰਦ ਯਾਦ ਆ ਗਿਆ, "ਤੂੜੀ ਤੰਦ ਹਾੜੀ ਸਾਉਣੀ ਵੇਚ ਵੱਟ ਕੇ, ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਟ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।" ਸੱਚ ਜਾਣੋ ਤਾਂ ਕੁਝ ਅਜਿਹਾ ਹੀ ਮਾਹੌਲ ਸੀ, ਚਾਰ ਚੁਫੇਰੇ ਸ਼ੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਹਾਲ ਦੇ ਅੰਦਰ ਤੇ ਬਾਹਰ।




ਪਰਿਵਾਰਕ ਮੇਲੇ ਵਜੋਂ ਜਾਣੇ ਜਾਂਦੇ ਇਸ ਮੇਲੇ ਨੇ ਆਪਣੀ ਰਵਾਇਤੀ ਸ਼ਾਨੋ ਸ਼ੌਕਤ ਨੂੰ ਬਰਕਰਾਰ ਰੱਖਦਿਆਂ ਜਿਥੇ ਦਰਸ਼ਕਾਂ ਦੀ ਗਿਣਤੀ ਦਾ ਘੇਰਾ ਵਧਾਇਆ, ਉਥੇ ਨਾਲ ਦੀ ਨਾਲ ਪੰਜਾਬੀ ਸਭਿਆਚਾਰ ਦੇ ਮੇਚ ਦਾ ਮਨੋਰੰਜਨ ਵੀ ਪੇਸ਼ ਕੀਤਾ।

ਮਿਥੇ ਸਮੇਂ ਅਨੁਸਾਰ ਮੇਲੇ ਦੀ ਸ਼ੁਰੂਆਤ ਨੰਨੇ ਮੁੰਨੇ ਬੱਚਿਆਂ ਨੇ ਢੋਲ ਦੇ ਡਗੇ 'ਤੇ ਪੰਜਾਬੀ ਗੀਤ ਨਾਲ ਕੀਤੀ। ਮੇਲੇ ਵਿਚ ਕੁਲ 26 ਟੀਮਾਂ ਨੇ ਹਿੱਸਾ ਲਿਆ। ਇਹ ਟੀਮਾਂ ਵਰਿੰਦਰ ਫਰਵਾਲਾ, ਅੰਮ੍ਰਿਤ ਫਰਵਾਲਾ, ਪਰਨੀਤ, ਹਰਵੀ, ਰੋਜ਼ੀ ਸੰਧੂ, ਸਿਮਰਤ, ਦਲਜੀਤ ਅਮਨ, ਅੰਮ੍ਰਿਤਾ, ਸਬਨੀਤ, ਸਨਜੋਤ ਕੌਰ ਤੇ ਪਰਦੀਪ ਪੂਨੀ ਵਲੋਂ ਤਿਆਰ ਕੀਤੀਆਂ ਹੋਈਆਂ ਸਨ। ਹਰ ਟੀਮ ਦਾ ਬੱਸ ਇਕੋ ਹੀ ਮਕਸਦ ਸੀ, ਰੰਗ ਬਰੰਗੀਆਂ ਪੁਸ਼ਾਕਾਂ ਵਿਚ ਸਜ ਫਬ ਕੇ ਆਪਣੇ ਪੰਜਾਬੀ ਸਭਿਆਚਾਰ ਨੂੰ ਗੀਤਾਂ ਰਾਹੀਂ, ਗਿੱਧੇ-ਭੰਗੜੇ ਅਤੇ ਡਾਂਸ ਰਾਹੀਂ ਪੇਸ਼ ਕਰਨਾ। ਪੀ. ਸੀ. ਐਸ. ਵਲੋਂ ਪੇਸ਼ ਕੀਤਾ ਗਿਆ ਗਿੱਧਾ ਇਕ ਵੱਖਰੀ ਹੀ ਛਾਪ ਛੱਡ ਗਿਆ। ਹਰਵੀ ਵਲੋਂ ਤਿਆਰ ਕੀਤਾ ਗਿੱਧਾ ਵੀ ਇਕ ਵੱਖਰੀ ਹੀ ਪੇਸ਼ਕਸ਼ ਸੀ। ਪਰਨੀਤ ਦੀ ਤਿਆਰ ਕੀਤੀ ਬੱਚਿਆਂ ਦੀ ਟੀਮ ਦੀ ਵੀ ਸਭਿਆਚਾਰ ਨੂੰ ਵੱਖਰੀ ਦੇਣ ਸੀ। ਬੱਚਿਆਂ ਨੇ ਆਪਣੀ ਕਲਾ ਰਾਹੀਂ ਸਭ ਦਾ ਮਨ ਮੋਹ ਲਿਆ।

ਗੀਤ-ਸੰਗੀਤ ਦੇ ਦੌਰ ਵਿਚ ਪੂਨਮ ਨੇ ਇਕ ਲੋਕ ਗੀਤ 'ਘੜਿਆ ਪਾਰ ਲੰਘਾ ਦੇ ਵੇ, ਮਿੰਨਤਾਂ ਤੇਰੀਆਂ ਕਰਦੀ' ਅਤੇ ਫਿਰ ਹਾਲ 'ਚ ਬੈਠੇ ਸਰੋਤਿਆਂ ਦੀ ਫਰਮਾਇਸ਼ 'ਤੇ ਇਕ ਡਿਊਟ ਗੀਤ ਪੇਸ਼ ਕੀਤਾ। ਰਸ਼ਪਾਲ ਫਰਵਾਲਾ ਤੇ ਪੂਨਮ ਨੇ ਇਕ ਵੱਖਰੀ ਕਿਸਮ ਦੀ ਪੇਸ਼ਕਸ਼ ਲੋਕ ਗਾਥਾ ਮਲਕੀ-ਕੀਮਾ ਪੇਸ਼ ਕੀਤਾ, ਜੋ ਸਰੋਤਿਆਂ ਖਾਸ ਕਰ ਪੰਜਾਹਵਿਆਂ ਨੂੰ ਟੱਪੇ ਸਰੋਤਿਆਂ ਨੇ ਬਹੁਤ ਹੀ ਪਸੰਦ ਕੀਤਾ। ਇਉਂ ਲੱਗਦਾ ਸੀ ਜਿਵੇਂ ਕੋਈ ਦੋਗਾਣਾ ਜੋੜੀ ਇੰਡੀਆ ਤੋਂ ਮਲਕੀ-ਕੀਮਾ ਪੇਸ਼ ਕਰਨ ਖਾਸ ਤੌਰ 'ਤੇ ਪਹੁੰਚੀ ਹੋਵੇ।





ਪਿਛਲੇ ਸਾਲ ਵਾਂਗ ਇਸ ਸਾਲ ਵੀ ਸੁਸਾਇਟੀ ਵਲੋਂ ਦੋ ਬੱਚਿਆਂ-ਹਰਵੀ ਤੇ ਸਿਮਰਨ ਦਾ ਸਨਮਾਨ ਕੀਤਾ ਗਿਆ। ਇਕ ਵਿਆਹ 'ਤੇ ਮੇਲ ਦੇ ਆਉਣ 'ਤੇ ਗਿੱਧਾ ਪਾਉਣ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਵਾਹ ਵਾਹ ਕਰਨ ਲਾ ਦਿੱਤਾ। ਸਰੋਤਿਆਂ ਨੇ ਭਰਪੂਰ ਤਾੜੀਆਂ ਵਜਾ ਕੇ ਆਪਣੇ ਮਨਾਂ ਦੇ ਭਾਵ ਪ੍ਰਗਟਾਏ। ਕਈ ਤਾਂ ਕਹਿ ਰਹੇ ਸਨ, ਵਾਹ ਬਈ ਵਾਹ! ਜੇ ਮੇਲੇ ਹੋਣ ਤਾਂ ਇਹੋ ਜਿਹੇ ਹੋਣ। ਸਾਡੇ ਹੀ ਬੱਚੇ ਸਨ, ਤੇ ਸਟੇਜ ਅੱਗੇ ਪਰਿਵਾਰ ਬੈਠ ਕੇ ਅਨੰਦ ਮਾਣ ਰਿਹਾ ਹੋਵੇ। ਹੋਰ ਕੀ ਚਾਹੀਦਾ ਹੈ?

ਮੇਲਾ ਕਰੀਬ 3 ਵਜੇ ਸ਼ੁਰੂ ਹੋ ਕੇ ਰਾਤ ਅੱਠ ਵਜੇ ਤੱਕ ਲਗਾਤਾਰ ਮਨੋਰੰਜਨ ਕਰਦਾ ਰਿਹਾ।



ਜਸਵੰਤ ਸ਼ਾਦ ਨੇ ਸਟੇਜ ਦਾ ਸੰਚਾਲਨ ਬਾਖ਼ੂਬੀ ਕੀਤਾ। ਮਨਦੀਪ ਫਰਵਾਲਾ ਨੇ ਵੀ ਮੰਚ ਸੰਚਾਲਨ ਵਿਚ ਉਸ ਦਾ ਸਾਥ ਦਿੱਤਾ। ਮੇਲਾ ਪ੍ਰਬੰਧਕਾਂ ਵਲੋਂ ਅਖੀਰ ਵਿਚ ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਇਨਾਮ ਵੰਡੇ ਗਏ।

ਮੇਲੇ ਦੀ ਸਫਲਤਾ ਤੋਂ ਬਾਗੋ ਬਾਗ ਹੋਏ ਸ. ਰਸ਼ਪਾਲ ਸਿੰਘ ਫਰਵਾਲਾ ਨੇ ਆਏ ਦਰਸ਼ਕਾਂ, ਸਪਾਂਸਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦੀ ਆਸ ਪ੍ਰਗਟਾਈ। ਉਨ੍ਹਾਂ ਮੀਡੀਏ ਦਾ ਵੀ ਧੰਨਵਾਦ ਕੀਤਾ। ਸੰਗੀਤ ਦੀ ਸੇਵਾ ਬੱਗਾ ਤੇ ਸਾਥੀਆਂ ਨੇ ਕੀਤੀ।

ਹਾਲ ਦੇ ਬਾਹਰ ਲੱਗੇ ਫੂਡ ਦੇ ਸਟਾਲਾਂ ਵਾਲਿਆਂ ਦਾ ਵੀ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਵਾਦੀ ਖਾਣਿਆਂ ਦੀ ਮਹਿਕ ਦੂਰ ਦੂਰ ਤੱਕ ਫੈਲੀ ਹੋਈ ਸੀ। ਜਸਵੰਤ ਸ਼ਾਦ ਦਾ ਵੀ ਉਚੇਚਾ ਧੰਨਵਾਦ ਕੀਤਾ ਗਿਆ।



ਕਮੇਟੀ ਮੈਂਬਰਾਂ-ਤੀਰਥ ਸਹੋਤਾ, ਪ੍ਰੇਮ ਚੁੰਬਰ, ਪਰਮਜੀਤ ਢਿੱਲੋਂ, ਅਜੈਬ ਕਾਹਲੋਂ, ਅਮਰੀਕ ਪਰਹਾਰ, ਦੇਬੀ ਗਿੱਲ, ਸੁਖਰਾਜ ਔਲਖ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਡੋਡ, ਜਨਰੈਲ ਪੰਧੇਰ, ਮਾਧੋ ਸਿੰਘ ਚਾਹਲ, ਹਰਨੇਕ ਢਿੱਲੋਂ, ਹਰਜੀਤ ਸਿੰਘ, ਅਖਿਲੇਸ਼ ਸਿੰਘ, ਬਲਵੰਤ ਕੰਦੋਲਾ, ਜਤਿੰਦਰ ਬੀਸਲਾ, ਬਲਦੇਵ ਗਰੇਵਾਲ, ਗੁਰਮਿੰਦਰ ਗੁਰੂ, ਜੱਸੀ (ਪਾਵਰ ਮਾਰਟ), ਸੁਰਿੰਦਰ ਬਿੰਦਰਾ ਅਤੇ ਰਸ਼ਪਾਲ ਫਰਵਾਲਾ ਨੇ ਮੇਲੇ ਨੂੰ ਸਫਲ ਬਣਾਉਣ ਲਈ ਭਰਪੂਰ ਯੋਗਦਾਨ ਪਾਇਆ।






***ਤਸਵੀਰਾਂ: ਭੰਡਾਲ ਫੋਕਸ***



# ਲਮਕਵੀਂ ਸੰਸਦ ਦੀਆਂ ਬਰਕਤਾਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਲੋਕ ਸਭਾ ਚੋਣਾਂ ਦੇ ਪ੍ਰਚਾਰ-ਪਸਾਰ ਤੇ ਰੌਲੇ ਰੱਪੇ ਪਿਛੋਂ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਦੇਸ਼ ਲਮਕਵੀਂ ਸੰਸਦ (ਹੰਗ ਪਾਰਲੀਮੈਂਟ) ਵਲ ਵੱਧ ਰਿਹਾ ਹੈ। ਪੇਂਡੂ ਜਨਤਾ ਇਸ ਨੂੰ ਲੰਗੜੀ ਸਰਕਾਰ ਕਹਿੰਦੀ ਹੈ। ਸਾਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਐਤਕੀਂ ਸਾਨੂੰ ਬਹੁਮਤ ਵਾਲੀ ਸਰਕਾਰ ਦੇ ਲਾਰੇ ਲੱਪੇ ਨਹੀਂ ਸੁਣਨੇ ਪੈਣੇ। ਹਰ ਤਰ੍ਹਾਂ ਦੀ 'ਮੈਂ ਮੈਂ' ਦਾ ਗਲਾ ਘੁਟਿਆ ਜਾਵੇਗਾ। ਦੇਸ਼ ਵਿਚ ਬਹੁਮਤ ਵਾਲੀਆਂ ਸਰਕਾਰਾਂ ਪਹਿਲਾਂ ਵੀ ਬਣਦੀਆਂ ਰਹੀਆਂ ਹਨ, ਪਰ ਆਮ ਜਨਤਾ ਨੇ ਪਿਛਲੇ ਪੰਜਾਂ ਵਰ੍ਹਿਆਂ ਜਿੰਨੀ 'ਮੈਂ ਮੈਂ' ਨਹੀਂ ਸੁਣੀ। ਹੇਠ ਲਿਖੇ ਉਤੇ ਪਹਿਰਾ ਦੇਣ ਦਾ ਸਮਾਂ ਆ ਗਿਆ ਜਾਪਦਾ ਹੈ,

ਬਕਰੀ ਜੋ 'ਮੈਂ ਮੈਂ' ਕਰੇ
ਗਲੇ ਮੇ ਛੁਰੀ ਫਿਰਾਏ।
ਮੈਨਾ ਜੋ 'ਮੈਂ ਨਾ' ਕਹੇ
ਸਭ ਕੇ ਮਨ ਕੋ ਭਾਏ।

ਇਹ ਤਾਂ ਹੋਇਆ ਅਜੋਕੀ ਰਾਜਨੀਤੀ ਦਾ ਸੱਚ, ਹੁਣ ਸੰਭਾਵਨਾ ਦੀ ਗੱਲ ਕਰੀਏ। ਜੇ ਲੰਗੜੀ ਸਰਕਾਰ ਬਣਦੀ ਹੈ ਤਾਂ ਇਸ ਨੂੰ ਵਿਰੋਧੀ ਪਾਰਟੀ ਦੀਆਂ ਦੁਲੱਤੀਆਂ ਦਾ ਖੌਫ ਰਹੇਗਾ ਤੇ ਹਰ ਕੰਮ ਸੰਭਲ ਕੇ ਕਰੇਗੀ। ਹਰਮਨ ਪਿਆਰੇ ਉਰਦੂ ਸ਼ਾਇਰ ਟੀ. ਐਨ. ਰਾਜ ਨੇ ਹੇਠ ਲਿਖੇ ਸ਼ਿਅਰ ਵਿਚ ਦੇਸ਼ ਦੀਆਂ ਮੌਜੂਦਾ ਸਮੱਸਿਆਵਾਂ ਦਾ ਜ਼ਿਕਰ ਕੀਤਾ ਹੈ,

ਮੁਫਲਸੀ, ਬੇਰੋਜ਼ਗਾਰੀ, ਰੇਪ,
ਰਿਸ਼ਵਤ, ਕਤਲ ਸਭ,
ਵਕਤ-ਏ-ਆਖਿਰ ਨਾਮ ਤੇਰੇ
ਐ ਵਤਨ ਕਰ ਜਾਏਂਗੇ।

ਮਸਲੇ ਵੱਡੇ ਨੇ, ਪੰਜਾਂ ਸਾਲਾਂ ਵਿਚ ਹੱਲ ਹੋਣ ਵਾਲੇ ਨਹੀਂ। ਦੇਸ਼ ਦੀ ਵੱਸੋਂ ਵੀ ਪਹਿਲਾਂ ਵਾਲੇ ਸਬਰ ਸੰਤੋਖ ਵਾਲੀ ਨਹੀਂ। ਘਰਾਂ ਵਿਚ ਐਸ਼-ਓ-ਇਸ਼ਰਤ ਕਿੰਨੀ ਵਧ ਚੁਕੀ ਹੈ, ਇਸ ਦਾ ਅੰਦਾਜ਼ਾ ਸੜਕਾਂ ਉਤੇ ਦੌੜਦੀਆਂ ਮੋਟਰ ਗੱਡੀਆਂ ਤੇ ਘਰੇਲੂ ਕਾਰਾਂ ਦੇ ਭੀੜ ਭੜੱਕੇ ਤੋਂ ਲਾਇਆ ਜਾ ਸਕਦਾ ਹੈ। ਕਿਰਤੀ, ਕਿਸਾਨ ਤੇ ਛੋਟਾ ਦੁਕਾਨਦਾਰ ਹਾਲ ਪਾਹਰਿਆ ਕਰ ਰਿਹਾ ਹੈ। ਖੁਦਕੁਸ਼ੀਆਂ ਦਾ ਦੌਰ ਦੌਰਾ ਹੈ। ਇਨ੍ਹਾਂ ਗੱਲਾਂ ਨੇ ਅਮਨ ਚੈਨ ਦੀ ਸਥਿਤੀ ਨੂੰ ਵੱਸੋਂ ਬਾਹਰੀ ਕਰ ਰੱਖਿਆ ਹੈ। ਸਭ ਕਾਸੇ ਉਤੇ 'ਮੈਂ ਮੈਂ' ਦਾ ਢੱਕਣ ਦਿੱਤਾ ਜਾ ਰਿਹਾ ਹੈ। ਅਰਥਚਾਰੇ ਨਾਲ ਜੁੜਣ ਵਾਲੇ ਖੁੰਡੇ ਧੱਕੇ ਗਏ ਹਨ।

ਅਜਿਹੇ ਵਿਚ ਜੇ ਕੋਈ ਆਸ ਬੱਝਦੀ ਹੈ ਤਾਂ ਲੰਗੜੀ ਸਰਕਾਰ ਦੇ ਹੋਂਦ ਵਿਚ ਆਉਣ ਤੋਂ। ਸੰਭਲ ਕੇ ਚੱਲੇਗੀ। ਹਰ ਕਿਸੇ ਦੀ ਸੁਣੇਗੀ। ਬਣਦੇ ਸਰਦੇ ਅਮਲ ਹੋਂਦ ਵਿਚ ਆਉਣਗੇ। ਦੇਸ਼ ਦੀ ਏਕਤਾ ਤੇ ਅਖੰਡਤਾ ਬਣੀ ਰਹੇਗੀ। ਅਨੇਕਤਾ ਵਿਚ ਏਕਤਾ ਵਾਲਾ ਪਹਿਰਾ ਪਰਤੇਗਾ। ਫਿਰਕੂ ਪਾਰਟੀਆਂ ਦੇ ਫੁੰਕਾਰੇ ਘਟਣਗੇ। ਚੋਰਾਂ ਨੂੰ ਸ਼ਹਿ ਦੇਣ ਵਾਲੀ ਚੌਕੀਦਾਰੀ ਨੂੰ ਨੱਥ ਪਵੇਗੀ। ਸਿਆਸੀ ਖੇਤਰ ਵਿਚ ਖੱਬੀ ਸੋਚ ਵਾਲਿਆਂ ਦੀ ਵੀ ਸੁਣੀ ਜਾਵੇਗੀ। ਕਰਤੇ-ਧਰਤੇ ਵੰਗਾਂ ਛਣਕਾਉਣ ਦੀ ਥਾਂ ਆਟਾ ਗੁੰਨ੍ਹਣ ਤੇ ਦੁੱਧ ਰਿੜਕਣ ਵੱਲ ਧਿਆਨ ਦੇਣਗੇ। ਨਿਸ਼ਚੇ ਹੀ ਲੰਗੜੀ ਸਰਕਾਰ ਨੂੰ ਵਿਰੋਧੀ ਧਿਰ ਨਵੀਆਂ ਸ਼ੀਸ਼ੀਆਂ ਵਿਚ ਪੁਰਾਣੀ ਦਾਰੂ ਵੇਚਣ ਤੋਂ ਰੋਕੇਗੀ।

ਰਾਜੀਵ ਗਾਂਧੀ ਵਾਲੇ 'ਕਲੀਨ ਗੰਗਾ ਪ੍ਰਾਜੈਕਟ' ਨੂੰ 'ਨਮਾਮੀ ਗੰਗੇ' ਦਾ ਨਾਂ ਦੇ ਕੇ ਜਾਂ ਮਨਮੋਹਨ ਸਿੰਘ ਰਾਜ ਦੀ 'ਨਿਰਮਲ ਭਾਰਤ ਸਕੀਮ' ਨੂੰ 'ਸਵੱਛ ਭਾਰਤ ਅਭਿਆਨ' ਦਾ ਨਵਾਂ ਨਾਂ ਦੇ ਕੇ ਭੋਲੀ ਭਾਲੀ ਜਨਤਾ ਨੂੰ ਭਰਮਾਉਣ ਦਾ ਸਮਾਂ ਲੱਦ ਗਿਆ ਜਾਪਦਾ ਹੈ। ਲੰਗੜੀ ਸਰਕਾਰ ਹੀ 'ਨੋਟ ਬੰਦੀ' ਤੇ 'ਜੀ. ਐਸ. ਟੀ.' ਵਰਗੀਆਂ ਸਕੀਮਾਂ ਨੂੰ ਪ੍ਰਬੰਧਕੀ ਅਸਫਲਤਾ ਦੇ ਟੋਟੇ ਚੜ੍ਹਨ ਤੋਂ ਬਚਾ ਸਕਦੀ ਹੈ। ਖੂਹ ਵਿਚ ਡਿੱਗ ਕੇ ਮਰਨ ਦਾ ਡਰ ਇਸ ਨੂੰ ਚੇਤੰਨ ਰੱਖੇਗਾ। ਹਰ ਸਾਲ ਦੋ ਕਰੋੜ ਨੌਕਰੀਆਂ ਪੈਦਾ ਕਰਨ ਦਾ ਝਾਂਸਾ ਦੇ ਕੇ ਨੌਜਵਾਨਾਂ ਲਈ ਪਹਿਲਾਂ ਜਿੰਨੀਆਂ ਨੌਕਰੀਆਂ ਘਟਾਉਣ ਦੇ ਦਿਨ ਲੱਦ ਜਾਣਗੇ। ਮੁੱਖ ਫੈਸਲੇ ਲੈਣ ਵਿਚ ਪਲਾਨਿੰਗ ਕਮਿਸ਼ਨ ਵਰਗੀਆਂ ਲੋਕਰਾਜੀ ਸੰਸਥਾਵਾਂ ਤੇ ਕੈਬਨਿਟ ਮੰਤਰੀਆਂ ਨੂੰ ਨਜ਼ਰਅੰਦਾਜ਼ ਕਰਨ ਦੇ ਕੋਝੇ ਅਮਲਾਂ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਉਰਦੂ ਭਾਸ਼ਾ ਦੇ ਅਦਬ ਆਦਾਬ:** ਮੇਰੀ ਉਮਰ ਦੇ ਬੰਦਿਆਂ ਦੀ ਮੁਢਲੀ ਪੜ੍ਹਾਈ ਉਰਦੂ ਭਾਸ਼ਾ ਰਾਹੀਂ ਹੋਈ। ਅਸੀਂ ਆਪਣੇ ਬੇਨਤੀ ਪੱਤਰ ਸਕੂਲ ਮੁਖੀ ਦਾ 'ਦਾਮ-ਏ-ਇਕਬਾਲ' ਮੰਗ ਕੇ ਆਪਣੇ ਆਪ ਨੂੰ ਕਮਤਰੀਨ ਕਹਿ ਕੇ ਗੁਜ਼ਾਰਿਸ਼ਾਂ ਕਰਦੇ ਸਾਂ। ਇਸ ਨੇ ਸਾਨੂੰ ਆਪਣੇ ਤੋਂ ਵੱਡਿਆਂ ਦਾ ਆਦਰ ਮਾਣ ਕਰਨਾ ਸਿਖਾਇਆ, ਰੋਜ਼ਮੱਰਾ ਜੀਵਨ ਦਾ ਸਲੀਕਾ ਵੀ। ਕਿਸੇ ਦੇ ਕਹਿਣ ਵਾਂਗ,

ਉਰਦੂ ਕਾ ਮੁਸਾਫਿਰ ਹੈ
ਯਹੀ ਪਹਿਚਾਨ ਹੈ ਇਸ ਕੀ,
ਜਿਸ ਰਾਹ ਸੇ ਗੁਜ਼ਰਤਾ ਹੈ
ਸਲੀਕਾ ਛੋੜ ਜਾਤਾ ਹੈ।

ਇਸ ਸ਼ਿਅਰ ਨੇ ਮੈਨੂੰ ਆਪਣੀ ਰੁਦਰਪੁਰ (ਉਤਰ ਪ੍ਰਦੇਸ਼) ਵਾਲੀ ਪੰਜ ਦਹਾਕੇ ਪਹਿਲਾਂ ਦੀ ਫੇਰੀ ਚੇਤੇ ਕਰਵਾ ਦਿੱਤੀ ਹੈ। ਮੈਂ ਤੇ ਮੇਰੀ ਪਤਨੀ ਨੂੰ ਰਾਮਪੁਰ ਵਿਚੋਂ ਲੰਘਦਿਆਂ ਚੇਤਾ ਆਇਆ ਕਿ ਉਸ ਸ਼ਹਿਰ ਵਿਚ ਸਾਡਾ ਜਾਣੂ ਸੁਰਿੰਦਰ ਸਿੰਘ ਵਿਰਕ ਵਕਾਲਤ ਕਰਦਾ ਹੈ। ਅਸੀਂ ਇਕ ਰਾਹਗੀਰ ਤੋਂ ਉਸ ਦੇ ਘਰ ਦਾ ਰਾਹ ਪੁੱਛਿਆ। ਉਸ ਬਜ਼ੁਰਗ ਨੂੰ ਨਹੀਂ ਸੀ ਪਤਾ। ਉਸ ਦਾ ਉਤਰ ਸੀ, 'ਮੁਆਫ ਕਰਨਾ ਮੁਝੇ ਤੋਂ ਉਨਕਾ ਕੋਈ ਇਲਮ ਨਹੀਂ ਹੈ।'

ਅਸੀਂ ਸੁਰਿੰਦਰ ਦੇ ਬਾਪ, ਦਾਦੇ ਤੇ ਚਾਚਿਆਂ-ਤਾਇਆਂ ਦੇ ਨਾਂ ਵੀ ਦੱਸੇ। ਉਹ ਵੀ ਪੱਲੇ ਨਾ ਪਏ, ਤਾਂ ਉਹ ਪੁੱਛਣ ਲੱਗਾ ਕਿ ਸਾਡੇ ਰਾਮਪੁਰ ਪਹੁੰਚਣ ਦਾ ਅਸਲ ਮਕਸਦ ਕੀ ਸੀ। ਮੇਰੇ ਮੂੰਹ ਤੋਂ 'ਬੱਸ ਐਵੇਂ ਹੀ ਘੁੰਮਦੇ ਘੁਮਾਉਂਦੇ' ਸ਼ਬਦ ਨਿਕਲਣ ਦੀ ਦੇਰ ਸੀ ਤਾਂ ਉਸ ਨੇ ਰਾਮਪੁਰੀ ਸ਼ੈਲੀ ਵਿਚ ਇਹ ਵਾਕ ਬੋਲਿਆ, ਜੋ ਮੈਨੂੰ ਕੱਲ ਵਾਂਗ ਚੇਤੇ ਹੈ, "ਅੱਛਾ! ਤੋ ਅਬ ਸਮਝਾ। ਆਪ ਯਹਾਂ ਨਾ ਸਿਲਸਿਲਾ-ਏ-ਆਵਾਰਗੀ ਤਸ਼ਰੀਫ ਲਾਏ ਹੈਂ।"

ਬਜ਼ੁਰਗ ਦੇ ਸ਼ਬਦਾਂ ਵਿਚ ਏਨਾ ਰੱਜ ਸੀ ਕਿ ਅਸੀਂ ਸੁਰਿੰਦਰ ਸਿੰਘ ਦੇ ਟਿਕਾਣੇ ਦਾ ਪਿੱਛਾ ਕੀਤੇ ਬਿਨਾ ਹੀ ਆਪਣੀ ਗੱਡੀ ਰੁਦਰਪੁਰ ਲਈ ਤੋਰ ਲਈ।

**ਅੰਤਿਕਾ: ਲੋਕ ਨਸੀਹਤਾਂ**

ਜੁੱਤੀ, ਸੋਟੀ ਬਿਨਾ ਤੁਰੀਏ ਨਾ ਰਾਤ ਨੂੰ
ਕਰੀਏ ਨਾ ਟਿੱਚਰ ਮਰਾਸੀ ਜਾਤ ਨੂੰ।
ਵੱਢ ਖਾਣੇ ਮੂਹਰੇ ਲੰਘੀਏ ਨਾ ਉਠ ਦੇ
ਜੁੱਤੀਆਂ ਨਾ ਮਾਰੀਏ ਜਵਾਨ ਪੁੱਤ ਦੇ।
ਫੁੱਲਾਂ ਉਤੇ ਆਈ ਪੁੱਟੀਏ ਨਾ ਵੱਲ ਜੀ
ਸਭਾ ਵਿਚ ਬੈਠ ਟੋਕੀਏ ਨਾ ਗੱਲ ਜੀ।

# 'ਪਕੌੜਾ ਉਦਯੋਗ' ਉਤੇ ਪਕੌੜਿਆਂ ਦੀ ਸਿਆਸਤ

## ਵਿਅੰਗ

ਭਾਰਤ ਦੀ ਰਾਜਨੀਤੀ ਅਤੇ ਜਮਹੂਰੀਅਤ ਦੀ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਇਥੇ ਅਕਸਰ ਚੋਣਾਂ ਸਮੇਂ ਅਜਿਹੇ ਮੁੱਦੇ ਚੋਣ-ਬਹਿਸ ਦਾ ਮੌਜੂ ਬਣ ਕੇ ਉਭਰਦੇ ਹਨ, ਜਿਨ੍ਹਾਂ ਦਾ ਕਿਸੇ ਹੋਰ ਜਮਹੂਰੀ ਦੇਸ਼ ਵਿਚ ਨੇੜੇ ਤਾਂ ਛੱਡੋ, ਦੂਰ ਦੂਰ ਦਾ ਵੀ ਕੋਈ ਚੋਣ ਮੁਹਿੰਮ ਸਰੋਕਾਰ ਜਾਂ ਵਾਸਤਾ ਨਹੀਂ ਹੁੰਦਾ। ਇਕ ਵਾਰ ਦਿੱਲੀ ਵਿਚਲੀ ਹਕੂਮਤ ਪਿਆਜ਼ ਦੀ ਕਿੱਲਤ ਅਤੇ ਇਸ ਦੀਆਂ ਅਸਮਾਨ ਛੂਹੰਦੀਆਂ ਕੀਮਤਾਂ ਦੇ ਚਲਦਿਆਂ ਚੋਣਾਂ ਪਿਛੋਂ ਸੱਤਾ ਤੋਂ ਹੱਥ ਧੋ ਬੈਠੀ ਸੀ ਤੇ ਸੱਤਾ ਖੁੱਸਣ ਉਪਰੰਤ ਲੀਡਰਾਂ ਨੂੰ ਪਿਆਜ਼ ਕਾਰਨ ਜਿਵੇਂ ਖੂਨ ਦੇ ਹੰਝੂ ਵਹਾਉਣੇ ਪਏ ਸਨ। ਜੇ ਵੇਖਿਆ ਜਾਏ ਤਾਂ ਪਿਆਜ਼ ਦਾ ਹਰ ਸਬਜ਼ੀ ਨਾਲ ਜਨਮਾਂ ਜਨਮਾਂ ਤੋਂ ਸਾਥ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਚਲਿਆ ਆ ਰਿਹਾ ਹੈ। ਗੱਲ ਪਕੌੜਿਆਂ ਦੀ ਕਰੀਏ ਤਾਂ ਇਸ ਨੂੰ ਜਾਇਕਾ ਦੇਣ ਵਿਚ ਆਲੂ, ਵੇਸਣ ਦੇ ਨਾਲ ਨਾਲ ਪਿਆਜ਼ ਵੀ ਆਪਣਾ ਵੱਡਮੁੱਲਾ ਯੋਗਦਾਨ ਪਾਉਂਦੇ ਹਨ।

ਅਸੀਂ ਭਲੀਭਾਂਤ ਜਾਣਦੇ ਹਾਂ ਕਿ ਅੱਜ ਪਕੌੜੇ ਸਮਾਜ ਦਾ ਇਕ ਅਨਿਖੜਵਾਂ ਅੰਗ ਸਮਝੇ ਜਾਂਦੇ ਹਨ ਤੇ ਪਕੌੜਿਆਂ ਬਿਨਾ ਜਿਵੇਂ ਇਕ ਸੱਭਿਅਕ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਵਿਆਹ ਹੋਵੇ, ਕੋਈ ਵੈਲਫੇਅਰ ਪਾਰਟੀ ਜਾਂ ਕੋਈ ਵਿਦਾਇਗੀ ਪਾਰਟੀ ਹੋਵੇ, ਇਥੋਂ ਤਕ ਕਿ ਹਰ ਤਰ੍ਹਾਂ ਦੇ ਧਾਰਮਿਕ ਮੌਕਿਆਂ 'ਤੇ ਵੀ ਪਕੌੜੇ ਤਲਣੇ ਅਤਿ ਜਰੂਰੀ ਖਿਆਲ ਕੀਤਾ ਜਾਂਦਾ ਹੈ। ਜੇ ਪਕੌੜਿਆਂ ਨੂੰ ਹਰ ਫੰਕਸ਼ਨ ਦੀ ਜਿੰਦ ਜਾਨ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਗੱਲ ਵਿਆਹ ਸਮਾਗਮ ਦੀ ਹੀ ਕਰੀਏ ਤਾਂ ਅਜਿਹੇ ਮੌਕਿਆਂ ਸਮੇਂ ਕੁੜੀ ਵਾਲਿਆਂ ਦੀ ਇਹ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਬਰਾਤੀਆਂ ਦਾ ਸੁਆਗਤ ਗਰਮਾ-ਗਰਮ ਪਕੌੜਿਆਂ ਨਾਲ ਕੀਤਾ ਜਾਵੇ ਤਾਂ ਜੋ ਮੁੰਡੇ ਵਾਲਿਆਂ ਨੂੰ ਕੋਈ ਰਿਸ਼ਤੇਦਾਰ ਉਲਾਂਭਾ ਨਾ ਦੇ ਸਕੇ ਕਿ ਤੁਹਾਡੇ ਕੁੜਮਾਂ ਨੇ ਬਰਾਤੀਆਂ ਨੂੰ ਠੰਡੇ ਪਕੌੜੇ ਖੁਆ ਖੁਆ ਕੇ ਉਨ੍ਹਾਂ ਦੇ ਗਲੇ ਖਰਾਬ ਕਰ ਦਿੱਤੇ। ਵਿਆਹ ਸਮੇਂ ਬਰਾਤ ਵਿਚ ਮੌਜੂਦ ਲੋਕਾਂ ਦੀ ਵੀ ਮਨੋਬਿਰਤੀ ਵੇਖਣ ਯੋਗ ਹੁੰਦੀ ਹੈ। ਰਿਬਨ ਕਟਾਈ ਦੀ ਰਸਮ ਤੋਂ ਫੌਰਨ ਪਿਛੋਂ ਬਰਾਤੀ ਭਾਵੇਂ ਕਿੰਨੇ ਹੀ ਸੱਭਿਅਕ ਘਰਾਣਿਆਂ ਦੇ ਕਿਉਂ ਨਾ ਹੋਣ, ਪਕੌੜਿਆਂ ਦੀਆਂ ਸਟਾਲਾਂ 'ਤੇ ਇਸ ਤਰ੍ਹਾਂ ਟੁੱਟ ਕੇ ਡਿਗਦੇ ਜਾਂ ਝਪਟਦੇ ਹਨ, ਜਿਵੇਂ ਬਿੱਲੀਆਂ ਚੂਹਿਆਂ 'ਤੇ ਝਪਟਦੀਆਂ ਹਨ। ਨਜ਼ਾਰਾ ਉਹ ਵੀ ਵੇਖਣ ਯੋਗ ਹੁੰਦਾ ਹੈ, ਜਦੋਂ ਧੱਕਾ ਮੁੱਕੀ ਤੇ ਹਫੜਾ ਦਫੜੀ ਵਿਚ ਪਕੌੜਿਆਂ ਵਾਲੀ ਚਟਣ ਨਾਲ ਅਕਸਰ ਬਰਾਤੀ ਆਪਣੇ ਕੱਪੜੇ ਤੱਕ ਰੰਗ ਬਹਿੰਦੇ ਹਨ।

ਪਿਛਲੇ ਦਿਨੀਂ ਜੋ ਇਕ ਵੀਡੀਓ ਵਾਇਰਲ ਹੋਈ ਸੀ, ਉਹ ਕਿਸੇ ਵਿਆਹ ਦੀ ਨਹੀਂ ਸਗੋਂ ਇਕ ਸਿਆਸੀ ਪਾਰਟੀ ਦੇ ਸਮਾਗਮ ਦੀ ਸੀ, ਜਿਸ ਵਿਚ ਇਕ ਆਦਮੀ ਪਕੌੜਿਆਂ ਦੀ ਭਰੀ ਪਰਾਤ ਸਿਰ 'ਤੇ ਚੁੱਕੀ ਲੋਕਾਂ ਦੇ ਇਕੱਠ ਵਿਚੋਂ ਦੀ ਲੰਘਣ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਪਹਿਲਾਂ ਕਿ ਉਹ ਆਪਣੇ ਨਿਸ਼ਚਿਤ ਸਥਾਨ 'ਤੇ ਪਹੁੰਚਦਾ, ਸਮਾਗਮ ਵਿਚ ਜੁੜੇ ਲੋਕ ਪਕੌੜਿਆਂ ਦੀ ਪਰਾਤ 'ਤੇ ਇਸ ਤਰ੍ਹਾਂ ਟੁੱਟ ਪਏ, ਜਿਵੇਂ ਗਿਰਝਾਂ ਮੁਰਦਾਰ ਜਾਨਵਰ 'ਤੇ ਪੈਂਦੀਆਂ ਹਨ। ਫਲਸਰੂਪ ਪਰਾਤ ਹੱਥੋਂ ਛੁਟ ਕੇ ਥੱਲੇ ਡਿਗ ਗਈ।

ਇਸ ਪਿਛੋਂ ਜੋ ਵੇਖਿਆ, ਉਹ ਦ੍ਰਿਸ਼ ਵਾਕੱਈ ਬਹੁਤ ਹੈਰਾਨੀਜਨਕ ਤੇ ਦੁਖਦਾਈ ਸੀ। ਉਦੋਂ ਲੋਕਾਂ ਅੰਦਰ ਵਸੀ ਜੋ ਭੁੱਖ ਵੇਖੀ, ਉਸ ਨੇ ਸਾਡੇ ਅੰਦਰਲੇ ਲੋਕਤੰਤਰ ਨੂੰ ਖੇਰੂੰ ਖੇਰੂੰ ਕਰ ਛੱਡਿਆ। ਉਹ ਸੀਨ ਜਦੋਂ ਅੱਖਾਂ ਸਾਹਮਣੇ ਆਉਂਦਾ ਹੈ ਤਾਂ ਮਨ 'ਚ ਕਿੰਨੇ ਹੀ ਸਵਾਲ ਖੜ੍ਹੇ ਕਰ ਜਾਂਦਾ ਹੈ ਕਿ ਲੋਕ ਆਪਣੀ ਹੋਂਦ ਤੇ ਵਜੂਦ ਨੂੰ ਮਿਟਾ ਕੇ ਭੁੰਜੇ ਮਿੱਟੀ 'ਚ ਮਿਲੇ ਪਕੌੜੇ ਹਥਿਆਉਣ ਲਈ ਕਿਸ ਤਰ੍ਹਾਂ ਤਰਲੋਮੱਛੀ ਹੋਏ ਪਏ ਨੇ, ਜਿਵੇਂ ਉਹ ਸਦੀਆਂ ਤੋਂ ਪਕੌੜਿਆਂ ਦੇ ਭੁੱਖੇ ਹੋਣ। ਇਸ ਆਪੋ ਧਾਪੀ ਵਿਚ ਕਈਆਂ ਦੀਆਂ ਪੱਗਾਂ ਵੀ ਲੱਥ ਗਈਆਂ, ਪਰ ਇਸ ਦੇ ਬਾਵਜੂਦ ਉਹ ਜਮੀਨ ਤੋਂ ਪਕੌੜੇ ਚੁਗ ਚੁਗ ਕੇ ਖਾਂਦੇ ਨਜ਼ਰ ਆਏ। ਪਕੌੜਿਆਂ ਦੀ ਮੁੱਠੀ ਲਈ ਝਪਟਦੇ ਇਨ੍ਹਾਂ ਲੋਕਾਂ ਨੂੰ ਵੇਖਦਿਆਂ ਇਕ ਪ੍ਰਸਿਧ ਗੀਤਕਾਰ ਦੇ ਇਹ ਬੋਲ ਵੀ ਯਕੀਨਨ ਬੋਝੇ ਪ੍ਰਤੀਤ ਹੋਣ ਲੱਗੇ, "ਭੇਡ ਵਿਕਦੀ ਛਪੰਜਾ ਸੌ ਸੱਠ ਦੀ, ਢਾਈ ਸੌ ਨੂੰ ਵੋਟ ਵਿਕਦੀ।"

ਗੱਲ ਇਥੇ ਹੀ ਨਹੀਂ ਮੁੱਕਦੀ! ਪਿਛਲੇ ਸਮੇਂ ਪਕੌੜਿਆਂ ਦੀ ਕਦਰ-ਓ-ਕੀਮਤ ਦਾ ਅਹਿਸਾਸ ਉਸ ਸਮੇਂ ਵੀ ਭਲੀਭਾਂਤੀ ਹੋਇਆ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਪਕੌੜਾ ਉਦਯੋਗ' ਨੂੰ ਪ੍ਰਫੁਲਿਤ ਕਰਨ ਲਈ ਪੜ੍ਹੇ-ਲਿਖੇ ਡਿਗਰੀ ਹੋਲਡਰ ਬੇਰੁਜ਼ਗਾਰਾਂ ਨੂੰ ਪਕੌੜੇ ਬਣਾਉਣ ਵਾਲੇ ਲੋਕਾਂ ਦੀ ਅੱਛੀ ਖਾਸੀ ਆਮਦਨ ਤੋਂ ਜਾਣੂ



ਕਰਵਾਉਂਦਿਆਂ ਇਹ ਪੇਸ਼ਾ ਅਪਨਾਉਣ ਲਈ ਪ੍ਰੇਰਿਤ ਕੀਤਾ। ਬੇਸ਼ੱਕ ਮੋਦੀ ਦੇ ਉਕਤ ਬਿਆਨ ਦੀ ਵਿਰੋਧੀ ਧਿਰ ਨੇ ਕਾਫੀ ਨਿੰਦਾ ਕੀਤੀ, ਪਰ 'ਪਕੌੜਾ ਉਦਯੋਗ' ਸਬੰਧੀ ਹੋਏ ਇਸ ਨਵੇਂ ਖੁਲਾਸੇ 'ਤੇ ਜਦੋਂ ਅਸੀਂ ਗੰਭੀਰਤਾ ਨਾਲ ਗੌਰ ਕੀਤਾ ਤਾਂ ਵਾਕੱਈ ਇਹ ਮਹਿਸੂਸ ਹੋਇਆ ਕਿ ਪਕੌੜਿਆਂ ਦਾ ਬਿਜਨਸ ਕੋਈ ਛੋਟਾ ਮੋਟਾ ਬਿਜਨਸ ਨਹੀਂ, ਸਗੋਂ ਹਾਈ ਪ੍ਰੋਫਾਈਲ ਕੰਮ ਹੈ।

ਜੇ ਵੇਖਿਆ ਜਾਏ ਤਾਂ ਹਕੀਕਤ 'ਚ ਪਕੌੜਿਆਂ ਦੇ ਉਦਯੋਗ ਨੂੰ ਇਕ ਵੱਡੀ ਸਨਅਤ ਕਿਹਾ ਜਾ ਸਕਦਾ ਹੈ, ਕਿਉਂਕਿ ਪਕੌੜਿਆਂ ਦੀਆਂ ਅੱਗੋਂ ਬਹੁਤ ਸਾਰੀਆਂ ਕਿਸਮਾਂ ਹਨ ਜਿਵੇਂ ਆਲੂ ਪਕੌੜਾ, ਪਾਲਕ ਪਕੌੜਾ, ਪਨੀਰ ਪਕੌੜਾ, ਮਿਰਚ ਪਕੌੜਾ, ਬਰੈਡ ਪਕੌੜਾ, ਗੋਭੀ ਪਕੌੜਾ, ਮੱਛੀ ਪਕੌੜਾ ਅਤੇ ਚਿਕਨ ਪਕੌੜਾ। ਪਕੌੜਾ ਹਰ ਅਮੀਰ ਤੋਂ ਅਮੀਰ ਤੇ ਗਰੀਬ ਤੋਂ ਗਰੀਬ ਦੀ ਪਹੁੰਚ ਵਿਚ ਆਸਾਨੀ ਨਾਲ ਆ ਜਾਂਦੇ ਹਨ। ਇਕ ਹੋਰ ਗੱਲ, ਇਸ ਪਕੌੜਾ ਉਦਯੋਗ ਨੂੰ ਕਦੀ ਮੰਦੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ, ਕਿਉਂਕਿ ਭਾਰਤ ਇਕ ਬਹੁ ਧਰਮੀ ਦੇਸ਼ ਹੈ, ਵੱਖ ਵੱਖ ਧਰਮਾਂ ਦੇ ਲੋਕ ਧਰਮ ਲਈ ਲੜਨ-ਮਰਨ ਨੂੰ ਤਾਂ ਹਰ ਵੇਲੇ ਤਿਆਰ ਰਹਿੰਦੇ ਹਨ, ਪਰ ਧਰਮ ਦੇ ਦਰਸਾਏ ਰਸਤੇ 'ਤੇ ਚੱਲਣ ਨੂੰ ਬਹੁਤ ਹੀ ਘੱਟ ਤਿਆਰ ਨਜ਼ਰ ਆਉਂਦੇ ਹਨ। ਬਹੁ ਧਰਮੀ ਦੇਸ਼ ਹੋਣ ਕਾਰਨ ਇਥੇ ਹਰ ਦੂਜੇ, ਤੀਜੇ ਦਿਨ ਕੋਈ ਨਾ ਕੋਈ ਤਿਥ ਤਿਓਹਾਰ ਆਇਆ ਹੀ ਰਹਿੰਦਾ ਹੈ। ਧਾਰਮਿਕ ਤਿਓਹਾਰਾਂ ਦੇ ਨਾਲ ਨਾਲ ਕਿਸੇ ਨਾ ਕਿਸੇ ਤਰ੍ਹਾਂ ਦੀਆਂ ਚੋਣਾਂ ਦਾ ਸੀਜ਼ਨ ਵੀ ਚਲਦਾ ਹੀ ਰਹਿੰਦਾ ਹੈ। ਇੰਜ 'ਪਕੌੜਾ ਉਦਯੋਗ' ਦੇ ਘਾਟੇ ਵਿਚ ਹੋਣ ਦੀ ਸੰਭਾਵਨਾ ਬਹੁਤ ਹੀ ਘੱਟ ਹੈ।

ਇਕ ਸਵਾਲ ਮਨ ਵਿਚ ਇਹ ਵੀ ਆਇਆ ਕਿ ਮੋਦੀ ਤੋਂ ਪਹਿਲਾਂ ਵੀ ਬਹੁਤ ਸਾਰੇ ਪ੍ਰਧਾਨ ਮੰਤਰੀ ਹੋਏ, ਫਿਰ ਉਨ੍ਹਾਂ ਦਾ ਇਸ ਉਦਯੋਗ ਵਲ ਧਿਆਨ ਕਿਉਂ ਨਾ ਗਿਆ? ਤਾਂ ਵਿਚਲੀ ਗੱਲ ਉਭਰ ਕੇ ਇਹ ਸਾਹਮਣੇ ਆਈ ਕਿ ਚਾਹ ਤੇ ਪਕੌੜਿਆਂ ਦਾ ਆਪਸ 'ਚ ਮੁੱਢ ਕਦੀਮ ਤੋਂ ਹੀ ਗੂੜ੍ਹਾ ਰਿਸ਼ਤਾ ਚਲਿਆ ਆ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਅਨੁਸਾਰ ਪਹਿਲੇ ਸਮਿਆਂ ਵਿਚ ਉਨ੍ਹਾਂ ਨੇ ਚਾਹ ਵੀ ਵੇਚੀ ਹੈ, ਸ਼ਾਇਦ ਇਸੇ ਲਈ ਉਨ੍ਹਾਂ ਦੇ ਦਿਮਾਗ ਵਿਚ ਕਿਤੇ ਨਾ ਕਿਤੇ 'ਪਕੌੜਾ ਉਦਯੋਗ' ਦਾ ਵਿਚਾਰ ਵਿਸ਼ੇਸ਼ ਤੌਰ 'ਤੇ ਘਰ ਕਰੀ ਬੈਠਾ ਹੋਵੇਗਾ, ਜੋ ਉਨ੍ਹਾਂ ਦੀ ਜ਼ਬਾਨ ਤੋਂ ਆਪ ਮੁਹਾਰੇ ਹੀ ਨਿਕਲ ਗਿਆ।

ਕੁਝ ਦਿਨ ਪਹਿਲਾਂ ਇਹ ਵੇਖ ਕੇ ਚਿੰਤਾ ਹੋਈ ਜਦੋਂ ਇਕ ਰਾਜਨੀਤਕ ਰੈਲੀ ਦੌਰਾਨ ਪੜ੍ਹੇ-ਲਿਖੇ ਡਿਗਰੀ ਹੋਲਡਰਾਂ ਨੇ ਪ੍ਰਧਾਨ ਮੰਤਰੀ ਦੇ ਦਰਸਾਏ ਰਸਤੇ 'ਤੇ ਚਲਦਿਆਂ ਸ਼ਾਇਦ ਸੁਹਿਰਦ ਹਿਰਦੇ ਨਾਲ ਪਕੌੜੇ ਵੇਚਣ ਦੀ ਕੋਸ਼ਿਸ਼ ਕੀਤੀ ਤਾਂ ਉਕਤ ਨੌਜਵਾਨ ਮੁੰਡੇ-ਕੁੜੀਆਂ ਦੀ ਇਸ ਕੋਸ਼ਿਸ਼ ਨੂੰ ਅਸਫਲ ਕਰਦਿਆਂ ਪੁਲਿਸ ਵਾਲਿਆਂ ਨੇ ਕਾਨੂੰਨ ਅਤੇ ਵਿਵਸਥਾ ਦਾ ਮਸਲਾ ਬਣਾ ਕੇ ਇਨ੍ਹਾਂ ਸਭ ਨੂੰ ਗ੍ਰਿਫਤਾਰ ਕਰ ਜੀਪਾਂ ਅਤੇ ਬੱਸਾਂ ਵਿਚ ਡੱਕ ਲਿਆ। ਇਸ ਤੋਂ ਵੀ ਵੱਧ ਅਫਸੋਸ ਵਾਲੀ ਗੱਲ ਇਹ ਹੋਈ ਕਿ ਇਸ ਮੌਕੇ ਪ੍ਰਧਾਨ ਮੰਤਰੀ ਦੇ ਸ਼ਬਦਾਂ 'ਤੇ ਫੁੱਲ ਚੜ੍ਹਾਉਣ ਵਾਲੇ ਇਨ੍ਹਾਂ ਬੇਰੁਜ਼ਗਾਰਾਂ ਦੀ ਮਦਦ ਲਈ ਸਰਕਾਰ ਦਾ ਕੋਈ ਮੰਤਰੀ ਤਾਂ ਦੂਰ ਦੀ ਗੱਲ, ਕੋਈ ਸਾਧਾਰਨ ਵਰਕਰ ਵੀ ਨਜ਼ਰ ਨਹੀਂ ਆਇਆ।

## ਮਿਨੀ ਕਹਾਣੀ

### ਬੰਬ-ਮਾਰੀ

ਦੋਵੇਂ ਗੁਆਂਢੀ ਦੇਸ਼ਾਂ ਵਿਚ ਵਧੇ ਤਣਾਅ ਤੇ ਫੌਜ ਦੀ ਤਾਇਨਾਤੀ ਕਾਰਨ ਲੋਕਾਂ ਵਿਚ ਭੈਅ ਦਾ ਮਾਹੌਲ ਸੀ। ਰਹਿੰਦੀ ਕਸਰ ਟੀ. ਵੀ. 'ਤੇ ਆਉਂਦੀਆਂ ਭੜਕਾਊ ਖਬਰਾਂ ਨੇ ਪੂਰੀ ਕਰ ਦਿੱਤੀ। ਹੱਟੀਆਂ-ਭੱਠੀਆਂ ਤੇ ਸੱਥ ਵਿਚ ਫਿਕਰ ਦੀ ਝਲਕ ਸਾਫ ਦਿਸਦੀ ਸੀ। ਹਰ ਕੋਈ ਜੰਗ ਦੇ ਮਾਰੂ ਪ੍ਰਭਾਵ ਬਾਰੇ ਹੀ ਗੱਲ ਕਰਦਾ ਸੀ।

"ਬਾਈ ਕੋਈ ਖਬਰ ਆਈ ਹਾਲਾਤ ਬਾਰੇ।" ਜੈਲੇ ਨੇ ਥੜ੍ਹੇ 'ਤੇ ਬੈਠਦਿਆਂ ਹੀ ਗੱਲ ਛੇੜ ਲਈ।

"ਕਾਹਦੀ ਖਬਰ ਜੈਲਿਆ, ਇਸੇ ਫਿਕਰ ਵਿਚ ਡੁੱਬੇ ਪਏ ਹਾਂ। ਵੱਡੀ ਕੁੜੀ ਜੋ ਦਰਿਆਓਂ ਪਾਰ ਵਿਆਹੀ ਏ, ਉਨ੍ਹਾਂ ਦਾ ਕੱਲ੍ਹ ਫੋਨ ਆਇਆ ਸੀ ਕਿ ਪਸ਼ੂ ਲੈ ਕੇ ਇਧਰ ਆਉਂਦੇ ਆਂ। ਜੇ ਗੱਲ ਵਿਗੜੀ ਤਾਂ ਪਸ਼ੂਆਂ ਨਾਲ ਭੰਜਣਾ ਔਖਾ ਹੋ ਜਾਂਦਾ। ਉਤੋਂ ਤੂੜੀ ਮੁੱਕੀ ਪਈ ਆ, ਜਵਾਈ-ਭਾਈ ਲਈ ਰੋਟੀ ਪਾਣੀ ਦਾ ਚੰਗਾ-ਮਾੜਾ ਪ੍ਰਬੰਧ ਕਰਨਾ ਪੈਣਾ। ਖਰਚੇ ਅੱਗੇ ਹੀ ਪੂਰੇ ਨਹੀਂ ਆਉਂਦੇ।" ਬਿੱਕਰ ਨਵੀਂ ਮੁਸੀਬਤ ਤੋਂ ਘਬਰਾਇਆ ਹੋਇਆ ਸੀ।

"ਕੀ ਕਰੀਏ ਬਾਈ, ਵੱਡੀ ਭੈਣ ਹੋਰੀਂ ਕਹਿੰਦੇ ਸੀ, ਕੁੱਝ ਦਿਨ ਤੁਹਾਡੇ ਕੋਲ ਰਹਾਂਗੇ। ਮੁੱਲ ਦਾ ਆਟਾ, ਨਾਲ ਚਾਹ-ਪਾਣੀ ਦਾ ਖਰਚ। ਦਿਹਾੜੀ ਦੱਪਾ-ਠੱਪ ਪਿਆ, ਤੇਰਵਾਂ ਮਹੀਨਾ। ਆਪਣਾ ਪੂਰਾ ਨਹੀਂ ਹੁੰਦਾ, ਜੇ ਚਾਰ ਜੀਅ ਹੋਰ ਆ ਗਏ, ਕਿੱਥੋਂ ਪੂਰਾ ਕਰਾਂਗੇ?" ਘੀਲਾ ਗਰੀਬੀ ਦੀ ਜੰਗ ਹੱਥੋਂ ਪਹਿਲਾਂ ਹੀ ਭੰਨਿਆ ਪਿਆ ਸੀ।

"ਚਾਚੇ ਹਰਨੇਕ ਦੀ ਕੁੜੀ ਦਾ ਪ੍ਰਾਹੁਣਾ ਕਸ਼ਮੀਰ 'ਚ ਮਾਰਿਆ ਗਿਆ ਸੀ, ਕੋਈ ਹਾਲ ਆ ਵਿਚਾਰੀ ਦਾ। ਨਿੱਕੇ ਨਿੱਕੇ ਜੁਆਕ। ਸਹੁਰਿਆਂ ਹੱਥੋਂ ਤੰਗ ਹੋਈ ਇਥੇ ਆਈ, ਅੱਗੋਂ ਭਰਜਾਈਆਂ ਨੇ ਥੜ੍ਹੇ ਨਹੀਂ ਚੜ੍ਹਨ ਦਿੱਤੀ। ਸਸਕਾਰ ਵੇਲੇ ਵੱਡੇ ਵੱਡੇ ਐਲਾਨ ਕੀਤੇ ਸੀ, ਉਸ ਤੋਂ ਬਾਅਦ ਕਿਸੇ ਪੁੱਛਿਆ ਵੀ ਨਹੀਂ। ਲੜਾਈ 'ਚ ਤਾਂ ਪਤਾ ਨਹੀਂ ਕਿੰਨੇ ਫੌਜੀ...।" ਜਿੰਦਰ ਵਿਧਵਾ ਭੈਣ ਦੀ ਹਾਲਤ ਬਿਆਨ ਕਰ ਰਿਹਾ ਸੀ।

"ਕੀ ਕੋਈ ਕਿਸੇ ਦਾ ਪਾਸਾ ਥੱਲੂ, ਸਭ ਮਹਿੰਗਾਈ ਹੱਥੋਂ ਮਾਰੇ ਪਏ ਆ, ਬੁੱਕ ਬੁੱਕ ਪੈਸੇ ਲਾ ਜੁਆਕ ਪੜ੍ਹਾਏ, ਕੰਮ ਦੁਆਨੀ ਦਾ ਨਹੀਂ ਮਿਲਦਾ। ਨੌਕਰੀ ਮੰਗਣ 'ਤੇ ਪੁਲਿਸ ਦੀਆਂ ਡਾਂਗਾਂ। ਹਾਰ ਕੇ ਜੁਆਕ ਨਸ਼ਿਆਂ 'ਤੇ ਲੱਗਦੇ ਜਾਂਦੇ ਆ। ਕੈਂਸਰ ਤੇ ਹੋਰ ਬਿਮਾਰੀਆਂ ਨੇ ਘਰ ਖਾਲੀ ਕਰ ਦਿੱਤੇ। ਜੇ ਲੜਾਈ ਲੱਗ ਗਈ ਤਾਂ ਪਤਾ ਨਹੀਂ ਕੀ ਬਣੂੰ।" ਨੰਬਰਦਾਰ ਜੱਸ ਦੁਨੀਆਂ ਦੀ ਹਾਲਤ ਵੇਖ ਪ੍ਰੇਸ਼ਾਨ ਹੋਇਆ ਪਿਆ ਸੀ।

ਅਜੇ ਗੱਲਾਂ ਹੀ ਕਰ ਰਹੇ ਸਨ ਕਿ ਅਸਮਾਨ ਵਿਚ ਹਵਾਈ ਜਹਾਜਾਂ ਦੀ ਕੰਨ-ਪਾੜਵੀਂ ਅਵਾਜ਼ ਗੂੰਜ ਉਠੀ। "ਮੇਹਰ ਕਰੀਂ ਦਾਤਿਆ, ਅਸੀਂ ਤਾਂ ਪਹਿਲਾਂ ਹੀ ਬਥੇਰੇ ਬੰਬਾਂ ਦੀ ਮਾਰ ਨਾਲ ਭੰਨੇ ਪਏ ਹਾਂ।" ਕਈ ਹੱਥ ਅਰਦਾਸ ਵਿਚ ਜੁੜ ਗਏ ਸਨ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਭੰਗੜੇ ਦਾ ਪਿੜ ਬੱਝਿਆ...

## ਕਲਾ ਪਰਿਕਰਮਾ

ਨਰਿੰਦਰ ਨਿੰਦੀ

ਭੰਗੜੇ ਦੇ ਇਤਿਹਾਸਕ ਪਿਛੋਕੜ ਨੂੰ ਖੋਜਣ ਤੋਂ ਪਹਿਲਾਂ ਇਸ ਦੇ ਮਿਥਿਹਾਸਕ ਪੱਖ 'ਤੇ ਝਾਤੀ ਮਾਰਨੀ ਲੋੜੀਂਦੀ ਹੈ। ਇਸ ਦੀ ਪਰਖ ਕਰਨ ਤੋਂ ਪਤਾ ਲਗਦਾ ਹੈ ਕਿ ਜਦੋਂ ਸ਼ਿਵਜੀ ਨੇ 'ਤਾਂਡਵ ਨ੍ਰਿਤ' ਨੱਚਿਆ ਤਾਂ ਉਨ੍ਹਾਂ ਨੇ ਭੰਗ ਦੀ ਲੋਰ ਵਿਚ ਅਨੇਕਾਂ ਨ੍ਰਿਤ ਮੁਦਰਾਵਾਂ ਦੀ ਸਿਰਜਣਾ ਕੀਤੀ। ਕਈ ਪਾਰਖੂ ਗੁਰੂ ਦੇਵਾਂ ਦਾ ਵਿਚਾਰ ਹੈ ਕਿ ਉਨ੍ਹਾਂ ਵਿਚੋਂ ਹੀ ਭੰਗੜੇ ਦਾ ਉਦਭਵ ਹੋਇਆ ਹੈ, ਉਹ 'ਭੰਗੜਾ' ਦੇ ਸ਼ਬਦਿਕ ਅਰਥ ਭੰਗ+ਅੜਾ ਲੈਂਦੇ ਹਨ ਜੋ ਮਸਤੀ ਵਿਚ ਨੱਚ-ਨੱਚ ਕੇ ਬੜ੍ਹਕਾਂ ਮਾਰਨ ਦੇ ਧਾਰਨੀ ਹਨ। ਅੱਜ ਕੱਲ੍ਹ ਵੀ ਅਸੀਂ ਦੇਖਦੇ ਹਾਂ ਕਿ ਸ਼ਿਵਜੀ ਦੇ ਭਗਤ ਸ਼ਿਵਰਾਤਰੀ ਨੂੰ ਸ਼ਿਵਦੁਆਲਿਆਂ ਵਿਚ ਭੰਗ ਪੀ ਕੇ ਬੜੀ ਮਸਤੀ ਨਾਲ ਭਜਨ ਗਾਉਂਦੇ ਅਤੇ ਨੱਚਦੇ ਹਨ।

ਪੁਰਾਤੱਤਵ ਵਿਗਿਆਨ ਦੀਆਂ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕ ਨਾਚਾਂ ਦੇ ਚਿੰਨ੍ਹ ਤਕਰੀਬਨ ਪੰਜ ਹਜ਼ਾਰ ਸਾਲ ਪਹਿਲਾਂ ਸਿੰਧ ਘਾਟੀ ਦੀ ਖੁਦਾਈ ਵਿਚੋਂ ਲੱਭੀਆਂ ਲੱਭਤਾਂ 'ਚੋਂ ਦੇਖੇ ਜਾ ਸਕਦੇ ਹਨ। ਉਸ ਵੇਲੇ ਵੀ ਅੱਜ ਵਾਂਗ ਪਸ਼ੂਪਤੀ, ਸ਼ਿਵਜੀ, ਦੇਵੀ ਮਾਂ ਅਤੇ ਪਿੱਪਲ ਦੀ ਪੂਜਾ ਕੀਤੀ ਜਾਂਦੀ ਸੀ। ਜਿਸ ਤੋਂ ਪਤਾ ਲੱਗਦਾ ਹੈ ਕਿ ਭੰਗੜੇ ਦਾ ਉਦਭਵ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਹੋ ਚੁੱਕਾ ਸੀ। ਉਸ ਸਮੇਂ ਲੋਕ ਮੇਲੇ ਮਨਾਉਂਦੇ ਅਤੇ ਖੇਤੀਬਾੜੀ ਕਰਦੇ ਸਨ। ਉਹ ਵਪਾਰ ਵਿਚ ਬਹੁਤ ਉਨਤੀ ਕਰ ਚੁੱਕੇ ਸਨ। ਉਹ ਗੀਤ, ਸੰਗੀਤ ਅਤੇ ਨਾਚ ਦੇ ਬਹੁਤ ਸ਼ੌਕੀਨ ਸਨ। ਹੜੱਪਾ ਅਤੇ ਮੋਹਿੰਜੋਦੜੋ ਦੀਆਂ ਖੁਦਾਈਆਂ ਵਿਚੋਂ ਪ੍ਰਾਪਤ ਹੋਈਆਂ ਮੂਰਤੀਆਂ ਅਤੇ ਤਾਂਬੇ ਦੀ ਨਾਚੀ ਕੁੜੀ ਦਾ ਬੁੱਤ ਇਸ ਦੇ ਉਤਮ ਨਮੂਨੇ ਹਨ। ਖੁਦਾਈ ਵਿਚੋਂ ਇਹ ਪਤਾ ਲੱਗਦਾ ਹੈ ਕਿ ਉਸ ਸਮੇਂ, ਢੋਲ, ਢੋਲਕ, ਅਲਗੋਜ਼ੇ ਅਤੇ ਬੰਸਰੀ ਵਰਗੇ ਸਾਜ਼ਾਂ ਨੂੰ ਔਰਤਾਂ ਵੀ ਵਜਾਉਂਦੀਆਂ ਸਨ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਸਾਜ਼ਾਂ ਨੂੰ ਜ਼ਰੂਰ ਮਨੋਰੰਜਨ ਕਰਨ ਵਾਸਤੇ ਨਾਚ, ਗਾਣਿਆਂ ਨਾਲ ਵਜਾਇਆ ਜਾਂਦਾ ਹੋਵੇਗਾ।

ਸਿੰਧ ਘਾਟੀ ਦੀ ਸਭਿਅਤਾ ਦੁਨੀਆ ਦੀਆਂ ਪ੍ਰਾਚੀਨ ਸੱਭਿਆਤਾਵਾਂ ਵਿਚੋਂ ਸਭ ਤੋਂ ਮਹਾਨ ਮੰਨੀ ਗਈ ਹੈ, ਜਿਹੜੀ ਪੁਰਾਤਨ ਪੰਜਾਬ ਦੀ ਧਰਤੀ 'ਤੇ ਹਿਮਾਲਾ ਪਰਬਤ ਤੋਂ ਲੈ ਕੇ ਸਿੰਧ ਸਾਗਰ ਤਕ ਫੈਲੀ ਹੋਈ ਸੀ। ਹੜੱਪਾ ਅਤੇ ਮੋਹਿੰਜੋਦੜੋ ਇਸ ਦੇ ਪ੍ਰਸਿਧ ਨਗਰ ਸਨ। ਵਿਦਵਾਨਾਂ ਦਾ ਮੱਤ ਹੈ ਕਿ ਆਧੁਨਿਕ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਦੀ ਉਸਾਰੀ ਸਿੰਧ ਘਾਟੀ ਦੀ ਸਭਿਅਤਾ ਦੀਆਂ ਨੀਹਾਂ 'ਤੇ ਹੀ ਹੋਈ ਹੈ। ਇਸ ਲਈ ਨਾਚ, ਨਾਟਕ, ਅਤੇ ਹੋਰ ਕਲਾਵਾਂ ਦਾ ਉਦਭਵ ਸਾਨੂੰ ਉਸ ਦੀ ਹੀ ਮਹਾਨ ਦੇਣ ਹੈ।

**ਪੰਜਾਬ ਦਾ ਜਨ-ਜੀਵਨ ਤੇ ਭੰਗੜਾ:** ਮੁੱਢ-ਕਦੀਮ ਤੋਂ ਹੀ ਪੰਜਾਬ ਦੇ ਲੋਕ ਨਾਚ ਇਥੋਂ ਦੇ ਜਨ-ਜੀਵਨ ਦਾ ਅਹਿਮ ਅੰਗ ਰਹੇ ਹਨ। ਪੰਜ ਹਜ਼ਾਰ ਪੂਰਵ ਈਸਵੀ ਤੋਂ ਲੈ ਕੇ ਹੁਣ ਤਕ ਇਥੋਂ ਦੇ ਜਨ-ਜੀਵਨ ਵਿਚ ਅਨੇਕਾਂ ਭੌਤਿਕ, ਸਮਾਜਿਕ, ਧਾਰਮਿਕ, ਰਾਜਨੀਤਕ ਤੇ ਆਰਥਿਕ ਤਬਦੀਲੀਆਂ ਆਈਆਂ ਹਨ। ਦਰਾਵੜਾਂ ਤੋਂ ਲੈ ਕੇ ਅੰਗਰੇਜ਼ਾਂ ਦੀ ਆਮਦ ਤਕ ਅਨੇਕਾਂ ਜਨ-ਜਾਤੀਆਂ ਨੇ ਇਸ ਖੇਤਰ ਦੇ ਸਭਿਆਚਾਰਕ ਇਤਿਹਾਸ ਨੂੰ ਨਵੀਆਂ ਦਿਸ਼ਾਵਾਂ ਮੁਹੱਈਆ ਕੀਤੀਆਂ ਹਨ। ਅਨੇਕਾਂ ਤਰ੍ਹਾਂ ਦੀ ਗੜਬੜ ਤੇ ਅਸ਼ਾਂਤੀ ਦੇ ਬਾਵਜੂਦ ਇਸ ਧਰਤੀ 'ਤੇ ਲੋਕ ਨਾਚ ਨੱਚੇ ਜਾਂਦੇ ਰਹੇ ਹਨ, ਜਿਨ੍ਹਾਂ ਨੇ ਇਥੋਂ ਦੇ ਜਨ-ਜੀਵਨ ਵਿਚ ਖੇੜਾ ਭਰ ਕੇ ਰੱਖਿਆ। ਇਥੋਂ ਦੇ ਲੋਕ ਨਾਚ ਲੌਕਿਕ ਪ੍ਰਕਿਰਤੀ ਰੱਖਦੇ ਹਨ। ਖੁਸ਼ੀ ਦੇ ਬੇਕਾਬੂ ਤੇ ਬੇਰੋਕ ਉਛਾਲੇ ਨੂੰ ਗੱਭਰੂ ਤੇ ਮੁਟਿਆਰਾਂ ਮਸਤੀ ਨਾਲ ਨੱਚਦੇ ਰਹੇ ਹਨ।

ਕਈ ਮਾਨਵੀ ਇਤਿਹਾਸਕ ਤੱਥ ਗਵਾਹੀ ਭਰਦੇ ਹਨ ਕਿ ਜਦੋਂ ਕੋਈ ਕਬੀਲਾ ਕਿਸੇ ਦੂਜੇ ਕਬੀਲੇ 'ਤੇ ਜਿੱਤ ਪ੍ਰਾਪਤ ਕਰਦਾ ਜਾਂ ਫਿਰ ਕੋਈ ਸ਼ਿਕਾਰ ਕਰਦਾ ਤਾਂ ਸਾਰੇ ਕਬੀਲੇ ਦੇ ਲੋਕ ਜਸ਼ਨ ਮਨਾਉਂਦੇ ਤੇ ਖੁਸ਼ੀ ਵਿਚ ਨੱਚਦੇ, ਜਦੋਂ ਨੱਚਣ ਵਾਸਤੇ ਉਨ੍ਹਾਂ ਨੂੰ ਰਿਦਮ ਦੀ ਲੋੜ ਮਹਿਸੂਸ ਹੋਈ, ਫਿਰ ਉਨ੍ਹਾਂ ਨੇ ਧਰਤੀ ਵਿਚ ਟੋਆ ਪੁੱਟ ਕੇ ਉਤੇ ਖੱਲ ਨੂੰ ਲੱਕੜ ਦੀਆਂ ਕੀਲੀਆਂ ਗੱਡ ਕੇ ਢੋਲ ਤਿਆਰ ਕੀਤਾ, ਫਿਰ ਉਨ੍ਹਾਂ ਆਦਿ ਵਾਸੀਆਂ ਨੇ ਇਸ ਨੂੰ ਵਜਾ ਕੇ ਨੱਚਣਾ ਸ਼ੁਰੂ ਕਰ ਦਿੱਤਾ।

ਇਕ ਦਿਨ ਕਿਸੇ ਆਦਿ ਵਾਸੀ ਨੂੰ ਜੰਗਲ ਵਿਚੋਂ ਲੱਕੜ ਦੇ ਮੋਛੇ ਦਾ ਖੋਲ ਲੱਭਾ ਤਾਂ ਉਸ ਨੇ ਬੜੀ ਤਰਕੀਬ ਨਾਲ ਉਸ ਉਤੇ ਮਰੇ ਹੋਏ ਸ਼ਿਕਾਰ ਦੀ ਖੱਲ ਲਪੇਟ ਕੇ ਇਕ ਢੋਲ ਤਿਆਰ ਕੀਤਾ, ਜਿਹੜਾ ਲੱਕੜ ਦੇ ਡੰਡੇ (ਡੱਗੇ) ਮਾਰਨ 'ਤੇ ਦੋਵੇਂ ਪਾਸਿਆਂ ਤੋਂ ਵੱਜਦਾ, ਹੁਣ ਸਾਰਾ ਕਬੀਲਾ ਆਪਣੇ ਕੰਮ-ਕਾਜ ਤੋਂ ਵਿਹਲਾ ਹੋ ਕੇ ਇਸ ਨੂੰ ਵਜਾਉਂਦਾ ਤੇ ਨੱਚ-ਨੱਚ ਕੇ ਮਨੋਰੰਜਨ ਕਰਨ ਲੱਗਾ। ਉਹ ਲੋਕ ਕਿਸੇ ਵੀ ਮੰਗਲ ਕਾਰਜ ਸਮੇਂ ਘਮਟਿਆਂ ਬੱਧੀ ਨੱਚਦੇ ਰਹਿੰਦੇ। ਹੌਲੀ-ਹੌਲੀ ਉਨ੍ਹਾਂ ਨੇ ਜੰਗਲਾਂ-ਬੇਲਿਆਂ ਨੂੰ ਪੱਧਰਾ ਕਰਕੇ ਖੇਤੀਬਾੜੀ ਯੋਗ ਬਣਾਇਆ ਤੇ ਬੜੀ ਸੋਚ-ਵਿਚਾਰ ਕੇ ਆਪਣੇ ਚੰਗੇ ਜੀਵਨ ਵਸੇਬੇ ਦੀ ਵਿਉਂਤਬੰਦੀ ਕੀਤੀ।



ਖੇਤੀਬਾੜੀ ਅਤੇ ਭੰਗੜਾ: ਮਿਹਨਤਕਸ਼ ਪੰਜਾਬੀਆਂ ਨੇ ਜੰਗਲ-ਬੇਲਿਆਂ ਨੂੰ ਆਬਾਦ ਕਰਕੇ ਇਸ ਭੂਮੀ ਨੂੰ ਖੇਤੀਬਾੜੀ ਯੋਗ ਬਣਾ ਕੇ ਆਪਣਾ ਜੀਵਨ ਬਸਰ ਕਰਨਾ ਸ਼ੁਰੂ ਕੀਤਾ। ਇਥੇ ਵਹਿੰਦੇ ਦਰਿਆਵਾਂ ਨੇ ਇਸ ਧਰਤੀ ਦੀ ਉਪਜ ਨੂੰ ਚਾਰ ਚੰਨ ਲਾ ਦਿੱਤੇ। ਉਨ੍ਹਾਂ ਨੇ ਹੱਡ-ਭੰਨਵੀਂ ਕਮਾਈ ਕਰਕੇ ਖੇਤੀਬਾੜੀ ਵਿਚ ਚੰਗੀ ਮੁਹਾਰਤ ਹਾਸਲ ਕੀਤੀ। ਆਰੀਆ ਲੋਕਾਂ ਨੇ ਇਥੋਂ ਦੀ ਖੁਸ਼ਹਾਲ ਤੇ ਹਰਿਆਲੀ ਨੂੰ ਦੇਖ ਕੇ ਇਸ ਧਰਤੀ 'ਤੇ ਪੱਕੇ ਹੀ ਡੇਰੇ ਲਾ ਲਏ। ਉਹ ਸ਼ੁਰੂ-ਸ਼ੁਰੂ ਵਿਚ ਪਸ਼ੂ ਪਾਲਣ ਵਾਲੇ ਚਰਵਾਹੇ ਹੀ ਸਨ, ਜੋ ਚਾਰੇ ਦੀ ਭਾਲ 'ਚ ਮੱਧ ਏਸ਼ੀਆ ਤੋਂ ਇਥੇ ਆਏ ਸਨ।

ਉਨ੍ਹਾਂ ਨੇ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਅਤੇ ਜੰਗਲਾਂ ਵਿਚ ਤਪ ਕਰਕੇ ਸ਼ਾਸਤਰਾਂ ਦੀ ਰਚਨਾ ਕੀਤੀ। ਫਿਰ ਉਪਨਿਸ਼ਦਾਂ, ਰਾਮਾਇਣ ਅਤੇ ਮਹਾਂਭਾਰਤ ਵਰਗੇ ਮਹਾਂਕਾਵਿ ਵੀ ਇਸ ਧਰਤੀ 'ਤੇ ਰਚੇ ਗਏ। ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਰਚਨਾ ਵੀ ਪੰਜਾਬ ਦੀ ਧਰਤੀ 'ਤੇ ਹੀ ਹੋਈ।

ਕਹਿੰਦੇ ਹਨ, ਮਿਹਨਤਕਸ਼ ਪੰਜਾਬੀਆਂ ਨੇ ਜਦੋਂ ਪਹਿਲੀ ਵਾਰ ਆਪਣੇ ਖੇਤਾਂ ਵਿਚ ਕਣਕ ਦੀ ਫਸਲ ਨੂੰ ਸੁਨਹਿਰੀ ਸਿੱਟੇ ਪੈਂਦੇ ਦੇਖੇ ਤਾਂ ਉਹ ਆਪਣੀ ਮਿਹਨਤ ਨੂੰ ਪਿਆ ਫਲ ਦੇਖ ਕੇ ਖੁਸ਼ੀ ਨਾਲ ਝੂਮ ਉਠੇ:

ਖੇਤਾਂ ਦੇ ਵਿਚ ਕਣਕਾਂ ਨੱਚਣ,  
ਜੱਟ ਬੰਨੇ 'ਤੇ ਨੱਚੇ  
ਭੱਤਾ ਲੈ ਕੇ ਜੱਟੀ ਆਈ,  
ਦੂਰੋਂ ਖੜ੍ਹੀ ਪੁਕਾਰੇ।  
ਵਾਢੀ ਕਰ ਮਿੱਤਰਾ,  
ਕਣਕ ਸੈਨਤਾਂ ਮਾਰੇ।

'ਭੰਗੜਾ' ਪੁਰਾਤਨ ਪੰਜਾਬੀਆਂ ਦਾ ਸਰਬ ਸਾਂਝਾ ਤੇ ਜਿੰਦ-ਜਾਨ ਨਾਲੋਂ ਵੀ ਪਿਆਰਾ ਲੋਕ ਨਾਚ ਹੈ। ਆਧੁਨਿਕ ਭੰਗੜੇ ਦਾ ਸਬੰਧ ਵਿਸ਼ੇਸ਼ ਤੌਰ 'ਤੇ ਹਾੜ੍ਹੀ ਦੀ ਫਸਲ (ਕਣਕ) ਨਾਲ ਹੈ। ਚੜ੍ਹਦੇ ਵਿਸਾਖ ਦੀ ਪਹਿਲੀ ਤਰੀਕ ਨੂੰ ਕਣਕ ਦੀ ਵਾਢੀ ਸ਼ੁਰੂ ਹੋ ਜਾਂਦੀ ਹੈ। ਇਸ ਦਿਨ ਸੰਗਰਾਂਦ ਵੀ ਹੁੰਦੀ ਹੈ। ਪੁਰਾਣੇ ਸਮਿਆਂ ਵਿਚ ਵਿਸਾਖੀ ਦਾ ਮੇਲਾ ਖੁੱਲ੍ਹੇ ਚੌਗਾਨਾਂ ਜਾਂ ਫਿਰ ਦਰਿਆਵਾਂ, ਨਦੀਆਂ, ਨਹਿਰਾਂ ਦੇ ਕੰਢਿਆਂ 'ਤੇ ਲੱਗਦਾ ਸੀ। ਇਸ ਦਿਨ ਲੋਕ ਸਵਖਤੇ ਉਠ ਕੇ ਇਸ਼ਨਾਨ ਕਰਦੇ ਫਿਰ ਨਵੇਂ ਕੱਪੜੇ ਪਹਿਨ ਕੇ ਮੇਲਾ ਦੇਖਣ ਪੈਦਲ ਜਾਂਦੇ ਸਨ।

ਪੁਰਾਣੇ ਬਜ਼ੁਰਗ ਦੱਸਦੇ ਹਨ ਕਿ ਹਾੜ੍ਹੀ ਦੀ ਫਸਲ ਦੀ ਬਿਜਾਈ ਤੋਂ ਲੈ ਕੇ ਗਹਾਈ ਤਕ ਕਈ ਕਿਸਮ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਇਹ ਸਭ ਕੁਝ ਕੁਦਰਤੀ ਕਰੋਪੀਆਂ ਦੀ ਮਾਰ ਤੋਂ ਬਚਣ ਲਈ ਕੀਤਾ ਜਾਂਦਾ ਸੀ। ਕਿਸਾਨਾਂ ਨੂੰ ਰੱਬ ਦੀ ਰਹਿਮਤ 'ਤੇ ਨਿਰਭਰ ਕਰਨਾ ਪੈਂਦਾ ਸੀ। ਜਦੋਂ ਤਕ ਦਾਣੇ ਘਰ ਵਿਚ ਨਾ ਪੁੱਜ ਜਾਂਦੇ ਉਦੋਂ ਤਕ ਉਨ੍ਹਾਂ ਦਾ ਦਿਲ ਧੁੜਕੂ-ਧੁੜਕੂ ਕਰਦਾ ਰਹਿੰਦਾ। ਸਾਰਾ ਭਾਈਚਾਰਾ ਇਕੱਠਾ ਮਿਲ-ਜੁਲ ਕੇ ਕੰਮ ਕਰਦਾ। ਲਾਗੀਆਂ ਨੂੰ ਲਾਗ ਦਿੱਤੇ ਜਾਂਦੇ, ਲੰਬੜਾਂ ਤੇ ਸ਼ਾਹਾਂ ਦੇ ਸਾਰੇ ਸਾਲ ਦੇ ਹਿਸਾਬ-ਕਿਤਾਬ ਕਰਕੇ ਪੰਜਾਬੀ ਲਾੜੇ ਵਾਂਗ ਸਜ-ਧਜ ਕੇ ਮੇਲਾ ਦੇਖਣ ਜਾਂਦੇ। ਢੋਲ 'ਤੇ ਡੱਗੇ ਵੱਜਦੇ ਤੇ ਭੰਗੜੇ ਪੈਂਦਾ:


ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ।  
ਲੰਬੜਾਂ ਦੇ ਸ਼ਾਹਾਂ ਦਾ ਹਿਸਾਬ ਕੱਟ ਕੇ।  
ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇਕੇ।  
ਕੱਛੇ ਮਾਰ ਵੰਝਲੀ ਆਨੰਦ ਛਾ ਗਿਆ।  
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।



## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਜੂਨ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-379




*ਮੇਰਾ ਵੀ ਜੀਅ ਕਰਦੈ ਮੈਂ ਵੀ ਪੜ੍ਹਨ ਸਕੂਲੇ ਜਾਵਾਂ।*  
*ਪਰ ਨ੍ਹੀਂ ਲੱਥਦੀਆਂ ਗਲ ਸਾਡੇ 'ਚੋਂ ਗਰੀਬੀ ਦੀਆਂ ਬਲਾਵਾਂ।*  
*ਮੂੰਹ 'ਚ ਉਂਗਲਾਂ ਦੇ ਦੇ ਚੱਬਾਂ, ਅੰਦਰੋਂ ਭੁੱਬੀਂ ਰੋਵਾਂ,*  
*ਰੱਬਾ! ਏਸੇ ਰਾਹ ਵਿਚ ਦੱਸ ਦੇਹ ਮੈਂ ਕਿਉਂ ਠੇਡੇ ਖਾਵਾਂ?*

### ਕੈਪਸ਼ਨ ਮੁਕਾਬਲਾ-377



ਚਿੱਤ ਕਰਦਾ ਮੈਂ ਚੜ੍ਹ ਅਸਮਾਨੀਂ  
ਅੰਬਰਾਂ ਨੂੰ ਛੂਹ ਆਵਾਂ।  
ਉਚੇ ਉਡਦੇ ਜਹਾਜ ਦੇ ਤਾਈਂ  
ਝਪਟ ਮਾਰ ਕੇ ਲਾਹਵਾਂ।  
ਇੱਕੋ ਗੱਲ ਬੱਸ ਸਮਝ ਨਾ ਆਵੇ  
ਮਰਜੀ ਕਿੰਜ ਪੁਗਾਵਾਂ।

*-ਜਗਮੀਤ ਸਿੰਘ ਪੰਧੇਰ, ਕੈਨੇਡਾ*  
*ਫੋਨ: 1-431-887-7222*

---

ਬਚਪਨ ਦਾ ਸੁਪਨਾ, ਮਾਰਨੀ ਉਡਾਰੀ।  
ਵੇਖ ਕੇ ਆਉਣੀ ਦੁਨੀਆਂ ਸਾਰੀ।  
ਉਡਣ ਖਟੋਲੇ 'ਤੇ ਚੜ੍ਹ ਜਾਵਾਂ।  
ਵਿਚ ਅਸਮਾਨਾਂ ਘੁੰਮ ਕੇ ਆਵਾਂ।  
ਸਾਲਾ! ਇਹ ਸੁਪਨਾ ਸਾਕਾਰ ਹੋ ਜਾਏ।  
ਨੰਨਾ ਮਨ ਖਿੜ ਗੁਲਜ਼ਾਰ ਹੋ ਜਾਏ।

*-ਗੁਰਦੇਵ ਸਿੰਘ ਢਪਾਲੀ, ਬਠਿੰਡਾ*  
*ਫੋਨ: 91-94176-49275*

---

ਉਚ ਤਕਨੀਕ ਦੀ ਹੈ ਕਮਾਲ।  
ਫੋਟੋ ਖਿੱਚ ਕੇ ਕੈਮਰੇ ਨਾਲ।  
ਕੰਪਿਊਟਰ ਨੇ ਖੇਲ੍ਹ ਦਿਖਾਏ।  
ਖੰਭੇ ਚੜ੍ਹ ਹੱਥ ਜਹਾਜ ਨੂੰ ਪਾਏ।

*-ਸੇਵਾ ਸਿੰਘ ਨੂਰਪੁਰੀ*

---

ਅਸਲ ਭਵਿਖ ਦੁਨੀਆਂ ਦੇ ਬੱਚੇ  
ਦੇਸ਼ ਦਾ ਨਾਂ ਚਮਕਾਉਂਦੇ।  
ਹਰ ਇੱਕ ਪੱਖ ਤੋਂ ਕਰਨ ਤਰੱਕੀਆਂ  
ਤਾਰੇ ਅਰਸ਼ੋਂ ਤੋੜ ਲਿਆਉਂਦੇ।  
ਬ੍ਰਹਿਮੰਡਲ ਵਿਚ ਕਰਦੇ ਖੋਜਾਂ  
ਚੰਨ 'ਤੇ ਲੱਭਦੇ ਪਾਣੀ।  
ਇੱਕ ਦਿਨ ਦੁਨੀਆਂ ਇਕੱਠੀ ਕਰਕੇ  
ਮੰਗਲ 'ਤੇ ਲੈ ਜਾਣੀ।

*-ਮਾਸਟਰ ਪ੍ਰੀਤਮ ਸਿੰਘ ਲੰਮੇ*  
*ਫੋਨ: 925-325-2486*

---

ਬੱਚੇ ਦੀ ਸੋਚ ਉਚੀ ਅਸਮਾਨ ਵੱਲ ਤੱਕਦਾ।  
ਖਿੜਕੀ 'ਤੇ ਚੜ੍ਹ ਉਚਾ ਜ਼ਰਾ ਨਹੀਂ ਹੈ ਜਕਦਾ।  
ਖੁਸ਼ ਹੋ ਦਿਖਾਈ ਜਾਵੇ  
ਉਹ ਜਹਾਜ ਵੀ ਫੜ ਸਕਦਾ।

*-ਦਵਿੰਦਰ ਕੌਰ*

---

ਜੇ ਹੌਸਲਾ ਬੁਲੰਦ ਹੈ, ਟੀਚਾ ਕਾਰਗਰ ਹੈ  
ਟੀਸੀ 'ਤੇ ਪਹੁੰਚਣਾ  
ਮੰਗਦਾ ਜੋਸ਼ ਅਤੇ ਹੋਸ਼  
ਸਭ ਕੁਝ ਸੰਭਵ ਹੈ।  
ਫੜ ਸਕੇ ਜਾਂ ਨਾ, ਜਹਾਜ ਦਾ ਪਰ  
ਹੈ ਨਿੱਕਾ ਭਾਵੇਂ ਉਮਰ ਦਾ  
ਦਿਖਾ ਦਿੱਤਾ ਹੌਸਲਾ ਆਪਣਾ।  
'ਅਸੰਭਵ ਸ਼ਬਦ ਸਿਰਫ ਮੂਰਖਾਂ ਦੇ  
ਸ਼ਬਦਕੋਸ਼ 'ਚ ਹੀ ਲੱਭਦਾ।'  
ਸ਼ਾਬਾਸ਼! ਹੌਸਲਾ ਨਹੀਂ ਡਿੱਗਣ ਦਿੰਦਾ  
ਔਖੇ ਤੋਂ ਔਖਾ ਕੰਮ ਸੁਖਾਲਾ  
ਦੰਦ ਨੂੰ ਦਾੜ੍ਹ ਥੱਲੇ ਵੱਟ ਕਚੀਚੀ  
ਅੰਨੀ ਤਾਕਤ ਆ ਜਾਂਦੀ  
ਕੁਝ ਕਰਨ ਲਈ ਪ੍ਰੇਰਦੀ।

*-ਦਰਸ਼ਨਪਾਲ ਦੋਸਾਂਝ*

---

ਉਮਰ ਸੀ ਨਿੱਕੀ, ਸੁਪਨੇ ਸੀ ਵੱਡੇ  
ਦੇਖ ਜਹਾਜ ਨੂੰ ਹੱਥ ਸੀ ਅੱਡੇ।  
ਨਵੀਂ ਜਵਾਨੀ ਪੰਜਾਬ ਦੀ ਹੋ ਗਈ ਪਰਦੇਸੀ  
ਵਿਚ ਕੈਨੇਡਾ ਪੈਂਦੀ ਕਿਸਮਤ ਦੀ ਪੇਸ਼ੀ।

*-ਹਰਜਿੰਦਰ ਸਿੰਘ, ਬਠਿੰਡਾ*  
*ਫੋਨ: 91-96538-96528*

# ਭਾਰਤ ਦੇ ਲੋਕਤੰਤਰ ‘ਤੇ ਉਠਦੇ ਸਵਾਲ

ਕਹਿੰਦੇ ਹਨ, ਦੁਨੀਆ ਉਮੀਦ ‘ਤੇ ਕਾਇਮ ਹੈ। ਇਹੀ ਗੱਲ ਲੋਕਤੰਤਰ ਬਾਰੇ ਵੀ ਕਹੀ ਜਾ ਸਕਦੀ ਹੈ। ਬਸ ਫ਼ਰਕ ਏਨਾ ਹੈ ਕਿ ਉਮੀਦ ਰੱਖਣ ਵਾਲੇ ਲੋਕਤੰਤਰ ਦੇ ਇਕ ਪੱਖ ਤੋਂ ਭਰੋਸੇ ਵਿਚ ਰਹਿੰਦੇ ਹਨ ਅਤੇ ਇਸ ਚੱਕਰ ਵਿਚ ਦੂਜਾ ਪੱਖ ਨਜ਼ਰਅੰਦਾਜ਼ ਹੋ ਜਾਂਦਾ ਹੈ। ਜਿਵੇਂ, ਐਗਜ਼ਿਟ ਪੋਲ ਦੇ 48 ਘੰਟੇ ਪਹਿਲਾਂ ਸਟਾਕ ਐਕਸਚੇਂਜ ਵਿਚ ਇਕ ਫੀਸਦੀ ਅੰਕਾਂ ਦਾ ਉਛਾਲ ਆਇਆ।

ਅਸੀਂ ਜਾਣਦੇ ਹਾਂ ਕਿ ਸੱਟਾ ਬਾਜ਼ਾਰ ਸੰਭਾਵਨਾਵਾਂ ਅਤੇ ਖਦਸ਼ਿਆਂ ਦੀ ਖੇਡ ਹੈ। ਇਹ ਰਾਜਨੀਤਕ ਸਥਿਰਤਾ ਅਤੇ ਨਿਰੰਤਰਤਾ ਚਾਹੁੰਦਾ ਹੈ। ਮੈਨੂੰ ਯਾਦ ਹੈ ਕਿ 2009 ਵਿਚ ਜਿਵੇਂ-ਜਿਵੇਂ

**ਅਭੈ ਕੁਮਾਰ ਦੂਬੇ**

ਚੋਣ ਨਤੀਜੇ ਕਾਂਗਰਸ ਦੀ ਅਗਵਾਈ ਵਾਲੇ ਮੋਰਚੇ (ਸਾਂਝਾ ਪ੍ਰਗਤੀਸ਼ੀਲ ਗੱਠਜੋੜ) ਦੇ ਪੱਖ ਵਿਚ ਆਉਂਦੇ ਗਏ, ਸੱਟਾ ਬਾਜ਼ਾਰ ਨਵੀਆਂ ਉਚਾਈਆਂ ਛੂੰਹਦਾ ਗਿਆ ਸੀ। ਜਿਹੜੀ ਉਮੀਦ ਉਦੋਂ ਸੋਨੀਆ ਗਾਂਧੀ ਅਤੇ ਡਾ: ਮਨਮੋਹਨ ਸਿੰਘ ਦੀ ਜੋੜੀ ਤੋਂ ਸੀ, ਅੱਜ ਉਹੀ ਉਮੀਦ ਉਸੇ ਮੋਦੀ ਅਤੇ ਸ਼ਾਹ ਦੀ ਜੋੜੀ ਤੋਂ ਹੈ। ਕਦੀ ਇਹੀ ਉਮੀਦ ਅਡਵਾਨੀ-ਅਟਲ ਦੀ ਜੋੜੀ ਤੋਂ ਸੀ। ਜ਼ਾਹਰ ਹੈ ਕਿ ਪਾਰਟੀਆਂ ਅਤੇ ਜੋੜੀਆਂ ਸਮੇਂ ਦੇ ਨਾਲ-ਨਾਲ ਬਦਲਦੀਆਂ ਰਹਿੰਦੀਆਂ ਹਨ, ਇਸ ਲਈ ਇਹ ਸਾਡੇ ਲਈ ਚਿੰਤਾ ਦਾ ਸਬਬ ਨਹੀਂ ਹੋਣਾ ਚਾਹੀਦਾ। ਖ਼ਾਸ ਗੱਲ ਇਹ ਹੈ ਕਿ ਭਾਰਤੀ ਲੋਕਤੰਤਰ ਤੋਂ ਨਿਕਲਣ ਵਾਲੀਆਂ ਉਮੀਦਾਂ ਦੇ ਸਹਾਰੇ ਸਿਰਫ ਸਟਾਕ ਐਕਸਚੇਂਜ ਹੀ ਨਹੀਂ, ਦੁਨੀਆ ਦੇ ਦੂਜੇ ਦੇਸ਼ ਵੀ ਹਨ।

ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਭਾਰਤ ਦੁਨੀਆ ਭਰ ਦੇ ਲੋਕਤੰਤਰ ਦਾ ਵਿਸਥਾਰ ਕਰਨ ਲਈ ਕਾਫੀ ਸਾਧਨ ਖਰਚ ਕਰਦਾ ਹੈ। ਸਾਬਕਾ ਰਾਜਦੂਤ ਵਿਸ਼ਨੂੰ ਪ੍ਰਕਾਸ਼ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, 2015 ਦੇ ਬਾਅਦ ਤੋਂ ਭਾਰਤ ਸੰਯੁਕਤ ਰਾਸ਼ਟਰ ਦੇ ਲੋਕਤੰਤਰ ਖਜ਼ਾਨੇ ਵਿਚ 3 ਕਰੋੜ 20 ਲੱਖ ਡਾਲਰ ਦਾ ਯੋਗਦਾਨ ਪਾ ਚੁੱਕਾ ਹੈ। ਹੋਰ ਤਾਂ ਹੋਰ, ਦੁਨੀਆ ਵਿਚ ਇਕ ਕਮਿਊਨਿਟੀ ਆਫ ਡੈਮੋਕ੍ਰੇਸੀ ਨਾਮੀ ਸੰਗਠਨ ਵੀ ਹੈ ਜਿਸ ਦੇ ਸੰਸਥਾਪਕ ਮੈਂਬਰਾਂ ਵਿਚ ਭਾਰਤ ਵੀ ਸ਼ਾਮਿਲ ਹੈ। ਇਥੇ ਹੀ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਟਾਕ ਐਕਸਚੇਂਜ ਅਤੇ ਦੁਨੀਆ ਦੇ ਹੋਰ ਦੇਸ਼ ਭਾਰਤੀ ਲੋਕਤੰਤਰ ਤੋਂ ਜਿਹੜੀਆਂ ਉਮੀਦਾਂ ਰੱਖਦੇ ਹਨ, ਕੀ ਇਹ ਲੋਕਤੰਤਰ ਅਸਲ ਵਿਚ ਉਸ ‘ਤੇ ਖਰਾ ਉਤਰ ਰਿਹਾ ਹੈ?

ਚੋਣ ਨਤੀਜੇ ਆਉਣ ਤੋਂ ਪਹਿਲਾਂ ਇਹ ਸਵਾਲ ਪੁੱਛਣਾ ਇਸ ਲਈ ਜ਼ਰੂਰੀ ਹੈ ਕਿ ਚੋਣ ਪ੍ਰਚਾਰ ਖ਼ਤਮ ਹੋਣ ਦੀ ਘੰਟੀ ਵੱਜਣ ਤੋਂ ਪਹਿਲਾਂ ਬੰਗਾਲ ਵਿਚ ਜੋ ਕੁਝ ਹੋਇਆ ਹੈ, ਉਹ ਉਨ੍ਹਾਂ ਉਮੀਦਾਂ ‘ਤੇ ਪਾਣੀ ਫੇਰ ਦਿੰਦਾ ਹੈ, ਜਿਨ੍ਹਾਂ ਦੀ ਉਪਰ ਚਰਚਾ ਕੀਤੀ ਗਈ ਹੈ। ਮਮਤਾ ਬੈਨਰਜੀ ਸੰਜਮ ਅਤੇ ਮਰਯਾਦਾ ਛੱਡ ਕੇ ਖੁੱਲ੍ਹੇਆਮ ਮੋਦੀ-ਸ਼ਾਹ ਨੂੰ ‘ਦੋ ਗੁੰਡੇ’ ਕਹਿੰਦੀ ਨਜ਼ਰ ਆਈ। ਅਸੀਂ ਸਾਰਿਆਂ ਨੇ ਦੇਖਿਆ ਹੈ ਕਿ ਮਮਤਾ ਬੈਨਰਜੀ ਦੀ ਰਾਜਨੀਤਕ ਰਣਨੀਤੀ ਕਿਸ ਤਰ੍ਹਾਂ ਦੀ ਹੈ। ਪਹਿਲਾਂ ਉਨ੍ਹਾਂ ਦੀ ਪਾਰਟੀ ਦਹਿਸ਼ਤ ਫੈਲਾਉਂਦੀ ਰਹੀ ਹੈ ਅਤੇ ਫਿਰ ਜੇ ਵਿਰੋਧੀ ਉਮੀਦਵਾਰ ਜਿੱਤ ਜਾਂਦਾ ਹੈ ਤਾਂ ਉਸ ਨੂੰ ਧਮਕਾ ਕੇ ਜਾਂ ਭਰਮਾ ਕੇ ਆਪਣੇ ਪੱਖ ਵਿਚ ਦਲਬਦਲ ਕਰਵਾ ਲਿਆ ਜਾਂਦਾ ਹੈ।

ਪੰਚਾਇਤ ਤੋਂ ਵਿਧਾਨ ਸਭਾ ਪੱਧਰ ਤੱਕ ਅਜਿਹਾ ਕਈ ਵਾਰ ਕਰਕੇ ਉਹ ਚੋਣ ਅਮਲ ਨੂੰ ਅਰਥਹੀਣ ਬਣਾ ਚੁੱਕੀ ਹੈ ਪਰ ਇਸ ਵਾਰ ਉਨ੍ਹਾਂ ਦਾ ਮੁਕਾਬਲਾ ਭਾਜਪਾ ਨਾਲ ਹੈ ਜਿਸ ਦੇ ਜਿੱਤੇ ਹੋਏ ਉਮੀਦਵਾਰ ਉਸ ਨਾਲ ਕਿਸੇ ਵੀ ਕੀਮਤ ‘ਤੇ ਨਹੀਂ ਜਾਣ ਵਾਲੇ। ਉਧਰ, ਅਮਿਤ ਸ਼ਾਹ ਦੇ ਰੋਡ ਸ਼ੋਅ ਨੂੰ ਦੇਖ ਕੇ ਅਜਿਹਾ ਲੱਗ ਰਿਹਾ ਸੀ ਜਿਵੇਂ ਉਹ ਕਿਸੇ ਹਿੰਦੂ ਤਿਉਹਾਰ ਦੀ ਸ਼ੋਭਾ ਯਾਤਰਾ ਹੋਵੇ। ਇਕਦਮ ਰਾਮ ਲੀਲ੍ਹਾ ਦਾ ਦ੍ਰਿਸ਼ ਸੀ। ਉਹੀ ਪਹਿਰਾਵੇ, ਉਹੀ ਰੰਗੇ ਹੋਏ ਚਿਹਰੇ ਅਤੇ ਧਾਰਮਿਕ ਨਾਅਰੇਬਾਜ਼ੀ। ਸਿੱਧੇ-ਸਿੱਧੇ ਫਿਰਕੂ ਧਰੁਵੀਕਰਨ ਦੀ ਕੋਸ਼ਿਸ਼ ਦਿਖਾਈ ਦੇ ਰਹੀ ਸੀ; ਭਾਵ ਲੋਕਤੰਤਰਿਕ ਮੁਕਾਬਲੇਬਾਜ਼ੀ ਵਿਚ ਇਹ ਨੌਬਤ ਆ ਚੁੱਕੀ ਹੈ ਕਿ ਚੋਣ ਜਿੱਤਣ ਅਤੇ ਸੱਤਾ ਵਿਚ ਨਿਰੰਤਰ ਬਣੇ ਰਹਿਣ ਲਈ ਨੇਤਾਵਾਂ ਅਤੇ ਪਾਰਟੀਆਂ ਨੇ ਹਰ ਗੈਰ-ਲੋਕਤੰਤਰਿਕ ਹਰਬੇ ਵਰਤਣ ਦੀ ਛੋਟ ਲੈ ਲਈ ਹੈ।

ਇਕ ਪਾਸੇ ਸਾਡੇ ਲੋਕਤੰਤਰ ਦਾ ਇਹ ਕਾਲਾ ਪੱਖ ਸਾਡੀਆਂ ਅੱਖਾਂ ਵਿਚ ਘੁੰਮ ਰਿਹਾ ਹੈ। ਦੂਜੇ ਪਾਸੇ ਉਸ ਦੇ ਉੱਭਰਦੇ ਪੱਖਾਂ ‘ਤੇ ਵੀ ਨਜ਼ਰ ਮਾਰਨੀ ਚਾਹੀਦੀ ਹੈ। ਇਹੀ ਮਮਤਾ ਬੈਨਰਜੀ, ਜੋ ਭਾਜਪਾ ਦੇ ਹਮਲਿਆਂ ਤੋਂ ਆਪਣੀ ਸੱਤਾ ਬਚਾਉਣ ਲਈ ਦੀਵਾਨੀ ਹੁੰਦੀ ਜਾ ਰਹੀ ਹੈ, ਨੂੰ ਆਪਣੇ 33



ਫੀਸਦੀ ਟਿਕਟ ਔਰਤਾਂ ਨੂੰ ਦਿੱਤੇ ਜਾਣ ਦਾ ਸਿਹਰਾ ਜਾਂਦਾ ਹੈ। ਇਹੀ ਕੰਮ ਉੜੀਸਾ ਦੇ ਮੁੱਖ ਮੰਤਰੀ ਅਤੇ ਬੀਜੂ ਜਨਤਾ ਦਲ ਦੇ ਮੁਖੀ ਨਵੀਨ ਪਟਨਾਇਕ ਨੇ ਵੀ ਕੀਤਾ ਹੈ। ਜਿਸ ਦੇਸ਼ ਦੀ ਵਿਧਾਨ ਪਾਲਕਾ ਔਰਤਾਂ ਨੂੰ ਪੂਰੀ ਨੁਮਾਇੰਦਗੀ ਦੇਣ ਵਿਚ ਨਾਕਾਮ ਰਹੀ ਅਤੇ ਜਿਥੇ ਔਰਤ-ਰਾਖਵਾਂਕਰਨ ਬਿੱਲ ਸੰਸਦ ਵਿਚ ਲੰਮੇ ਸਮੇਂ ਤੋਂ ਲਟਕਿਆ ਹੋਇਆ ਹੈ, ਉਥੇ ਜੇ ਦੋ ਵੱਡੇ ਖੇਤਰੀ ਨੇਤਾ ਇਹ ਪਹਿਲਕਦਮੀ ਕਰਦੇ ਹਨ ਤਾਂ ਇਸ ਨੂੰ ਇਕ ਇਤਿਹਾਸਕ ਕਦਮ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਇਸ ਨਾਲ ਔਰਤ-ਰਾਖਵਾਂਕਰਨ ਬਿੱਲ ਦੇ ਪੱਖ ਵਿਚ ਮਜ਼ਬੂਤ ਤਰਕ ਵਿਕਸਤ ਹੋਵੇਗਾ। ਇਸੇ ਤਰੀਕੇ ਨਾਲ ਇਸ ਚੋਣ ਵਿਚ ਕੌਣ ਪਛੜਿਆ ਹੈ, ਅਤੇ ਕੌਣ ਨਹੀਂ, ਇਸ ਵਿਸ਼ੇ ‘ਤੇ ਹੋਈ ਬਹਿਸ ਵੀ ਸਵਾਗਤਯੋਗ ਜਾਪਦੀ ਹੈ।

ਇਹ ਵਿਵਾਦ ਪ੍ਰਧਾਨ ਮੰਤਰੀ ਦੀ ਜਾਤ ਨੂੰ ਮਿਲੀ ਪਛੜੇ ਵਰਗ ਦੀ ਹੈਸੀਅਤ ਤੋਂ ਸ਼ੁਰੂ ਹੋਇਆ ਅਤੇ ਬੌਧਿਕ ਬਹਿਸ ਦੇ ਸਿਖਰ ‘ਤੇ ਪਹੁੰਚਿਆ ਕਿ ਜੇ ਕਿਸੇ ਨੂੰ ਪਛੜੇ ਵਰਗ ਦਾ ਹੋਣ ਦੇ ਬਾਵਜੂਦ ਸਮਾਜਿਕ ਅਤੇ ਹੋਰ ਕਿਸਮ ਦੇ ਭੇਦਭਾਵ ਦਾ ਸਾਹਮਣਾ ਨਹੀਂ ਕਰਨਾ ਪਿਆ ਹੈ ਤਾਂ ਉਸ ਦੇ ਪਛੜੇ ਵਰਗ ਦੇ ਹੋਣ ਦੇ ਦਾਅਵੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ। ਸੋਚਣ ਦੀ ਗੱਲ ਹੈ ਕਿ ਜੇ ਇਹ ਤਰਕ ਹੋਰ ਅੱਗੇ ਵਧਦਾ ਹੈ ਤਾਂ ਜਨਮਜਾਤ ਪਛੜੇ ਅਤੇ ਦਲਿਤ ਹੋਣ ਦੀ ਸਮਾਜਿਕ ਵਾਜਬੀਅਤ ‘ਤੇ ਸਵਾਲੀਆ ਨਿਸ਼ਾਨ ਲੱਗ ਜਾਏਗਾ। ਅਜਿਹੇ ਪਤਾ ਨਹੀਂ ਕਿੰਨੇ ਪਛੜੇ, ਦਲਿਤ ਅਤੇ ਆਦਿਵਾਸੀ ਹਨ ਜਿਨ੍ਹਾਂ ਨੇ ਜੀਵਨ ਦੇ ਇਕ ਦੌਰ ਵਿਚ ਜਾਂ ਹਾਲਾਤ ਅਨੁਸਾਰ ਸ਼ੁਰੂ ਤੋਂ ਹੀ ਭੇਦਭਾਵ ਦਾ ਸਾਹਮਣਾ ਨਹੀਂ ਕੀਤਾ; ਭਾਵ ਉਹ ਸਿਰਫ ਤਕਨੀਕੀ ਤੌਰ ‘ਤੇ ਪਛੜੇ ਜਾਂ ਦਲਿਤ ਹਨ। ਅਜਿਹੇ ਲੋਕਾਂ ਨੂੰ ਦੇਖਣ ਦੀ ਨਜ਼ਰ ਜੇ ਬਦਲੇਗੀ, ਤਾਂ ਸਮਾਜਿਕ ਨਿਆਂ ਦੀ ਰਾਜਨੀਤੀ ਵਿਚ ਆਏ ਵਿਗਾੜਾਂ ਨੂੰ ਦੂਰ ਕਰਨ ਦੀ ਹਾਲਤ ਪੈਦਾ ਹੋਏਗੀ।

ਮੈਨੂੰ ਯਾਦ ਹੈ ਕਿ ਚੋਣ ਮੁਹਿੰਮ ਸ਼ੁਰੂ ਹੋਣ ਸਮੇਂ ਪੱਛਮੀ ਉਤਰ ਪ੍ਰਦੇਸ਼ ਦੀ ਸੜਕ ਯਾਤਰਾ ਦੌਰਾਨ ਮੈਂ ਆਪਣੇ ਤਿੰਨ ਸਮਾਜ ਵਿਗਿਆਨੀ ਸਹਿਯੋਗੀਆਂ (ਤਿੰਨੇ ਹੀ ਰਾਜਨੀਤਕ ਸ਼ਾਸਤਰੀ) ਤੋਂ ਪੁੱਛਿਆ ਸੀ ਕਿ ਉਨ੍ਹਾਂ ਦੀ ਨਜ਼ਰ ਵਿਚ ਭਾਰਤੀ ਲੋਕਤੰਤਰ ਇਸ ਸਮੇਂ ਕਿਸ ਹਾਲਤ ਵਿਚ ਹੈ?

ਸੋਚ-ਵਿਚਾਰ ਤੋਂ ਬਾਅਦ ਤਿੰਨਾਂ ਵਿਦਵਾਨਾਂ ਦਾ ਜਵਾਬ ਸੀ ਕਿ ਲੋਕਤੰਤਰ ਦੀ ਹਾਲਤ ਤਾਂ ਠੀਕ-ਠਾਕ ਲੱਗ ਰਹੀ ਹੈ ਪਰ ਉਸ ਦੀ ਗੁਣਵੱਤਾ ਵਿਚ ਗਿਰਾਵਟ ਆਈ ਹੈ। ਸੰਭਵ ਹੈ ਕਿ ਉਨ੍ਹਾਂ ਤਿੰਨਾਂ ਦਾ ਕਹਿਣਾ ਇਹ ਸੀ ਕਿ ਲੋਕਤੰਤਰ ਮਜ਼ਬੂਤ ਹੋਣ ਦੀ ਬਜਾਏ ਨਿਘਾਰ ਵੱਲ ਜਾ ਰਿਹਾ ਹੈ।

ਇਸ ਸਬੰਧ ਵਿਚ ਵੀ ਲੋਕ ਸਭਾ ਦੀ ਚੋਣ ਮੁਹਿੰਮ ‘ਤੇ ਗ਼ੌਰ ਕੀਤਾ ਜਾਣਾ ਚਾਹੀਦਾ ਹੈ। ਲੋਕਤੰਤਰ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਹਰ ਤਰ੍ਹਾਂ ਦੀਆਂ ਰਾਜਨੀਤਕ ਸ਼ਕਤੀਆਂ ਨੂੰ ਮੁਕਾਬਲੇ ਲਈ ਇਕੋ-ਜਿਹਾ ਮੰਚ ਮੁਹੱਈਆ ਕਰਾਏਗਾ ਪਰ ਇਸ ਵਾਰ ਅਜਿਹਾ ਹੁੰਦਾ ਦਿਖਾਈ ਨਹੀਂ ਦਿੱਤਾ; ਜਿਵੇਂ, ਬੰਗਾਲ ਵਿਚ ਝਗੜਾ ਤ੍ਰਿਣਮੂਲ ਅਤੇ ਭਾਜਪਾ ਵਿਚ ਸੀ ਪਰ ਚੋਣ ਕਮਿਸ਼ਨ ਨੇ 10 ਘੰਟੇ ਪਹਿਲਾਂ ਹੀ ਪ੍ਰਚਾਰ ਬੰਦ ਕਰਵਾ ਦਿੱਤਾ ਅਤੇ ਇਸ ਤਰ੍ਹਾਂ ਉਨ੍ਹਾਂ ਪਾਰਟੀਆਂ (ਕਾਂਗਰਸ ਤੇ ਮਾਰਕਸਵਾਦੀ ਪਾਰਟੀ) ਨੂੰ ਵੀ ਸਜ਼ਾ ਦਿੱਤੀ ਗਈ ਜਿਨ੍ਹਾਂ ਦੀ ਉਸ ਹਿੰਸਾ ਜਾਂ ਝਗੜੇ ਵਿਚ ਕੋਈ ਭੂਮਿਕਾ ਨਹੀਂ ਸੀ।

ਤੁਰਕੀ ਦੇ ਪ੍ਰਧਾਨ ਮੰਤਰੀ ਏਰਡੋਗਨ ਦਾ ਇਕ ਕਥਨ ਇਥੇ ਯਾਦ ਆਉਂਦਾ ਹੈ ਕਿ ਲੋਕਤੰਤਰ ਅਜਿਹੀ ਟ੍ਰੇਨ ਹੈ ਜਿਸ ਤੋਂ ਤੁਸੀਂ ਮੰਜ਼ਿਲ ‘ਤੇ ਪਹੁੰਚਣ ਤੋਂ ਬਾਅਦ ਉਤਰ ਜਾਂਦੇ ਹੋ; ਭਾਵ ਉਨ੍ਹਾਂ ਲਈ ਲੋਕਤੰਤਰ ਆਪਣੇ-ਆਪ ਵਿਚ ਇਕ ਮੰਜ਼ਿਲ ਨਾ ਹੋ ਕੇ ਕਿਸੇ ਮੰਜ਼ਿਲ ਤੱਕ ਪਹੁੰਚਣ ਦਾ ਜ਼ਰੀਆ ਮਾਤਰ ਹੈ। ਜੇ ਇਸ ਵਿਚ ਦਮ ਹੈ ਤਾਂ ਫਿਰ ਸਾਨੂੰ ਲੋਕਤੰਤਰਿਕ ਮੁਕਾਬਲੇਬਾਜ਼ੀ ਵਿਚ ਲੜਦੇ ਉਮੀਦਵਾਰਾਂ ਅਤੇ ਪਾਰਟੀਆਂ ਦੀ ਲੋਕਤੰਤਰਿਕ ਸ਼ਰਧਾ ਦੀ ਬਜਾਏ ਉਨ੍ਹਾਂ ਮੰਜ਼ਿਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਹੋਵੇਗੀ ਜੋ ਉਨ੍ਹਾਂ ਦੀ ਕਥਿਤ ਸ਼ਰਧਾ ਦੀ ਆੜ ਵਿਚ ਕਿਤੇ ਲੁਕੀਆਂ ਹੋਈਆਂ ਹਨ।

# ਇਮਰਾਨ ਖਾਨ ਕਸੂਤਾ ਫਸਿਆ

ਇਮਰਾਨ ਖਾਨ ਨੂੰ ਪ੍ਰਧਾਨ ਮੰਤਰੀ ਦੇ ਰੁਤਬੇ ਦੇ ਰੂਪ ਵਿਚ ਹਕੂਮਤੀ ਤਖਤ ਜ਼ਰੂਰ ਨਸੀਬ ਹੋਇਆ ਹੈ ਪਰ ਇਹ ਤਖਤ ਹੁਣ ਕੰਡਿਆਂ ਦੀ ਸੇਜ ਸਾਬਤ ਹੋਣ ਲੱਗਾ ਹੈ। ਪਾਕਿਸਤਾਨੀ ਅਰਥਚਾਰੇ ਦੀ ਦੁਰਦਸ਼ਾ ਕਿਸੇ ਤੋਂ ਵੀ ਛੁਪੀ ਨਹੀਂ ਅਤੇ ਇਸ ਸ਼ਨਿੱਚਰਵਾਰ ਨੂੰ ਇਕ ਅਮਰੀਕੀ ਡਾਲਰ 157 ਪਾਕਿਸਤਾਨੀ ਰੁਪਏ ਦਾ ਹੋ ਜਾਣਾ ਕੌਮੀ ਕਰੰਸੀ ਦੀ ਬਦਨਸੀਬੀ ਦੀ ਸਪਸ਼ਟ ਤਸਵੀਰ ਪੇਸ਼ ਕਰਦਾ ਹੈ। ਅਜਿਹੇ ਆਲਮ ਵਿਚ ਸਿਆਸਤਦਾਨਾਂ ਅਤੇ ਅਖੌਤੀ ਅਰਥ ਸ਼ਾਸਤਰੀਆਂ ਵੱਲੋਂ ਕੌਮਾਂਤਰੀ ਮਾਲੀ ਫੰਡ (ਆਈ.ਐਮ.ਐਫ.) ਉਤੇ ਪਾਕਿਸਤਾਨ ਦੀ ਬਾਂਹ ਮਰੋੜਨ ਦੇ ਦੋਸ਼ ਲਾਏ ਜਾਣਾ ਜਾਇਜ਼ ਨਹੀਂ।

ਅਸਲੀਅਤ ਤਾਂ ਇਹ ਹੈ ਕਿ ਮੌਜੂਦਾ

**ਸੁਰਿੰਦਰ ਸਿੰਘ ਤੇਜ**

ਦੁਰਦਸ਼ਾ ਲਈ ਆਈ.ਐਮ.ਐਫ. ਦੀਆਂ ਨੀਤੀਆਂ ਨਹੀਂ, ਪਾਕਿਸਤਾਨੀ ਹੁਕਮਰਾਨੀ ਜਾਂ ਸਿਆਸੀ ਧਿਰਾਂ ਵੱਧ ਕਸੂਰਵਾਰ ਹਨ। ਆਰਥਿਕ ਸੰਕਟ ਕਿਵੇਂ ਤੇ ਕਿਉਂ ਪੈਦਾ ਹੋਇਆ ਅਤੇ ਕਿਵੇਂ ਤੇ ਕਿਥੋਂ ਤਕ ਫੈਲਿਆ, ਇਸ ਸਾਰੇ ਸਿਲਸਿਲੇ ਦੀ ਬਾ-ਤਰਤੀਬ ਨਿਸ਼ਾਨਦੇਹੀ ਸਿਆਸੀ ਅਰਥ ਸ਼ਾਸਤਰੀ ਐਸ. ਅਕਬਰ ਜ਼ੈਦੀ ਨੇ ਰੋਜ਼ਨਾਮਾ ‘ਡਾਅਨ’ ਵਿਚ ਪ੍ਰਕਾਸ਼ਿਤ ਆਪਣੇ ਲੇਖ ਰਾਹੀਂ ਕੀਤੀ ਹੈ।

‘ਆਈ.ਐਮ.ਐਫ. ਨੂੰ ਦੋਸ਼ੀ ਨਾ ਦੱਸੋ’ ਸਿਰਲੇਖ ਵਾਲੇ ਇਸ ਮਜ਼ਮੂਨ ਵਿਚ ਜ਼ੈਦੀ ਨੇ ਲਿਖਿਆ ਹੈ ਕਿ “ਪਾਕਿਸਤਾਨੀ ਅਰਥਚਾਰਾ ਬਿਮਾਰ ਹੈ, ਇਸ ਹਕੀਕਤ ਦਾ ਸਾਨੂੰ ਵਰ੍ਹਿਆਂ ਤੋਂ ਪਤਾ ਹੈ। ਕਿੰਨਾ ਬਿਮਾਰ ਹੈ, ਇਸ ਦਾ ਅੰਦਾਜ਼ਾ ਵੀ ਸਾਨੂੰ ਪਹਿਲਾਂ ਹੀ ਸੀ। ਹੁਣ ਤਾਂ ਇਹ ਜ਼ਾਹਿਰ ਹੋਇਆ ਹੈ ਕਿ ਬਿਮਾਰੀ ਛੇਤੀ ਠੀਕ ਹੋਣ ਵਾਲੀ ਨਹੀਂ। ਇਸ ਦਾ ਇਲਾਜ ਲੰਮਾ ਸਮਾਂ ਲੈ ਸਕਦਾ ਹੈ। ਇਹ ਵੀ ਜ਼ਰੂਰੀ ਨਹੀਂ ਕਿ ਜੋ ਇਲਾਜ ਚੱਲ ਰਿਹਾ ਹੈ, ਉਹ ਪੂਰੀ ਤਰ੍ਹਾਂ ਕਾਮਯਾਬ ਹੋਵੇ। ਫਿਲਹਾਲ ਤਾਂ ਇਹੋ ਜਾਪਦਾ ਹੈ ਕਿ ਜੋ ਵੀ ਇਲਾਜ ਚੱਲ ਰਿਹਾ ਹੈ, ਉਹ ਆਰਜ਼ੀ ਰਾਹਤ ਦੇ ਸਕਦਾ ਹੈ; ਮਰਜ਼ ਦਾ ਸਥਾਈ ਨਿਦਾਨ ਨਹੀਂ।”

“ਜਿਸ ਕਿਸਮ ਦੀ ਮੰਦੀ ਹੁਣ ਹੈ, ਉਹ ਪਹਿਲਾਂ ਕਦੇ ਨਹੀਂ ਦੇਖੀ। ਸਰਕਾਰ ਨੇ ਅਰਥਚਾਰੇ ਨੂੰ ਠੁਮ੍ਹਣਾ ਦੇਣ ਲਈ ਆਈ.ਐਮ.ਐਫ. ਨਾਲ ਅਹਿਦ ਕੀਤਾ ਹੈ। ਇਸ ਅਹਿਦ ‘ਤੇ ਵਿਰੋਧੀ ਧਿਰ ਵਲੋਂ ਸਖਤ ਇਤਰਾਜ਼ ਹੋ ਰਹੇ ਹਨ। ਉਹ ਆਈ.ਐਮ.ਐਫ. ਵਲੋਂ ਆਰਥਿਕ ਰਾਹਤ ਦੇ ਨਾਮ ‘ਤੇ ਲਾਈਆਂ ਜਾਣ ਵਾਲੀਆਂ ਸ਼ਰਤਾਂ ਤੇ ਬੰਦਸ਼ਾਂ ਨੂੰ ਬਹੁਤ ਸਖਤ ਦੱਸ ਰਹੀ ਹੈ ਪਰ ਘੋਖਣ ਵਾਲੀ ਗੱਲ ਇਹ ਹੈ ਕਿ ਪਾਕਿਸਤਾਨ ਨੇ ਆਈ.ਐਮ.ਐਫ. ਵਲੋਂ ਪਿਛਲੇ ਪੰਜ ਦਹਾਕਿਆਂ ਦੌਰਾਨ ਦਿੱਤੇ ਕਰਜ਼ਿਆਂ ਦੀਆਂ ਸ਼ਰਤਾਂ ‘ਤੇ ਕੀ ਕਦੇ ਇਮਾਨਦਾਰੀ ਨਾਲ ਤਾਮੀਲ ਕੀਤੀ? ਮੌਜੂਦਾ ਸੰਕਟ ਦੀਆਂ ਜੜ੍ਹਾਂ ਮੁਸ਼ੱਰਫ ਦੇ ਤਾਨਾਸ਼ਾਹੀ ਦੌਰ ਵਿਚ ਹਨ। ਕੀ ਉਸ ਨੇ ਜਾਂ ਉਸ ਤੋਂ ਬਾਅਦ ਦੀਆਂ ਜਮਹੂਰੀ ਸਰਕਾਰਾਂ ਨੇ ਧਨਾਢਾਂ ਤੇ ਜਗੀਰਦਾਰਾਂ ਤੋਂ ਉਨ੍ਹਾਂ ਦੀ ਹੈਸੀਅਤ ਮੁਤਾਬਿਕ ਟੈਕਸ ਵਸੂਲੇ? ਹੁਣ ਵੀ ਇਮਰਾਨ ਖਾਨ ਸਰਕਾਰ ਖੁਸ਼-ਹੈਸੀਅਤਾਂ ਨੂੰ ਟੈਕਸ ਲਾਉਣ ਤੋਂ ਕਿਉਂ ਡਰ ਰਹੀ ਹੈ?”

ਮਜ਼ਮੂਨ ਅਨੁਸਾਰ “ਖੁਸ਼-ਹੈਸੀਅਤਾਂ ਨੂੰ ਟੈਕਸਾਂ ਦਾ ਬਣਦਾ ਹਿੱਸਾ ਅਦਾ ਕਰਨ ਵਾਸਤੇ ਮਜਬੂਰ ਕਰਕੇ ਅਤੇ ਵਰਦੀਧਾਰੀਆਂ ਦਾ ਸਾਲ-ਦਰ-ਸਾਲ ਵਧਦਾ ਬਜਟ ਘਟਾ ਕੇ ਅਰਥਚਾਰੇ ਨੂੰ ਕੁਝ ਹੱਦ ਤਕ ਲੀਹ ‘ਤੇ ਲਿਆਂਦਾ ਜਾ ਸਕਦਾ ਹੈ। ਬਜਟ ਘਾਟਾ, ਜੀਡੀਪੀ ਦੇ 7.5 ਫੀਸਦ ਤੋਂ ਵਧ ਚੁੱਕਾ ਹੈ। ਇਸ ਘਾਟੇ ਲਈ ਚੀਨੀ ਪ੍ਰਾਜੈਕਟ ਕਿਸ ਹੱਦ ਤਕ ਜ਼ਿੰਮੇਵਾਰ ਹਨ, ਇਸ ਦੀ ਵੀ ਇਮਾਨਦਾਰੀ ਨਾਲ ਘੋਖ ਹੋਣੀ ਚਾਹੀਦੀ ਹੈ।”

ਮਹਿਸੂਦ ਕੇਸ ਤੇ ਸੁਰੱਖਿਆ: ਕਰਾਚੀ ਦੀ ਦਹਿਸ਼ਤਗਰਦੀ ਵਿਰੋਧੀ ਅਦਾਲਤ ਨੇ ਪੁਲਿਸ ਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਹੁਕਮ ਦਿੱਤਾ ਹੈ ਕਿ ਵਜ਼ੀਰਿਸਤਾਨੀ ਮਾਡਲ ਨਕੀਬਉੱਲਾ ਮਹਿਸੂਦ ਦੇ ਪਿਤਾ ਮੁਹੰਮਦ ਖਾਨ ਮਹਿਸੂਦ ਦੀ ਹਿਫਾਜ਼ਤ ਯਕੀਨੀ ਬਣਾਈ ਜਾਵੇ ਤਾਂ ਜੋ ਉਹ ਬੇਖੌਫ ਹੋ ਕੇ ਆਪਣਾ ਬਿਆਨ ਕਲਮਬੰਦ ਕਰਵਾ ਸਕੇ। ਮਹਿਸੂਦ ਤੇ ਤਿੰਨ ਹੋਰਨਾਂ ਨੂੰ 13 ਜਨਵਰੀ, 2018 ਨੂੰ ਸ਼ਾਹ ਸ਼ਰੀਫ ਟਾਊਨ ਵਿਚ ਕਰਾਚੀ ਪੁਲਿਸ ਦੇ ਇਕ ਦਸਤੇ ਨੇ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਸੀ। ਸਾਰੇ ਮ੍ਰਿਤਕਾਂ ਨੂੰ ਦਹਿਸ਼ਤਗਰਦ ਦੱਸਦਿਆਂ ਪੁਲਿਸ ਨੇ ਉਨ੍ਹਾਂ ਦੀ ਗੱਡੀ ਵਿਚੋਂ ਆਤਿਸ਼ੀ ਹਥਿਆਰ ਤੇ ਧਮਾਕਾਖੇਜ਼ ਸਮੱਗਰੀ ਬਰਾਮਦ ਹੋਣ ਦਾ ਦਾਅਵਾ ਕੀਤਾ ਸੀ। ਇਸ ‘ਮੁਕਾਬਲੇ’ ਖਿਲਾਫ਼ ਲੋਕ ਆਵਾਜ਼ ਉਠਣ ਅਤੇ ਇਸ ਦੇ ਝੂਠੇ ਹੋਣ ਦੀਆਂ ਨਿਸ਼ਾਨੀਆਂ ਸਾਹਮਣੇ ਆਉਣ ਤੋਂ ਬਾਅਦ ਕਰਾਚੀ ਪੁਲਿਸ ਦੇ



ਐਸਐਸਪੀ ਰਾਓ ਅਨਵਰ, ਡੀਐਸਪੀ ਕਮਰ ਅਹਿਮਦ ਤੇ 25 ਹੋਰ ਪੁਲਿਸ ਕਰਮੀਆਂ ਨੂੰ ਬਰਖਾਸਤ ਕਰਕੇ ਉਨ੍ਹਾਂ ਖਿਲਾਫ਼ ਮੁਕੱਦਮਾ ਦਰਜ ਕੀਤਾ ਗਿਆ।

ਰੋਜ਼ਨਾਮਾ ‘ਜੰਗ’ ਦੀ ਰਿਪੋਰਟ ਅਨੁਸਾਰ ਨਕੀਬ ਦਾ ਪਿਤਾ ਮੁਹੰਮਦ ਖਾਨ ਇਸ ਮੁਕੱਦਮੇ ਦਾ ਮੁੱਖ ਸ਼ਿਕਾਇਤਕਾਰ ਹੈ ਪਰ ਉਹ ਪਿਛਲੀਆਂ ਤਿੰਨ ਪੇਸ਼ੀਆਂ ਦੌਰਾਨ ਆਪਣਾ ਬਿਆਨ ਕਲਮਬੰਦ ਕਰਵਾਉਣ ਨਹੀਂ ਆਇਆ। ਵਕੀਲ ਸਲਾਹੂਦੀਨ ਅਹਿਮਦ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੇ ਮੁਵੱਕਿਲ, ਮੁਹੰਮਦ ਖਾਨ ਨੂੰ ਅਦਾਲਤ ਦੇ ਅੰਦਰ ਤੇ ਬਾਹਰ ਲਗਾਤਾਰ ਧਮਕੀਆਂ ਮਿਲਦੀਆਂ ਆ ਰਹੀਆਂ ਹਨ ਅਤੇ ਪੁਲਿਸ ਉਸ ਨੂੰ ਸੁਰੱਖਿਆ ਦੇਣ ਪੱਖੋਂ ਨਾਕਾਮ ਰਹੀ ਹੈ। ਇਸ ‘ਤੇ ਅਦਾਲਤ ਨੇ ਸ਼ਿਕਾਇਤਕਾਰ ਨੂੰ ਹਰ ਹਾਲ ਸੁਰੱਖਿਆ ਦਿੱਤੇ ਜਾਣ ਦਾ ਹੁਕਮ ਦਿੱਤਾ। ਹੁਣ ਪਾਕਿਸਤਾਨੀ ਥਲ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਵੀ ਮੁਹੰਮਦ ਖਾਨ ਦੀ ਜਾਨੀ ਤੇ ਮਾਲੀ ਹਿਫਾਜ਼ਤ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ ਹੈ।

ਮਸਲਾ ਨਿਕਲਸਨ ਦੀ ਯਾਦਗਾਰ ਦਾ: ਪੁਰਾਣੇ ਹੁਕਮਰਾਨਾਂ ਤੇ ਨਾਇਕਾਂ-ਖਲਨਾਇਕਾਂ ਦੀਆਂ ਯਾਦਗਾਰਾਂ ਨੂੰ ਕਿਸ ਰੂਪ ਵਿਚ ਸੰਭਾਲਿਆ ਜਾਵੇ, ਇਸ ਬਾਰੇ ਨਿਵੇਕਲੇ ਕਿਸਮ ਦੀ ਚਰਚਾ ਲੇਖਕ ਉਸਮਾਨ ਇਹਤਸ਼ਾਮ ਅਨਵਰ ਨੇ ‘ਡਾਅਨ’ ਵਿਚ ਪ੍ਰਕਾਸ਼ਿਤ ਆਪਣੇ ਲੇਖ ਰਾਹੀਂ ਛੇੜੀ ਹੈ। ਲੇਖ ਬ੍ਰਿਗੇਡੀਅਰ ਜਨਰਲ ਜੌਹਨ ਨਿਕਲਸਨ ਦੀ ਯਾਦਗਾਰ ਬਾਰੇ ਹੈ ਜੋ ਸਿੱਖ ਰਾਜ ਦੇ ਖਾਤਮੇ ਤੋਂ ਬਾਅਦ ਹਜ਼ਾਰਾ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਅਤੇ ਬਾਅਦ ਵਿਚ ਪਿਸ਼ਾਵਰ ਡਿਵੀਜ਼ਨ ਦਾ ਸਹਾਇਕ ਕਮਿਸ਼ਨਰ ਵੀ ਰਿਹਾ। ਉਸ ਦਾ ਯਾਦਗਾਰੀ ਮੀਨਾਰ (ਸਿਮ੍ਰਤੀ ਸਤੰਭ) ਜੀਟੀ ਰੋਡ ਉਤੇ ਰਾਵਲਪਿੰਡੀ ਤੋਂ ਪਿਸ਼ਾਵਰ ਜਾਂਦਿਆਂ ਤਕਸ਼ਿਲਾ ਨੇੜੇ ਮਰਗਲਾ ਦੱਰੇ ਨੇੜੇ ਸਥਿਤ ਹੈ। ‘ਨਿਕਲਸਨ ਔਬਲਿਸਕ’ ਵਜੋਂ ਜਾਣੀ ਜਾਂਦੀ ਇਸ ਯਾਦਗਾਰ ਦੀ ਪਾਕਿਸਤਾਨ ਸਰਕਾਰ ਵੱਲੋਂ ਖੂਬ ਸਾਂਭ-ਸੰਭਾਲ ਦੀ ਜ਼ਰੂਰਤ ਕੀ ਹੈ।

ਇਤਿਹਾਸਕਾਰ ਵਿਲੀਅਮ ਡੈਲਰਿੰਪਲ ਦੀ ਕਿਤਾਬ ‘ਆਖਰੀ ਮੁਗ਼ਲ’ (ਦਿ ਲਾਸਟ ਮੁਗ਼ਲ) ਦੇ ਹਵਾਲੇ ਨਾਲ ਉਸਮਾਨ ਅਨਵਰ ਲਿਖਦਾ ਹੈ ਕਿ “ਨਿਕਲਸਨ ਨੇ ਹਿੰਦੁਸਤਾਨੀਆਂ ਨੂੰ ਹਮੇਸ਼ਾ ਨਫ਼ਰਤ ਤੇ ਹਿਕਾਰਤ ਨਾਲ ਦੇਖਿਆ। ਅਫ਼ਗਾਨਾਂ (ਪਠਾਣਾਂ) ਦਾ ਤਾਂ ਉਹ ਕੱਟੜ ਦੁਸ਼ਮਣ ਸੀ। 1857 ਦੇ ਗ਼ਦਰ ਵੇਲੇ ਉਸ ਨੇ ਦਿੱਲੀ ਵਾਸੀਆਂ ਨਾਲ ਜੋ ਜ਼ਿਆਦਤੀਆਂ ਕੀਤੀਆਂ, ਉਹ ਨਿਹਾਇਤ ਗੈਰ-ਇਨਸਾਨੀ ਸਨ। ਉਸ ਦਾ ਮੀਨਾਰ ਬਸਤੀਵਾਦੀ ਦਮਨ ਦੀ ਨਿਸ਼ਾਨੀ ਮੰਨਿਆ ਜਾਣਾ ਚਾਹੀਦਾ, ਫੌਜੀ ਬਹਾਦਰੀ ਦਾ ਪ੍ਰਤੀਕ ਨਹੀਂ। ਇਤਿਹਾਸ ਦੇ ਨਿਸ਼ਾਨ ਮਿਟਾਏ ਨਹੀਂ ਜਾਣੇ ਚਾਹੀਦੇ, ਪਰ ਉਨ੍ਹਾਂ ਉਤੇ ਅੰਕਿਤ ਮਜ਼ਮੂਨ ਤਾਂ ਬਦਲੇ ਹੀ ਜਾਣੇ ਚਾਹੀਦੇ ਹਨ। ਸ਼ੈਤਾਨ ਨੂੰ ਸ਼ੈਤਾਨ ਦੱਸਣ ‘ਚ ਸਾਨੂੰ ਕੋਫਤ ਨਹੀਂ ਹੋਣੀ ਚਾਹੀਦੀ।”

ਮੱਕਾ ਸ਼ਰੀਫ ਬਾਰੇ ਦਸਤਾਵੇਜ਼ੀ: ਸਾਲ ਪਹਿਲਾਂ ਬਾਕੀ ਦੁਨੀਆਂ ‘ਚ ਰਿਲੀਜ਼ ਹੋਈ ਦਸਤਾਵੇਜ਼ੀ ‘ਵਨ ਡੇਅ ਇਨ ਦਿ ਹਰਮ’ ਹੁਣ ਪਾਕਿਸਤਾਨ ਵਿਚ ਵੀ ਦਿਖਾਈ ਜਾ ਰਹੀ ਹੈ। 90 ਮਿੰਟਾਂ ਦੀ ਇਹ ਦਸਤਾਵੇਜ਼ੀ ਲਾਹੌਰ ਦੇ 9 ਮਲਟੀਪਲੈਕਸਾਂ ਵਿਚ ਪ੍ਰਦਰਸ਼ਿਤ ਹੈ। ਇਹ ਮੱਕਾ ਤੇ ਕਾਬਾ ਸ਼ਰੀਫ ਦੀ ਅੰਦਰੂਨੀ ਦਿਨਚਰਿਆ ਬਾਰੇ ਹੈ। ‘ਡੇਲੀ ਨਿਊਜ਼’ ਅਨੁਸਾਰ ਭਾਰਤ ਵਿਚ ਇਹ ਦਸਤਾਵੇਜ਼ੀ ਪਾਕਿਸਤਾਨ ਤੋਂ ਪਹਿਲਾਂ ਰਿਲੀਜ਼ ਹੋ ਗਈ ਸੀ। ਇਹ ਪਹਿਲੀ ਵਾਰ ਸੀ ਜਦੋਂ ਸਾਊਦੀ ਅਰਬ ਸਰਕਾਰ ਨੇ ਕਾਬਾ ਸ਼ਰੀਫ ਦੇ ਅੰਦਰਲੇ ਦ੍ਰਿਸ਼ ਫਿਲਮਾਏ ਜਾਣ ਦੀ ਇਜਾਜ਼ਤ ਦੇ ਦਿੱਤੀ। ਬ੍ਰਿਟਿਸ਼-ਪਾਕਿਸਤਾਨੀ ਫਿਲਮਸਾਜ਼ ਅਬਰਾਰ ਹੁਸੈਨ ਵਲੋਂ ਨਿਰਦੇਸ਼ਿਤ ਇਹ ਫਿਲਮ ਪੰਜ ਕਰੋੜ ਰੁਪਏ ਦੇ ਬਜਟ ਨਾਲ ਤਿਆਰ ਹੋਈ। ਹੁਣ ਉਹ ਯੋਰੋਸ਼ਲਮ ਦੀ ਅਲ-ਅਕਸਾ ਮਸਜਿਦ ਬਾਰੇ ਦਸਤਾਵੇਜ਼ੀ ਤਿਆਰ ਕਰ ਰਿਹਾ ਹੈ।

# ਊੜਾ ਐੜਾ

***ਪ੍ਰੋ. ਅਵਤਾਰ ਸਿੰਘ 'ਪੰਜਾਬ ਟਾਈਮਜ਼' ਵਿਚ ਗਾਹੇ-ਬਗਾਹੇ ਆਪਣੀ ਹਾਜ਼ਰੀ ਲੁਆਉਂਦੇ ਰਹਿੰਦੇ ਹਨ। 'ਊੜਾ ਐੜਾ' ਲੇਖ ਵਿਚ ਉਨ੍ਹਾਂ ਬੜੇ ਦਿਲਚਸਪ ਅਤੇ ਦਿਲ ਲਗਦੇ ਨੁਕਤੇ ਵਿਚਾਰੇ ਹਨ। ਇਹ ਉਹ ਨੁਕਤੇ ਹਨ ਜਿਨ੍ਹਾਂ ਵੱਲ ਥੋੜ੍ਹੀ ਕੀਤੇ ਤੁਹਾਡਾ ਧਿਆਨ ਘੱਟ ਹੀ ਜਾਂਦਾ ਹੈ। ਲੇਖਕ ਨੇ ਆਪਣੀ ਸ਼ਬਦ-ਜੜਤ ਰਾਹੀਂ ਇਨ੍ਹਾਂ ਨੁਕਤਿਆਂ ਦੀ ਵਿਆਖਿਆ ਆਪਣੇ ਢੰਗ ਨਾਲ ਕੀਤੀ ਹੈ। -ਸੰਪਾਦਕ***

**(ੳ) ਦਾਰੀਆਂ ਤੇ ਦੂਰੀਆਂ ਦੀ ਵਿੱਥ**

ਪੰਜਾਬੀ ਸਮਾਜ ਦਾ ਅੰਦਰੂਨੀ ਹੀਜ ਪਿਆਜ ਦੇਖਣ ਅਤੇ ਸੂਰਤੇਹਾਲ ਜਾਣਨ ਲਈ ਇਸ ਦਾ ਵਿਸ਼ਲੇਸ਼ਣ ਕਰਨਾ ਜਰੂਰੀ ਹੈ। ਇਹ ਵਿਸ਼ਲੇਸ਼ਣ ਪੰਜਾਬੀਆਂ ਦੇ ਇਸ਼ਟ ਅਤੇ ਆਸਥਾ ਦੇ ਨੁਕਤੇ ਤੋਂ ਵੀ ਜਰੂਰੀ ਹੈ ਤੇ ਆਰਥਕ ਨੁਕਤੇ ਤੋਂ ਵੀ।

ਪੰਜਾਬ ਵਿਚ ਕਹਿਣ ਨੂੰ ਭਾਵੇਂ ਸਿੱਖ ਵਸਦੇ ਹਨ, ਹਿੰਦੂ ਵੀ ਤੇ ਮੁਸਲਮਾਨ ਵੀ। ਪੰਜਾਬ ਦੇ ਕਿਸੇ ਵੀ ਧਾਰਮਿਕ ਅਸਥਾਨ 'ਤੇ ਚਲੇ ਜਾਈਏ ਤਾਂ ਉਥੇ ਸਾਨੂੰ ਸਾਡੀ ਧਾਰਮਿਕਤਾ ਦੀ ਥਾਂ ਸਾਡੀ ਸਮਾਜਕਤਾ ਦੇ ਦੀਦਾਰ ਵਧੇਰੇ ਹੋ ਸਕਦੇ ਹਨ।

ਗੁਰਦੁਆਰਿਆਂ ਵਿਚ ਸਿੱਖਾਂ ਤੇ ਹਿੰਦੂਆਂ ਤੋਂ ਇਲਾਵਾ ਟਾਵੇਂ ਟਾਵੇਂ ਮੁਸਲਮਾਨ ਵੀ ਦੇਖੇ ਜਾ ਸਕਦੇ ਹਨ। ਮੰਦਿਰਾਂ ਵਿਚ ਹਿੰਦੂਆਂ ਤੋਂ ਇਲਾਵਾ ਵਿਰਲੇ ਵਿਰਲੇ ਸਿੱਖ ਦਿੱਖ ਜਾਂਦੇ ਹਨ, ਪਰ



ਮੁਸਲਮਾਨ ਬਿਲਕੁਲ ਨਹੀਂ ਨਜ਼ਰ ਆਉਂਦੇ। ਮਸਜਿਦ ਵਿਚ ਕੇਵਲ ਮੁਸਲਮਾਨ ਜਾਂਦੇ ਹਨ, ਕੋਈ ਹਿੰਦੂ ਤੇ ਕੋਈ ਸਿੱਖ

**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਕਿਸੇ ਵੀ ਸੂਰਤ ਵਿਚ ਨਹੀਂ ਜਾਂਦੇ।

ਦਿਲਚਸਪ ਗੱਲ ਇਹ ਹੈ ਕਿ ਮੁਸਲਿਮ ਪੀਰਾਂ ਫਕੀਰਾਂ ਦੇ ਮਜ਼ਾਰਾਂ 'ਤੇ ਪੰਜਾਬੀ ਮੁਸਲਮਾਨ ਬਿਲਕੁਲ ਨਹੀਂ ਜਾਂਦੇ, ਉਥੇ ਸਿਰਫ ਸਿੱਖ ਅਤੇ ਹਿੰਦੂ ਹੀ ਜਾਂਦੇ ਹਨ। ਪੰਜਾਬ ਵਿਚ ਆਸਥਾ ਦੀ ਸਾਂਝੀਵਾਲਤਾ ਕੇਵਲ ਗੁਰਦੁਆਰਿਆਂ ਤੇ ਮਜ਼ਾਰਾਂ ਵਿਚ ਹੀ ਦੇਖਣ ਨੂੰ ਮਿਲਦੀ ਹੈ। ਇਸ ਤੋਂ ਇਲਾਵਾ ਮੜ੍ਹੀਆਂ, ਮਟੀਆਂ, ਸਤੀਆਂ, ਸਮਾਧਾਂ ਤੇ ਜਠੇਰਿਆਂ 'ਤੇ ਵੀ ਸਮਾਜਕ ਸਾਂਝੀਵਾਲਤਾ ਦੇਖੀ ਜਾ ਸਕਦੀ ਹੈ।

ਰਾਜਸੀ ਤੌਰ 'ਤੇ ਸਿੱਖ ਸਮਝਦੇ ਹਨ ਕਿ ਪੰਜਾਬ ਸਿਰਫ ਉਨ੍ਹਾਂ ਦਾ ਹੀ ਹੈ। ਅੱਧੇ ਕੁ ਪੰਜਾਬੀ ਹਿੰਦੂ ਚੁੱਪ-ਚੁਪੀਤੇ ਅਕਾਲੀਆਂ ਥੱਲੇ ਲੱਗ ਕੇ ਆਪਣਾ ਰਾਜਸੀ ਆਧਾਰ ਹੌਲੀ ਹੌਲੀ ਮਜਬੂਤ ਕਰ ਰਹੇ ਹਨ ਤੇ ਕੁਝ ਕਾਂਗਰਸ ਨਾਲ ਰਲ ਕੇ ਮਾੜਾ ਮੋਟਾ ਫਾਇਦਾ ਲੈ ਰਹੇ ਹਨ। ਤੀਜੀ ਧਿਰ ਦਲਿਤ ਹਨ, ਜੋ ਸਿਰਫ ਨੀਲੇ, ਪੀਲੇ ਕਾਰਡਾਂ ਤੇ ਦਾਲ ਫੁਲਕੇ ਦੀ ਸਕੀਮ ਵੱਲ ਝਾਕਦੇ ਰਹਿੰਦੇ ਹਨ।

ਪੰਜਾਬ ਨੂੰ ਇੱਕ ਹੋਰ ਢੰਗ ਨਾਲ ਵੀ ਦੇਖਿਆ ਜਾ ਸਕਦਾ ਹੈ, ਉਹ ਹੈ ਦਾਰੀਆਂ ਤੇ ਦੂਰੀਆਂ ਦੀ ਦ੍ਰਿਸ਼ਟੀ ਤੋਂ। ਦਾਰੀਆਂ ਦਾ ਭਾਵ ਹੈ, ਉਹ ਲੋਕ ਜੋ ਕਿਸੇ ਨਾ ਕਿਸੇ ਤਰੀਕੇ ਦੀਆਂ ਸਰਦਾਰੀਆਂ ਮਾਣਦੇ ਹਨ। ਜਿਵੇਂ ਜਿਮੀਂਦਾਰ, ਕਾਰਖਾਨੇਦਾਰ ਤੇ ਦੁਕਾਨਦਾਰ। ਦਾਰ ਫਾਰਸੀ ਦਾ ਪਿਛੇਤਰ ਹੈ ਤੇ ਜਿਸ ਸ਼ੈਅ ਦੇ ਪਿੱਛੇ ਲਾ ਦਿੱਤਾ ਜਾਵੇ, ਉਸ ਸ਼ਬਦ ਦਾ ਅਰਥ ਹੋ ਜਾਂਦਾ, ਉਹ ਸ਼ੈਅ ਰੱਖਣ ਵਾਲਾ ਜਾਂ ਉਸ ਸ਼ੈਅ ਦਾ ਮਾਲਕ। ਇਸ ਤਰ੍ਹਾਂ ਜਿਮੀਂਦਾਰ ਦਾ ਅਰਥ ਖੇਤੀ ਕਰਨ ਵਾਲਾ ਨਹੀਂ, ਸਗੋਂ ਜਮੀਨ ਦਾ ਮਾਲਕ ਹੈ। ਇਸੇ ਤਰ੍ਹਾਂ ਕਾਰਖਾਨੇਦਾਰ ਦਾ ਅਰਥ ਕਾਰਖਾਨੇ ਵਿਚ ਕੰਮ ਕਰਨ ਵਾਲਾ ਨਹੀਂ, ਸਗੋਂ ਕਾਰਖਾਨੇ ਦਾ ਮਾਲਕ ਹੈ। ਦੁਕਾਨਦਾਰ ਦਾ ਅਰਥ ਵੀ ਦੁਕਾਨ ਵਿਚ ਕੰਮ ਕਰਨ ਵਾਲਾ ਨਹੀਂ, ਸਗੋਂ ਦੁਕਾਨ ਦਾ ਮਾਲਕ ਹੈ।

ਫਾਰਸੀ ਦਾ ਸ਼ਬਦ ਹੈ ਮਜ਼ਦ, ਜਿਸ ਦਾ ਅਰਥ ਹੈ, ਮਿਹਨਤਾਨਾ। ਮਜ਼ਦ ਤੋਂ ਮਜ਼ਦਵਰ ਬਣਿਆ ਹੈ, ਜਿਸ ਦਾ ਅਰਥ ਹੈ, ਮਿਹਨਤਾਨਾ ਪ੍ਰਾਪਤ ਕਰਨ ਵਾਲਾ; ਅਰਥਾਤ ਉਹ ਜੋ ਕਿਸੇ ਇਵਜ਼ ਵਿਚ ਜਾਂ ਭਾੜੇ 'ਤੇ ਕੰਮ ਕਰਦਾ ਹੈ। ਫਾਰਸੀ ਦਾ ਅੱਖਰ ਵਾਓ ਗੁਰਮੁਖੀ ਵਿਚ ਕਿਤੇ ਵਾਵਾ, ਕਿਤੇ ਹੌੜਾ ਤੇ ਕਿਤੇ ਦੁਲੈਂਕੜ ਹੋ ਜਾਂਦਾ ਹੈ। ਇੱਥੇ ਫਾਰਸੀ ਦੇ ਮਜ਼ਦਵਰ ਦਾ ਵਾਓ ਦੁਲੈਂਕੜ ਵਿਚ ਬਦਲ ਗਿਆ ਹੈ ਤੇ ਮਜ਼ਦਵਰ ਮਜ਼ਦੂਰ ਹੋ ਗਿਆ ਹੈ। ਮਜ਼ਦੂਰ ਦੀਆਂ ਮਜਬੂਰੀਆਂ ਦੀ ਨਿਸ਼ਾਨਦੇਹੀ ਦਾਰੀਆਂ ਤੋਂ ਉਸ ਦੀ ਵਿੱਥ ਜਾਂ ਦੂਰੀਆਂ (ਮਜ਼ਦੂਰੀਆਂ) ਤੋਂ ਕੀਤੀ ਜਾ ਸਕਦੀ ਹੈ।

ਪੰਜਾਬ ਵਿਚ ਮਜ਼ਦੂਰ ਉਹ ਹੈ, ਜੋ ਨਾ ਜਮੀਨ ਦਾ ਮਾਲਕ ਹੈ, ਨਾ ਕਾਰਖਾਨੇ ਦਾ ਤੇ ਨਾ ਦੁਕਾਨ ਦਾ ਮਾਲਕ ਹੈ। ਉਹ ਸਿਰਫ ਮਿਹਨਤ ਮੁਸ਼ੱਕਤ ਕਰਦਾ ਹੈ ਤੇ ਉਸ ਦੇ ਬਦਲੇ ਮਿਲਣ ਵਾਲੀ ਸ਼ੈਅ ਨਾਲ ਘਰ ਦਾ ਗੁਜ਼ਾਰਾ ਤੋਰਦਾ ਹੈ। ਅੱਜ ਕਲ ਮਜ਼ਦੂਰ ਨੂੰ ਮਿਹਨਤ ਬਦਲੇ ਪੈਸੇ ਮਿਲਦੇ ਹਨ, ਪੁਰਾਣੇ ਸਮਿਆਂ ਵਿਚ ਦਾਣਾ ਫੱਕਾ, ਮਿੱਠਾ ਜਾਂ ਸਿਰਫ ਦਾਲ ਫੁਲਕੇ ਨਾਲ ਸਾਰ ਦਿੱਤਾ ਜਾਂਦਾ ਸੀ। ਆਟੇ ਦਾਲ ਦੀ ਸਕੀਮ ਵੀ ਮਜ਼ਦੂਰ ਨੂੰ ਉਹੀ ਪੁਰਾਣਾ ਦਾਲ ਫੁਲਕਾ ਚੇਤੇ ਕਰਾਉਣ ਵਾਲੀ ਹੈ, ਤਾਂ ਜੋ ਉਸ ਨੂੰ ਆਪਣੀ ਪੁਰਾਣੀ ਔਕਾਤ ਚੇਤੇ ਰਹੇ।

ਮੈਨੂੰ ਨਹੀਂ ਪਤਾ ਕਿ ਜਿਮੀਂਦਾਰ ਦੀ ਮਹੀਨੇ ਦੀ ਆਮਦਨ ਕਿੰਨੀ ਹੈ, ਕਾਰਖਾਨੇਦਾਰ ਦੀ ਕਿੰਨੀ ਹੈ ਤੇ ਦੁਕਾਨਦਾਰ ਦੀ ਕਿੰਨੀ? ਮੈਂ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਜੇ ਕਿਸੇ ਦਾਰ ਅਰਥਾਤ ਮਾਲਕ ਨੂੰ ਮਹੀਨੇ ਦਾ ਲੱਖ ਰੁਪਿਆ ਬਚਦਾ ਹੋਵੇ ਤਾਂ ਮਜਦੂਰ ਨੂੰ ਸਿਰਫ ਪੰਜ-ਛੇ ਹਜ਼ਾਰ ਰੁਪਿਆ ਮਸਾਂ ਮਿਲਦਾ ਹੈ। ਜਿਮੀਂਦਾਰ, ਕਾਰਖਾਨੇਦਾਰ ਅਤੇ ਦੁਕਾਨਦਾਰ ਦੇ ਅਧੀਨ ਕੰਮ ਕਰਨ ਵਾਲੇ ਮਜਦੂਰ ਦੀ ਹਾਲਤ ਵੀ ਲਗਭਗ ਉਹੀ ਹੈ।

ਕਿਸੇ ਵੀ ਰਾਜਸੀ ਪਾਰਟੀ ਕੋਲ ਮਜ਼ਦੂਰ ਦੀਆਂ ਮੁਸ਼ਕਿਲਾਂ ਦਾ ਕੋਈ ਹੱਲ ਨਹੀਂ ਹੈ। ਕਿਸੇ ਨੂੰ ਜਿਮੀਂਦਾਰਾਂ ਦਾ ਫਿਕਰ ਹੈ, ਕਿਸੇ ਨੂੰ ਕਾਰਖਾਨੇਦਾਰਾਂ ਦਾ ਤੇ ਕਿਸੇ ਨੂੰ ਦੁਕਾਨਦਾਰਾਂ ਦਾ। ਵਿਚਾਰੇ ਮਜ਼ਦੂਰ ਦਰ ਦਰ ਭਟਕਣ ਜੋਗੇ ਹਨ, ਜਿਨ੍ਹਾਂ ਦਾ ਕੋਈ ਨਹੀਂ ਹੈ।

ਸੁਰਖੀ ਵਿਚ ਆਇਆ ਸ਼ਬਦ ਦਾਰੀਆਂ ਜਿਮੀਂਦਾਰਾਂ, ਕਾਰਖਾਨੇਦਾਰਾਂ ਤੇ ਦੁਕਾਨਦਾਰਾਂ ਦੇ ਐਸ਼ੋਅਰਾਮ ਤੇ ਸੁੱਖ ਸਹੂਲਤਾਂ ਦਾ ਸੰਕੇਤਕ ਹੈ ਅਤੇ ਇਸ ਦੇ ਨਾਲ ਆਇਆ ਦੂਜਾ ਸ਼ਬਦ ਦੂਰੀਆਂ ਮਜ਼ਦੂਰਾਂ ਦੀਆਂ ਮਜਬੂਰੀਆਂ ਤੇ ਦੁੱਖ ਤਕਲੀਫਾਂ ਵੱਲ ਸੰਕੇਤ ਕਰਦਾ ਹੈ।

ਇਸ ਲਿਖਤ ਦਾ ਮਨਸ਼ਾ ਹੈ ਕਿ ਦਾਰੀਆਂ ਤੇ ਦੂਰੀਆਂ ਦੀ ਵਿੱਥ ਅਣਮਨੁੱਖੀ ਹੈ; ਇਸ ਵਿੱਥ ਨੂੰ ਹਟਾਉਣ ਜਾਂ ਘਟਾਉਣ ਦਾ ਯਤਨ ਕਰਨਾ ਜਾਂ ਇਸ ਬਾਰੇ ਸੋਚਣਾ ਹੀ ਸਹੀ ਅਰਥਾਂ 'ਚ ਮਾਨਵਤਾ ਹੈ। ਇਸ ਵੱਲ ਧਿਆਨ ਦਿੱਤੇ ਬਗੈਰ ਨਾ ਅਸੀਂ ਮਾਨਵ ਕਹਾ ਸਕਦੇ ਹਾਂ ਤੇ ਨਾ ਮਾਨਵਤਾ ਪ੍ਰੇਮੀ।

ਕਿਸੇ ਨੇ ਸਵਾਲ ਕੀਤਾ ਕਿ ਜੇ ਦਾਰੀਆਂ ਵਾਲੇ ਆਪਣਾ ਪੈਸਾ ਨਾ ਲਾਉਣ ਤਾਂ ਮਜ਼ਦੂਰ ਕਿੱਥੋਂ ਕਮਾਈ ਕਰੇਗਾ?

ਇਹ ਸਵਾਲ ਬਿਲਕੁਲ ਵਾਜਬ ਹੈ, ਪਰ ਇਹ ਵੀ ਸੋਚਣਾ ਬਣਦਾ ਹੈ ਕਿ ਜੇ ਜਿਮੀਂਦਾਰ ਦੇ ਖੇਤ ਵਿਚ ਕੋਈ ਮਜ਼ਦੂਰ ਕੰਮ ਨਾ ਕਰੇ ਤਾਂ ਖੇਤ ਆਪਣੇ ਆਪ ਜਿਮੀਂਦਾਰ ਦਾ ਢਿੱਡ ਨਹੀਂ ਭਰ ਸਕਦਾ। ਜੇ ਕਾਰਖਾਨੇ 'ਚ ਮਜ਼ਦੂਰ ਕੰਮ ਨਾ ਕਰਨ ਤਾਂ ਕਾਰਖਾਨੇਦਾਰ ਨੂੰ ਕਾਰਖਾਨਾ ਹੀ ਖਾ ਜਾਵੇਗਾ। ਇਸੇ ਤਰ੍ਹਾਂ ਜੇ ਕਿਸੇ ਦੁਕਾਨ ਅੰਦਰ ਮਜ਼ਦੂਰ ਕੰਮ ਨਾ ਕਰਨ ਤਾਂ ਦੁਕਾਨ ਬੰਦ ਰਹੇਗੀ ਤੇ ਦੁਕਾਨਦਾਰ ਉਜੜ ਜਾਵੇਗਾ।

ਸਿਰਫ ਗੱਲੇ 'ਤੇ ਬਹਿਣ ਨਾਲ ਦੁਕਾਨਾਂ ਨਹੀਂ ਚਲਦੀਆਂ। ਮਜ਼ਦੂਰ ਦੀ ਮਿਹਨਤ ਮੁਸ਼ੱਕਤ ਬਿਨਾ ਜ਼ਿੰਦਗੀ ਦੀ ਗਤੀ ਸੰਭਵ ਨਹੀਂ ਹੈ।

ਸਾਡੇ ਸਮਾਜ ਵਿਚ ਰੁਪਏ ਲਾਉਣ ਵਾਲੇ ਤੇ ਰੱਜ ਰੱਜ ਖਾਣ ਵਾਲੇ ਵਿਹਲੜ ਹਨ ਤੇ ਕੰਮ ਕਰਨ ਵਾਲੇ ਅੱਤ ਦੀ ਗਰੀਬੀ, ਬੇਵਸੀ ਤੇ ਲਾਚਾਰੀ ਵਿਚ ਮਸਾਂ ਹੀ ਗ੍ਰਹਿਸਥੀ ਦੀ ਗੱਡੀ ਤੋਰਦੇ ਹਨ।

ਗੁਰੂ ਸਾਹਿਬਾਨ ਨੇ ਸਰਬੱਤ ਦੇ ਭਲੇ ਦਾ ਉਦੇਸ਼ ਮਿੱਥਿਆ ਸੀ ਤੇ ਮਹਾਤਮਾ ਗਾਂਧੀ ਨੇ ਸਾਨੂੰ ਸਰਵੋਦਯ ਦਾ ਨਾਅਰਾ ਦਿੱਤਾ ਸੀ। ਬੇਸ਼ੱਕ ਦੋਹਾਂ ਦਾ ਅਰਥ ਇੱਕੋ ਹੈ, ਪਰ ਸਾਡਾ ਸਮਾਜ ਸਰਬੱਤ ਦੇ ਭਲੇ ਅਤੇ ਸਰਵੋਦਯ ਤੋਂ ਕੋਹਾਂ ਦੂਰ ਹੈ।

**(ਅ) ਅਤੇ ਉਦਾਸੀ ਦਾ ਮਹਾਂ ਆਲਮ**

ਉਨ੍ਹੀਵੀਂ ਸਦੀ ਵਿਚ ਜਰਮਨ ਚਿੰਤਕ ਕਾਰਲ ਮਾਰਕਸ ਨੂੰ ਲੱਗਾ ਕਿ ਮਜ਼ਦੂਰ ਨੂੰ ਇੰਨਾ ਮਜਬੂਰ ਕਰ ਦਿੱਤਾ ਜਾਵੇਗਾ ਕਿ ਆਖਰ ਉਠ ਖੜ੍ਹਾ ਹੋਵੇਗਾ, ਹੰਭਲਾ ਮਾਰੇਗਾ, ਹੱਲਾ ਬੋਲੇਗਾ ਤੇ ਨਿਜ਼ਾਮ ਬਦਲ ਦੇਵੇਗਾ। ਇਸ ਤੋਂ ਪਹਿਲਾਂ ਕਿ ਮਜ਼ਦੂਰ ਅਜਿਹਾ ਕਰਦਾ, ਉਸ ਦਾ ਮੱਕੂ ਠੱਪ ਦਿੱਤਾ ਗਿਆ, ਜਿਸ ਦਾ ਉਸ ਨੂੰ ਪਤਾ ਵੀ ਨਾ ਲੱਗਾ।

ਫਿਰ ਇਕ ਹੋਰ ਜਰਮਨ ਚਿੰਤਕ ਹਰਬਰਟ ਮਾਰਕੂਜ਼ੇ ਨੇ ਵੀਹਵੀਂ ਸਦੀ ਵਿਚ ਆਪਣੀ ਪੁਸਤਕ 'ਵੰਨ ਡਾਇਮੈਨਸ਼ਨਲ ਮੈਨ' ਰਾਹੀਂ ਦੱਸਿਆ ਕਿ ਹੁਣ ਮਜ਼ਦੂਰ ਕੁਝ ਨਹੀਂ ਕਰ ਸਕੇਗਾ ਕਿਉਂਕਿ ਉਸ ਨੂੰ ਸਟੂਪੀਫਾਇ ਅਰਥਾਤ ਮੂਰਖ ਬਣਾ ਦਿੱਤਾ ਗਿਆ ਹੈ। ਉਸ ਨੇ ਸਰਪਲੱਸ ਵੈਲਿਊ ਦੇ ਨਾਲ ਸਰਪਲੱਸ ਰਿਪਰੈਸ਼ਨ ਨੂੰ ਜੋੜ ਕੇ ਦੱਸਿਆ ਕਿ ਦਾਰੀਆਂ ਵਾਲਿਆਂ ਦੀ ਇਸ ਚਾਲ ਅਤੇ ਸਾਜਿਸ਼ ਨੂੰ ਸਮਝਣਾ ਮਜ਼ਦੂਰ ਦੇ ਵੱਸ ਵਿਚ ਹੀ ਨਹੀਂ ਰਿਹਾ, ਜਿਸ ਕਰਕੇ ਉਸ ਤੋਂ ਹੁਣ ਕਿਸੇ ਇਨਕਲਾਬ ਦੀ ਕੋਈ ਉਮੀਦ ਨਹੀਂ ਰਹੀ।

ਮਜਦੂਰ ਹੁਣ ਕਿਰਤੀ ਨਹੀਂ ਰਿਹਾ, ਸਗੋਂ ਉਪਰਾਮਤਾ ਦੀ ਸ਼ਿਕਾਰ ਮਹਿਜ ਕੰਮ-ਕਾਜੀ ਮਸ਼ੀਨ ਬਣ ਗਿਆ ਹੈ, ਜਿਸ ਦੇ ਅਹਿਸਾਸ ਮਰ

***ਰਾਜਸੀ ਤੌਰ 'ਤੇ ਸਿੱਖ ਸਮਝਦੇ ਹਨ ਕਿ ਪੰਜਾਬ ਸਿਰਫ ਉਨ੍ਹਾਂ ਦਾ ਹੀ ਹੈ। ਅੱਧੇ ਕੁ ਪੰਜਾਬੀ ਹਿੰਦੂ ਚੁੱਪ-ਚੁਪੀਤੇ ਅਕਾਲੀਆਂ ਥੱਲੇ ਲੱਗ ਕੇ ਆਪਣਾ ਰਾਜਸੀ ਆਧਾਰ ਹੌਲੀ ਹੌਲੀ ਮਜਬੂਤ ਕਰ ਰਹੇ ਹਨ ਤੇ ਕੁਝ ਕਾਂਗਰਸ ਨਾਲ ਰਲ ਕੇ ਮਾੜਾ ਮੋਟਾ ਫਾਇਦਾ ਲੈ ਰਹੇ ਹਨ। ਤੀਜੀ ਧਿਰ ਦਲਿਤ ਹਨ, ਜੋ ਸਿਰਫ ਨੀਲੇ, ਪੀਲੇ ਕਾਰਡਾਂ ਤੇ ਦਾਲ ਫੁਲਕੇ ਦੀ ਸਕੀਮ ਵੱਲ ਝਾਕਦੇ ਰਹਿੰਦੇ ਹਨ।***

ਮੁੱਕ ਗਏ ਹਨ, ਜਿਸ ਨੇ ਹੋਣੀ ਨੂੰ ਆਪਣੀ ਤਕਦੀਰ ਮੰਨ ਲਿਆ ਹੈ, ਜੋ ਸਿਰਫ ਦੇਹ ਤੋਂ ਵੀ ਘੱਟ ਰਹਿ ਗਿਆ ਹੈ।

ਮਾਰਕੂਜ਼ੇ ਨੇ ਨਵੀਂ ਆਸ ਬੰਨਾਈ ਕਿ ਦਾਰੀਆਂ ਵਾਲਿਆਂ ਦੀ ਚਾਲ ਅਤੇ ਸਾਜਿਸ਼ ਨੂੰ ਹੁਣ ਵਿਦਿਆਰਥੀ ਬੇਨਕਾਬ ਕਰੇਗਾ ਤੇ ਨਿਜਾਮ ਬਦਲ ਦੇਵੇਗਾ। ਮਾਰਕੂਜ਼ੇ ਨੂੰ ਫਾਦਰ ਆਫ ਨਿਊ ਲੈਫਟ ਕਿਹਾ ਅਤੇ ਸਮਝਿਆ ਗਿਆ। ਉਸ ਨੇ ਉਮੀਦ ਰੱਖੀ ਕਿ ਹੁਣ ਵਿਦਿਆਰਥੀ ਨਿਜ਼ਾਮ ਵਿਚ ਤਬਦੀਲੀ ਲਿਆਉਣਗੇ। ਉਸ ਨੂੰ ਉਸ ਦੇ ਸਮੇਂ ਦੀਆਂ ਵੱਖ ਵੱਖ ਵਿਦਿਆਰਥੀ ਲਹਿਰਾਂ ਦੇ ਉਭਾਰ ਦਾ ਪ੍ਰੇਰਨਾ ਸਰੋਤ ਵੀ ਸਮਝਿਆ ਗਿਆ।

ਪਰ ਦਾਰੀਆਂ ਵਾਲਿਆਂ ਨੇ ਮਜ਼ਦੂਰ ਤੋਂ ਬਾਅਦ ਵਿਦਿਆਰਥੀ ਨੂੰ ਮੂਰਖ ਬਣਾਉਣ ਦੇ ਢੰਗ ਤਰੀਕੇ ਲੱਭਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿਚ ਵਿਦਿਆਰਥੀ ਨੂੰ ਗਿਆਨ ਭਰਪੂਰ ਚਿੰਤਨ ਦੀ ਥਾਂ ਜਾਣਕਾਰੀਆਂ ਵੱਲ ਰੁਚਿਤ ਕਰਨਾ ਅਤੇ ਉਸ ਨੂੰ ਜਾਣਕਾਰੀਆਂ ਦੇ ਹੜ੍ਹ ਵਿਚ ਰੋੜ੍ਹ ਦੇਣਾ ਸ਼ਾਮਲ ਹੈ। ਜਾਣਕਾਰੀਆਂ ਦੇ ਹੜ੍ਹ ਨੂੰ ਨਿੱਕੀ ਜਿਹੀ ਡੱਬੀ 'ਚ ਕੈਦ ਕਰਕੇ ਵਿਦਿਆਰਥੀ ਨੂੰ ਉਸ ਵਿਚ ਹੁਬੜ ਦੇਣ ਦਾ ਬੜਾ ਹੀ ਕਾਰਗਰ ਤਰੀਕਾ ਹੈ, ਵਿਦਿਆਰਥੀ ਨੂੰ ਮਹਾਂ ਤਬਦੀਲੀ ਤੋਂ ਰੋਕ ਦੇਣ ਦਾ। ਟੂ ਜੀ, ਥ੍ਰੀ ਜੀ, ਫੋਰ ਜੀ, ਫਾਈਵ ਜੀ ਤੇ ਹੋਰ ਪਤਾ ਨਹੀਂ ਕਿੰਨੇ ਜੀ, ਫ੍ਰੀ ਇੰਟਰਨੈਟ ਤੇ ਮੋਬਾਇਲ ਨੇ ਵਿਦਿਆਰਥੀ ਦੀ ਕਰਤਾਰੀ ਤਾਕਤ ਨੂੰ ਨਸ਼ਟ ਕਰ ਦਿੱਤਾ ਹੈ। ਹੁਣ ਵਿਦਿਆਰਥੀ ਵੀ ਵਿਦਿਆਰਥੀ ਵਿਰੋਧੀ ਹੋ ਗਿਆ ਹੈ।

ਸਕੂਲਾਂ, ਕਾਲਜਾਂ ਵਿਚੋਂ ਭਾਸ਼ਾ, ਫਲਸਫਾ, ਸਮਾਜ ਅਤੇ ਰਾਜਨੀਤੀ ਸ਼ਾਸਤਰ ਜਿਹੇ ਵਿਸ਼ਿਆਂ ਨੂੰ ਵਿਸਾਰ ਕੇ ਵਪਾਰੀ ਨੁਕਤੇ ਵਾਲੀ ਪੜ੍ਹਾਈ ਨੂੰ ਉਤਸ਼ਾਹਤ ਕਰਨ ਦਾ ਰੁਝਾਨ ਵਿਦਿਆਰਥੀ ਦੀ ਕਰਤਾਰੀ ਸਮਰੱਥਾ ਨੂੰ ਖੇਹ ਖਰਾਬ ਕਰਨ ਦੇ ਤੁੱਲ ਹੈ। ਇਸੇ ਕਰਕੇ ਸਾਡੇ ਸਮਾਜ ਵਿਚ ਪੜ੍ਹੇ ਲਿਖੇ ਅਨਪੜ੍ਹਾਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ। ਹੁਣ ਆਰਥਕ ਅਤੇ ਅਹੁਦੇ ਪੱਖੋਂ ਖੁਸ਼ਹਾਲ ਨੌਜਵਾਨਾਂ ਨੂੰ ਆਪਣੀ ਸਮਾਜਕਤਾ ਦਾ ਅਹਿਸਾਸ ਨਾਂਹ ਦੇ ਬਰਾਬਰ ਹੁੰਦਾ ਹੈ। ਇਸੇ ਕਰਕੇ ਸਾਡੇ ਸਮਾਜ ਵਿਚ ਕਾਮਯਾਬ ਬੰਦੇ ਦੀ ਪਛਾਣ ਵੱਡੀ ਕੋਠੀ ਅਤੇ ਕਾਰ ਤੱਕ ਸਿਮਟੀ ਹੋਈ ਹੈ।

'ਸੌ ਸਾਖੀ' ਦੱਸਦੀ ਹੈ ਕਿ ਦਸਮੇਸ਼ ਪਿਤਾ ਨੂੰ ਆਪਣੇ ਵਿਦਿਆਰਥੀਆਂ ਤੋਂ ਵੱਧ ਉਮੀਦ ਸੀ, ਜੋ ਉਨ੍ਹਾਂ ਆਖਿਆ: ਦੇਸ ਛੋਡ ਜਬ ਜਾਇ ਫਿਰੰਗੀ ਤਬ ਗਾਜੇਂਗੇ ਮੋਰੇ ਭੁਜੰਗੀ। ਦਾਰੀਆਂ ਵਾਲਿਆਂ ਨੇ ਦਸਮੇਸ਼ ਪਿਤਾ ਦੀ ਉਮੀਦ ਅੱਗੇ ਪ੍ਰਸ਼ਨ-ਚਿੰਨ੍ਹ ਲਾ ਦਿੱਤਾ ਹੈ। ਹੁਣ ਭੁਜੰਗੀ ਗੱਜਦੇ ਨਹੀਂ ਸਗੋਂ ਹੱਥਾਂ 'ਚ ਮੋਬਾਇਲ ਲਈ ਕੰਧਾਂ 'ਚ ਵੱਜਦੇ ਹਨ।

ਸਰਬੱਤ ਦੇ ਭਲੇ ਦੀ ਉਮੀਦ ਸਰਵੋਦਯ ਨੂੰ ਕਤਲ ਕਰਨ ਵਾਲੀ ਗੋਲੀ ਦੀ ਦਬੈਲ ਬਣ ਗਈ ਹੈ। ਹੁਣ ਦੂਰੀਆਂ ਨੂੰ ਦੂਰ ਦੂਰ ਕਰਨ ਵਾਲੀਆਂ ਦਾਰੀਆਂ ਦੇ ਮਹਾਂ ਜਾਲ ਨਾਲ ਕੌਣ ਨਿਪਟੂਗਾ? ਇਹ ਸੋਚ ਕੇ ਮਨ ਉਦਾਸੀ ਦੇ ਮਹਾਂ ਆਲਮ ਵਿਚ ਘਿਰ ਜਾਂਦਾ ਹੈ: ਕੋਈ ਉਮੀਦ ਬਰ ਨਹੀਂ ਆਤੀ, ਕੋਈ ਸੂਰਤ ਨਜ਼ਰ ਨਹੀਂ ਆਤੀ।

ਹਾਂ, ਇੱਕ ਸੂਰਤ ਨਜ਼ਰ ਆ ਰਹੀ ਹੈ। ਦਾਰੀਆਂ ਭੋਗਣ ਵਾਲਿਆਂ ਨੂੰ ਲੱਗਦਾ ਹੈ ਕਿ ਮੁਥਾਜ, ਲਾਚਾਰ ਤੇ ਗੁਲਾਮ ਬੰਦਾ ਕਦੀ ਨਾ ਕਦੀ ਵਿਦਰੋਹ ਕਰ ਹੀ ਸਕਦਾ ਹੈ। ਸ਼ਾਇਦ ਇਸੇ ਫਿਕਰ ਵਿਚੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਈਜਾਦ ਹੋ ਰਹੀ ਹੈ ਅਤੇ ਜਿਸ ਦਾ ਪ੍ਰਯੋਗ ਤੇ ਉਪਯੋਗ ਕਰਨ ਹਿਤ ਆਧੁਨਿਕ ਬੰਦਾ ਪੱਬਾਂ ਭਾਰ ਹੋਇਆ ਪਿਆ ਹੈ। ਉਸ ਨੂੰ ਲੱਗਦਾ ਹੈ ਕਿ ਬੰਦੇ ਨੂੰ ਹੁਣ ਕੁਝ ਕਰਨ ਦੀ ਲੋੜ ਨਹੀਂ ਹੈ; ਸਾਰੇ ਕੰਮ ਮਸ਼ੀਨ ਕਰੇਗੀ। ਇੱਥੋਂ ਤੱਕ ਕਿ ਮਸ਼ੀਨ ਨੂੰ ਹੁਣ ਇਹ ਦੱਸਣ ਦੀ ਵੀ ਲੋੜ ਨਹੀਂ ਰਹੇਗੀ ਕਿ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ। ਅਸੀਂ ਸੋਚਦੇ ਹਾਂ ਕਿ ਹੁਣ ਮਸ਼ੀਨ ਖੁਦ ਸੋਚੇਗੀ।

ਪਰ, ਸਾਡੇ ਸਮਿਆਂ ਦੇ ਵੱਡੇ ਵਿਗਿਆਨੀ ਸਟੀਫਨ ਹੌਕਿੰਗ ਨੇ ਚਿਤਾਵਨੀ ਦਿੱਤੀ ਸੀ ਕਿ ਖੁਦ ਸੋਚਣ ਵਾਲੀ ਮਸ਼ੀਨ ਖੁਦ ਸੋਚੇਗੀ; ਉਸ ਨੇ ਕੀ ਸੋਚਣਾ ਹੈ, ਇਹ ਸਿਰਫ ਉਸੇ ਨੂੰ ਪਤਾ ਹੋਵੇਗਾ। ਉਸ ਨੂੰ ਪ੍ਰਵਾਹ ਨਹੀਂ ਹੋਵੇਗੀ ਕਿ ਬੰਦਾ ਉਸ ਬਾਰੇ ਕੀ ਸੋਚਦਾ ਹੈ? ਅਜਿਹੀ ਈਜਾਦ ਮਨੁੱਖਤਾ ਨੂੰ ਭਸਮ ਕਰ ਸਕਦੀ ਹੈ, ਜਿਸ ਨਾਲ ਸਭ ਕਾਸੇ ਦਾ ਭੋਗ ਪੈ ਜਾਵੇਗਾ। ਨਾ ਰਹੇਗਾ ਬਾਂਸ ਤੇ ਨਾ ਰਹੇਗੀ ਬਾਂਸਰੀ। ਕਾਇਨਾਤ ਦਾ ਅੰਤ ਇਸ ਦੇ ਕੁਦਰਤੀ ਅੰਤ ਤੋਂ ਪਹਿਲਾਂ ਵੀ ਹੋ ਸਕਦਾ ਹੈ। ਇਹ ਵੀ ਨਹੀਂ ਕਹਿ ਸਕਦੇ ਕਿ ਬੰਦਾ ਹੱਥ ਮਲਦਾ ਰਹਿ ਜਾਵੇਗਾ। ਕੋਈ ਹੱਥ ਮਲਣ ਲਈ ਬਚੇਗਾ ਹੀ ਨਹੀਂ, "ਬੰਦੇ ਖੋਜੁ ਦਿਲ ਹਰ ਰੋਜ ਨ ਫਿਰੁ ਪਰੇਸਾਨੀ ਮਾਹਿ॥"

# ਐਗਜ਼ਿਟ ਪੋਲ...ਪੜ੍ਹੋ ਮੀਰਜ਼ਾਦੇ ਦੇ ਬੋਲ!

ਭਾਂਤ-ਸੁਭਾਂਤੇ ਚੈਨਲਾਂ ਦੇ ਰੰਗ-ਬਰੰਗੇ 'ਐਗਜ਼ਿਟ ਪੋਲ' ਦੇਖ ਕੇ ਸੋਸ਼ਲ ਮੀਡੀਆ 'ਤੇ ਕਈ ਸੱਜਣ ਫਾਸ਼ੀਵਾਦੀ ਤਾਕਤਾਂ ਦੀ ਕਥਿਤ 'ਚੜ੍ਹਾਈ' ਵਾਲੇ ਅੰਕੜਿਆਂ ਤੋਂ ਮਾਯੂਸ ਹੋ ਰਹੇ ਨੇ। ਕੋਈ ਵੀਰ ਉਨ੍ਹਾਂ ਦੀ ਖਿੱਲੀ ਉਡਾਉਂਦਾ ਕਿਸੇ ਹੋਰ ਚੈਨਲ ਦੇ 'ਮਨਭਾਉਂਦੇ' ਅੰਕੜੇ ਦਿਖਾ ਕੇ ਤਿਫਲ-ਤਸੱਲੀ ਦਾ ਪ੍ਰਗਟਾਵਾ ਕਰ ਰਿਹਾ ਐ!

ਅਜਿਹੇ ਵਿਚ ਮੈਨੂੰ ਆਪਣੇ ਪਿੰਡ ਦੀ ਇਕ

**ਤਰਲੋਚਨ ਸਿੰਘ ਦੁਪਾਲਪੁਰ**
ਫੋਨ: 408-915-1268

ਦਿਲਚਸਪ ਵਾਰਤਾ ਚੇਤੇ ਆ ਗਈ! ਸੰਨ ਸੰਤਾਲੀ ਤੋਂ ਪਹਿਲਾਂ ਸਾਡੇ ਪਿੰਡ ਮੁਸਲਿਮ ਪਰਿਵਾਰਾਂ ਵਿਚ ਮੀਰਜ਼ਾਦਿਆਂ ਦਾ ਵੀ ਇਕ ਟੱਬਰ ਰਹਿੰਦਾ ਸੀ, ਜੋ ਮੱਝਾਂ ਪਾਲ ਕੇ ਆਪਣਾ ਜੀਵਨ ਨਿਰਬਾਹ ਚਲਾਇਆ ਕਰਦਾ ਸੀ। ਬਜ਼ੁਰਗ ਦੱਸਿਆ ਕਰਦੇ ਕਿ ਸਾਰੇ ਪਿੰਡ ਦਾ ਚੌਣਾ (ਪਸ਼ੂਆਂ ਦਾ ਵੱਗ) ਇਕ ਪਾਲੀ ਚਰਾਉਣ ਜਾਂਦਾ ਹੁੰਦਾ ਸੀ। ਇਕ ਦਿਨ ਪਾਲੀ ਨੇ ਮੀਰਜ਼ਾਦੇ ਨੂੰ ਦੱਸਿਆ ਕਿ ਤੇਰੀ ਫਲਾਣੀ ਝੋਟੀ ਨਵੇਂ ਦੁੱਧ ਹੋ ਗਈ ਐ।

ਲਉ ਜੀ, ਮੀਰਜ਼ਾਦੇ ਨੇ ਉਸ ਦਿਨ ਤੋਂ ਬੜੇ ਚਾਅਵਾਂ ਰੀਝਾਂ ਨਾਲ ਝੋਟੀ ਦੀ ਉਚੇਚੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਤਾਰਾ-ਮੀਰਾ ਤੇ ਹੋਰ ਦਾਣਾ-ਦੱਪਾ ਵੀ ਚਾਰਨਾ ਸ਼ੁਰੂ ਕਰ ਦਿੱਤਾ। ਝੋਟੀ ਦੇਹੀ-ਪਿੰਡੇ ਕਾਫੀ ਨਿੱਖਰਨ ਲੱਗੀ। ਮੀਰਜ਼ਾਦੇ ਦਾ ਸਾਰਾ ਟੱਬਰ ਵੀ ਝੋਟੀ ਦੀ ਸੇਵਾ 'ਚ ਕਦੇ ਆਲਸ ਨਾ ਕਰਦਾ। ਕਹਾਵਤ ਹੈ, ਮੱਝਾਂ ਦੇ ਸੂਣ, ਦਰਿਆਵਾਂ ਦੇ ਵਹਿਣ ਤੇ ਰਾਜਿਆਂ ਦੇ ਫੈਸਲੇ ਅੱਖਾਂ ਪਕਾ ਦਿੰਦੇ ਨੇ! ਇੰਜ ਝੋਟੀ ਦੀ ਸੇਵਾ ਕਰਦਿਆਂ ਪੰਜ,




ਛੇ, ਸੱਤ ਮਹੀਨੇ ਬੀਤ ਗਏ ਤੇ ਚੜ੍ਹ ਪਿਆ ਅੱਠਵਾਂ ਮਹੀਨਾ। ਝੋਟੀ ਨੂੰ ਦੇਹੀ ਪਿੰਡੇ ਵਲੋਂ ਪਸਰਦੀ ਦੇਖ ਸਾਰਾ ਟੱਬਰ ਖੁਸ਼ ਹੋ ਰਿਹਾ ਸੀ। ਨੌਂਵਾਂ ਮਹੀਨਾ ਚੜ੍ਹਦਿਆਂ ਕਿਤੇ ਜਾਡਲੇ ਵਾਲਾ ਸਲੋਤਰੀ ਪਿੰਡ 'ਚ ਆਇਆ। ਉਸ ਨੇ ਚੈਕ ਕਰਕੇ ਦੱਸਿਆ ਕਿ ਇਹ ਤਾਂ 'ਖਾਲੀ' ਹੈ, ਭਾਵ ਸੂਣ ਵਾਲੀ ਨਹੀਂ!

ਬਜ਼ੁਰਗ ਹੱਸ ਹੱਸ ਕੇ ਦੱਸਿਆ ਕਰਦੇ ਸਨ ਕਿ ਮੀਰਜ਼ਾਦਾ ਸਾਰੇ ਪਿੰਡ 'ਚ ਕਹਿੰਦਾ ਫਿਰੇ ਅਖੇ ਭਰਾਵੋ, ਮੈਂ ਤਾਂ 'ਖੁੰਡਰਾਈ ਹੋਈ' ਮੱਝ (ਸੂਣ ਵਾਲੇ ਪਸ਼ੂ ਦੀ ਉਹ ਅਵਸਥਾ ਜਦ ਜਨਮ ਲੈ ਰਹੇ ਕਟਰੂ-ਵਛੜੂ ਦੇ ਪੈਰ ਬਾਹਰ ਆਏ ਦਿਸਦੇ ਹਨ) ਨੂੰ ਵੀ 'ਸੂਣ ਵਾਲੀ' ਨਾ ਕਹੂੰਗਾ!

ਸੋ, ਸੰਨ 2017 ਵਿਚ 'ਆਪ' ਦੀਆਂ ਇੱਟ ਜਿਹੀਆਂ ਪੱਕੀਆਂ ਸੌ ਤੋਂ ਵੱਧ ਸੀਟਾਂ ਬਣਾਈ ਬੈਠੇ ਪੰਜਾਬੀਓ ਘੱਟੋ ਘੱਟ ਤੁਸੀਂ ਤਾਂ ਉਕਤ ਮੀਰਜ਼ਾਦੇ ਦੇ ਬੋਲਾਂ 'ਤੇ ਪਹਿਰਾ ਦਿੰਦਿਆਂ ਤੇਈ ਮਈ ਤੱਕ ਕਿਸੇ ਐਗਜ਼ਿਟ ਪੋਲ ਦਾ ਯਕੀਨ ਨਾ ਕਰੋ!

## ਵੰਡ ਛਕਣ ਦਾ ਪਾਠ

ਆਪਣੇ ਆਪ ਨੂੰ ਉਤਮ ਕਹਿ ਕੇ
ਖੁਦ ਫਸ ਰਿਹਾ ਵਿਚ ਜੰਜਾਲ।
ਪਹਿਲਾਂ ਰਿਜਕ ਬਣਾ ਫਿਰ ਪੈਦਾ ਕਰਦਾ
ਛੱਡ ਬੈਠਾ ਤੂੰ ਉਸ ਦਾ ਖਿਆਲ।
ਉਸ ਦੀ ਹੋਂਦ ਲਈ ਤੇਰੇ ਲੱਖ ਸਵਾਲ
ਪਰ ਜਵਾਬ ਨਾ ਸੁਣਦਾ ਤੂੰ ਕਰ ਧਿਆਨ।
ਤੇਰੀ ਸਮਝ ਨੇ ਪਾਏ ਜੋ ਨਵੇਂ ਝਮੇਲੇ
ਔਖੀ ਕਰ ਰਹੇ ਪਲ ਪਲ ਤੇਰੀ ਹੀ ਜਾਨ।

ਬੰਦਾ ਤੇ ਤੂੰ ਬਣ ਨਾ ਸਕਿਆ
ਆ ਪੰਛੀ ਜੀਵਨ 'ਤੇ ਮਾਰ ਇਕ ਝਾਤ।
ਰੱਬ ਭਰੋਸਾ ਹੁੰਦਾ ਕੀ ਹੈ?
ਇਸ ਦੀ ਉਹ ਸਮਝਾ ਰਹੇ ਨੇ ਬਾਤ।
ਨੀਲ ਅਸਮਾਨੀ ਉਡਦੇ ਚਹਿਕਣ
ਤੱਕ ਲੈ ਕੀ ਕੀ ਕਰਦੇ ਨੇ।
ਨਾ ਉਹ ਕਰਦੇ ਰਿਜਕ ਜਖੀਰਾ
ਤੇ ਨਾ ਹੀ ਭੁੱਖੇ ਮਰਦੇ ਨੇ।
ਲੋਕ-ਲੁਕਾਵੇਂ ਗੁਦਾਮ ਬਣਾ ਕੇ
ਨੱਕੋ ਨੱਕ ਤੂੰ ਭਰ ਲਏ ਨੇ।
ਦੋ ਡੰਗ ਦੇ ਦੋ ਫੁਲਕੇ ਖਾਣੇ
ਦੱਸ ਵਾਧੂ ਹੋਰ ਕੀ ਕਰਨੇ ਨੇ?

ਭੁੱਖਣ ਭਾਣੇ ਤਨਾਂ ਦੇ ਰੋਗੀ
ਆਪਣੇ ਹਿੱਸੇ ਦਾ ਤੈਥੋਂ ਮੰਗਦੇ ਅੰਨ।
ਦਿਖਾਵੇ ਵਾਲੇ ਦਾਨੀ ਸੱਜਣਾ
ਉਨ੍ਹਾਂ ਲਈ ਨਾ ਤੇਰੇ ਗੁਦਾਮ ਉਛਲਦੇ
ਕਿਉਂ ਨਾ ਤੇਰਾ ਭਰਦਾ ਮਨ?
ਛੱਡ ਹਉਮੈ ਖਾਤਰ ਝੂਠੇ ਲੰਗਰ ਲਾਉਣੇ
ਵੰਡ ਛਕਣ ਦਾ ਸਿੱਖ ਲੈ ਪਾਠ।
'ਸੋਹਲ' ਅਗਲਾ ਤੇ ਸੰਵਰੂ ਹੀ ਸੰਵਰੂ
ਫਿਰ ਇਥੇ ਵੀ ਬਣ ਜਾਊ ਠਾਠ।

***-ਡਾ. ਬਲਵਿੰਦਰ ਸਿੰਘ ਸੋਹਲ***
***ਐਲਜਿਨ, ਇਲੀਨਾਇ।***
***ਵਟਸਐਪ: 91-98726-20123***

# ਸ਼ਿਕਵੇ ਦੀ ਸਰਗਮ


## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਆਸ ਦਾ ਵਿਖਿਆਨ ਕੀਤਾ ਸੀ ਕਿ ਆਸ ਬਿਨਾ ਜ਼ਿੰਦਗੀ ਨਿਭ ਨਹੀਂ ਸਕਦੀ। ਕਿਆਸ ਕਰੋ, ਬ੍ਰਿਹਣ ਨੂੰ ਮਾਹੀ ਦੀ ਉਡੀਕ ਦੀ! ਇਹ ਵੱਖਰੀ ਗੱਲ ਹੈ ਕਿ ਅੱਜ ਕੱਲ ਲੋਕਾਂ ਨੂੰ ਧੀਰਜ ਨਾਲ ਉਡੀਕਣਾ ਗਵਾਰਾ ਨਹੀਂ। ਉਹ ਤੱਤਫੱਟ ਨਤੀਜਿਆਂ ਦੀ ਆਸ ਅਤੇ ਅਮੀਰ ਬਣਨ ਦੀ ਲਾਲਸਾ ਕਾਰਨ ਉਡੀਕਹੀਣ ਹੋ ਜਾਂਦੇ, ਜੋ ਅਜਿਹੇ ਲੋਕਾਂ ਲਈ ਅਰਥਹੀਣਤਾ ਬਣ ਜਾਂਦੇ। ਸ਼ਿਕਵਾ, ਉਲਾਂਭਾ, ਨਿਹੋਰਾ, ਗਿਲਾ ਆਦਿ ਇਕ ਹੀ ਸੋਚ ਦਾ ਪ੍ਰਗਟਾਅ, ਪਰ ਇਹ ਇਨਸਾਨੀ ਜ਼ਿੰਦਗੀ ਦਾ ਹਿੱਸਾ ਹਨ। ਇਸ ਦੇ ਸਮਾਨੰਤਰ ਅਰਥਾਂ 'ਚੋਂ ਉਸਾਰੂ ਪ੍ਰਗਟਾਅ। ਇਸ ਲੇਖ ਵਿਚ ਡਾ. ਭੰਡਾਲ ਦੱਸਦੇ ਹਨ, "ਕਰਤਾਰੀ ਤੇ ਕਰਾਮਾਤੀ ਕੁਦਰਤ ਜਦ ਕਹਿਰਵਾਨ ਅਤੇ ਕਰੋਧਿਤ ਹੋ ਕੇ ਕਾਲ ਬਣਦੀ ਤਾਂ ਮਨੁੱਖੀ ਰਸਾਤਲ ਨੂੰ ਨਵੀਆਂ ਨਿਵਾਣਾਂ ਅਤੇ ਹਨੇਰ ਕੰਦਕਾਂ ਦੀ ਸੂਹ ਮਿਲਦੀ। ਕੁਦਰਤ ਨਾਲ ਸ਼ਿਕਵਾ ਕਰਨ ਤੋਂ ਪਹਿਲਾਂ ਕੁਦਰਤ ਦੇ ਉਲਾਂਭੇ ਵਿਚੋਂ ਕੁਝ ਸਾਰਥਕ ਕਰਨ ਤੇ ਕਰਵਾਉਣ ਦੀ ਆਦਤ ਪਾ ਲਈਏ ਤਾਂ ਉਲਾਂਭਿਆਂ ਦੀ ਨੌਬਤ ਹੀ ਨਹੀਂ ਆਉਣੀ।" ਉਨ੍ਹਾਂ ਦੀ ਇਹ ਗੱਲ ਬਿਲਕੁਲ ਸਹੀ ਹੈ, "ਕੁਝ ਲੋਕ ਸ਼ਿਕਵੇ ਕਰਦਿਆਂ ਹੀ ਜ਼ਿੰਦਗੀ ਗੁਜਾਰ ਦਿੰਦੇ। ਉਨ੍ਹਾਂ ਦੇ ਪੱਲੇ 'ਚ ਸ਼ਿਕਵਿਆਂ ਦਾ ਕੱਚਰਾ, ਪਰ ਜੋ ਹਿੰਮਤ, ਹੱਲਾਸ਼ੇਰੀ, ਹੱਠ ਅਤੇ ਹੌਂਸਲੇ ਨੂੰ ਯਾਰ ਬਣਾਉਂਦੇ ਉਨ੍ਹਾਂ ਦਾ ਨਸੀਬ ਬਣਦੀ ਜੀਵਨ-ਸੁਗੰਧੀ ਤੇ ਸੁਪਨ-ਸੁੰਦਰਤਾ।" ਉਨ੍ਹਾਂ ਦਾ ਇਹ ਕਥਨ ਬਿਲਕਲ ਸਹੀ ਹੈ ਕਿ ਸ਼ਿਕਵਾ ਕਦੇ ਵੀ ਨਾ ਹਿੰਮਤ ਵਾਲੇ ਕਰਦੇ ਅਤੇ ਨਾ ਹੀ ਉਨ੍ਹਾਂ ਨੂੰ ਉਲਾਂਭੇ ਸੁਣਨ ਦੀ ਆਦਤ। ਉਹ ਕੁਝ ਕਰਨ ਲਈ ਰੁਚਿਤ ਅਤੇ ਇਸ ਵਿਚੋਂ ਹੀ ਉਨ੍ਹਾਂ ਦੀ ਸ਼ਖਸੀਅਤ ਦਾ ਵਡੱਪਣ ਜੱਗ ਜਾਹਰ ਹੁੰਦਾ। -ਸੰਪਾਦਕ***

ਸ਼ਿਕਵਾ, ਆਸ ਦੀ ਬੇਆਸ, ਉਮੀਦ ਦੀ ਬੇ-ਉਮੀਦੀ ਅਤੇ ਪੂਰਨਤਾ ਦੀ ਅਪੂਰਨਤਾ ਵਿਚੋਂ ਪੈਦਾ ਹੋਈ ਮਾਨਸਿਕ ਵੇਦਨਾ। ਸ਼ਿਕਵਾ, ਆਪਣੇ-ਆਪ ਤੋਂ ਗਿਲਾਨੀ, ਆਪਣੀਆਂ ਕੁਤਾਹੀਆਂ ਦਾ ਓਹਲਾ ਅਤੇ ਆਪਣੀ ਅਸਮਰੱਥਾ ਦਾ ਝੁਠਲਾ।

ਸ਼ਿਕਵਾ, ਆਪਣੀ ਕਮੀਨਗੀ ਨੂੰ ਛੁਪਾਉਣ ਦੀ ਚਾਹਤ, ਕਿਸੇ ਖਤਰੇ ਤੋਂ ਅੱਖਾਂ ਮੀਟੀ ਜਾਣ ਦੀ ਚਾਹਤ ਅਤੇ ਬੇਰੁਖੀ, ਬੇਧਿਆਨੀ ਅਤੇ ਬੇਲਾਗਤਾ ਵਿਚੋਂ ਪੈਦਾ ਹੋਈ ਸਰਸਰਾਹਟ।

ਸ਼ਿਕਵਾ, ਕਦੇ ਆਪਣੇ ਆਪ ਤੋਂ, ਕਦੇ ਆਪਣਿਆਂ ਤੋਂ, ਕਦੇ ਬੇਗਾਨਿਆਂ ਤੋਂ ਕਦੇ ਕਿਸਮਤ ਤੋਂ, ਕਦੇ ਕੁਦਰਤ ਤੋਂ, ਕਦੇ ਰੱਬ ਨੂੰ ਅਤੇ ਕਦੇ ਖੁੰਝ ਚੁਕੇ ਸਬੱਬ ਤੋਂ।

ਸ਼ਿਕਵਾ, ਬਹੁਤ ਕੁਝ ਕਿਹਾ ਅਤੇ ਅਣਕਿਹਾ ਮਨੁੱਖੀ ਸੋਚ ਵਿਚੋਂ ਉਗਲਦਾ, ਵਿਅਕਤੀ ਵਿਚੋਂ ਉਸ ਦੇ ਅੰਤਰੀਵ ਨੂੰ ਬਾਹਰ ਖਿਲਾਰਦਾ ਅਤੇ ਬੰਦੇ ਵਿਚੋਂ ਬੰਦਗੀ ਅਤੇ ਬੰਦਾਈ ਨੂੰ ਨਿਕਾਲਦਾ।

ਸ਼ਿਕਵਾ, ਬੇਵਾ ਹੋ ਚੁਕੀ ਚਾਅ-ਚਾਹਨਾ ਦਾ ਮੁਰਝਾ ਜਾਣਾ, ਭਾਵਾਂ ਦੀ ਪਗਡੰਡੀ ਦਾ ਧੁੰਧਲ 'ਚ ਗਵਾਚ ਜਾਣਾ ਅਤੇ ਬੇਮਾਅਨੇ ਹੀ ਰੌਸ਼ਨ ਰਾਹਾਂ ਨੂੰ ਕੋਸਣਾ।

ਸ਼ਿਕਵਾ, ਕਈ ਵਾਰ ਸਿਰਫ ਬਾਹਰੀ ਹੁੰਦਾ, ਜੋ ਦਿਖਾਵੇ ਲਈ, ਭਰਮ ਪੈਦਾ ਕਰਨ ਅਤੇ ਖੁਦ ਨੂੰ ਕੋਰੀ ਕਲਪਨਾ ਵਿਚ ਉਲਝਾਈ ਰੱਖਣ ਦਾ ਨਾਮ, ਪਰ ਜਦ ਸ਼ਿਕਵਾ ਮਨੁੱਖ ਦੇ ਅੰਤਰੀਵ ਵਿਚੋਂ ਨਿਕਲਦਾ ਤਾਂ ਇਸ ਦੇ ਅਸੀਮ ਅਰਥਾਂ ਵਿਚ ਵਕਤ ਤੇ ਵਕਤ ਦੀਆਂ ਤੰਦਾਂ ਨੂੰ ਸੁਲਝਣ, ਸੰਵਰਨ ਅਤੇ ਸ਼ਿੰਗਾਰਨ ਦਾ ਵੱਲ, ਮਨ-ਬੀਹੀ ਦੀ ਦਸਤਕ ਬਣਦਾ।

ਸ਼ਿਕਵੇ, ਸਾਡੇ ਆਲੇ-ਦੁਆਲੇ ਫੈਲੇ। ਮਨੁੱਖੀ ਸੋਚ ਨੂੰ ਕੁਰੇਦਦੇ। ਇਸ ਨੂੰ ਪ੍ਰਸ਼ਨ ਕਰਦੇ ਅਤੇ ਸਾਰਥਕ ਉਤਰ ਦੀ ਆਸ ਵਿਚ ਕਈ ਵਾਰ ਇਹ ਸਾਹਾਂ ਲਈ ਉਲਾਂਭਾ ਵੀ ਬਣ ਜਾਂਦੇ। ਇਸ ਵਿਚੋਂ ਹੀ ਖੁਦਕੁਸ਼ੀਆਂ ਦੀ ਰੁੱਤ, ਕਿਸੇ ਦਰ-ਦਰਵਾਜੇ ਨੂੰ ਖੜਕਾਉਂਦੀ ਅਤੇ ਸ਼ਿਕਵੇ ਦੀ ਝੋਲੀ 'ਚ ਮਰਨ-ਮਿੱਟੀ ਪਾਉਂਦੀ।

ਸ਼ਿਕਵੇ ਨੂੰ ਸਮਝਣ, ਇਸ ਨੂੰ ਦੇਣ ਅਤੇ ਲੈਣ ਦੀ ਸੋਝੀ ਆ ਜਾਵੇ ਤਾਂ ਮਨੁੱਖ, ਮਨੁੱਖ ਬਣਨ ਦਾ ਫਰਜ਼ ਅਦਾ ਕਰਦਾ, ਸੁੱਚੇ ਸੁਪਨੇ ਦੀ ਚਿਰੰਜੀਵਤਾ ਲਈ ਖੁਦ ਸੂਲੀ 'ਤੇ ਚੜ੍ਹਦਾ ਅਤੇ ਸੁਪਨੇ ਦੇ ਨੈਣੀਂ ਪੂਰਨਤਾ ਦਾ ਸੂਰਜ ਧਰਦਾ।

ਸ਼ਿਕਵਾ, ਉਹ ਬੱਚਾ ਕਿਸ ਨੂੰ ਦੇਵੇ ਜਿਸ ਦੇ ਹਿੱਸੇ ਦਾ ਸੂਰਜ ਗਹਿਣੇ ਪੈ ਜਾਵੇ, ਜਿਸ ਦੇ ਤਨ ਦੇ ਲੰਗਾਰਾਂ ਨੂੰ ਗੁਰਬਤ ਖਾ ਜਾਵੇ, ਪੇਟ ਦਾ ਰੱਜ ਉਧਲ ਜਾਵੇ ਅਤੇ ਆਪਣੀ ਦਿੱਖ ਨੂੰ ਸਮਾਜ ਦਾ ਕੁਹਝ ਬਣਾਵੇ ਪਰ ਜੱਗ ਚੰਦਰਾ, ਉਸ ਦੀ ਲੇਰ ਦਾ ਹੁੰਗਾਰਾ ਭਰਨ ਤੋਂ ਕੰਨੀਂ ਕਤਰਾਵੇ।

ਸ਼ਿਕਵਾ, ਉਹ ਖੇਤ ਕਿਸ ਨੂੰ ਸੁਣਾਵੇ ਜਿਸ ਦਾ ਸਿਰਜਣਹਾਰਾ ਲਹਿਰਾਉਂਦੀਆਂ ਫਸਲਾਂ ਵਿਚੋਂ ਵੀ ਸੱਖਣੇ ਭੜੋਲਿਆਂ ਦਾ ਦਰਦ ਹੰਢਾਵੇ, ਪੈਰਾਂ ਦੀਆਂ ਬਿਆਈਆਂ ਦੇ ਕੋਈ ਵੀ ਮੌਜਾ ਮੇਚ ਨਾ ਆਵੇ, ਖਾਲ ਵਿਚ ਵਗਦੇ ਪਾਣੀਆਂ ਵਿਚ ਲਹੂ ਰੰਗੇ ਹਾਦਸਿਆਂ ਦਾ ਮਾਤਮ ਮਨਾਵੇ, ਰੁੰਡ-ਮਰੁੰਡ ਰੁੱਖ ਦੇ ਗਲ ਲੱਗ ਦੁੱਖੜੇ ਸੁਣਾਵੇ, ਫਿਰ ਟਾਹਣ 'ਤੇ ਪਰਨਾ ਲਟਕਾਵੇ, ਗਲ ਵਿਚ ਪਾਵੇ ਅਤੇ ਬਿਰਖ ਸੰਗ ਸੁੱਕਾ ਬਿਰਖ ਹੋ ਜਾਵੇ। ਹੇਠਾਂ ਬੱਝੀ ਬਲਦਾਂ ਦੀ ਜੋੜੀ ਆਪਣੇ ਮਾਲਕ ਦੇ ਪੈਰਾਂ ਨੂੰ ਚੁੰਮ-ਚੱਟ ਕੇ ਉਸ ਨੂੰ ਜਗਾਉਣਾ ਚਾਹੇ, ਧੀਰਜ ਬੰਨਾਵੇ ਕਿ ਅਸੀਂ ਤੇਰਾ ਦਰਦ ਵੰਡਾਵਾਂਗੇ, ਤੇਰੇ ਨਾਲ ਰਲ ਕੇ ਮਿਹਨਤ ਨਾਲ ਹਟਕੋਰੇ ਭਰਦੇ ਆਸ-ਚਿਰਾਗ ਨੂੰ ਜਗਾਵਾਂਗੇ। ਤੂੰ ਹੌਸਲਾ ਨਾ ਹਾਰ। ਪਰ ਮੌਤ ਹੱਥੋਂ ਹਾਰ ਚੁੱਕੇ ਕਿਰਤੀ ਦਾ ਦੁੱਖੜਾ ਕਿਹੜੀ ਪੌਣ ਦੇ ਮੇਚ ਆਵੇ ਕਿ ਉਚੇ ਦਰਵਾਜਿਆਂ ਨੂੰ ਰੁਦਨ 'ਚ ਰੋਂਦੀ ਹਵਾ ਦੀ ਸਿਸਕਣੀ ਸੁਣ ਜਾਵੇ ਅਤੇ ਉਹ ਮਾਤਮ ਦੀ ਰੁੱਤ ਨੂੰ ਬਹਾਰਾਂ ਦੀ ਰੁੱਤ ਦਾ ਨਗਮਾ ਬਣਾਵੇ। ਕੌਣ ਇਸ ਸ਼ਿਕਵੇ ਦੀ ਹਾਥ ਪਾਵੇ ਅਤੇ ਖੇਤਾਂ ਨੂੰ ਫਿਰ ਤੋਂ ਜਿਉਣ ਅਤੇ ਜੀਵਾਉਣ ਦਾ ਵਰ ਦੇ ਜਾਵੇ। ਹੁਣ ਤਾਂ ਖੇਤਾਂ, ਖਲਿਆਣਾਂ ਅਤੇ ਖਾਲਾਂ ਵਿਚ ਉਲਾਂਭਿਆਂ ਦੀ ਚੀਸ ਪਲਮਦੀ ਅਤੇ ਇਸ ਚੀਸ ਨੂੰ ਮਿਟਾਉਣ ਲਈ ਮਰ੍ਹਮ ਲਾਉਣ ਵਾਲਾ ਬਾਰੀਂ ਕੋਹੀਂ ਵੀ ਨਜ਼ਰ ਨਹੀਂ ਆਉਂਦਾ।

ਦੱਸੋ ਖਾਂ! ਦਰਿਆ ਆਪਣਾ ਸ਼ਿਕਵਾ ਕਿਹੜੇ ਪਾਣੀਆਂ ਦੇ ਨਾਮ ਲਾਵੇ ਜਿਨ੍ਹਾਂ ਨੂੰ ਕੁਝ ਤਾਂ ਬਰੇਤੇ ਜੀਰ ਗਏ ਅਤੇ ਕੁਝ ਨੂੰ ਜ਼ਹਿਰ ਬਣਨ ਦਾ ਸਰਾਪ ਮਿਲ ਗਿਆ। ਵਗਦੇ ਪਾਣੀਆਂ ਦੀ ਨਿਰਮਲਤਾ, ਸ਼ਫਾਫਤ ਅਤੇ ਰਫਤਾਰ, ਆਪਣਾ ਮਰਸੀਆ ਪੜ੍ਹਨ ਲਈ ਕਾਹਲੀ ਪੈ ਜਾਵੇ ਤਾਂ ਸ਼ਿਕਵਿਆਂ ਦੀ ਰੁੱਤ ਵੀ ਔਤਰ ਜਾਂਦੀ। ਪਾਣੀਆਂ ਨੂੰ ਮਨਸੀ ਜਾਂਦੀ ਮੌਤ। ਇਸ ਸਦਮੇ ਵਿਚੋਂ ਉਭਰਨ ਲਈ ਲੱਗ ਜਾਣੀਆਂ ਨੇ ਕਈ ਮੁਦਤਾਂ, ਕਿਉਂਕਿ ਜਦ ਪਾਣੀਆਂ ਨੂੰ ਨਿਖਸਮੇ, ਨਿਤਾਣੇ ਅਤੇ ਨਿਆਸਰੇ ਹੋਣ ਦਾ ਲਕਬ ਮਿਲ ਜਾਵੇ ਤਾਂ ਇਨ੍ਹਾਂ ਦੀ ਅਉਧ ਨੂੰ ਮਿਟਣ 'ਚ ਦੇਰ ਨਹੀਂ ਲੱਗਦੀ। ਜੇ ਇਹ ਸ਼ਿਕਵਾ ਕੋਈ ਸੁਣਦਾ ਜਾਂ ਪੜ੍ਹਦਾ ਹੋਵੇ ਤਾਂ ਪਾਣੀ ਦੀ ਫਰਿਆਦ ਸੁਣੋ। ਧਰਤ-ਪਿੰਡੇ 'ਤੇ ਉਤਾਰੇ ਜਾਣ ਵਾਲੇ ਮਾਰੂਥਲ ਦੀ ਇਬਾਰਤ ਨੂੰ ਅੰਤਰੀਵ 'ਚ ਚਿਤਾਰੋ। ਪਾਣੀਆਂ ਦੀ ਨਿਰਮਲਤਾ ਅਤੇ ਬਹੁਲਤਾ ਦੀ ਪੁਕਾਰ ਨੂੰ ਬਿਰਖਾਂ, ਪਰਿੰਦਿਆਂ ਅਤੇ ਖੇਤਾਂ ਦੀ ਪੁਕਾਰ ਬਣਾਓ। ਪਾਣੀ ਉਜੜ ਗਏ ਤਾਂ ਇਸ ਦੇ ਆਸਰੇ ਵੱਸਣ ਵਾਲੀਆਂ ਬਸਤੀਆਂ ਨੇ ਵੀ ਉਜੜ-ਥੇਹ ਬਣ ਜਾਣਾ।

ਸ਼ਿਕਵਾ, ਕੁਦਰਤ ਨਾਲ ਕਾਹਦਾ ਕਰੀਏ ਜੋ ਕਾਹਿਰਵਾਨ ਹੋਈ ਮਨੁੱਖੀ ਸਲਾਮਤੀ ਨੂੰ ਮਲੀਆ-ਮੇਟ ਕਰਨ ਲਈ ਕਾਹਲੀ। ਪਰ ਕੁਦਰਤ ਦਾ ਉਲਾਂਭਾ ਤਾਂ ਮਨੁੱਖ ਸੁਣਨ ਲਈ ਫਿਕਰਮੰਦ ਹੀ ਨਹੀਂ, ਜਿਸ ਦੀ ਅਵੱਗਿਆ ਵਿਚੋਂ ਹੀ ਮਨੁੱਖੀ ਵਿਨਾਸ਼ ਦਾ ਪਤੂੰਲ ਬੱਝਾ ਏ। ਕਰਤਾਰੀ ਤੇ ਕਰਾਮਾਤੀ ਕੁਦਰਤ ਜਦ ਕਹਿਰਵਾਨ ਅਤੇ ਕਰੋਧਿਤ ਹੋ ਕੇ ਕਾਲ ਬਣਦੀ ਤਾਂ ਮਨੁੱਖੀ ਰਸਾਤਲ ਨੂੰ ਨਵੀਆਂ ਨਿਵਾਣਾਂ ਅਤੇ ਹਨੇਰ ਕੰਦਕਾਂ ਦੀ ਸੂਹ ਮਿਲਦੀ। ਕੁਦਰਤ ਨਾਲ ਸ਼ਿਕਵਾ ਕਰਨ ਤੋਂ ਪਹਿਲਾਂ ਕੁਦਰਤ ਦੇ ਉਲਾਂਭੇ ਵਿਚੋਂ ਕੁਝ ਸਾਰਥਕ ਕਰਨ ਤੇ ਕਰਵਾਉਣ ਦੀ ਆਦਤ ਪਾ ਲਈਏ ਤਾਂ ਉਲਾਂਭਿਆਂ ਦੀ ਨੌਬਤ ਹੀ ਨਹੀਂ ਆਉਣੀ।

ਸ਼ਿਕਵਾ ਆਪਣਿਆਂ ਨਾਲ ਹੁੰਦਾ, ਜੋ ਬੇਵਫਾਈ ਦਾ ਵਰਗੀਕਰਣ ਕਰਦੇ, ਆਪਣੇ ਬਣ ਕੇ ਬੇਗਾਨਗੀ ਦਾ ਨਾਮ ਹੁੰਦੇ, ਜਿਨ੍ਹਾਂ ਦੇ ਮਖੌਟੇ ਵਿਚੋਂ ਨਿੱਜ ਝਲਕਦਾ, ਜੋ ਕਿਸੇ ਵੀ ਰਾਹ 'ਤੇ ਠਿੱਬੀ ਲਾਉਣ ਲਈ ਕਾਹਲੇ ਅਤੇ ਤੁਹਾਨੂੰ ਪੌੜੀ ਬਣਾ ਕੇ, ਖੁਦ ਮੰਜਿਲਾਂ 'ਤੇ ਪਹੁੰਚਣ ਲਈ ਉਤਾਵਲੇ।

ਸ਼ਿਕਵਾ ਤਾਂ ਉਸ ਸੋਚ ਨਾਲ ਕਰਨ ਨੂੰ ਜੀਅ ਕਰਦਾ ਜੋ ਆਪਣੇ ਅੰਦਰ ਤੋਂ ਬੇਮੁੱਖ ਹੋ, ਬਾਹਰੀਪਣ ਵਿਚੋਂ ਹੀ ਆਪਣਾ ਵਿਸਥਾਰ ਕਰਨਾ ਲੋਚਦੀ। ਅੰਦਰਲੇ ਕੂੜ-ਕਪਟ, ਫਰੇਬ ਅਤੇ ਕਮੀਨਗੀ ਨੂੰ ਬਾਹਰੀ ਓਹਲੇ ਵਿਚ ਲਪੇਟ ਕੇ, ਝੂਠ ਵਿਚੋਂ ਮੁਨਾਫਾਖੋਰੀ ਦਾ ਕਿੱਤਾ ਬਣਾ ਬੈਠੀ।

ਸ਼ਿਕਵਾ ਤਾਂ ਉਸ ਕਰਮ-ਚਾਹਤ ਨਾਲ ਵੀ ਏ, ਜਿਸ ਦੀ ਕਰਮ-ਚੇਤਨਾ ਵਿਚ ਲਾਲਸ, ਧੋਖਾ ਅਤੇ ਕਪਟ ਦੀ ਧਾਰਨਾ ਪ੍ਰਗਟਦੀ। ਉਹ ਨਿੱਜੀ ਸਲਤਨਤਾਂ ਦੀ ਉਸਾਰੀ ਵਿਚ ਗਰੀਬਾਂ ਤੇ ਕਿਰਤੀਆਂ ਦੀ ਮਿੱਝ ਨੂੰ ਗਾਰਾ ਬਣਾ, ਲਿੱਲਕੜੀਆਂ ਤੇ ਲੇਰਾਂ ਦਾ ਪਲੱਸਤਰ ਕਰ, ਦੁਮੇਲੜੇਪਣ ਦਾ ਪ੍ਰਗਟਾਵਾ ਕਰਦਾ।

ਸ਼ਿਕਵਾ ਕਿਸ ਨਾਲ ਕਰੇ ਜਦ ਕਿਰਤੀ ਨਿਲਾਮ ਹੋਵੇ, ਕਿਰਤ ਦੀ ਬੇਰੁਹਮਤੀ ਹੋਵੇ, ਕਿਰਤ-ਸਾਧਨਾ ਨੂੰ ਕੋਹਜ ਖਰੀਦ ਲਵੇ ਅਤੇ ਕਿਰਤੀ ਦੇ ਨੈਣਾਂ ਵਿਚ ਆਈ ਸੈਲਾਬ ਨੂੰ ਖੁਦ ਖੁਰਨ ਸਿਲਾ ਮਿਲੇ।

ਸ਼ਿਕਵਾ, ਕੋਈ ਕਿਸ ਨਾਲ ਕਰੇ ਜਦ ਮਾਂ-ਪਿਓ ਬਾਹਰਾ ਬੱਚਾ ਸੱਚੀ-ਸੁੱਚੀ ਕਿਰਤ ਸਾਧਨਾ ਨਾਲ ਸਫਲਤਾ ਦੀ ਨਵੀਂ ਬੁਲੰਦੀ ਲਈ ਪਸੀਨਾ ਵਹਾਉਂਦਾ, ਜੀਵਨੀ ਸਾਰਥਿਕਤਾ ਨੂੰ ਜਿਉਂਦਾ, ਪਲ ਵਿਚ ਹੀ ਮੁਥਾਜ ਹੋ ਜਾਵੇ। ਜੀਵਨ-ਮਿਨਾਰ ਡਿੱਕੋ ਡੋਲੇ ਖਾਵੇ। ਇਹ ਕੇਹੀ ਬੇਇਨਸਾਫੀ ਅਤੇ ਅਕ੍ਰਿਤਘਣਤਾ ਏ ਕੁਦਰਤ ਦੀ ਕਿ ਇਮਾਨਦਾਰ ਅਤੇ ਕਿਰਤੀਆਂ ਨੂੰ ਆਪਣਾ ਜੀਵਨ ਜਿਉਣ, ਆਪਣੇ ਨਾਲ ਸੰਵਾਦ ਰਚਾਉਣ, ਅੰਤਰੀਵ ਰਿਝਾਉਣ ਤੇ ਮਨ-ਬੀਹੀ ਵਿਚ ਖੁਸ਼ੀਆਂ ਦੇ ਮੇਲੇ ਲਾਉਣ ਅਤੇ ਬਰਕਤਾਂ ਨੂੰ ਵੰਡਣ-ਵੰਡਾਉਣ ਦਾ ਮੌਕਾ ਹੀ ਮਨਫੀ ਹੋ ਜਾਵੇ।

***ਦੱਸੋ ਖਾਂ! ਦਰਿਆ ਆਪਣਾ ਸ਼ਿਕਵਾ ਕਿਹੜੇ ਪਾਣੀਆਂ ਦੇ ਨਾਮ ਲਾਵੇ ਜਿਨ੍ਹਾਂ ਨੂੰ ਕੁਝ ਤਾਂ ਬਰੇਤੇ ਜੀਰ ਗਏ ਅਤੇ ਕੁਝ ਨੂੰ ਜ਼ਹਿਰ ਬਣਨ ਦਾ ਸਰਾਪ ਮਿਲ ਗਿਆ। ਵਗਦੇ ਪਾਣੀਆਂ ਦੀ ਨਿਰਮਲਤਾ, ਸ਼ਫਾਫਤ ਅਤੇ ਰਫਤਾਰ, ਆਪਣਾ ਮਰਸੀਆ ਪੜ੍ਹਨ ਲਈ ਕਾਹਲੀ ਪੈ ਜਾਵੇ ਤਾਂ ਸ਼ਿਕਵਿਆਂ ਦੀ ਰੁੱਤ ਵੀ ਔਤਰ ਜਾਂਦੀ। ਪਾਣੀਆਂ ਨੂੰ ਮਨਸੀ ਜਾਂਦੀ ਮੌਤ। ਇਸ ਸਦਮੇ ਵਿਚੋਂ ਉਭਰਨ ਲਈ ਲੱਗ ਜਾਣੀਆਂ ਨੇ ਕਈ ਮੁਦਤਾਂ, ਕਿਉਂਕਿ ਜਦ ਪਾਣੀਆਂ ਨੂੰ ਨਿਖਸਮੇ, ਨਿਤਾਣੇ ਅਤੇ ਨਿਆਸਰੇ ਹੋਣ ਦਾ ਲਕਬ ਮਿਲ ਜਾਵੇ ਤਾਂ ਇਨ੍ਹਾਂ ਦੀ ਅਉਧ ਨੂੰ ਮਿਟਣ 'ਚ ਦੇਰ ਨਹੀਂ ਲੱਗਦੀ। ਜੇ ਇਹ ਸ਼ਿਕਵਾ ਕੋਈ ਸੁਣਦਾ ਜਾਂ ਪੜ੍ਹਦਾ ਹੋਵੇ ਤਾਂ ਪਾਣੀ ਦੀ ਫਰਿਆਦ ਸੁਣੋ। ਧਰਤ-ਪਿੰਡੇ 'ਤੇ ਉਤਾਰੇ ਜਾਣ ਵਾਲੇ ਮਾਰੂਥਲ ਦੀ ਇਬਾਰਤ ਨੂੰ ਅੰਤਰੀਵ 'ਚ ਚਿਤਾਰੋ। ਪਾਣੀਆਂ ਦੀ ਨਿਰਮਲਤਾ ਅਤੇ ਬਹੁਲਤਾ ਦੀ ਪੁਕਾਰ ਨੂੰ ਬਿਰਖਾਂ, ਪਰਿੰਦਿਆਂ ਅਤੇ ਖੇਤਾਂ ਦੀ ਪੁਕਾਰ ਬਣਾਓ। ਪਾਣੀ ਉਜੜ ਗਏ ਤਾਂ ਇਸ ਦੇ ਆਸਰੇ ਵੱਸਣ ਵਾਲੀਆਂ ਬਸਤੀਆਂ ਨੇ ਵੀ ਉਜੜ-ਥੇਹ ਬਣ ਜਾਣਾ।***

ਸ਼ਿਕਵਾ ਤਾਂ ਬੇ-ਕਿਰਕ ਸਮਾਜ ਨਾਲ ਏ, ਜਿਸ ਦੀਆਂ ਕੁਤਾਹੀਆਂ ਵਿਚੋਂ ਕੁਕਰਮਾਂ ਅਤੇ ਕੁਰਹਿਤਾਂ ਉਪਜਦੀਆਂ। ਫੁੱਲਾਂ ਨੂੰ ਕਾਲੇ ਪਾਣੀ ਦੀ ਸਜ਼ਾ। ਬਾਬੇ-ਬਿਰਖਾਂ ਵਰਗੇ ਲੋਕ ਬੇਰੁੱਤੇ ਖੜਸੁੱਕ। ਅਰਦਾਸਾਂ ਵਰਗੀਆਂ ਮਾਂਵਾਂ ਦਰਾਂ 'ਤੇ ਤੀਲਾ-ਤੀਲਾ ਹੋਈ ਉਮੀਦ। ਆਪਣਿਆਂ ਨੂੰ ਉਡੀਕਦੇ ਘਰਾਂ ਨੂੰ ਸੱਖਣੇਪਣ ਦਾ ਸਰਾਪ। ਮਾਪਿਆਂ ਦੀਆਂ ਅਸਥੀਆਂ ਕਿਸ ਨਾਲ ਸ਼ਿਕਵਾ ਕਰਨ ਜਦ ਇਨ੍ਹਾਂ ਨੂੰ ਜਲਪ੍ਰਵਾਹ ਕਰਨ ਲਈ ਹੁੰਦੀ ਏ ਵੰਡ-ਵੰਡਾਈ। ਮਾਪਿਆਂ ਨੂੰ ਦਿਨਾਂ-ਮਹੀਨਿਆਂ ਵਿਚ ਤਕਸੀਮ ਕੀਤਾ ਜਾਂਦਾ। ਮਾਂ-ਪਿਓ ਤਕਸੀਮ ਹੋ ਕੇ, ਪਲ ਪਲ ਤਕਸੀਮ ਹੁੰਦੇ। ਤੇ ਆਖਰ ਆਪਣੇ ਸਾਹਾਂ ਨੂੰ ਪੌਣਾਂ ਦੇ ਨਾਂਵੇਂ ਤਕਸੀਮ ਕਰ ਜਾਂਦੇ। ਤਕਸੀਮ ਹੋਏ ਸਾਹ ਕਿਸ ਨਾਲ ਸ਼ਿਕਵਾ ਕਰਨ, ਕਿਸ ਨੂੰ ਨਿਹੋਰਾ ਦੇਣ ਅਤੇ ਕਿਉਂ ਪੌਣ-ਚੀਸ ਨੂੰ ਤਕਸੀਮ ਕਰਨ ਕਿਉਂਕਿ ਪਾਣੀ, ਪੌਣ ਅਤੇ ਪਿਓ-ਮਾਂ ਕਦੇ ਵੀ ਤਕਸੀਮ ਨਹੀਂ ਹੁੰਦੇ।

ਇਕ ਸ਼ਿਕਵਾ ਉਸ ਮਿੱਤਰ ਨਾਲ ਏ, ਜੋ ਕਦੇ ਵੀ ਖਤ ਦਾ ਹੁੰਗਾਰਾ ਨਹੀਂ ਭਰਦਾ, ਜੋ ਬੇਵਾਕ ਇਬਾਰਤ ਰਾਹੀਂ ਚੁੱਪ ਦੀ ਚਿੱਠੀ ਭੇਜਦਾ, ਜਿਸ ਦੀ ਅਬੋਲਤਾ ਵਿਚੋਂ ਬੇਰੁਖੀ ਅਤੇ ਬੇਗਾਨਗੀ ਝਲਕਦੀ। ਜਿਸ ਦੀ ਬੇਪਨਾਹ ਮੁਹੱਬਤ ਵਿਚੋਂ ਜ਼ਿੰਦਗੀ ਨੂੰ ਨਵੀਂ ਦਿਸ਼ਾ ਤੇ ਦੇਣ ਮਿਲੀ ਸੀ, ਜਦ ਉਹ ਹੀ ਖਾਮੋਸ਼ ਹੋ ਜਾਵੇ ਤਾਂ ਸਿਰਫ ਇਕ ਮੂਕ ਖਾਮੋਸ਼ੀ ਹੋਠਾਂ 'ਤੇ ਤਰਦੀ, ਜੋ ਕਾਵਿ-ਰੂਪ ਵਿਚ ਵਕਤ ਨੂੰ ਮੁਖਾਤਬ ਹੁੰਦੀ,

ਮੈਂ ਜਦ ਉਦਾਸ ਹੋਵਾਂ
ਤਾਂ ਆਪਣੀ ਬੇਟੀ ਨੂੰ ਫੋਨ ਕਰਦਾਂ
ਉਸ ਦੀ ਨਿੱਕੀ ਨਿੱਕੀ ਬਾਤਚੀਤ
ਮੇਰੀ ਉਦਾਸੀ ਨੂੰ ਚੂਸ ਲੈਂਦੀ
ਜਦ ਬਹੁਤਾ ਉਦਾਸ ਹੋਵਾਂ ਤਾਂ
ਮੈਂ ਹਰਫਾਂ ਦੀ ਪਨਾਹ ਵਿਚ ਜਾਂਦਾ
ਤੇ ਮੇਰੀ ਉਦਾਸੀ ਵਰਕਿਆਂ 'ਤੇ ਫੈਲ
ਮੈਨੂੰ ਸੁਰਖਰੂ ਕਰਦੀ
ਜਦ ਹੋਰ ਉਦਾਸ ਹੋਵਾਂ
ਤਾਂ ਮੈਂ ਆਪਣੇ ਅੰਤਰੀਵ 'ਚ ਉਤਰਦਾਂ
ਖੁਦ ਹੀ ਪ੍ਰਸ਼ਨ ਤੇ ਉਤਰ 'ਚ ਉਲਝਦਾ
ਅਤੇ ਮੇਰੀ ਉਦਾਸੀ
ਪ੍ਰਸ਼ਨ-ਉਤਰਾਂ ਦੇ ਝਮੇਲੇ 'ਚ ਗਵਾਚ ਜਾਂਦੀ
ਜਦ ਮੈਂ ਬਹੁਤ ਜ਼ਿਆਦਾ ਉਦਾਸ ਹੋਵਾਂ
ਤਾਂ ਮੈਂ ਚੁੱਪ ਕਰ ਜਾਂਦਾ
ਅਤੇ ਅੱਜ ਕੱਲ
ਅਕਸਰ ਮੈਂ ਚੁੱਪ ਹੀ ਰਹਿੰਦਾ ਹਾਂ।

ਸ਼ਿਕਵਾ, ਉਦਾਸੀਨਤਾ ਨਾਲ ਕੀ ਕਰੋਗੇ, ਜੋ ਚੌਗਿਰਦੇ ਨੇ ਤੁਹਾਡੀ ਜ਼ਹਿਨੀਅਤ ਦਾ ਅੰਗ ਬਣਾ ਦਿੱਤੀ ਹੋਵੇ। ਇਸ ਉਦਾਸੀ ਦਾ ਕਾਹਦਾ ਹਰਖ, ਕਰਨੀ ਪੈਣੀ ਖੁਦ ਦੀ ਪਰਖ, ਖੁਦ ਦੀ ਹੋਵੇ ਜਦ ਵੀ ਨਿਰਖ ਤਾਂ ਪੈਦਾ ਹੋਣੀ ਅਜਿਹੀ ਚਿੱਤ-ਚੇਤਨਾ ਕਿ ਜਿਸ ਨੇ ਉਦਾਸੀ ਨੂੰ ਉਦਮ ਵਿਚ ਤਬਦੀਲ ਕਰ, ਨਵੀਆਂ ਪਗਡੰਡੀਆਂ ਅਤੇ ਪਹੀਆਂ ਨੂੰ ਪ੍ਰਵਾਨਗੀ ਤੇ ਪਹਿਲ-ਕਦਮੀ ਦਾ ਆਧਾਰ ਬਣਾਉਣਾ।

ਸ਼ਿਕਵਾ ਤਾਂ ਵਕਤ ਦੇ ਉਸ ਪਹਿਰ ਨਾਲ ਕਰੀਏ, ਜਿਸ ਨੇ ਸਕਾਰਥਤਾ ਅਜਾਈਂ ਹੀ ਗਵਾਈ, ਆਪਣੇ ਹੱਥੀਂ ਆਪਣੀ ਹੀ ਅਰਥੀ ਸਜਾਈ, ਮੋਢੇ 'ਤੇ ਚਾਈ ਚਤੁਰਾਈ ਅਤੇ ਕਰਵਾਈ ਜੱਗ-ਹਸਾਈ, ਆਪਣੀ ਵੁੱਕਤ ਘਟਾਈ ਅਤੇ ਆਪਣੇ ਰਾਹਾਂ 'ਚ ਪੁੱਟੀ ਖਾਈ। ਜਦ ਲਾਹਨਤਾਂ ਨੇ ਸੁੱਤੀ ਹੋਈ ਗੈਰਤ ਜਗਾਈ, ਸੋਚ-ਸੰਵੇਦਨਾ ਨੂੰ ਜਾਗ ਲਾਈ ਅਤੇ ਨਵੀਆਂ ਤਰਜੀਹਾਂ ਤੇ ਤਦਬੀਰਾਂ ਦੀ ਹਾਥ ਪਾਈ। ਕਿਸਮਤ-ਰੇਖਾਵਾਂ ਨੂੰ ਮਸਤਕ 'ਤੇ ਸਿਰਜਣ ਤੇ ਕਲਾ-ਨਕਾਸ਼ੀ ਕਰਨ ਦੀ ਸਮਝ ਆਈ ਤਾਂ ਮੰਜ਼ਲ-ਸਿਖਰ ਨੂੰ ਗਲਵਕੜੀ ਪਾਈ।

ਸ਼ਿਕਵਾ ਕਰਨਾ, ਹਾਰ ਕੇ ਬੈਠਣਾ ਨਹੀਂ, ਨਿੰਮੋਝੂਣਤਾ ਵਿਚੋਂ ਸ਼ਖਸੀਅਤ ਵਿਚ ਧੁੰਧਲਕਾ ਪੈਦਾ ਕਰਨਾ ਨਹੀਂ, ਨਮੋਸ਼ੀ ਨੂੰ ਮਨ 'ਚ ਉਪਜਾਉਣਾ ਨਹੀਂ ਅਤੇ ਨਾ ਹੀ ਬੇ-ਆਸਰੇ, ਅਪੰਗ ਜਾਂ ਅਰਥਹੀਣ ਹੋ ਕੇ, ਖੈਰਾਤ ਲਈ ਹੱਥ ਅੱਡਣਾ ਹੁੰਦਾ। ਇਸ ਨੂੰ ਨਵੀਂ ਤਰਕੀਬ ਨਾਲ ਜ਼ਿਹਨ 'ਚ ਵਸਾਓ, ਅਣਖ ਦਾ ਸਵਾਲ ਬਣਾਓ ਅਤੇ ਕੁਝ ਕਰਕੇ ਦਿਖਾਓ। ਜਿਨ੍ਹਾਂ ਨਾਲ ਸ਼ਿਕਵਾ ਕਰਨ ਬਾਰੇ ਸੋਚ ਰਹੇ ਸੀ, ਉਹ ਰੰਗ-ਰੌਸ਼ਨੀ ਵਿਚ ਦਗਦੇ ਚਿਹਰਿਆਂ ਦੇ ਜਲਾਲ ਸਾਹਵੇਂ ਫਿੱਕੇ ਪੈ ਜਾਣਗੇ।

'ਤੇਰੇ ਬਿਨਾ ਜ਼ਿੰਦਗੀ ਸੇ ਕੋਈ ਸ਼ਿਕਵਾ ਤੋ ਨਹੀਂ' ਦੀ ਹੂਕ ਜਦ ਮਨ-ਵਿਹੜੇ ਵਿਚ ਗੂੰਜਦੀ ਤਾਂ ਮਨ ਵਿਚ ਸ਼ਿਕਵਿਆਂ ਦਾ ਸ਼ੋਰ ਹੁੰਦਾ, ਜਿਨ੍ਹਾਂ ਨੂੰ ਹੋਠਾਂ ਦੀ ਪਨਾਹ ਨਾ ਮਿਲਦੀ ਅਤੇ ਨਾ ਹੀ ਉਹ ਹਰਫਾਂ ਵਿਚ ਰਮ ਕੇ ਵਰਕਿਆਂ 'ਤੇ ਫੈਲਣ ਦੀ ਤਮੰਨਾ ਪੂਰੀ ਕਰ ਸਕਦੇ। ਫਿਰ ਅਜਿਹੀ ਕੂਕ ਹੀ ਹਵਾਵਾਂ ਦੇ ਨਾਮ ਹੁੰਦੀ। ਪੀੜ-ਪੀੜ ਹੋਣਾ ਜਦ ਕਿਸੇ ਦੇ ਭਾਗੀਂ ਹੋਵੇ ਤਾਂ ਜ਼ਿੰਦਗੀ ਦਾ ਸਾਜ਼ ਸੋਗੀ ਧੁਨ ਪੈਦਾ ਕਰਦਾ।

ਸ਼ਿਕਵਾ ਕਦੇ ਵੀ ਨਾ ਹਿੰਮਤ ਵਾਲੇ ਕਰਦੇ ਅਤੇ ਨਾ ਹੀ ਉਨ੍ਹਾਂ ਨੂੰ ਉਲਾਂਭੇ ਸੁਣਨ ਦੀ ਆਦਤ। ਉਹ ਕੁਝ ਕਰਨ ਲਈ ਰੁਚਿਤ ਅਤੇ ਇਸ ਵਿਚੋਂ ਹੀ ਉਨ੍ਹਾਂ ਦੀ ਸ਼ਖਸੀਅਤ ਦਾ ਵਡੱਪਣ ਜੱਗ ਜਾਹਰ ਹੁੰਦਾ।

ਕੁਝ ਲੋਕ ਸ਼ਿਕਵੇ ਕਰਦਿਆਂ ਹੀ ਜ਼ਿੰਦਗੀ ਗੁਜਾਰ ਦਿੰਦੇ। ਉਨ੍ਹਾਂ ਦੇ ਪੱਲੇ 'ਚ ਸ਼ਿਕਵਿਆਂ ਦਾ ਕੱਚਰਾ, ਪਰ ਜੋ ਹਿੰਮਤ, ਹੱਲਾਸ਼ੇਰੀ, ਹੱਠ ਅਤੇ ਹੌਸਲੇ ਨੂੰ ਯਾਰ ਬਣਾਉਂਦੇ ਉਨ੍ਹਾਂ ਦਾ ਨਸੀਬ ਬਣਦੀ ਜੀਵਨ-ਸੁਗੰਧੀ ਤੇ ਸੁਪਨ-ਸੁੰਦਰਤਾ। ਨਵੇਂ ਅੰਬਰਾਂ ਦੀ ਦੱਸ ਪੈਂਦੀ, ਤਾਰਿਆਂ ਦੀ ਸੂਹ ਮਿਲਦੀ ਅਤੇ ਚੰਦਰਮਾ ਨੂੰ ਧਰਤੀ 'ਤੇ ਲਿਆਉਣ ਦਾ ਸਾਹਸ ਪੈਦਾ ਹੁੰਦਾ।

ਸ਼ਿਕਵਾ, ਉਲਾਂਭਾ, ਨਿਹੋਰਾ, ਗਿਲਾ ਆਦਿ ਇਕ ਹੀ ਸੋਚ ਦਾ ਪ੍ਰਗਟਾਅ। ਇਸ ਦੇ ਸਮਾਨੰਤਰ ਅਰਥਾਂ 'ਚੋਂ ਉਸਾਰੂ ਪ੍ਰਗਟਾਅ। ਕੀਤੀ/ਹੋਈ ਕੋਤਾਹੀ, ਅਣਗਹਿਲੀ ਜਾਂ ਅਣਗੌਲੇਪਣ ਨੂੰ ਸੰਜੀਦਾ ਤੇ ਸਲੀਕੇ ਨਾਲ ਜ਼ਾਹਰ ਕਰਨ ਦੀ ਤਰਕੀਬ।

ਸ਼ਿਕਵੇ ਸ਼ਿਕਾਇਤਾਂ ਨਾਲ ਸਾਂਝਾਂ ਨਹੀਂ ਨਿਭਦੀਆਂ। ਇਨ੍ਹਾਂ ਤੋਂ ਉਪਰ ਉਠ ਕੇ ਹੀ ਸਾਂਝਾਂ, ਸਬੰਧਾਂ ਅਤੇ ਰਿਸ਼ਤਿਆਂ ਦੀਆਂ ਨੀਂਹਾਂ ਵਿਚ ਪਕਿਆਈ ਅਤੇ ਉਚਾਈ। ਕਦੇ ਸ਼ਿਕਵਾ ਕਰਨ ਵਾਲੇ ਨੂੰ ਵੀ ਕਹਿਣਾ ਕਿ ਤੂੰ ਸ਼ਿਕਵਾ ਕਰਕੇ ਚੰਗਾ ਕੀਤਾ। ਕਦੇ ਦਿਲ ਦੀ ਧੜਕਣ ਨੂੰ ਪੁੱਛ ਕੇ ਸਾਨੂੰ ਦੱਸੀਂ ਕਿ ਕਦੇ ਸਾਨੂੰ ਵੀ ਯਾਦ ਕੀਤਾ। ਸ਼ਿਕਵਾ-ਸ਼ਿਕਾਇਤ ਤੋਂ ਸੁਝਾਅ ਦਾ ਸਫਰ ਤਾਂ ਕਰ।

ਸ਼ਿਕਵਾ ਇਹ ਨਹੀਂ ਹੁੰਦਾ ਕਿ ਕੋਈ ਤੁਹਾਡਾ ਜ਼ਿਕਰ ਨਹੀਂ ਕਰਦਾ, ਫਿਕਰ ਨਹੀਂ ਕਰਦਾ। ਸਗੋਂ ਸ਼ਿਕਵਾ ਤਾਂ ਇਹ ਹੁੰਦਾ ਕਿ ਉਹ ਤੁਹਾਡੇ ਜ਼ਿਕਰ ਵਿਚੋਂ ਵੀ ਕਿਸੇ ਹੋਰ ਦੇ ਫਿਕਰ ਦਾ ਜ਼ਿਕਰ ਹੁੰਦਾ।

ਸ਼ਿਕਵਿਆਂ ਸੰਗ ਜਿਉਣ ਨਾਲੋਂ ਸ਼ੁਕਰ ਨੂੰ ਤਰਜੀਹ ਦੇਣਾ, ਜ਼ਿੰਦਗੀ ਦੀ ਸੁੱਚਮਤਾ ਅਤੇ ਉਚਮਤਾ ਨੂੰ ਹੋਰ ਬੁਲੰਦਗੀ ਮਿਲੇਗੀ।

ਜਦ ਆਪਣੇ ਹੀ ਬੇਗਾਨੇ ਹੋ ਜਾਂਦੇ ਤਾਂ ਸ਼ਿਕਵਾ ਕਰਨਾ ਬੇਅਰਥ। ਇਸ 'ਚੋਂ ਉਭਰਨ ਲਈ ਸ਼ਿਕਵਿਆਂ ਨੂੰ ਖੁਦ 'ਤੇ ਹਾਵੀ ਨਾ ਹੋਣ ਦੇਣ ਵਾਲੇ, ਸ਼ਿਕਵਿਆਂ ਨੂੰ ਹਰਾ, ਜ਼ਿੰਦਗੀ ਦੀ ਬਾਜ਼ੀ ਜਿੱਤਦੇ।

ਸ਼ਿਕਵਾ ਜਦ ਨਾਕਾਮ ਪ੍ਰੇਮੀ ਕਰੇ ਤਾਂ ਉਹ ਲੇਰ ਮਾਰਦਾ, ਸ਼ਿਕਵਾ ਇਹ ਨਹੀਂ ਕਿ ਤੂੰ ਮੇਰੇ ਤੋਂ ਦੂਰ ਏਂ। ਸ਼ਿਕਵਾ ਇਸ ਗੱਲ ਦਾ ਕਿ ਤੂੰ ਰਕੀਬ ਦੇ ਕਰੀਬ ਏਂ।

ਸ਼ਿਕਵਾ ਕਦੇ ਨਾ ਕਰ ਤੂੰ ਯਾਰਾ, ਕਰਕੇ ਕੁਝ ਦਿਖਲਾ। ਸਮੇਂ ਦੀ ਉਜੜੀ ਜੂਹ ਦੀ ਝੋਲੀ, ਸੰਗਵੇਂ ਸੁਪਨੇ ਪਾ। ਅੱਖ ਚਾਵਾਂ ਦੀ ਚੁੱਭੀ ਜਿਹੜੀ, ਹਿੰਮਤ ਸੁਰਮਚੂ ਪਾ। ਪੈਰਾਂ ਦੇ ਵਿਚ ਉਗੇ ਕੰਡੇ, ਰਾਹਾਂ ਵਿਚੋਂ ਹਟਾ। ਹੋਠੀਂ ਸਹਿਮੀ ਗਹਿਰੀ ਚੁੱਪ ਨੂੰ, ਬੋਲਾਂ ਸੰਗ ਗੁਣਗੁਣਾ। 'ਵਾਵਾਂ ਦੀ ਸਿਸਕੀ ਪੱਲੇ, ਹਾਸੇ ਨਿਓਂਦਾ ਪਾ। ਤੇਰੀ ਧਰਤੀ ਤੇ ਤੇਰੇ ਸੁਪਨੇ, ਹੱਥੀਂ ਖੁਦ ਉਗਾ। ਕਾਹਤੋਂ ਕਿਸੇ ਦੀ ਆਸ ਤੈਂ ਰੱਖਣੀ, ਖੁਦ ਨੂੰ ਬਰਕਤ ਬਣਾ। ਰੋਂਦੀ ਦੁਨੀਆਂ ਸਦਾ ਰੁਆਵੇ, ਹੱਸਣ ਦੀ ਆਦਤ ਪਾ। ਤਾਂ ਹੀ ਆਸਾਂ ਦੀ ਵੀਣੀ, ਲਰਜਣਾ ਵੰਗ-ਰਾਗ ਦਾ ਚਾਅ।

ਸ਼ਿਕਵਾ ਕਰਨ ਵਾਲਿਆਂ ਲਈ, ਸ਼ਿਕਵਾ ਸੁਣਨ ਦੀ ਸੋਝੀ ਵੀ ਜਰੂਰੀ। ਸ਼ਿਕਵਾ ਕਰਨ ਤੇ ਸੁਣਨ ਵਿਚਲੇ ਅੰਤਰ ਦਾ ਚਿੰਤਨ ਜਦ ਮਨੁੱਖੀ ਸੂਝ ਬਣਦਾ ਤਾਂ ਸ਼ਿਕਵਾ ਕਰਨ ਅਤੇ ਸੁਣਨ ਵਾਲੇ ਲੋਕ ਹੋ ਜਾਂਦੇ ਅਭੇਦ। ਫਿਰ ਸ਼ਿਕਵੇ ਵਿਚੋਂ ਹੀ ਨਵੀਆਂ ਕਾਮਨਾਵਾਂ, ਕੀਰਤੀਆਂ ਅਤੇ ਕਰਨੀਆਂ ਦੀ ਕਾਮਨਾ ਹੀ ਪੈਦਾ ਹੁੰਦੀ।

ਅਜਿਹੀ ਕਾਮਨਾ ਜਰੂਰ ਕਰਨੀ। ਸ਼ਿਕਵਾ ਕਦੇ ਵੀ ਤੁਹਾਡੇ ਲਈ ਸ਼ਿਕਵਾ ਨਹੀਂ ਰਹੇਗਾ।

# ਆਦਿ ਬੀੜ ਕਿਵੇਂ ਬਣੀ-ਕਿਸ਼ਤ ਦੂਜੀ

## ਗੁਰਬਾਣੀ ਵਿਚਾਰ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਬਾਣੀ ਸੁਨੇਹੇ ਭੇਜ ਕੇ ਕਿਤਿਓਂ ਇਕੱਠੀ ਨਹੀਂ ਸੀ ਕੀਤੀ ਗਈ।

ਪਹਿਲੀ ਕਿਸ਼ਤ ਵਿਚ ਇਹ ਨਿਰਣਾ ਕੀਤਾ ਗਿਆ ਸੀ ਕਿ ਗੁਰਬਾਣੀ ਦੀ ਮਹਾਨਤਾ ਤੋਂ ਕੋਰੇ ਲੇਖਕਾਂ ਦਾ ਪੰਜਵੇਂ ਗੁਰੂ ਜੀ ਵਲੋਂ ਗੁਰਬਾਣੀ ਇਕੱਠੀ ਕਰਨ ਦਾ ਹੋਕਾ ਦਿਵਾਉਣਾ ਕੋਰਾ ਝੂਠ ਸੀ। ਇਸ ਕਿਸ਼ਤ ਵਿਚ ਪ੍ਰਮਾਣ ਦੇ ਕੇ ਸਿੱਧ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਪੰਜਵੇਂ ਗੁਰੂ ਜੀ ਕੋਲ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਮੌਜੂਦ ਸੀ, ਜਿਸ ਕਾਰਨ ਗੁਰੂ ਜੀ ਨੂੰ ਕਿਤੇ ਵੀ ਕਿਸੇ ਨੂੰ ਆ ਕੇ ਬਾਣੀ ਜਮਾਂ ਕਰਾਉਣ ਦੇ ਸੁਨੇਹੇ ਨਹੀਂ ਭੇਜਣੇ ਪਏ। ਜਾਨ ਤੋਂ ਵੱਧ ਪਿਆਰੀ ਬਾਣੀ ਲਿਖ ਕੇ ਕੋਲ ਰੱਖਣ ਦੀ ਲੋੜ ਅਤੇ ਰੀਤ ਖੁਦ ਪਹਿਲੇ ਪਾਤਿਸ਼ਾਹ ਹੀ ਚਲਾ ਗਏ ਸਨ, ਜਿਸ ਦੀ ਪੁਸ਼ਟੀ ਭਾਈ ਗੁਰਦਾਸ ਇਉਂ ਕਰਦੇ ਹਨ,

**ਕਸ਼ਮੀਰਾ ਸਿੰਘ**
**ਫੋਨ: 801-414-0171**

ਪੁਛਨਿ ਗਲ ਈਮਾਨ ਦੀ
ਕਾਜ਼ੀ ਮੁਲਾਂ ਇਕਠੇ ਹੋਈ॥
ਵਡਾ ਸਾਂਗ ਵਰਤਾਇਆ
ਲਖਿ ਨ ਸਕੈ ਕੁਦਰਤਿ ਕੋਈ॥
ਪੁਛਨਿ ਫੋਲਿ ਕਿਤਾਬ ਨੋ
ਹਿੰਦੂ ਵਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆਂ
ਸ਼ੁਭ ਅਮਲਾਂ ਬਾਝੋ ਦੋਨੋ ਰੋਈ॥
ਹਿੰਦੂ ਮੁਸਲਮਾਨ ਦੋਇ
ਦਰਗਹਿ ਅੰਦਰ ਲਹਨਿ ਨ ਢੋਈ॥
ਕਚਾ ਰੰਗ ਕੁਸੁੰਭ ਦਾ
ਪਾਣੀ ਧੋਤੈ ਥਿਰ ਨ ਰਹੋਈ॥
ਕਰਨਿ ਬਖੀਲੀ ਆਪ ਵਿਚਿ
ਰਾਮ ਰਹੀਮ ਇਕ ਥਾਇ ਖਲੋਈ॥
ਰਾਹਿ ਸ਼ੈਤਾਨੀ ਦੁਨੀਆ ਗੋਈ॥
(ਵਾਰ 1, ਪਉੜੀ 33)

**ਵਿਚਾਰ:** ਪਉੜੀ ਵਿਚ ਜਿਸ 'ਕਿਤਾਬ' ਦਾ ਜ਼ਿਕਰ ਹੈ, ਉਹ ਗੁਰੂ ਨਾਨਕ ਪਾਤਿਸ਼ਾਹ ਕੋਲ ਬਾਣੀ ਦੀ ਪੋਥੀ ਸੀ, ਜਿਸ ਵਿਚ ਉਨ੍ਹਾਂ ਦੀ ਆਪਣੀ ਬਾਣੀ ਅਤੇ ਉਨ੍ਹਾਂ ਵਲੋਂ ਆਪ ਉਤਾਰਾ ਕਰ ਕੇ ਰੱਖੀ ਭਗਤ ਬਾਣੀ ਵੀ ਸੀ। ਕਾਜ਼ੀਆਂ ਅਤੇ ਮੌਲਾਣਿਆਂ ਨੇ 'ਵਡਾ ਹਿੰਦੂ ਕਿ ਮੁਸਲਮਾਨੋਈ' ਦਾ ਉਤਰ ਇਸੇ ਕਿਤਾਬ ਦੀ ਵਿਚਾਰਧਾਰਾ ਅਨੁਸਾਰ ਦੇਣ ਲਈ ਆਖਿਆ ਸੀ।

ਪਹਿਲੇ ਚਾਰ ਗੁਰੂ ਪਾਤਿਸ਼ਾਹਾਂ ਦੀ ਸਾਰੀ ਬਾਣੀ ਪੰਜਵੇਂ ਗੁਰੂ ਜੀ ਕੋਲ ਮੌਜੂਦ ਸੀ।

(ੳ) ਪਹਿਲੇ ਗੁਰੂ ਜੀ ਤੋਂ ਬਾਣੀ ਧੰਨ ਗੁਰੂ ਅੰਗਦ ਸਾਹਿਬ ਕੋਲ ਪਹੁੰਚੀ।

ਸ. ਜੀ. ਬੀ. ਸਿੰਘ ਨੇ ਕੀ ਕਿਹਾ?

'ਪ੍ਰਾਚੀਨ ਬੀੜਾਂ' ਪੁਸਤਕ ਦੇ ਲਿਖਾਰੀ ਜੀ. ਬੀ. ਸਿੰਘ ਨੇ ਪੰਨਾ 11-12 ਉਤੇ 'ਗੁਰਬਾਣੀ ਦੀ ਤਲਾਸ਼' ਸਿਰਲੇਖ ਹੇਠ ਲਿਖਿਆ ਹੈ ਕਿ ਪਹਿਲੇ ਗੁਰੂ ਜੀ ਕੋਲ ਬਾਣੀ ਦੀ ਪੋਥੀ ਸੀ ਪਰ ਦੂਜੇ ਗੁਰੂ ਜੀ ਕੋਲ ਨਹੀਂ ਪਹੁੰਚੀ, ਸਗੋਂ ਉਹ ਭਾਈ ਸ੍ਰੀਚੰਦ ਨੂੰ ਮਿਲੀ। ਭਾਈ ਸ੍ਰੀਚੰਦ ਦੇ ਚਲਾਣੇ ਸਮੇਂ ਉਹ ਬਾਣੀ ਦੀ ਪੋਥੀ ਵੀ ਭਾਈ ਸ੍ਰੀਚੰਦ ਦੀਆਂ ਅਸਥੀਆਂ ਨਾਲ ਹੀ ਰਾਵੀ ਦਰਿਆ ਵਿਚ ਰੋੜ੍ਹ ਦਿੱਤੀ ਗਈ ਕਿਉਂਕਿ ਲਿਖਾਰੀ ਅਨੁਸਾਰ ਭਾਈ ਸ੍ਰੀਚੰਦ ਦੀ ਹਦਾਇਤ 'ਤੇ ਅਜਿਹਾ ਕੀਤਾ ਗਿਆ।

**ਵਿਚਾਰ:** *ਜੇ ਪਹਿਲੇ ਗੁਰੂ ਜੀ ਦੀ ਬਾਣੀ ਦਰਿਆ ਵਿਚ ਰੋੜ੍ਹ ਦਿੱਤੀ ਗਈ ਸੀ ਤਾਂ ਦੂਜੇ ਗੁਰੂ ਜੀ ਨੇ ਕਿਸ ਬਾਣੀ ਨਾਲ ਸੰਗਤਾਂ ਵਿਚ ਪ੍ਰਚਾਰ ਕੀਤਾ? ਦੂਜੇ ਗੁਰੂ ਜੀ ਨਾ ਹੀ ਤਾਂ ਕੇਵਲ 63 ਹੀ ਸ਼ਲੋਕ ਹਨ ਅਤੇ ਉਨ੍ਹਾਂ ਨੇ 13 ਸਾਲ ਗੁਰਿਆਈ ਕੀਤੀ।

*ਪਹਿਲੇ ਗੁਰੂ ਜੀ ਨੇ ਆਪਣੀ ਹਯਾਤੀ ਵਿਚ ਹੀ ਭਾਈ ਲਹਿਣਾ ਨੂੰ ਗੁਰਿਆਈ ਦੇ ਕੇ ਗੁਰੂ ਅੰਗਦ ਸਾਹਿਬ ਬਣਾ ਦਿੱਤਾ ਸੀ। ਉਨ੍ਹਾਂ ਨੇ ਸਮੁੱਚੀ ਬਾਣੀ ਦਾ ਖਜ਼ਾਨਾ ਵੀ ਆਪਣੇ ਹੱਥੀਂ ਦੂਜੇ ਗੁਰੂ ਜੀ ਨੂੰ ਉਸੇ ਸਮੇਂ ਹੀ ਸੌਂਪਣਾ ਸੀ, ਕਿਉਂਕਿ ਇਸੇ ਮਹਾਨ ਤੇ ਕੀਮਤੀ ਵਿਰਸੇ ਨਾਲ ਹੀ ਗੁਰਮਤਿ ਵਿਚਾਰਧਾਰਾ ਨੂੰ ਅਗਾਂਹ ਤੋਰਿਆ ਅਤੇ ਦੂਜੇ ਗੁਰੂ ਜੀ ਇਸ ਖਜ਼ਾਨੇ ਨੂੰ ਸੰਭਾਲਣ ਦੇ ਯੋਗ ਵੀ ਸਨ ਤੇ ਇਸ ਦੇ ਹੱਕਦਾਰ ਵੀ। ਫਿਰ ਇਹ ਖਜ਼ਾਨਾ ਭਾਈ ਸ੍ਰੀਚੰਦ ਕੋਲ ਕਿਵੇਂ ਚਲਾ ਗਿਆ?

*ਸਵਾਲ ਇਹ ਵੀ ਹੈ ਕਿ ਪੰਜਵੇਂ ਗੁਰੂ ਜੀ ਨੇ ਪਹਿਲੇ ਗੁਰੂ ਜੀ ਅਤੇ ਭਗਤਾਂ ਦੀ ਬਾਣੀ ਫਿਰ ਕਿੱਥੋਂ ਲੈ ਕੇ ਆਦਿ ਬੀੜ ਵਿਚ ਦਰਜ ਕੀਤੀ, ਜੇ ਉਹ ਰਾਵੀ ਦਰਿਆ ਵਿਚ ਹੀ ਰੋੜ੍ਹ ਦਿੱਤੀ ਸੀ? ਲਿਖਾਰੀ ਜੀ. ਬੀ. ਸਿੰਘ ਦੀ ਇਹ ਦਲੀਲ ਬਿਲਕੁਲ ਕੱਚੀ ਹੈ, ਜੋ ਪਹਿਲੇ ਦੋ ਗੁਰੂ ਪਾਤਿਸ਼ਾਹਾਂ ਦੀ ਬਾਣੀ ਦੇ ਵਰਤੇ ਸਾਂਝੇ ਸ਼ਬਦਾਂ ਦੇ ਟਾਕਰੇ ਤੋਂ ਸਪੱਸ਼ਟ ਹੋ ਜਾਵੇਗੀ।

ਹੁਣ ਟਾਕਰਾ ਕਰਦੇ ਹਾਂ ਪਹਿਲੇ ਦੋ ਗੁਰੂ ਸਾਹਿਬਾਨ ਦੀ ਬਾਣੀ ਦਾ,

(1) ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥ (ਮ: ਪਹਿਲਾ, ਪੰਨਾ 474)
ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
(ਮ: ਦੂਜਾ, ਪੰਨਾ 474)

(2) ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥ (ਮ: ਪਹਿਲਾ, ਪੰਨਾ 474)
ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥ (ਮ: ਦੂਜਾ, ਪੰਨਾ 474)

(3) ਸੇਈ ਪੂਰੇ ਸਾਹ ਵਖਤੈ
ਉਪਰਿ ਲੜਿ ਮੁਏ॥
(ਮ: ਪਹਿਲਾ, ਪੰਨਾ 145)
ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥
(ਮ: ਦੂਜਾ, ਪੰਨਾ 146)

(4) ਸਭੇ ਵੇਲਾ ਵਖਤ ਸਭਿ
ਜੇ ਅਠੀ ਭਉ ਹੋਇ॥
(ਮਹਲਾ ਪਹਿਲਾ, ਪੰਨਾ 146)
ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥
(ਮ: ਦੂਜਾ, ਪੰਨਾ 146)
ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥
(ਸਲੋਕ ਮ: ਦੂਜਾ, ਪੰਨਾ 146)

(5) ਸਲੋਕੁ॥ ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥ (ਮ: ਪਹਿਲਾ, ਪੰਨਾ 145)
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥ (ਮ: ਦੂਜਾ, ਪੰਨਾ 146)

(6) ਸਲੋਕੁ॥ ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ॥1॥
(ਮਹਲਾ ਪਹਿਲਾ, ਪੰਨਾ 8)

---

ਪਉਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ॥
ਦਿਨਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ
ਵਾਚੇ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ
ਹੋਰ ਕੇਤੀ ਛੁਟੀ ਨਾਲਿ॥ (ਮ: ਦੂਜਾ, 146)

ਉਕਤ ਬਾਣੀ ਦੇ ਸ਼ਬਦਾਂ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਪਹਿਲੇ ਗੁਰੂ ਜੀ ਤੋਂ ਬਾਣੀ ਦਾ ਖਜ਼ਾਨਾ ਦੂਜੇ ਗੁਰੂ ਜੀ ਕੋਲ ਆ ਗਿਆ ਸੀ। ਨਾ ਹੀ ਇਸ ਖਜ਼ਾਨੇ ਨੂੰ ਰਾਵੀ ਦਰਿਆ ਵਿਚ ਰੋੜ੍ਹਿਆ ਗਿਆ ਸੀ, ਨਾ ਹੀ ਇਹ ਖਜ਼ਾਨਾ ਭਾਈ ਸ੍ਰੀਚੰਦ ਕੋਲ ਗਿਆ ਸੀ ਅਤੇ ਨਾ ਹੀ ਕਿਤੇ ਖਿਲਾਰਿਆ ਗਿਆ ਸੀ।

(ਅ) ਪਹਿਲੇ ਗੁਰੂ ਜੀ ਦੀ ਬਾਣੀ ਦੀ ਤੀਜੇ, ਚਉਥੇ ਅਤੇ ਪੰਜਵੇਂ ਗੁਰੂ ਜੀ ਦੀ ਬਾਣੀ ਨਾਲ ਸ਼ਬਦਾਂ ਦੀ ਸਾਂਝ:

**ਸ੍ਰੀ ਰਾਗ ਦੇ ਸ਼ਬਦਾਂ ਵਿਚ ਵਰਤੇ ਸਾਂਝੇ ਸ਼ਬਦ:**

ਗੁਰੂ ਨਾਨਕ ਪਾਤਿਸ਼ਾਹ ਨੇ ਸ੍ਰੀ ਰਾਗ ਦੇ ਕੁਝ ਸ਼ਬਦਾਂ ਦੀ ਰਹਾਉ ਦੀ ਤੁਕ ਵਿਚ ਭਾਈ ਰੇ, ਮਨ ਮੇਰੇ, ਮੇਰੇ ਮਨ ਅਤੇ ਮੁੰਧੇ ਸ਼ਬਦਾਂ ਦੀ ਸੰਬੋਧਨ ਕਾਰਕ ਵਿਚ ਵਰਤੋਂ ਕੀਤੀ ਹੈ। ਇਸੇ ਨੂੰ ਮੁੱਖ ਰੱਖ ਕੇ ਤੀਜੇ ਗੁਰੂ ਜੀ ਨੇ ਵੀ ਭਾਈ ਰੇ, ਮਨ ਮੇਰੇ, ਮੇਰੇ ਮਨ ਅਤੇ ਮੁੰਧੇ ਸ਼ਬਦਾਂ ਦੀ ਸ੍ਰੀ ਰਾਗ ਵਿਚ ਕੁਝ ਸ਼ਬਦਾਂ ਦੀ ਰਹਾਉ ਦੀ ਤੁਕ ਵਿਚ ਵਰਤੋਂ ਕੀਤੀ ਹੈ। ਚੌਥੇ ਗੁਰੂ ਜੀ ਨੇ ਵੀ ਭਾਈ ਰੇ ਅਤੇ ਪੰਜਵੇਂ ਗੁਰੂ ਜੀ ਨੇ ਮਨ ਮੇਰੇ, ਮੇਰੇ ਮਨ, ਭਾਈ ਰੇ ਸ਼ਬਦ ਸੰਬੋਧਨ ਕਾਰਕ ਵਿਚ ਸ੍ਰੀ ਰਾਗ ਦੇ ਕੁਝ ਸ਼ਬਦ ਰਹਾਉ ਦੀ ਤੁਕ ਵਿਚ ਵਰਤੇ ਹਨ। ਪ੍ਰਮਾਣ ਵਜੋਂ ਪਹਿਲੇ ਗੁਰੂ ਜੀ ਦੇ ਰਚੇ ਸ੍ਰੀ ਰਾਗ ਦੇ ਸ਼ਬਦ ਨੰਬਰ 10, 11, 12, 13, 15, 19, 20, 21, 22 ਅਤੇ 23 ਦੇਖੇ ਜਾ ਸਕਦੇ ਹਨ। ਤੀਜੇ ਗੁਰੂ ਜੀ ਦੇ ਇਸੇ ਰਾਗ ਦੇ ਸ਼ਬਦ ਨੰਬਰ 1, 2, 5, 6, 7, 8, 10, 11, 12, 19, 28 ਅਤੇ 29 ਦੇਖੇ ਜਾ ਸਕਦੇ ਹਨ। ਚਉਥੇ ਗੁਰੂ ਜੀ ਦੇ ਇਸੇ ਰਾਗ ਦੇ ਸ਼ਬਦ ਨੰਬਰ 5 ਅਤੇ 6 ਦੇਖੇ ਜਾ ਸਕਦੇ ਹਨ। ਪੰਜਵੇਂ ਗੁਰੂ ਜੀ ਦੇ ਸ੍ਰੀ ਰਾਗ ਦੇ ਸ਼ਬਦ ਨੰਬਰ 1, 2, 5, 6, 13 ਅਤੇ 30 ਦੇਖੇ ਜਾ ਸਕਦੇ ਹਨ। ਇਹ ਇਸ ਗੱਲ ਦਾ ਸਬੂਤ ਹੈ ਕਿ ਪਹਿਲੇ ਗੁਰੂ ਜੀ ਦੀ ਬਾਣੀ ਬਾਕੀ ਚਾਰ ਗੁਰੂ ਸਾਹਿਬਾਨ ਕੋਲ ਮੌਜੂਦ ਸੀ। ਦੂਜੇ ਗੁਰੂ ਜੀ ਨੇ ਸ਼ਬਦ ਰਚਨਾ ਨਹੀਂ ਕੀਤੀ, ਉਨ੍ਹਾਂ ਦੇ ਕੇਵਲ ਸਲੋਕ ਹੀ ਹਨ, ਜੋ ਵੱਖ-ਵੱਖ ਵਾਰਾਂ ਵਿਚ ਲਿਖੇ ਦੇਖੇ ਜਾ ਸਕਦੇ ਹਨ। ਹੇਠਾਂ ਕੁਝ ਹੋਰ ਪ੍ਰਮਾਣ ਹਨ, ਜੋ ਸਾਬਤ ਕਰਦੇ ਹਨ ਕਿ ਪਹਿਲੇ ਪਾਤਿਸ਼ਾਹ ਦੀ ਬਾਣੀ ਤੀਜੇ ਗੁਰੂ ਜੀ ਕੋਲ, ਦੂਜੇ ਗੁਰੂ ਜੀ ਰਾਹੀਂ ਆ ਗਈ ਸੀ,

(1) ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ (ਮਹਲਾ ਪਹਿਲਾ, ਪੰਨਾ 1412)
ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥ (ਮਹਲਾ ਤੀਜਾ, ਪੰਨਾ 1412)

**ਵਿਚਾਰ:** ਸ਼ਲੋਕ ਵਾਰਾਂ ਤੇ ਵਧੀਕ ਵਿਚੋਂ ਲਿਆ ਉਕਤ ਇੱਕੋ ਪ੍ਰਮਾਣ ਹੀ ਸਿੱਧ ਕਰਦਾ ਹੈ ਕਿ ਪਹਿਲੇ ਸਤਿਗੁਰੂ ਜੀ ਦਾ ਲਿਖਿਆ ਸ਼ਲੋਕ ਨੰਬਰ 27 ਤੀਜੇ ਗੁਰੂ ਜੀ ਕੋਲ ਆਏ ਬਾਣੀ ਦੇ ਖਜ਼ਾਨੇ ਵਿਚ ਸੀ ਜਿਸ ਨੂੰ ਪੜ੍ਹ-ਵਿਚਾਰ ਕੇ ਤੀਜੇ ਗੁਰੂ ਜੀ ਨੇ ਆਪਣਾ ਇੱਕ ਸ਼ਲੋਕ ਨੰਬਰ 28 ਇਸੇ ਪ੍ਰਥਾਇ ਲਿਖਿਆ। ਇਹ ਦੋਵੇਂ ਸ਼ਲੋਕ ਪੰਜਵੇਂ ਗੁਰੂ ਜੀ ਕੋਲ ਵੀ ਸਨ ਕਿਉਂਕਿ ਉਨ੍ਹਾਂ ਨੇ ਹੀ ਪਹਿਲੇ ਗੁਰੂ ਜੀ ਦੇ ਸ਼ਲੋਕਾਂ ਵਿਚ ਤੀਜੇ ਗੁਰੂ ਜੀ ਦਾ ਸ਼ਲੋਕ ਦਰਜ ਕੀਤਾ ਸੀ ਅਤੇ ਉਨ੍ਹਾਂ ਨੇ ਹੀ ਸ਼ਲੋਕ ਵਾਰਾਂ ਤੇ ਵਧੀਕ ਸੰਗ੍ਰਿਹ ਬਣਾਇਆ ਸੀ।

(2) ਤੀਜੇ ਗੁਰੂ ਜੀ ਨੇ ਪਹਿਲੇ ਗੁਰੂ ਜੀ ਦੇ ਵਿਚਾਰ ਨੂੰ ਖੋਲ੍ਹ ਕੇ ਲਿਖਿਆ, ਜੋ ਸਿੱਧ ਕਰਦਾ ਹੈ ਕਿ ਤੀਜੇ ਗੁਰੂ ਜੀ ਕੋਲ ਦੂਜੇ ਗੁਰੂ ਜੀ ਰਾਹੀਂ, ਪਹਿਲੇ ਗੁਰੂ ਜੀ ਕੋਲ ਬਣਿਆ ਬਾਣੀ ਦਾ ਖਜ਼ਾਨਾ ਪਹੁੰਚ ਚੁਕਾ ਸੀ। ਦੇਖੋ ਇਹ ਪ੍ਰਮਾਣ,

ਸਲੋਕੁ ਮ: ਪਹਿਲਾ॥
ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥
ਮ: ਤੀਜਾ॥
ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ॥
ਗੁਰਮੁਖਿ ਕੋਈ ਉਤਰੈ ਪਾਰਿ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ॥
ਨਾਨਕ ਗੁਰਮੁਖਿ ਰਤਨੁ ਸੋ ਲੇਵੈ॥
(ਪੰਨਾ 145)

**ਵਿਚਾਰ:** ਦੋਵੇਂ ਸ਼ਲੋਕ ਇੱਕੋ ਥਾਂ ਮਾਝ ਰਾਗ ਦੀ ਵਾਰ ਦੀ 16ਵੀਂ ਪਉੜੀ ਨਾਲ ਦਰਜ ਹਨ। ਦਰਜ ਕਰਨ ਵਾਲੇ ਪੰਜਵੇਂ ਗੁਰੂ ਜੀ ਹਨ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਚਉਥੇ ਗੁਰੂ ਜੀ ਰਾਹੀਂ ਬਾਣੀ ਦਾ ਖਜ਼ਾਨਾ ਉਨ੍ਹਾਂ ਕੋਲ ਆ ਚੁਕਾ ਸੀ। ਤੀਜੇ ਗੁਰੂ ਜੀ ਨੇ ਪਹਿਲੇ ਗੁਰੂ ਜੀ ਦੀ ਲਿਖੀ ਪੰਕਤੀ 'ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥' ਵਿਚ ਦਿੱਤੇ ਪ੍ਰਸ਼ਨ ਦਾ ਉਤਰ ਖੋਲ੍ਹ ਕੇ ਲਿਖ ਦਿੱਤਾ ਹੈ, ਜੋ ਇਸ਼ਾਰੇ ਮਾਤਰ 'ਸਚੁ ਚੰਦ੍ਰਮਾ' ਲਿਖ ਕੇ ਦਿੱਤਾ ਗਿਆ ਸੀ।

(3) **ਰਾਗਾਂ ਦੀ ਸਾਂਝ:** ਪਹਿਲੇ ਗੁਰੂ ਜੀ ਨੇ 19 ਰਾਗਾਂ ਵਿਚ ਬਾਣੀ ਰਚੀ। ਤੀਜੇ ਗੁਰੂ ਜੀ ਨੇ 17 ਉਨ੍ਹਾਂ ਰਾਗਾਂ ਵਿਚ ਬਾਣੀ ਰਚੀ, ਜੋ ਪਹਿਲੇ ਗੁਰੂ ਜੀ ਨੇ ਬਾਣੀ ਵਿਚ ਵਰਤੇ ਹੋਏ ਸਨ। ਇਹ ਸੰਜੋਗ ਐਵੇਂ ਹੀ ਨਹੀਂ ਬਣਿਆ, ਤੀਜੇ ਗੁਰੂ ਜੀ ਨੇ ਪਹਿਲੇ ਗੁਰੂ ਜੀ ਦੀ ਬਾਣੀ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਸੀ, ਜਿਸ ਤੋਂ ਸਿੱਧ ਹੈ ਕਿ ਤੀਜੇ ਗੁਰੂ ਜੀ ਕੋਲ ਇਹ ਸਾਰੀ ਬਾਣੀ ਆ ਚੁਕੀ ਸੀ।

(4) **ਲੰਬੀਆਂ ਬਾਣੀਆਂ ਰਚਣ ਦੀ ਪ੍ਰੇਰਨਾ:** ਤੀਜੇ ਗੁਰੂ ਜੀ ਨੇ ਰਾਮਕਲੀ ਰਾਗ ਵਿਚ 'ਅਨੰਦੁ' ਨਾਂ ਦੀ ਲੰਬੀ ਬਾਣੀ ਰਚਣ ਲਈ ਪਹਿਲੇ ਗੁਰੂ ਜੀ ਦੀਆਂ ਰਾਮਕਲੀ ਰਾਗ ਵਿਚ ਹੀ ਲਿਖੀਆਂ ਲੰਬੀਆਂ 'ਸਿਧ ਗੋਸਟਿ' ਅਤੇ 'ਓਅੰਕਾਰੁ' ਤੋਂ ਹੀ ਪ੍ਰੇਰਨਾ ਲਈ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਤੀਜੇ ਗੁਰੂ ਜੀ ਕੋਲ ਪਹਿਲੇ ਦੋ ਪਾਤਿਸ਼ਾਹਾਂ ਦੀ ਬਾਣੀ ਆ ਚੁੱਕੀ ਸੀ ਅਤੇ ਇਹ ਕਿਤੇ ਖਿਲਰੀ ਅਤੇ ਅਣਦੇਖੀ ਨਹੀਂ ਪਈ ਸੀ।

(5) **ਆਸਾ ਰਾਗ ਵਿਚ 'ਪਟੀ' ਲਿਖਣ ਦੀ ਪ੍ਰੇਰਨਾ:** ਪਹਿਲੇ ਗੁਰੂ ਜੀ ਨੇ ਆਸਾ ਰਾਗ ਵਿਚ 'ਪਟੀ' ਲਿਖੀ ਸੀ ਅਤੇ ਤੀਜੇ ਗੁਰੂ ਜੀ ਨੇ ਵੀ ਇਸ ਲਿਖਤ ਤੋਂ ਅਗਵਾਈ ਲੈ ਕੇ ਆਸਾ ਰਾਗ ਵਿਚ ਹੀ 'ਪਟੀ' ਦੀ ਰਚਨਾ ਕੀਤੀ। ਸਪੱਸ਼ਟ ਹੈ ਕਿ ਤੀਜੇ ਗੁਰੂ ਜੀ ਕੋਲ ਪਹਿਲੇ ਗੁਰੂ ਜੀ ਦੀ ਬਾਣੀ ਮੌਜੂਦ ਸੀ ਅਤੇ ਕਿਤੇ ਖਿਲਰੀ ਨਹੀਂ ਪਈ ਸੀ। ਰਹਾਉ ਦੇ ਬੰਦਾਂ ਵਿਚ ਬੋਲੀ ਦੀ ਸਾਂਝ ਵੀ ਦੇਖੋ,

ਰਾਗੁ ਆਸਾ ਮਹਲਾ ਪਹਿਲਾ ਪਟੀ ਲਿਖੀ
ਮਨ ਕਾਹੇ ਭੂਲੇ ਮੂੜ ਮਨਾ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥1॥
ਰਹਾਉ॥ (ਪੰਨਾ 432)
ਰਾਗੁ ਆਸਾ ਮਹਲਾ ਤੀਜਾ ਪਟੀ
ਮਨ ਐਸਾ ਲੇਖਾ ਤੂੰ ਕੀ ਪੜਿਆ॥
ਲੇਖਾ ਦੇਣਾ ਤੇਰੈ ਸਿਰਿ ਰਹਿਆ॥1॥
ਰਹਾਉ॥

(6) **'ਅਲਾਹਣੀਆ' ਬਾਣੀ ਦੀ ਰਚਨਾ ਸਾਂਝੀ ਹੈ:** ਪਹਿਲੇ ਗੁਰੂ ਜੀ ਨੇ ਵਡਹੰਸ ਰਾਗ ਵਿਚ 'ਅਲਾਹਣੀਆ' ਦੇ ਪੰਜ ਸ਼ਬਦ ਲਿਖੇ ਹਨ। ਇਸੇ ਹੀ ਰਾਗ ਵਿਚ ਤੀਜੇ ਗੁਰੂ ਜੀ ਨੇ ਚਾਰ ਸ਼ਬਦ 'ਅਲਾਹਣੀਆ' ਦੇ ਰਚੇ ਹਨ, ਜਿਨ੍ਹਾਂ ਦਾ ਸਿਰਲੇਖ ਅਤੇ ਮਜ਼ਮੂਨ ਵੀ ਉਹੀ ਹੈ, ਜੋ ਪਹਿਲੇ ਗੁਰੂ ਜੀ ਦੀਆਂ ਲਿਖੀਆਂ ਪੰਜਾਂ 'ਅਲਾਹਣੀਆ' ਵਿਚ ਹੈ। ਅਜਿਹਾ ਕੋਈ ਅਚਾਨਕ ਨਹੀਂ ਹੋਇਆ। ਤੀਜੇ ਗੁਰੂ ਜੀ ਕੋਲ ਪਹਿਲੇ ਗੁਰੂ ਜੀ ਦੀ ਬਾਣੀ ਮੌਜੂਦ ਸੀ, ਤਾਂ ਹੀ ਅਜਿਹਾ ਹੋ ਸਕਿਆ।

(7) **ਮਾਰੂ ਰਾਗ ਵਿਚ ਰਚੇ 'ਸੋਲਹੇ'-ਇੱਕ ਸਾਂਝ:** ਪਹਿਲੇ ਗੁਰੂ ਜੀ ਨੇ ਮਾਰੂ ਰਾਗ ਵਿਚ 22 'ਸੋਲਹੇ' ਰਚੇ ਅਤੇ ਤੀਜੇ ਗੁਰੂ ਜੀ ਨੇ ਵੀ ਮਾਰੂ ਰਾਗ ਵਿਚ 24 ਸੋਲਹੇ ਰਚੇ। ਇਹ ਕੋਈ ਸਬੱਬ ਦੀ ਗੱਲ ਨਹੀਂ ਕਹੀ ਜਾ ਸਕਦੀ। ਸੱਚ ਇਹ ਹੈ ਕਿ ਤੀਜੇ ਗੁਰੂ ਜੀ ਕੋਲ ਪਹਿਲੇ ਗੁਰੂ ਜੀ ਦੀ ਬਾਣੀ ਮੌਜੂਦ ਸੀ, ਜਿਸ ਤੋਂ ਸਿੱਧ ਹੋ ਜਾਂਦਾ ਹੈ ਕਿ ਬਾਣੀ ਕਿਤੇ ਖਿਲਰੀ ਨਹੀਂ ਸੀ ਪਈ।

(8) **'ਜਪੁ' ਬਾਣੀ ਨਾਲ ਸਾਂਝ:**

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥ (ਪੰਨਾ 2)
ਸਿਰੀ ਰਾਗੁ ਮਹਲਾ 3॥
ਸਭਨਾ ਜੀਆ ਕਾ ਇਕੁ ਦਾਤਾ
ਜੋਤੀ ਜੋਤਿ ਮਿਲਾਵਣਹਾਰੁ॥ (ਪੰਨਾ 68)
ਮਾਝ ਮਹਲਾ 3॥
ਸਭਨਾ ਜੀਆ ਕਾ ਏਕੋ ਦਾਤਾ
ਸਬਦੇ ਮਾਰਿ ਜੀਵਾਵਣਿਆ॥5॥
(ਪੰਨਾ 112)

**ਵਿਚਾਰ:** ਤੀਜੇ ਗੁਰੂ ਜੀ ਨੂੰ ਸ੍ਰੀ ਰਾਗ ਅਤੇ ਮਾਝ ਰਾਗ ਵਿਚ ਬਾਣੀ ਰਚਦਿਆਂ ਪਹਿਲੇ ਗੁਰੂ ਜੀ ਦੀ 'ਜਪੁ' ਜੀ ਵਿਚ ਲਿਖੀ ਪੰਕਤੀ ਵਿਸਰੀ ਨਹੀਂ, ਜਿਸ ਦਾ ਇੱਕ ਭਾਗ ਉਨ੍ਹਾਂ ਦੋ ਵਾਰੀ ਵਰਤਿਆ, ਜਿਸ ਤੋਂ ਸਿੱਧ ਹੈ ਕਿ ਪਹਿਲੇ ਗੁਰੂ ਜੀ ਦੀ ਬਾਣੀ ਤੀਜੇ ਗੁਰੂ ਜੀ ਕੋਲ ਮੌਜੂਦ ਸੀ।

(9) **ਬਸੰਤ ਰਾਗ ਦੇ ਸ਼ਬਦਾਂ ਵਿਚ ਸ਼ਬਦ:** ਬਾਣੀ ਰਾਗਾਂ ਅਨੁਸਾਰ ਲਿਖੀ ਗਈ ਹੈ ਪਰ ਬਸੰਤ ਰਾਗ ਵਿਚ ਇੱਕ ਅਨੋਖੀ ਤਰਤੀਬ ਦੇਖਣ ਨੂੰ ਮਿਲਦੀ ਹੈ। ਬਸੰਤ ਰਾਗ ਵਿਚ ਪਹਿਲੇ ਗੁਰੂ ਜੀ ਦੇ ਦੋ ਸ਼ਬਦਾਂ ਦੇ ਨਾਲ ਹੀ ਤੀਜੇ ਗੁਰੂ ਜੀ ਦੇ ਦੋ ਸ਼ਬਦ ਲਿਖੇ ਮਿਲਦੇ ਹਨ ਜਿਵੇਂ ਸ਼ਲੋਕ ਵਾਰਾਂ ਤੇ ਵਧੀਕ ਵਿਚ ਪਹਿਲੇ ਗੁਰੂ ਜੀ ਦੇ ਸ਼ਲੋਕ ਨੰਬਰ 27 ਨਾਲ ਇੱਕ ਸ਼ਲੋਕ ਨੰਬਰ 28 ਤੀਜੇ ਗੁਰੂ ਜੀ ਦਾ ਵੀ ਦਰਜ ਹੈ, ਜਦੋਂ ਕਿ ਤੀਜੇ ਗੁਰੂ ਜੀ ਦੇ ਸ਼ਲੋਕ ਵੱਖਰੇ ਸਿਰਲੇਖ ਹੇਠ ਲਿਖੇ ਹੋਏ ਹਨ, ਜਿੱਥੇ ਇਹ ਸ਼ਲੋਕ ਦਰਜ ਹੋ ਸਕਦਾ ਸੀ। ਜਾਪਦਾ ਹੈ, ਇਹ ਤਰਤੀਬ ਤੀਜੇ ਗੁਰੂ ਜੀ ਨੇ ਆਪ ਹੀ ਬਣਾਈ ਹੋਵੇਗੀ। ਬਸੰਤ ਰਾਗ ਵਿਚ ਪਹਿਲੇ ਗੁਰੂ ਜੀ ਦੇ ਸ਼ਬਦ ਨੰਬਰ 3 (ਪੰਨਾ 1168) ਨਾਲ ਤੀਜੇ ਗੁਰੂ ਜੀ ਦਾ ਸ਼ਬਦ ਦਰਜ ਹੈ (ਨਾਨਕ ਸਾਚੇ ਕੇ ਸਿਫਤਿ ਭੰਡਾਰ॥ ਬਸੰਤੁ ਮਹਲਾ ਤੀਜਾ) ਅਤੇ ਇਸੇ ਤਰ੍ਹਾਂ ਸ਼ਬਦ ਨੰਬਰ 7 (ਪੰਨਾ 1170) ਨਾਲ ਵੀ ਤੀਜੇ ਗੁਰੂ ਜੀ ਦਾ ਇੱਕ ਸ਼ਬਦ ਦਰਜ ਹੈ (ਕਹੁ ਨਾਨਕ ਪਾਵਹਿ ਵਿਰਲੇ ਕੇਇ॥ ਬਸੰਤੁ ਮਹਲਾ ਤੀਜਾ ਇਕ ਤੁਕਾ) ਅਤੇ ਸ਼ਬਦਾਂ ਦੀ ਗਿਣਤੀ ਲਗਾਤਾਰ ਚੱਲਦੀ ਹੈ ਜਦੋਂ ਕਿ ਬਸੰਤ ਰਾਗ ਵਿਚ ਤੀਜੇ ਗੁਰੂ ਜੀ ਦੇ ਸ਼ਬਦ ਵੱਖਰੇ ਸੰਗ੍ਰਿਹ ਹੇਠ ਦਰਜ ਹਨ। ਹੋ ਸਕਦਾ ਹੈ ਕਿ ਇਹ ਤਰਤੀਬ ਤੀਜੇ ਗੁਰੂ ਜੀ ਆਪ ਹੀ ਬਣਾ ਕੇ ਚਉਥੇ ਗੁਰੂ ਜੀ ਨੂੰ ਦੇ ਗਏ ਹੋਣ, ਜਿਸ ਨੂੰ ਪਹਿਲਾਂ ਪੰਜਵੇਂ ਗੁਰੂ ਜੀ ਨੇ ਵੀ ਇੰਨ-ਬਿੰਨ ਹੀ ਰੱਖਿਆ ਹੋਵੇ ਪਰ ਇਸ ਤੋਂ ਸਾਫ ਪ੍ਰਗਟ ਹੈ ਕਿ ਤੀਜੇ ਗੁਰੂ ਜੀ ਕੋਲ ਪਹਿਲੇ ਪਾਤਿਸ਼ਾਹ ਦੀ ਬਾਣੀ ਦਾ ਖਜ਼ਾਨਾ ਦੂਜੇ ਗੁਰੂ ਜੀ ਰਾਹੀਂ ਆ ਚੁਕਾ ਸੀ ਅਤੇ ਬਾਣੀ ਨਾ ਤਾਂ ਕਿਤੇ ਖਿਲਰੀ ਪਈ ਸੀ ਅਤੇ ਨਾ ਹੀ ਰਾਵੀ ਦਰਿਆ ਵਿਚ ਰੋੜ੍ਹ ਦਿੱਤੀ ਗਈ ਸੀ।

(ੲ) **ਤੀਜੇ ਗੁਰੂ ਜੀ ਦੀ ਬਾਣੀ ਪੰਜਵੇਂ ਗੁਰੂ ਜੀ ਕੋਲ ਆ ਚੁਕੀ ਸੀ:** ਆਦਿ ਬੀੜ ਦੀ ਲਿਖਾਈ ਸ਼ੁਰੂ ਹੋਣ ਤੋਂ ਪਹਿਲਾਂ ਪੰਜਵੇਂ ਗੁਰੂ ਨੇ ਆਪਣੀ ਬਾਣੀ ਦੀ ਰਚਨਾ ਮੁਕੰਮਲ ਕਰ ਲਈ ਸੀ। ਉਨ੍ਹਾਂ ਕੋਲ ਤੀਜੇ ਗੁਰੂ ਜੀ ਦੀ ਬਾਣੀ ਹੋਣ ਦਾ ਪ੍ਰਮਾਣ,

(1) ਸਲੋਕੁ ਮ: ਤੀਜਾ॥
ਥਾਲੈ ਵਿਚਿ ਤੈ ਵਸਤੂ ਪਈਓ
ਹਰਿ ਭੋਜਨੁ ਅੰਮ੍ਰਿਤੁ ਸਾਰੁ॥
ਜਿਤੁ ਖਾਧੈ ਮਨੁ ਤ੍ਰਿਪਤੀਐ
ਪਾਈਐ ਮੋਖ ਦੁਆਰੁ॥
ਇਹੁ ਭੋਜਨੁ ਅਲਭੁ ਹੈ
ਸੰਤਹੁ ਲਭੈ ਗੁਰ ਵੀਚਾਰਿ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ
ਸਦਾ ਰਖੀਐ ਉਰਿ ਧਾਰਿ॥
ਏਹ ਮੁਦਾਵਣੀ ਸਤਿਗੁਰੂ ਪਾਈ
ਗੁਰਸਿਖਾ ਲਧੀ ਭਾਲਿ॥
ਨਾਨਕ ਜਿਸੁ ਬੁਝਾਏ ਸੁ ਬੁਝਸੀ
ਹਰਿ ਪਾਇਆ ਗੁਰਮੁਖਿ ਘਾਲਿ॥1॥
ਮੁੰਦਾਵਣੀ ਮਹਲਾ ਪੰਜਵਾਂ॥
ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ॥1॥
(2) ਮਾਝ ਮਹਲਾ ਤੀਜਾ॥
ਨਿਰਗੁਣੁ ਸਰਗੁਣੁ ਆਪੇ ਸੋਈ॥
ਤਤੁ ਪਛਾਣੈ ਸੋ ਪੰਡਿਤੁ ਹੋਈ॥
ਮਹਲਾ ਪੰਜਵਾਂ
ਸਲੋਕੁ॥ ਸਰਗੁਨ ਨਿਰਗੁਨ ਨਿਰੰਕਾਰ
ਸੁੰਨ ਸਮਾਧੀ ਆਪਿ॥ (ਪੰਨਾ 290)

(3) **ਬੈਰਾੜੀ ਰਾਗ ਵਿਚ ਬਾਣੀ:** ਪੰਜਵੇਂ ਗੁਰੂ ਜੀ ਨੇ ਬੈਰਾੜੀ ਰਾਗ ਵਿਚ ਇੱਕ ਸ਼ਬਦ ਰਚਿਆ ਹੈ। ਕੇਵਲ ਚਉਥੇ ਗੁਰੂ ਜੀ ਨੇ ਹੀ ਬੈਰਾੜੀ ਰਾਗ ਵਰਤਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਚਉਥੇ ਗੁਰੂ ਜੀ ਤੋਂ ਬਾਣੀ ਦਾ ਖਜ਼ਾਨਾ ਪੰਜਵੇਂ ਗੁਰੂ ਜੀ ਕੋਲ ਆ ਚੁਕਾ ਸੀ ਜਿਸ ਦੇ ਅਧਿਐਨ ਤੋਂ ਬੈਰਾੜੀ ਰਾਗ ਦੀ ਕੀਤੀ ਵਰਤੋਂ ਦਾ ਪਤਾ ਲੱਗਾ ਅਤੇ ਫਿਰ ਪੰਜਵੇਂ ਗੁਰੂ ਜੀ ਨੇ ਵੀ ਇੱਕ ਸ਼ਬਦ ਬੈਰਾੜੀ ਰਾਗ ਵਿਚ ਰਚਿਆ।

**ਸਿੱਟਾ:** ਗੁਰਬਾਣੀ ਵਿਚੋਂ ਹੀ ਲਏ ਪ੍ਰਮਾਣਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਪਹਿਲੇ ਗੁਰੂ ਜੀ ਵਲੋਂ ਬਾਣੀ ਦਾ ਖਜ਼ਾਨਾ ਦੂਜੇ ਗੁਰੂ ਜੀ ਕੋਲ ਗੁਰਗੱਦੀ ਪ੍ਰਾਪਤ ਕਰਨ ਸਮੇਂ ਆ ਗਿਆ ਸੀ। ਦੂਜੇ ਗੁਰੂ ਜੀ ਤੋਂ ਇਹ ਖਜ਼ਾਨਾ ਉਨ੍ਹਾਂ ਦੀ ਬਾਣੀ ਸਮੇਤ ਤੀਜੇ ਗੁਰੂ ਜੀ ਕੋਲ ਆ ਗਿਆ ਸੀ। ਹੁਣ ਸੋਚਣ ਵਾਲੀ ਗੱਲ ਹੈ ਕਿ ਤੀਜੇ ਗੁਰੂ ਜੀ ਕੋਲੋਂ ਇਹ ਖਜ਼ਾਨਾ ਚਉਥੇ ਗੁਰੂ ਜੀ ਕੋਲ ਗੁਰਗੱਦੀ ਦੀ ਪ੍ਰਾਪਤੀ ਸਮੇਂ ਹਰ ਹਾਲਤ ਵਿਚ ਪਹੁੰਚਣਾ ਹੀ ਸੀ। ਇਹ ਕਿਤੇ ਗੁਆਚਣ ਵਾਲਾ ਨਹੀਂ ਸੀ। ਪੰਜਵੇਂ ਗੁਰੂ ਜੀ ਨੂੰ ਜਦੋਂ ਇਹ ਬਾਣੀ ਦਾ ਖਜ਼ਾਨਾ ਚਉਥੇ ਗੁਰੂ ਪਿਤਾ ਤੋਂ ਉਨ੍ਹਾਂ ਦੀ ਆਪਣੀ ਬਾਣੀ ਸਮੇਤ ਮਿਲਿਆ ਤਾਂ ਉਹ ਗਦਗਦ ਹੋ ਗਏ ਅਤੇ ਆਤਮਕ ਅਨੰਦ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਲਿਖਿਆ,

ਗਉੜੀ ਗੁਆਰੇਰੀ ਮਹਲਾ ਪੰਜਵਾਂ
ਹਮ ਧਨਵੰਤ ਭਾਗਠ ਸਚ ਨਾਇ॥
ਹਰਿ ਗੁਣ ਗਾਵਹ ਸਹਜਿ ਸੁਭਾਇ॥1॥
ਰਹਾਉ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥1॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥
ਭਰੇ ਭੰਡਾਰ ਅਖੂਟ ਅਤੋਲ॥2॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥3॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥
ਸੁ ਏਤੁ ਖਜਾਨੈ ਲਇਆ ਰਲਾਇ॥4॥
(ਪੰਨਾ 186)

**(ਚਲਦਾ)**

# ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫਰਨਾਮਾ

ਪ੍ਰਥਮ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਦਾ ਸੰਦੇਸ਼ ਦੇਣ ਲਈ ਦੇਸ਼-ਵਿਦੇਸ਼ ਦੀਆਂ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਗੁਰੂ ਜੀ ਦੀਆਂ ਉਦਾਸੀਆਂ ਨਾਲ ਸਬੰਧਤ ਜਨਮ ਸਾਖੀਆਂ ਮੌਜੂਦ ਹਨ, ਜੋ ਗੁਰੂ ਜੀ ਦੀ ਸਿੱਖਿਆ, ਸਫਰ ਅਤੇ ਸਿਧਾਂਤ ਸਬੰਧੀ ਜਾਣਕਾਰੀ ਦਿੰਦੀਆਂ ਹਨ। ਇਨ੍ਹਾਂ ਜਨਮ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਹਰ ਧਰਮ ਦੇ ਸ਼ਰਧਾਲੂ ਨੂੰ ਪਰਮਾਤਮਾ ਦਾ ਨਾਮ ਸਿਮਰਨ ਅਤੇ ਸ਼ੁਭ ਕਾਰਜ ਕਰਨ ਦੀ ਸਿੱਖਿਆ ਦਿੰਦੇ ਸਨ।

ਗੁਰੂ ਜੀ ਜਬਰੀ ਧਰਮ ਪਰਿਵਰਤਨ ਦੇ ਖਿਲਾਫ ਸਨ ਅਤੇ ਉਹ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਨੂੰ ਉਸ ਦੇ ਆਪਣੇ ਧਰਮ ਗ੍ਰੰਥ ਦੀਆਂ ਸਦਾਚਾਰਕ ਸਿੱਖਿਆਵਾਂ ਧਾਰਨ ਕਰਨ 'ਤੇ ਜ਼ੋਰ ਦਿੰਦੇ ਸਨ। ਉਹ ਮੁਸਲਮਾਨ ਨੂੰ ਚੰਗਾ ਮੁਸਲਮਾਨ ਅਤੇ ਹਿੰਦੂ ਨੂੰ ਚੰਗਾ ਹਿੰਦੂ ਬਣਨ ਦੀ ਸਿੱਖਿਆ ਦਿੰਦੇ। ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਵਿਭਿੰਨ ਧਰਮਾਂ ਦੇ ਲੋਕ ਉਨ੍ਹਾਂ ਦੇ ਸ਼ਰਧਾਲੂ ਬਣਦੇ ਜਾ ਰਹੇ ਸਨ।

**ਡਾ. ਪਰਮਵੀਰ ਸਿੰਘ**
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰੂ ਨਾਨਕ ਸਾਹਿਬ ਨੇ ਜਿਨ੍ਹਾਂ ਅਸਥਾਨਾਂ ਦੀ ਯਾਤਰਾ ਕੀਤੀ, ਉਥੇ ਗੁਰਧਾਮ ਕਾਇਮ ਹਨ। ਗੁਰੂ ਨਾਨਕ ਨਾਮ-ਲੇਵਾ ਸੰਗਤ ਇਨ੍ਹਾਂ ਦੀ ਸੇਵਾ-ਸੰਭਾਲ ਕਰਦੀ ਹੈ। ਇਨ੍ਹਾਂ ਅਸਥਾਨਾਂ ਦੀ ਯਾਤਰਾ ਕਰਨਾ ਸਿੱਖ ਆਪਣਾ ਧਾਰਮਿਕ ਫਰਜ਼ ਸਮਝਦੇ ਹਨ। ਜਿਹੜੇ ਗੁਰਧਾਮਾਂ ਦੀ ਸੇਵਾ-ਸੰਭਾਲ ਵਿਚ ਸਰਹੱਦਾਂ ਰੋੜਾ ਬਣ ਗਈਆਂ ਹਨ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਕਰਨ ਲਈ ਸਿੱਖ ਰੋਜ਼ਾਨਾ ਅਰਦਾਸ ਕਰਦੇ ਹਨ। ਬਹੁਤੇ ਗੁਰਧਾਮ ਮੌਜੂਦਾ ਪਾਕਿਸਤਾਨ ਵਿਚ ਸਥਿਤ ਹਨ, ਜਿਥੇ ਜਾਣ ਲਈ ਵੀਜ਼ਾ ਲੈਣਾ ਪੈਂਦਾ ਹੈ ਅਤੇ ਕਈ ਵਾਰੀ ਬੇਲੋੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਹੜੇ ਗੁਰਧਾਮ ਪਾਕਿਸਤਾਨ ਤੋਂ ਅੱਗੇ ਅਰਬ ਦੇਸ਼ਾਂ ਵਿਚ ਮੌਜੂਦ ਹਨ, ਉਥੇ ਜਾਣਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ। ਮੱਕਾ-ਮਦੀਨਾ ਤੱਕ ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਹੋਣ ਦੇ ਅਕੱਟ ਸਬੂਤ ਮੌਜੂਦ ਹਨ, ਜਿਨ੍ਹਾਂ ਦੀ ਸੇਵਾ-ਸੰਭਾਲ ਸਥਾਨਕ ਸ਼ਰਧਾਲੂ ਕਰਦੇ ਹਨ। ਇਸ ਲਈ ਜਦੋਂ ਕਿਤੇ ਇਨ੍ਹਾਂ ਦੇਸ਼ਾਂ ਵਿਚ ਮੌਜੂਦ ਗੁਰੂ ਜੀ ਦੀਆਂ ਨਿਸ਼ਾਨੀਆਂ ਸਬੰਧੀ ਕੋਈ ਜਾਣਕਾਰੀ ਸਾਹਮਣੇ ਆਉਂਦੀ ਹੈ ਤਾਂ ਸਿੱਖਾਂ ਦਾ ਧਿਆਨ ਆਪਣੇ ਵੱਲ ਖਿਚਦੀ ਹੈ। ਗੁਰੂ ਨਾਨਕ ਸਾਹਿਬ ਦੀ ਅਰਬ ਦੇਸ਼ਾਂ ਦੀ ਯਾਤਰਾ ਨਾਲ ਸਬੰਧਤ ਇਕ ਦਸਤਾਵੇਜ਼ ਡਾ. ਜਸਬੀਰ ਸਿੰਘ ਸਰਨਾ ਰਾਹੀਂ ਸਾਹਮਣੇ ਆਇਆ ਹੈ। ਇਸ ਦਸਤਾਵੇਜ਼ ਦੀ ਸਮੱਗਰੀ ਸਈਦ ਪ੍ਰਿਥੀਪਾਲ ਸਿੰਘ ਨੇ ਆਪਣੇ ਭਾਸ਼ਣਾਂ ਰਾਹੀਂ ਪ੍ਰਦਾਨ ਕੀਤੀ ਸੀ।

1902 ਵਿਚ ਕਸ਼ਮੀਰ ਵਿਖੇ ਮੁਜ਼ਫਰ ਹੁਸੈਨ ਸ਼ਾਹ ਦੇ ਘਰ ਪੈਦਾ ਹੋਏ ਇਕ ਬੱਚੇ ਦਾ ਨਾਂ ਸਈਦ ਮੁਸ਼ਤਾਕ ਹੁਸੈਨ ਰੱਖਿਆ ਗਿਆ। ਪਿੰਡ ਤੋਂ ਮੁੱਢਲੀ ਸਿੱਖਿਆ ਗ੍ਰਹਿਣ ਕਰਨ ਉਪਰੰਤ ਉਚ ਵਿੱਦਿਆ ਹਾਸਲ ਕਰਨ ਲਈ ਮੱਕੇ ਮਦੀਨੇ ਗਿਆ ਅਤੇ ਵਾਪਸ ਆ ਕੇ ਗੁਰੂ ਘਰ ਨਾਲ ਜੁੜ ਗਿਆ। 1935 ਵਿਚ ਪਰਿਵਾਰ ਸਮੇਤ ਸਿੰਘ ਸਜ ਗਿਆ। ਸਿੱਖੀ ਧਾਰਨ ਉਪਰੰਤ ਉਸ ਦਾ ਨਾਂ ਸਈਦ ਮੁਸ਼ਤਾਕ ਹੁਸੈਨ ਤੋਂ ਸਈਦ ਪ੍ਰਿਥੀਪਾਲ ਸਿੰਘ, ਉਸ ਦੀ ਪਤਨੀ ਦਾ ਨਾਂ ਗੁਲਜ਼ਾਰ ਬੇਗਮ ਤੋਂ ਇੰਦਰਜੀਤ ਕੌਰ ਅਤੇ ਪੁੱਤਰ ਦਾ ਨਾਂ ਮਹਿਮੂਦ ਨਜ਼ੀਰ ਤੋਂ ਭਗਤ ਸਿੰਘ ਰੱਖਿਆ ਗਿਆ, ਜਿਸ ਨੂੰ ਬਾਅਦ ਵਿਚ ਸੰਤ ਪ੍ਰਿਥੀਪਾਲ ਸਿੰਘ (ਸਈਦ) ਵੀ ਕਿਹਾ ਜਾਣ ਲੱਗਾ। ਦੇਸ਼-ਵਿਦੇਸ਼ ਦੇ ਵਿਭਿੰਨ ਨਗਰਾਂ ਵਿਚ ਉਨ੍ਹਾਂ ਨੇ ਬਹੁਤ ਹੀ ਭਾਵਪੂਰਤ ਭਾਸ਼ਣ ਦਿੱਤੇ, ਜੋ ਸੁਣਨ ਲਈ ਸਿੱਖ ਦੂਰੋਂ-ਨੇੜਿਓਂ ਆ ਜੁੜਦੇ ਸਨ। ਇਨ੍ਹਾਂ ਦੇ ਭਾਸ਼ਣ ਇਕ ਸਿੱਖ ਸ਼ਰਧਾਲੂ ਨੇ ਲਿਖ ਲਏ ਅਤੇ ਇਹ ਇਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਲਏ ਗਏ।

ਭਾਵੇਂ ਮੌਖਿਕ ਇਤਿਹਾਸ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ ਹਨ, ਪਰ ਇਹ ਬਹੁਤ ਹੀ ਰੋਚਕ ਅਤੇ ਭਾਵਪੂਰਤ ਹੁੰਦੀਆਂ ਹਨ, ਜੋ ਪੜ੍ਹਨ-ਸੁਣਨ ਵਾਲਿਆਂ ਨੂੰ ਆਕਰਸ਼ਿਤ ਕਰਦੀਆਂ ਹਨ। ਦਸਤਾਵੇਜ਼ੀ ਇਤਿਹਾਸ ਦਾ ਮੁੱਢ ਵੀ ਕਈ ਵਾਰੀ ਮੌਖਿਕ ਇਤਿਹਾਸ ਰਾਹੀਂ ਹੀ ਬੱਝਦਾ ਹੈ। ਮੌਖਿਕ ਇਤਿਹਾਸ 'ਤੇ ਆਧਾਰਤ ਇਸ ਦਸਤਾਵੇਜ਼ ਵਿਚ ਅਨੇਕਾਂ ਨਾਂਵਾਂ, ਥਾਂਵਾਂ, ਨਗਰਾਂ, ਪਸ਼ੂ-ਪੰਛੀਆਂ, ਮਾਰਗਾਂ ਅਤੇ ਸ਼ਖਸੀਅਤਾਂ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ ਤੋਂ ਜਿਥੇ ਵਿਦਿਆਰਥੀ ਅਤੇ ਖੋਜਾਰਥੀ ਲਾਹਾ ਲੈ ਸਕਦੇ ਹਨ, ਉਥੇ ਇਹ ਜਨ-ਸਧਾਰਨ ਦੀ ਜਾਣਕਾਰੀ ਵਿਚ ਵੀ ਲਾਹੇਵੰਦ ਵਾਧਾ ਕਰਦਾ ਹੈ। ਮੱਕਾ ਮੁਸਲਮਾਨਾਂ ਦਾ ਸਭ ਤੋਂ ਪ੍ਰਸਿੱਧ ਧਾਰਮਿਕ ਅਸਥਾਨ ਹੈ, ਜਿਥੇ ਕਿਸੇ ਵੀ ਗੈਰ-ਮੁਸਲਮਾਨ ਦੇ ਜਾਣ ਦੀ ਮਨਾਹੀ ਹੈ। ਗੁਰੂ ਜੀ ਨੇ ਇਸ ਅਸਥਾਨ ਦੀ ਯਾਤਰਾ ਹੀ ਨਹੀਂ ਕੀਤੀ, ਸਗੋਂ ਇਥੋਂ ਦੀ ਧਾਰਮਿਕ ਸ਼੍ਰੇਣੀ ਨੂੰ ਅਹਿਮ ਸੰਦੇਸ਼ ਵੀ ਦਿੱਤਾ ਸੀ, ਜਿਸ ਦਾ ਵਿਸਥਾਰ ਸਹਿਤ ਜ਼ਿਕਰ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਵੀ ਕੀਤਾ ਹੈ:


ਪੁਛਨਿ ਫੋਲਿ ਕਿਤਾਬ ਨੋ
ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ
ਸੁਭਿ ਅਮਲਾ ਬਾਝਹੁ ਦੋਨੋ ਰੋਈ।
(ਵਾਰ 1, ਪਉੜੀ 33)

ਗੁਰੂ ਜੀ ਦੀ ਅਰਬ ਦੇਸ਼ਾਂ ਦੀ ਯਾਤਰਾ ਸਬੰਧੀ ਉਕਤ ਦਸਤਾਵੇਜ਼ ਵਿਚ ਦੋ ਕਿਤਾਬਾਂ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਦੇਖਣ ਨੂੰ ਮਿਲਦਾ ਹੈ। ਇਨ੍ਹਾਂ ਵਿਚ ਇਕ ਹੈ, 'ਸਿਯਾਹਤੋ ਬਾਬਾ ਨਾਨਕ ਫਕੀਰ' ਭਾਵ ਸਫਰਨਾਮਾ ਬਾਬਾ ਨਾਨਕ ਫਕੀਰ ਅਤੇ ਦੂਜਾ ਹੈ, 'ਤਵਾਰੀਖ ਅਰਬ' ਸਈਦ ਦੱਸਦਾ ਹੈ ਕਿ ਇਨ੍ਹਾਂ ਵਿਚੋਂ ਪਹਿਲੀ ਕਿਤਾਬ ਤਾਜਦੀਨ ਦੀ ਅਤੇ ਦੂਜੀ ਖਵਾਜ਼ਾ ਜੈਨਲਉਬਦੀਨ ਦੀ ਲਿਖੀ ਹੋਈ ਹੈ। ਦੋਹਾਂ ਕਿਤਾਬਾਂ ਵਿਚ ਗੁਰੂ ਨਾਨਕ ਸਾਹਿਬ ਦਾ ਜ਼ਿਕਰ ਹੈ, ਜਿਸ ਤੋਂ ਉਨ੍ਹਾਂ ਦੀ ਅਰਬ ਯਾਤਰਾ ਸਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਤਾਜਦੀਨ ਦਾ ਕਰਤਾ ਦੱਸਦਾ ਹੈ ਕਿ ਉਸ ਨੇ ਗੁਰੂ ਨਾਨਕ ਸਾਹਿਬ ਨਾਲ ਅਰਬ ਦੇਸ਼ਾਂ ਦੀ ਯਾਤਰਾ ਕੀਤੀ ਅਤੇ ਜਿਨ੍ਹਾਂ ਕਰਾਮਾਤਾਂ ਤੇ ਘਟਨਾਵਾਂ ਦੇ ਦਰਸ਼ਨ ਕੀਤੇ, ਉਨ੍ਹਾਂ ਨੂੰ ਕਲਮਬੰਦ ਕਰਕੇ ਇਕ ਕਿਤਾਬ ਦਾ ਰੂਪ ਦਿੱਤਾ, ਜਿਸ ਦੀ ਇਕ ਕਾਪੀ ਮਦੀਨੇ ਦੀ ਲਾਇਬ੍ਰੇਰੀ ਨੂੰ ਸੌਂਪ ਦਿੱਤੀ ਸੀ।

ਖਵਾਜ਼ਾ ਜੈਨਲਉਬਦੀਨ ਮੱਕੇ ਦਾ ਵਸਨੀਕ ਸੀ ਅਤੇ ਇਹ ਕਾਜ਼ੀ ਰੁਕਨਦੀਨ ਦੇ ਨਾਲ ਉਸ ਸਮੇਂ ਕਾਅਬੇ ਪੁੱਜਾ ਸੀ, ਜਦੋਂ ਸ਼ਹਿਰ ਵਿਚ ਇਹ ਰੌਲਾ ਪੈ ਗਿਆ ਕਿ ਗੁਰੂ ਨਾਨਕ ਸਾਹਿਬ ਨੇ ਕਾਅਬਾ ਘੁਮਾ ਦਿੱਤਾ ਹੈ। ਉਹ ਲਿਖਦਾ ਹੈ ਕਿ ਕਾਅਬਾ ਵਿਖੇ ਕਾਜ਼ੀ ਰੁਕਨਦੀਨ ਨੇ ਬਾਬਾ ਜੀ ਨੂੰ ਤਿੰਨ ਸਵਾਲ ਕੀਤੇ, ਜੋ ਸੰਗੀਤ, ਕੇਸਾਂ ਅਤੇ ਖਾਣਾ ਕਾਅਬਾ ਨਾਲ ਸਬੰਧਤ ਸਨ। ਕੁਰਾਨ ਦੇ ਹਵਾਲੇ ਨਾਲ ਅਰਬੀ ਭਾਸ਼ਾ ਵਿਚ ਗੁਰੂ ਜੀ ਦੇ ਉਤਰ ਸੁਣ ਕੇ ਕਾਜ਼ੀ ਦੇ ਮਨ ਵਿਚ ਗੁਰੂ ਜੀ ਪ੍ਰਤੀ ਸ਼ਰਧਾ ਪੈਦਾ ਹੋ ਗਈ ਅਤੇ ਬਾਅਦ ਵਿਚ ਉਹ ਗੁਰੂ ਜੀ ਦਾ ਮੁਰੀਦ ਬਣ ਗਿਆ। ਗੁਰੂ ਜੀ ਦੇ ਮੱਕੇ ਤੋਂ ਮਦੀਨੇ ਜਾਣ ਸਮੇਂ ਉਸ ਨੇ ਉਨ੍ਹਾਂ ਨੂੰ ਇਕ ਰੇਸ਼ਮੀ ਚੋਗਾ (ਚੋਲਾ) ਪੇਸ਼ ਕੀਤਾ, ਜਿਸ 'ਤੇ ਕੁਰਾਨ ਸ਼ਰੀਫ ਦੀਆਂ ਕੁੱਝ ਆਇਤਾਂ ਅਤੇ ਗੁਰੂ ਜੀ ਦੀ ਸਿਫਤ ਸਾਲਾਹ ਲਿਖੀ ਹੋਈ ਸੀ। ਗੁਰੂ ਜੀ ਆਪਣਾ ਆਸਾ (ਸੋਟਾ) ਅਤੇ ਇਕ ਖੜਾਂਵ ਉਸ ਨੂੰ ਨਿਸ਼ਾਨੀ ਵਜੋਂ ਦੇ ਗਏ ਸਨ।

ਗੁਰੂ ਜੀ ਦੇ ਜਾਣ ਪਿੱਛੋਂ ਕਾਜ਼ੀ ਰੁਕਨਦੀਨ ਨੂੰ ਕਾਫਰ ਹੋਣ ਦਾ ਫਤਵਾ ਲਾਇਆ ਗਿਆ ਅਤੇ ਜੂਨ ਮਹੀਨੇ 22 ਦਿਨ ਤਸੀਹੇ ਦਿੱਤੇ ਗਏ, ਤੇ ਆਖਰੀ ਦਿਨ ਗੁਰੂ ਜੀ ਦਾ ਸੰਦੇਸ਼ ਦਿੰਦਾ ਹੋਇਆ ਉਹ ਇਸ ਦੁਨੀਆਂ ਤੋਂ ਕੂਚ ਕਰ ਗਿਆ। ਖਵਾਜ਼ਾ ਜੈਨਲਉਬਦੀਨ ਦੱਸਦਾ ਹੈ ਕਿ ਮੱਕੇ ਦੀ ਫੇਰੀ ਦੌਰਾਨ ਕਾਜ਼ੀ ਨੇ ਗੁਰੂ ਜੀ ਨੂੰ 360 ਸਵਾਲ ਕੀਤੇ ਅਤੇ ਗੁਰੂ ਜੀ ਨੇ ਸਭਨਾਂ ਦਾ ਤਸੱਲੀਬਖਸ਼ ਉਤਰ ਦਿਤਾ ਸੀ। ਇਹ ਸਵਾਲ-ਜਵਾਬ ਉਸ ਦੀ ਕਿਤਾਬ ਵਿਚ ਦਰਜ ਦੱਸੇ ਜਾਂਦੇ ਹਨ।


ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਦਾ ਕੇਵਲ ਇਕੋ ਉਦੇਸ਼ ਸੀ ਕਿ ਲੋਕਾਈ ਨੂੰ ਪ੍ਰਭੂ ਮਾਰਗ ਅਨੁਸਾਰ ਸਦਾਚਾਰਕ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੱਤੀ ਜਾਵੇ। ਜਦੋਂ ਗੁਰੂ ਜੀ ਨੂੰ ਕੋਈ ਪੀਰ ਕਹਿੰਦਾ ਹੈ ਕਿ ਕਿਸੇ ਧਨਾਢ ਜਾਂ ਹੰਕਾਰੀ ਨੂੰ ਸਿੱਧੇ ਰਾਹ ਪਾਓ ਤਾਂ ਗੁਰੂ ਜੀ ਕਹਿੰਦੇ ਹਨ, 'ਮੈਂ ਆਇਆ ਹੀ ਇਸੇ ਲਈ ਹਾਂ। ਖੁਦਾ ਭਲਾ ਕਰੇਗਾ।' ਅਨੇਕਾਂ ਘਟਨਾਵਾਂ ਇਸ ਦਸਤਾਵੇਜ਼ ਵਿਚ ਦਰਜ ਹਨ ਜਦੋਂ ਗੁਰੂ ਜੀ ਹੰਕਾਰੀਆਂ ਦਾ ਨਾਸ਼, ਕ੍ਰੋਧੀਆਂ ਨੂੰ ਸ਼ਾਂਤ ਅਤੇ ਧਾਰਮਿਕ ਆਗੂਆਂ ਨੂੰ ਸਿੱਧੇ ਰਾਹ ਪਾਉਂਦੇ ਹਨ। ਸਮੁੱਚੇ ਅਰਬ ਦੇਸ਼ਾਂ ਦੇ ਪ੍ਰਮੁੱਖ ਨਗਰਾਂ ਦੀ ਯਾਤਰਾ ਕਰਨ ਦੇ ਪ੍ਰਮਾਣ ਇਸ ਵਿਚੋਂ ਮਿਲਦੇ ਹਨ। ਜਿਨ੍ਹਾਂ ਨਗਰਾਂ ਦਾ ਜ਼ਿਕਰ ਇਸ ਦਸਤਾਵੇਜ਼ ਵਿਚ ਆਇਆ ਹੈ, ਉਨ੍ਹਾਂ ਦੇ ਨਾਂ ਹਨ-ਉਮਰਾ, ਅਦਨ, ਇਨੁਲਸ (ਇਰਾਨ ਦਾ ਸ਼ਹਿਰ), ਸਖੋਰ ਸ਼ਹਿਰ, ਕਰਾਚੀ, ਕੂਫਾ (ਕਰਬਲਾ), ਕੈ ਕੈ (ਮਿਸਰ ਦਾ ਸ਼ਹਿਰ), ਜੱਦਾ, ਡੇਰਾ ਇਸਮਾਈਲ ਖਾਨ, ਪਠਾਨਵਲੀ, ਬਹਿਤੁਲ ਮਕੂਸ, ਬਗਦਾਦ, ਮਠਨਕੋਟ, ਮਦੀਨਾ, ਮੱਕਾ, ਲਾਹੌਰ ਆਦਿ।




ਇਨ੍ਹਾਂ ਨਗਰਾਂ ਦੀ ਯਾਤਰਾ ਦੌਰਾਨ ਜਿਨ੍ਹਾਂ ਪ੍ਰਮੁੱਖ ਅਸਥਾਨਾਂ 'ਤੇ ਗੁਰੂ ਜੀ ਨੇ ਡੇਰਾ ਲਾਇਆ ਸੀ ਜਾਂ ਜਿਥੇ ਗੁਰੂ ਜੀ ਦੀ ਯਾਦ ਵਿਚ ਨਿਸ਼ਾਨੀਆਂ ਮੌਜੂਦ ਹਨ, ਉਨ੍ਹਾਂ ਦੇ ਨਾਂ ਹਨ-ਅਕਾਲ ਬੁੰਗਾ (ਕਰਾਚੀ ਬੰਦਰਗਾਹ ਨੇੜੇ), ਅਦਨ ਦਾ ਕਿਬਲਾ (ਅੰਮ੍ਰਿਤਸਰ), ਸਾਧੂ ਬੇਲਾ, ਹੁਜਰਾ ਨਾਨਕ ਸ਼ਾਹ ਕਲੰਦਰ (ਬਹਿਤੁਲ ਮਕੂਸ), ਹੁਜਰਾ ਬਾਬਾ ਨਾਨਕ ਫਕੀਰ (ਮੱਕੇ ਦੇ ਪੱਛਮ ਵੱਲ), ਨਾਨਕ ਸ਼ਾਹ ਕਲੰਦਰ (ਜੱਦਾ ਸ਼ਰੀਫ), ਵਲੀ-ਹਿੰਦ ਮਸੀਤ (ਉਮਰਾ), ਨਾਨਕ ਵਲੀ ਹਿੰਦ (ਕੂਫਾ ਦੇ ਕਬਰਸਤਾਨ ਵਿਖੇ), ਮਠਨਕੋਟ, ਵਲੀ ਹਿੰਦ ਚਸ਼ਮਾ (ਬਗਦਾਦ) ਆਦਿ।

ਅਰਬ ਦੇਸ਼ਾਂ ਦੇ ਸਫਰ ਦੌਰਾਨ ਕਰੀਬ ਹਰ ਵਰਗ ਦੇ ਲੋਕ ਗੁਰੂ ਜੀ ਨੂੰ ਮਿਲਣ ਅਤੇ ਉਨ੍ਹਾਂ ਨਾਲ ਵਿਚਾਰ-ਚਰਚਾ ਕਰਨ ਲਈ ਆਉਂਦੇ ਸਨ। ਕਈ ਥਾਂਵਾਂ 'ਤੇ ਗੁਰੂ ਜੀ ਨੂੰ ਕਾਫਰ ਕਹਿ ਕੇ ਮਾਰਨ ਦਾ ਯਤਨ ਕੀਤਾ ਗਿਆ, ਪਰ ਜਦੋਂ ਕ੍ਰੋਧ ਦੇ ਭਰੇ-ਪੀਤੇ ਲੋਕ ਗੁਰੂ ਜੀ ਦੇ ਦਰਸ਼ਨ ਕਰਦੇ ਤਾਂ ਉਨ੍ਹਾਂ ਦਾ ਮਨ ਸ਼ਾਂਤ ਹੋ ਜਾਂਦਾ। ਗੁਰੂ ਜੀ ਦੇ ਕੌਤਕ ਦੇਖ ਕੇ ਕਈ ਮੰਨੇ-ਪ੍ਰਮੰਨੇ ਪੀਰਾਂ ਨੇ ਉਨ੍ਹਾਂ ਨੂੰ ਨਬੀ ਦਾ ਦਰਜਾ ਦਿੱਤਾ। ਉਨ੍ਹਾਂ ਦੀਆਂ ਅਧਿਆਤਮਕ ਅਤੇ ਅਲੌਕਿਕ ਸ਼ਕਤੀਆਂ ਨੂੰ ਦੇਖ ਕੇ ਕਿਹਾ ਗਿਆ ਕਿ 'ਖੁਦਾਵੰਦ ਕਰੀਮ ਆਲਮਗੀਰ ਜਾਮਾ ਪਹਿਨ ਕੇ ਦੁਨੀਆਂ ਦਾ ਸਫਰ ਕਰ ਰਹੇ ਹਨ।' ਜਿਹੜੇ ਉਨ੍ਹਾਂ ਦਾ ਦਰਸ਼ਨ ਕਰ ਲੈਂਦੇ ਹਨ, ਉਹ ਬਖਸ਼ੇ ਜਾਂਦੇ ਹਨ, ਦੋਜ਼ਖ ਦੀ ਅੱਗ ਤੋਂ ਬੱਚ ਜਾਂਦੇ ਹਨ ਅਤੇ ਉਨ੍ਹਾਂ ਨੂੰ ਜੰਨਤ ਨਸੀਬ ਹੁੰਦੀ ਹੈ।

ਇਸ ਸਫਰਨਾਮੇ ਵਿਚ ਜਿਨ੍ਹਾਂ ਸ਼ਖਸੀਅਤਾਂ ਦਾ ਜ਼ਿਕਰ ਆਇਆ ਹੈ, ਉ'ਹ ਹਨ-ਅਹਿਮਦ ਸਾਦਿਕ, ਅਬਦੁਲ ਰਹਿਮਾਨ ਦਸਤਗੀਰ (ਬਗਦਾਦ ਦਾ ਪੀਰ), ਅਮਰ ਰਜ਼ਾ (ਬਹਿਲੋਲ ਪੀਰ ਦਾ ਮੁਰੀਦ), ਅਲੀ (ਹਜ਼ਰਤ), ਆਇਸ਼ਾ, ਅੱਫਰ ਸਿੰਘ ਜਥੇਦਾਰ (ਲਾਹੌਰ ਦੇ ਗੁਰਦੁਆਰੇ ਦਾ ਪ੍ਰਧਾਨ), ਇਬਨੇ ਅਸਵੱਧ, ਇਬਨੇ ਵਲਿਦ ਕਾਜ਼ੀ (ਸਈਦ), ਇਬਨੇ ਵਾਹਿਦ (ਸੂਫੀ), ਇਬਰਾਹੀਮ (ਹਜ਼ਰਤ), ਇਮਾਮ ਦੀਨ ਸ਼ਾਹ (ਸਈਦ ਪ੍ਰਿਥੀਪਾਲ ਸਿੰਘ ਦਾ ਸ਼ਾਗਿਰਦ), ਈਸਾ (ਹਜ਼ਰਤ), ਸਲੀਮਾ, ਸ਼ਾਹ ਸ਼ਰਫ (ਹੱਜ ਕਰਨ ਵਾਲੇ ਇਕ ਕਬੀਲੇ ਦਾ ਸਰਦਾਰ), ਹਾਜ਼ੀ ਗੁਲਾਮ ਅਹਿਮਦ (ਕੁਰੈਸ਼ ਕਬੀਲੇ ਦਾ ਸਰਦਾਰ), ਹੁਸੈਨ, ਕਾਰੂੰ ਹਮੀਦ (ਮਿਸਰ ਦਾ ਬਾਦਸ਼ਾਹ), ਗੁਰਮੁਖ ਸਿੰਘ ਮੁਸਾਫਿਰ, ਗੁਲਾਮ ਕਾਦਰ (ਇਮਾਮ), ਗੁਲਾਮ ਯਹੀਆ ਖਾਨ (ਸਲੀਮਾ ਦਾ ਪਤੀ ਅਤੇ ਕੂਫਾ ਦਾ ਸੌਦਾਗਰ), ਜੀਵਣ (ਮੱਕੇ ਦੀ ਮਸਜਿਦ ਦਾ ਸੇਵਾਦਾਰ), ਜੈਨਲਉਬਦੀਨ (ਖਵਾਜ਼ਾ, ਲਿਖਾਰੀ), ਜ਼ਫਰ (ਇਮਾਮ), ਤਾਜਦੀਨ (ਲਿਖਾਰੀ), ਦਾਊਦ (ਹਜ਼ਰਤ), ਪਾਸ਼ਾਹਾਲੀ (ਕਾਜ਼ੀ), ਪੀਰ ਜਲਾਲ (ਮਿਸਰ ਦੇ ਬਾਦਸ਼ਾਹ ਦਾ ਮੁਰਸ਼ਦ), ਬਹਿਲੋਲ (ਬਗਦਾਦ ਦੇ ਬਾਹਰ ਦਜ਼ਲਾ ਦਰਿਆ ਕੰਢੇ ਰਹਿਣ ਵਾਲਾ ਫਕੀਰ), ਬਾਬਾ ਨੌਕੰਠੀ ਦਾਸ (ਉਦਾਸੀ ਸਾਧੂ), ਮਹਿਬੂਬ ਰਹਿਮਾਨ (ਖਵਾਜ਼ਾ ਜੈਨਲਉਬਦੀਨ ਦੇ ਖਾਨਦਾਨ ਵਿਚੋਂ), ਮਜੀਦ (ਮਿਸਰ ਦਾ ਵਸਨੀਕ), ਮੁਹੰਮਦ ਸਾਹਿਬ (ਹਜ਼ਰਤ), ਮੂਸਾ (ਹਜ਼ਰਤ), ਮੋਹਨ ਸਿੰਘ ਜਥੇਦਾਰ, ਯਾਕੂਬ ਇਬਨੇ ਸਹਿਲੱਬ, ਰੁਕਨਦੀਨ (ਕਾਜ਼ੀ)।


ਮੱਕਾ ਸ਼ਰੀਫ

ਅਰਬ ਦੇ ਪਹਾੜਾਂ, ਦਰਿਆਵਾਂ ਅਤੇ ਰੇਗਿਸਤਾਨੀ ਇਲਾਕਿਆਂ ਵਿਚੋਂ ਲੰਘਦੇ ਗੁਰੂ ਜੀ ਆਪਣੇ ਮਿਸ਼ਨ ਦਾ ਪ੍ਰਚਾਰ ਕਰਦੇ ਰਹੇ। ਉਹ ਸਭ ਨੂੰ ਗਲ ਨਾਲ ਲਾਉਂਦੇ ਅਤੇ ਸਭਨਾਂ ਨੂੰ ਖੁਦਾ ਦੀ ਉਸਤਤ ਕਰਨ 'ਤੇ ਜ਼ੋਰ ਦਿੰਦੇ। ਕੀਰਤਨ ਨੂੰ ਉਹ ਪ੍ਰਭੂ ਕੀਰਤੀ ਦਾ ਸਾਧਨ ਮੰਨਦੇ। ਇਸਲਾਮ ਵਿਚ ਸੰਗੀਤ ਦੀ ਮਨਾਹੀ ਹੋਣ ਕਰਕੇ ਜਦੋਂ ਉਹ ਕੀਰਤਨ ਸੁਣਦੇ ਤਾਂ ਪਹਿਲਾਂ ਕ੍ਰੋਧਿਤ ਹੋ ਜਾਂਦੇ ਅਤੇ ਗੁਰੂ ਜੀ ਨੂੰ ਮਾਰਨ ਦਾ ਵਿਚਾਰ ਲੈ ਕੇ ਉਨ੍ਹਾਂ ਕੋਲ ਜਾਂਦੇ, ਪਰ ਜਦੋਂ ਗੁਰੂ ਜੀ ਦੀ ਉਨ੍ਹਾਂ 'ਤੇ ਦ੍ਰਿਸ਼ਟੀ ਪੈਂਦੀ ਤਾਂ ਉਨ੍ਹਾਂ ਦੇ ਮਨ ਵਿਚੋਂ ਸਮੂਹ ਨਾਕਾਰਾਤਮਕ ਅੰਸ਼ ਖਤਮ ਹੋ ਜਾਂਦੇ ਅਤੇ ਉਹ ਗੁਰੂ ਜੀ ਦੇ ਸ਼ਰਧਾਲੂ ਬਣ ਕੇ ਉਨ੍ਹਾਂ ਦੀ ਸੇਵਾ ਕਰਦੇ। ਗੁਰੂ ਜੀ ਅਰਬੀ ਵਿਚ ਲਿਖਿਆ ਹੋਇਆ ਜਪੁਜੀ ਸਾਹਿਬ ਦਾ ਗੁਟਕਾ ਦੇ ਕੇ ਉਨ੍ਹਾਂ ਨੂੰ ਸਦੀਵ ਕਾਲ ਲਈ ਇਕ ਪਰਮਾਤਮਾ ਨਾਲ ਜੁੜਨ ਦਾ ਸੰਦੇਸ਼ ਦਿੰਦੇ।

ਵਿਭਿੰਨ ਸਾਖੀਆਂ ਤੋਂ ਇਹ ਵੀ ਸੰਕੇਤ ਮਿਲਦੇ ਹਨ ਕਿ ਅਰਬ ਵਿਚ ਕਈ ਕਬੀਲੇ ਮੌਜੂਦ ਸਨ, ਜੋ ਆਪਣੇ ਕਬੀਲਾਈ ਕਾਨੂੰਨ ਅਨੁਸਾਰ ਜੀਵਨ ਬਸਰ ਕਰਦੇ ਸਨ। ਭਾਵੇਂ ਕਈ ਕਬੀਲੇ ਇਸਲਾਮ ਧਾਰਨ ਕਰ ਚੁਕੇ ਸਨ, ਪਰ ਉਨ੍ਹਾਂ 'ਤੇ ਕਬੀਲਾਈ ਪ੍ਰਭਾਵ ਮੌਜੂਦ ਸੀ। ਗੁਰੂ ਜੀ ਉਨ੍ਹਾਂ ਨੂੰ ਸਥਾਨਕ ਪ੍ਰਭਾਵ ਤੋਂ ਮੁਕਤ ਕਰ ਕੇ ਬ੍ਰਹਿਮੰਡ ਦੀ ਅਸੀਮ ਸ਼ਕਤੀ ਨਾਲ ਜੋੜਦੇ।

ਗੁਰੂ ਜੀ ਬਹੁਤ ਹੀ ਸੁਖੈਨ ਸਥਾਨਕ ਭਾਸ਼ਾ ਵਿਚ ਆਪਣੀ ਗੱਲ ਕਰਦੇ, ਜੋ ਛੇਤੀ ਹੀ ਲੋਕ ਮਨਾਂ 'ਤੇ ਅਸਰ ਕਰਦੀ। ਇਕ ਸਾਖੀ ਵਿਚ ਦੱਸਿਆ ਗਿਆ ਹੈ ਕਿ ਮਿਸਰ ਦੇ ਬਾਦਸ਼ਾਹ ਦਾ ਪੀਰ ਜਲਾਲ ਉਸ ਤੋਂ ਇਸ ਕਰਕੇ ਦੁਖੀ ਸੀ ਕਿ ਉਹ ਬਹੁਤ ਕੰਜੂਸ ਹੈ, ਧਨ ਇਕੱਤਰ ਕਰਦਾ ਹੈ ਅਤੇ ਪਰਉਪਕਾਰੀ ਕਾਰਜਾਂ ਤੋਂ ਦੂਰ ਰਹਿੰਦਾ ਹੈ। ਪੀਰ ਜਲਾਲ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਭਾਵਿਤ ਹੁੰਦਾ ਹੈ ਅਤੇ ਬੇਨਤੀ ਕਰਦਾ ਹੈ ਕਿ ਉਹ ਬਾਦਸ਼ਾਹ ਨੂੰ ਸਿੱਧੇ ਰਾਹ ਪਾਉਣ। ਪੀਰ ਜਲਾਲ ਬਾਦਸ਼ਾਹ ਨੂੰ ਲੈ ਕੇ ਗੁਰੂ ਜੀ ਕੋਲ ਆਉਂਦਾ ਹੈ ਤਾਂ ਗੁਰੂ ਜੀ ਉਸ ਨੂੰ ਇਕ ਸੂਈ ਦੇ ਕੇ ਕਹਿੰਦੇ ਹਨ ਕਿ ਇਸ ਨੂੰ ਸੰਭਾਲ ਕੇ ਰੱਖਣਾ, ਅਗਲੇ ਜਹਾਨ ਵਿਚ ਵਾਪਸ ਲਵਾਂਗੇ। ਬਾਦਸ਼ਾਹ ਕਹਿੰਦਾ ਹੈ ਕਿ ਅਗਲੇ ਜਹਾਨ ਵਿਚ ਤਾਂ ਕੁਝ ਵੀ ਨਾਲ ਨਹੀਂ ਜਾਂਦਾ ਤਾਂ ਗੁਰੂ ਜੀ ਬਚਨ ਕਰਦੇ ਹਨ ਕਿ ਜਿਹੜੇ ਚਾਲੀ ਗੰਜ ਦੌਲਤ ਇਕੱਠੀ ਕੀਤੀ ਹੈ, ਉਸ ਦਾ ਕੀ ਕਰੋਗੇ? ਬਾਦਸ਼ਾਹ ਨੂੰ ਗਿਆਨ ਹੋ ਗਿਆ ਅਤੇ ਗੁਰੂ ਜੀ ਨੂੰ ਮਾਰਗ ਪਾਉਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਉਹ ਦੌਲਤ ਲੋਕਾਂ ਵਿਚ ਵੰਡ ਕੇ ਪਰਮਾਤਮਾ ਦੀ ਬੰਦਗੀ ਕਰਨ ਅਤੇ ਲੋਕ-ਭਲਾਈ ਦੇ ਕਾਰਜ ਕਰਨ ਲਈ ਕਿਹਾ, ਬੰਧਨਾਂ ਤੋਂ ਨਿਜਾਤ ਪਾਉਣ ਦਾ ਇਹ ਸੌਖਾ ਤਰੀਕਾ ਸਮਝਾਇਆ।

ਗੁਰੂ ਜੀ ਸਤਿ ਕਰਤਾਰ ਨਾਲ ਜੁੜੇ ਰਹਿਣ ਦਾ ਬਚਨ ਕਰਦੇ ਸਨ, ਉਹ ਜਿਸ ਵੀ ਸ਼ਖਸ ਨੂੰ ਮਿਲਦੇ ਤਾਂ ਉਪਦੇਸ਼ ਕਰਦੇ, 'ਤੈਨੂੰ ਕਰਤਾਰ ਚਿੱਤ ਆਵੇ।' ਗੁਰੂ ਜੀ ਜਿਸ ਅਸਥਾਨ 'ਤੇ ਜਾ ਕੇ ਬੈਠ ਜਾਂਦੇ, ਉਪਦੇਸ਼ ਦਿੰਦੇ, ਕੀਰਤਨ ਕਰਦੇ; ਉਹ ਅਸਥਾਨ ਵਿਸ਼ੇਸ਼ ਰੂਪ ਗ੍ਰਹਿਣ ਕਰ ਜਾਂਦਾ। ਸਾਖੀਕਾਰ ਦੱਸਦਾ ਹੈ ਕਿ ਜਿਥੇ ਗੁਰੂ ਨਾਨਕ ਸਾਹਿਬ ਨੇ ਕੀਰਤਨ ਕੀਤਾ, ਉਹ ਧਰਤੀ ਬੇਜ਼ਾਰ ਨਹੀਂ ਰਹੀ, ਉਥੇ ਕੁਦਰਤ ਦੀਆਂ ਨਿਆਮਤਾਂ ਪ੍ਰਗਟ ਹੋਈਆਂ। ਕਈ ਥਾਂਈਂ ਪਾਣੀ ਦਾ ਚਸ਼ਮਾ ਨਿਕਲਿਆ, ਜਿਸ ਨੇ ਨਮਾਜ਼ੀਆਂ ਲਈ ਵਜ਼ੂ ਕਰਨ ਅਤੇ ਪਿਆਸਿਆਂ ਦੀ ਪਿਆਸ ਬੁਝਾਉਣ ਦਾ ਕੰਮ ਕੀਤਾ।

ਛੋਟੇ ਜਿਹੇ ਕਿਤਾਬਚੇ ਦੇ ਰੂਪ ਵਿਚ ਸਾਹਮਣੇ ਆਇਆ ਇਹ ਸਫਰਨਾਮਾ ਗੁਰੂ ਨਾਨਕ ਦੇਵ ਜੀ ਦੀ ਉਸਤਤ ਅਤੇ ਪ੍ਰੇਰਨਾ ਦਾ ਪ੍ਰਗਟਾਵਾ ਕਰਦਾ ਹੈ। ਗੁਰੂ ਜੀ ਨਾਲ ਸਬੰਧਤ ਕਈ ਪ੍ਰਸੰਗ ਐਸੇ ਆਏ ਹਨ, ਜਿਨ੍ਹਾਂ ਵਿਚ ਕਰਾਮਾਤਾਂ ਦੀ ਭਰਮਾਰ ਹੈ। ਸਫਰਨਾਮੇ ਦਾ ਕਰਤਾ ਗੁਰੂ ਜੀ ਦੀ ਸ਼ਖਸੀਅਤ ਨੂੰ ਉਭਾਰਨ ਅਤੇ ਉਨ੍ਹਾਂ ਨੂੰ ਦੈਵੀ ਪੁਰਖ ਸਿੱਧ ਕਰਨ ਦਾ ਸਫਲ ਯਤਨ ਕਰਦਾ ਹੈ। ਜਿਹੜੇ ਸਰੋਤਾਂ ਦੀ ਉਹ ਵਰਤੋਂ ਕਰਦਾ ਹੈ, ਉਹ ਗੁਰੂ ਜੀ ਦੇ ਸਮਕਾਲੀਆਂ ਦੁਆਰਾ ਲਿਖੇ ਗਏ ਮੰਨਦਾ ਹੈ ਤਾਂ ਕਿ ਕਿਸੇ ਤਰ੍ਹਾਂ ਦਾ ਕੋਈ ਸ਼ੰਕਾ ਬਾਕੀ ਨਾ ਰਹੇ। ਸਿੱਧੇ ਤੌਰ 'ਤੇ ਗੁਰੂ ਜੀ ਨਾਲ ਜੋੜਨ ਅਤੇ ਉਨ੍ਹਾਂ ਦੇ ਦੱਸੇ ਮਾਰਗ 'ਤੇ ਚਲਣ ਦੀ ਪ੍ਰੇਰਨਾ ਦੇਣ ਵਾਲਾ ਇਹ ਇਕ ਅਹਿਮ ਦਸਤਾਵੇਜ਼ ਹੈ।

# ਪੰਜਾਬ ਕਿਵੇਂ ਬਚਿਆ...

## ਭਾਰਤ-ਪਾਕਿ ਜੰਗ ਅਤੇ ਜਨਰਲ ਹਰਬਖਸ਼ ਸਿੰਘ

### ਇਕ ਦਿਲਚਸਪ ਫ਼ੌਜੀ ਕਿੱਸਾ



**ਕੁਲਦੀਪ ਸਿੰਘ ਕਾਹਲੋਂ**
**ਸੇਵਾ ਮੁਕਤ ਬ੍ਰਿਗੇਡੀਅਰ**

ਦੇਸ਼ ਦੀ ਵੰਡ ਤੋਂ ਤੁਰੰਤ ਬਾਅਦ 1947-48 ਵਿਚ ਜਦੋਂ ਪਾਕਿਸਤਾਨੀ ਘੁਸਪੈਠੀਆਂ ਨੂੰ ਭਾਰਤ ਦੀਆਂ ਫੌਜਾਂ ਨੇ ਵਾਪਸ ਧੱਕ ਦਿੱਤਾ ਤਾਂ ਪਾਕਿਸਤਾਨ ਦੇ ਹਾਕਮਾਂ ਅੰਦਰ ਨਫਰਤ ਅਤੇ ਬਦਲਾ ਲੈਣ ਦੀ ਭਾਵਨਾ ਪੈਦਾ ਹੋ ਗਈ। ਮੌਕੇ ਦੀ ਤਲਾਸ਼ ਵਿਚ ਪਾਕਿਸਤਾਨ ਦੇ ਰਾਸ਼ਟਰਪਤੀ ਮਾਰਸ਼ਲ ਅਯੂਬ ਖਾਨ ਨੇ 1962 ਵਾਲੀ ਭਾਰਤ-ਚੀਨ ਦੀ ਲੜਾਈ ਵਿਚ ਹੋਈ ਭਾਰਤ ਦੀ ਹਾਰ ਦਾ ਫਾਇਦਾ ਲੈਂਦਿਆਂ ਭਾਰਤ ਨਾਲ ਜ਼ੋਰ ਅਜ਼ਮਾਈ ਕਰਨ ਦਾ ਮਨ ਬਣਾ ਲਿਆ। ਹਰ ਕਿਸਮ ਦੇ ਆਧੁਨਿਕ ਹਥਿਆਰ, ਤੋਪਾਂ, ਟੈਂਕ, ਹਵਾਈ ਜਹਾਜ, ਸਮੁੰਦਰੀ ਬੇੜੇ, ਗੋਲਾ ਬਾਰੂਦ ਆਦਿ ਅਮਰੀਕਾ ਅਤੇ ਸਹਿਯੋਗੀ ਮੁਲਕਾਂ ਤੋਂ ਹਾਸਲ ਕਰਕੇ ਆਪਣੀ ਫੌਜੀ ਸ਼ਕਤੀ ਦਾ ਪ੍ਰਦਰਸ਼ਨ ਕਰਨ ਵਾਸਤੇ ਪਾਕਿਸਤਾਨ ਤਿਆਰ-ਬਰ-ਤਿਆਰ ਹੋ ਗਿਆ। 1965 ਦੇ ਸ਼ੁਰੂ ਵਿਚ ਉਸ ਨੇ 'ਰਣ ਆਫ ਕੱਛ' (ਗੁਜਰਾਤ) ਵਿਚ ਆਪਣੀ ਫੌਜੀ ਤਿਆਰੀ ਦਾ ਜਾਇਜ਼ਾ ਲਿਆ। ਫਿਰ ਮਈ 1965 ਵਿਚ ਕਾਰਗਿਲ ਅੰਦਰ ਟਰੇਲਰ ਦੇਖਣ ਉਪਰੰਤ ਅਗਸਤ 1965 ਵਿਚ ਜੰਮੂ ਕਸ਼ਮੀਰ ਅੰਦਰ ਘੁਸਪੈਠੀਏ ਭੇਜ ਕੇ ਜੰਗ ਦਾ ਮਾਹੌਲ ਪੈਦਾ ਕਰ ਦਿੱਤਾ ਅਤੇ ਸਤੰਬਰ 1965 ਵਿਚ ਲੜਾਈ ਦਾ ਬਿਗਲ ਵਜਾ ਦਿੱਤਾ।

1965 ਵਿਚ ਭਾਰਤੀ ਫੌਜ ਦੇ ਮੁਖੀ ਜਨਰਲ ਜੇ. ਐਨ. ਚੌਧਰੀ ਸਨ ਅਤੇ ਆਰਮੀ ਹੈਡਕੁਆਰਟਰ ਦਿੱਲੀ ਵਿਚ ਸੀ। ਉਸ ਸਮੇਂ ਸਮੁੱਚੀ ਫੌਜ ਨੂੰ ਕੁੱਲ ਚਾਰ ਵੱਡੇ ਭਾਗਾਂ ਵਿਚ ਵੰਡਿਆ ਹੋਇਆ ਸੀ। ਸਭ ਤੋਂ ਵੱਧ ਅਹਿਮ 'ਪੱਛਮੀ ਕਮਾਂਡ' ਮੰਨੀ ਜਾਂਦੀ ਸੀ, ਜਿਸ ਦਾ ਹੈਡਕੁਆਰਟਰ ਸ਼ਿਮਲੇ ਸੀ ਤੇ ਇਸ ਦੀ ਵਾਗਡੋਰ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਨੇ ਨਵੰਬਰ 1964 ਵਿਚ ਸੰਭਾਲੀ ਸੀ। ਪੱਛਮੀ ਕਮਾਂਡ ਦੀ ਅਪ੍ਰੇਸ਼ਨਲ ਜ਼ਿੰਮੇਵਾਰੀ ਵਾਲਾ ਇਲਾਕਾ ਲੇਹ (ਲੱਦਾਖ) ਤੋਂ ਸ਼ੁਰੂ ਹੋ ਕੇ ਜੰਮੂ ਕਸ਼ਮੀਰ ਸਮੁੱਚੇ ਪੰਜਾਬ (ਹਿਮਾਚਲ, ਹਰਿਆਣਾ ਸਮੇਤ) ਰਾਜਸਥਾਨ ਅਤੇ ਗੁਜਰਾਤ ਤਕ ਫੈਲਿਆ ਹੋਇਆ ਸੀ। ਲੜਾਈ ਦੌਰਾਨ ਕਮਾਂਡ ਦਾ ਟੈਕਨੀਕਲ ਹੈਡਕੁਆਰਟਰ ਅੰਬਾਲਾ ਵਿਚ ਬਣਾਇਆ ਗਿਆ। ਸਰਕਾਰ ਨੇ ਫੈਸਲਾ ਕੀਤਾ ਕਿ ਜੇ ਪਾਕਿਸਤਾਨ ਜੰਮੂ ਕਸ਼ਮੀਰ 'ਤੇ ਚੜ੍ਹਾਈ ਕਰਦਾ ਹੈ ਤਾਂ ਉਸ ਨੂੰ ਸਮੁੱਚੇ ਭਾਰਤ 'ਤੇ ਹਮਲਾ ਸਮਝਿਆ ਜਾਵੇਗਾ। ਇਸ ਸੋਚ ਅਨੁਸਾਰ ਫੌਜ ਨੇ ਆਪਣੀ ਰਣਨੀਤੀ ਤੈਅ ਕਰ ਲਈ।

ਪੱਛਮੀ ਕਮਾਂਡ ਨੂੰ ਮੋਟੇ ਤੌਰ 'ਤੇ ਪਹਿਲਾ ਕੰਮ ਇਹ ਸੌਂਪਿਆ ਗਿਆ ਕਿ ਜੰਮੂ ਕਸ਼ਮੀਰ ਦੀ ਸੁਰੱਖਿਆ ਵਾਸਤੇ ਪੁਖਤਾ ਰਣਨੀਤੀ ਤੈਅ ਕੀਤੀ ਜਾਵੇ ਤਾਂ ਕਿ ਪਾਕਿਸਤਾਨੀ ਘੁਸਪੈਠੀਆਂ ਨੂੰ ਖੂਬ ਰਗੜਾ ਚਾੜ੍ਹਨ ਦੇ ਨਾਲ ਸੂਬੇ ਵਿਚ ਸੰਚਾਰ ਸਾਧਨਾਂ ਨੂੰ ਸੁਰੱਖਿਅਤ ਬਣਾਇਆ ਜਾ ਸਕੇ। ਦੂਸਰਾ ਵੱਡਾ ਕੰਮ ਇਹ ਦਿੱਤਾ ਗਿਆ ਕਿ ਪੰਜਾਬ ਤੇ ਰਾਜਸਥਾਨ ਨਾਲ ਲਗਦੀ ਕੌਮਾਂਤਰੀ ਸੀਮਾ ਦੀ ਹਿਫਾਜ਼ਤ ਕਰਨਾ ਅਤੇ ਜੇ ਦੁਸ਼ਮਣ ਭਾਰਤ ਦੀ ਧਰਤੀ 'ਤੇ ਪੈਰ ਰੱਖਦਾ ਹੈ ਤਾਂ ਉਸ ਨੂੰ ਤਬਾਹ ਕਰਨਾ। ਤੀਸਰਾ ਕੰਮ ਇਹ ਸੀ ਕਿ ਲੋੜ ਪੈਣ 'ਤੇ ਕੌਮਾਂਤਰੀ ਸੀਮਾ ਪਾਰ ਕਰਕੇ ਪਾਕਿਸਤਾਨ 'ਤੇ ਸੀਮਤ ਹਮਲੇ ਕਰਨਾ ਅਤੇ ਜੰਮੂ ਕਸ਼ਮੀਰ 'ਚ ਆਵਾਜਾਈ ਦੇ ਸਾਧਨਾਂ ਨੂੰ ਬਰਕਰਾਰ ਰੱਖਣਾ।

ਜਨਰਲ ਹਰਬਖਸ਼ ਸਿੰਘ ਵਲੋਂ ਪੱਛਮੀ ਕਮਾਂਡ ਦੀ ਵਾਗਡੋਰ ਸੰਭਾਲਣ ਤੋਂ ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਪਾਕਿਸਤਾਨ ਪੰਜਾਬ 'ਤੇ ਹੱਲਾ ਬੋਲਣ ਖਾਤਰ ਜੀ. ਟੀ. ਰੋਡ ਵਾਲਾ ਧੁਰਾ ਚੁਣ ਸਕਦਾ ਹੈ ਪਰ ਜਨਰਲ ਹਰਬਖਸ਼ ਸਿੰਘ ਹਰ ਪੱਖ ਵਿਚਾਰਨ ਪਿਛੋਂ ਇਸ ਸਿੱਟੇ 'ਤੇ ਪਹੁੰਚੇ ਕਿ ਅਜਿਹਾ ਕਰਨ ਨਾਲ ਤਾਂ ਪਹਿਲਾਂ ਦੁਸ਼ਮਣ ਨੂੰ ਅੰਮ੍ਰਿਤਸਰ ਸ਼ਹਿਰ ਖਾਲੀ ਕਰਵਾਉਣਾ ਪਵੇਗਾ, ਜੋ ਕਾਫੀ ਔਖਾ ਅਤੇ ਪੇਚੀਦਾ ਮਸਲਾ ਹੋਵੇਗਾ। ਹੋਰ ਵੀ ਕਈ ਪਹਿਲੂਆਂ ਨੂੰ ਵਿਚਾਰਨ ਪਿਛੋਂ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਦੁਸ਼ਮਣ ਆਪਣੇ ਮਨਸੂਬਿਆਂ ਖਾਤਰ ਖੇਮਕਰਨ-ਖਾਲੜਾ ਸੈਕਟਰ ਵਾਲਾ ਰਸਤਾ ਚੁਣ ਸਕਦਾ ਹੈ। ਇਸ ਵਾਸਤੇ ਫੌਜੀ ਸ਼ਕਤੀ ਪੱਖੋਂ ਇਸ ਇਲਾਕੇ ਨੂੰ ਜ਼ਿਆਦਾ ਮਜ਼ਬੂਤ ਕਰਨਾ ਹੋਵੇਗਾ। ਭਾਰਤੀ ਫੌਜਾਂ ਵਲੋਂ ਲਾਹੌਰ ਸੈਕਟਰ ਵੱਲ ਹੱਲੇ ਬੋਲਣ ਖਾਤਰ ਫੌਜਾਂ ਦੀ ਤਾਇਨਾਤੀ ਦਾ ਝੁਕਾਅ ਅੱਗੇ ਵੱਲ ਨੂੰ ਹੋਵੇਗਾ, ਪਿੱਛੇ ਨੂੰ ਨਹੀਂ।

ਅਯੂਬ ਖਾਨ ਦੀ ਸੋਚ ਇਹ ਸੀ ਕਿ ਅੱਧੀ ਭਾਰਤੀ ਫੌਜ ਤਾਂ ਚੀਨ ਦੇ ਖਿਲਾਫ ਤਾਇਨਾਤ ਹੈ। ਬਾਕੀ ਅੱਧੀ ਵਿਚੋਂ ਬਹੁਤ ਸਾਰੀ ਨਫਰੀ ਲੱਦਾਖ, ਜੰਮੂ ਕਸ਼ਮੀਰ ਵਿਚ ਰੁੱਝੀ ਹੋਈ ਹੈ। ਪਾਕਿਸਤਾਨੀ ਹਾਕਮਾਂ ਨੂੰ ਇਹ ਗਲਤਫਹਿਮੀ ਸੀ ਕਿ ਭਾਰਤ ਦੇ ਜਰਨੈਲਾਂ ਨੂੰ ਕਸੂਰ-ਖੇਮਕਰਨ ਵਾਲੇ ਇਲਾਕੇ ਦੀ ਮਹੱਤਤਾ ਹੀ ਨਹੀਂ ਪਤਾ। ਪਾਕਿਸਤਾਨ ਦੇ ਬੰਦੀ ਬਣਾਏ ਇਕ ਅਫਸਰ ਪਾਸੋਂ ਜੋ ਦਸਤਾਵੇਜ਼ ਬਰਾਮਦ ਕੀਤੇ ਗਏ, ਉਸ ਮੁਤਾਬਕ ਯੋਜਨਾ ਇਹ ਸੀ ਕਿ ਖੇਮਕਰਨ ਨੂੰ ਆਧਾਰ ਮੰਨਦਿਆਂ ਸਭ ਤੋਂ ਵੱਡਾ ਹਮਲਾ ਪੰਜਾਬ 'ਤੇ ਕੀਤਾ ਜਾਵੇਗਾ ਜਿਸ ਨੂੰ ਆਪ੍ਰੇਸ਼ਨ 'ਤਲਵਾਰ' ਦਾ ਨਾਂ ਦਿੱਤਾ ਗਿਆ। ਸਕੀਮ ਮੁਤਾਬਕ ਟੈਂਕਾਂ ਦੀ ਪਹਿਲੀ ਕਤਾਰ ਬਿਆਸ-ਸਤਲੁਜ ਦੇ ਸੰਗਮ ਹਰੀ ਕੇ ਨੂੰ ਕਾਬੂ ਕਰੇਗੀ। ਦੂਸਰਾ ਬਖਤਰਬੰਦ ਕਾਲਮ ਖੇਮਕਰਨ-ਵਲਟੋਹਾ-ਪੱਟੀ ਤੋਂ ਹੁੰਦਾ ਹੋਇਆ ਅੰਮ੍ਰਿਤਸਰ ਨੂੰ ਬਾਈਪਾਸ ਕਰ ਕੇ ਜੰਡਿਆਲਾ ਗੁਰੂ ਤੋਂ ਬਿਆਸ ਤੱਕ ਰੇਲਵੇ ਸੜਕ ਨੂੰ ਕਾਬੂ ਕਰੇਗਾ। ਤੀਸਰਾ ਟਾਸਕ ਫੋਰਸ ਨੂੰ ਇਹ ਹੁਕਮ ਦਿੱਤਾ ਗਿਆ ਕਿ ਸੜਕ ਜਲੰਧਰ-ਪਠਾਨਕੋਟ-ਹਰੀ ਕੇ ਬਿਆਸ ਦਾ ਲਿੰਕ ਤੋੜ ਕੇ 8 ਸਤੰਬਰ ਨੂੰ ਜਲੰਧਰ ਅਤੇ 9 ਸਤੰਬਰ ਨੂੰ ਲੁਧਿਆਣਾ ਕਾਬੂ ਕੀਤਾ ਜਾਵੇਗਾ। ਜੇ ਇਹ ਸਾਰੀ ਯੋਜਨਾ ਨੇਪਰੇ ਚੜ੍ਹ ਜਾਂਦੀ ਹੈ ਤਾਂ ਫਿਰ ਪਾਕਿਸਤਾਨ ਪਾਣੀਪੱਤ ਦੀ ਚੌਥੀ ਲੜਾਈ ਲੜੇਗਾ। ਫਿਰ ਰਾਸ਼ਟਰਪਤੀ ਅਯੂਬ ਖਾਨ, ਨਾਦਿਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਨਕਸ਼ੇ ਕਦਮ 'ਤੇ ਚੱਲਦਿਆਂ 10 ਸਤੰਬਰ ਨੂੰ ਦਿੱਲੀ ਪਹੁੰਚ ਕੇ ਸ਼ਾਹ ਜਹਾਨ ਦੇ ਲਾਲ ਕਿਲ੍ਹੇ ਵਾਲੇ ਮਹਿਲਾਂ ਵਿਚ ਪਹੁੰਚ ਕੇ ਜਸ਼ਨ ਮਨਾਉਣਗੇ। ਇਹ ਸ਼ਹਿਨਸ਼ਾਹੀ ਜਿੱਤ ਹਾਸਲ ਕਰਨ ਵਾਸਤੇ ਆਰਮਰਡ ਡਿਵੀਜ਼ਨ ਦੇ ਡਿਵੀਜ਼ਨਲ ਕਮਾਂਡਰ ਖੁਦ ਅੱਗੇ ਲੱਗ ਕੇ ਇਸ ਅਪ੍ਰੇਸ਼ਨ ਦੀ ਅਗਵਾਈ ਕਰਨਗੇ। ਜੇ ਇਹ ਮਨਸੂਬਾ ਕਾਮਯਾਬ ਹੋ ਜਾਂਦਾ ਤਾਂ ਅੰਮ੍ਰਿਤਸਰ, ਗੁਰਦਾਸਪੁਰ, ਕਾਂਗੜਾ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਭਾਵ ਪੰਜਾਬ ਦਾ ਬਹੁਤ ਸਾਰਾ ਹਿੱਸਾ ਦੁਸ਼ਮਣ ਦੇ ਕਬਜ਼ੇ ਹੇਠ ਆ ਜਾਂਦਾ। ਇਸ ਦੇ ਨਾਲ ਹੀ ਜੰਮੂ ਕਸ਼ਮੀਰ ਨਾਲ ਸੰਪਰਕ ਵੀ ਟੁੱਟ ਜਾਂਦਾ ਅਤੇ ਸਾਡੀਆਂ ਜੋ ਫੌਜਾਂ ਲਾਹੌਰ ਸੈਕਟਰ ਵੱਲ ਅੱਗੇ ਵਧ ਕੇ ਇਛੋਗਿਲ ਨਹਿਰ ਤੱਕ ਪਹੁੰਚ ਚੁੱਕੀਆਂ ਸਨ, ਉਹ ਵੀ ਸੰਕਟ ਵਿਚ ਫਸ ਜਾਂਦੀਆਂ।

ਪੰਜਾਬ 'ਤੇ ਹਮਲਾ ਕਰਨ ਤੋਂ ਪਹਿਲਾਂ ਅਗਸਤ 1965 ਵਿਚ ਜੰਮੂ ਕਸ਼ਮੀਰ 'ਚ ਪਾਕਿਸਤਾਨੀ ਘੁਸਪੈਠੀਆਂ ਨੂੰ 47-48 ਤੋਂ ਬਾਅਦ ਇਕ ਵਾਰ ਫਿਰ ਖਦੇੜਿਆ ਹੀ ਨਹੀਂ ਗਿਆ ਬਲਕਿ ਹਾਜੀ ਪੀਰ ਅਤੇ ਕਿਸਨਗੰਗ ਬੱਲਜ ਵਾਲਾ (ਮਕਬੂਜ਼ਾ ਕਸ਼ਮੀਰ) ਇਲਾਕਾ ਭਾਰਤੀ ਫੌਜਾਂ ਨੇ ਆਪਣੇ ਕਬਜ਼ੇ ਹੇਠ ਲੈ ਲਿਆ। ਹੈਰਾਨ-ਪ੍ਰੇਸ਼ਾਨ ਪਾਕਿਸਤਾਨੀ ਹਾਕਮਾਂ ਨੇ ਪਹਿਲੀ ਸਤੰਬਰ 1965 ਨੂੰ ਅਪ੍ਰੇਸ਼ਨ 'ਗਰੈਂਡ ਸਲੈਮ' ਦੇ ਨਾਂ ਹੇਠ ਛੰਭ-ਜੌੜੀਆਂ ਵਿਚ ਹੱਲਾ ਬੋਲ ਦਿੱਤਾ।

ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਥਲ ਸੈਨਾ ਅਤੇ ਹਵਾਈ ਸੈਨਾ ਨੂੰ ਪਾਕਿਸਤਾਨ 'ਤੇ ਸੀਮਤ ਹਮਲੇ ਕਰਨ ਦੀ ਇਜਾਜ਼ਤ ਤਾਂ ਦੇ ਦਿੱਤੀ, ਪਰ ਲਾਹੌਰ ਅਤੇ ਸਿਆਲਕੋਟ ਨੂੰ ਕਬਜ਼ੇ ਹੇਠ ਲੈਣ 'ਤੇ ਰੋਕ ਲਾ ਦਿੱਤੀ। ਆਰਮੀ ਕਮਾਂਡਰ ਵਲੋਂ ਜਲੰਧਰ ਵਾਲੀ 11 ਕੋਰ ਨੂੰ ਹੁਕਮ ਦਿੱਤਾ ਗਿਆ ਕਿ ਉਹ ਤਿੰਨ ਦਿਸ਼ਾਵਾਂ ਵਲੋਂ ਲਾਹੌਰ ਸੈਕਟਰ ਵੱਲ ਹਮਲੇ ਕਰਕੇ ਇਛੋਗਿਲ ਨਹਿਰ ਦੇ ਪੂਰਬੀ ਹਿੱਸੇ ਅਤੇ ਉਸ ਉਪਰ ਪੁਲਾਂ ਨੂੰ ਕਾਬੂ ਕਰੇ। ਇਸ ਉਦੇਸ਼ ਦੀ ਪ੍ਰਾਪਤੀ ਖਾਤਰ 15 ਇਨਫੈਂਟਰੀ ਡਿਵੀਜ਼ਨ ਨੂੰ ਜੀ. ਟੀ. ਰੋਡ ਅੰਮ੍ਰਿਤਸਰ-ਰਾਣੀਆਂ-ਲਾਹੌਰ ਵੱਲ ਵਧਣ ਲਈ ਕਿਹਾ ਗਿਆ। 4 ਮਾਊਂਟੇਨ ਡਿਵੀਜ਼ਨ ਨੂੰ ਖੇਮਕਰਨ ਕਸੂਰ ਵਲੋਂ ਇਛੋਗਿਲ ਨਹਿਰ ਦੇ ਪੁਲ ਨੂੰ ਉਡਾਉਣ ਪਿਛੋਂ ਇਸ ਇਲਾਕੇ ਵਿਚ ਡਿਫੈਂਸਿਵ ਪੁਜ਼ੀਸ਼ਨ ਅਖਤਿਆਰ ਕਰਕੇ ਦੁਸ਼ਮਣ ਦੇ ਸੰਭਾਵੀ ਹਮਲੇ ਦਾ ਟਾਕਰਾ ਕਰਨ ਵਾਸਤੇ ਤਿਆਰ-ਬਰ-ਤਿਆਰ ਰਹਿਣ ਲਈ ਕਿਹਾ ਗਿਆ। 7 ਇਨਫੈਂਟਰੀ ਡਿਵੀਜ਼ਨ ਨੂੰ ਭਿੱਖੀਵਿੰਡ-ਖਾਲੜਾ-ਬਰਕੀ ਵਾਲੇ ਪਾਸਿਓਂ ਹਮਲੇ ਕਰਨ ਦਾ ਹੁਕਮ ਮਿਲਿਆ। 6 ਸਤੰਬਰ 1965 ਨੂੰ ਸਵੇਰੇ ਚਾਰ ਵਜੇ ਫੌਜਾਂ ਆਪਣੇ ਨਿਰਧਾਰਿਤ ਮੰਤਵ ਵਾਸਤੇ ਕੂਚ ਕਰ ਗਈਆਂ। ਜਦੋਂ ਰੱਖਿਆ ਮੰਤਰੀ ਵਾਈ. ਬੀ. ਚਵਾਨ ਨੇ ਪਾਰਲੀਮੈਂਟ ਵਿਚ ਇਸ ਗੱਲ ਦਾ ਐਲਾਨ ਕੀਤਾ ਕਿ ਭਾਰਤੀ ਫੌਜਾਂ ਪਾਕਿਸਤਾਨ ਬਾਰਡਰ ਪਾਰ ਕਰਕੇ ਲਾਹੌਰ ਵਲ ਚੜ੍ਹਾਈ ਕਰ ਚੁੱਕੀਆਂ ਹਨ ਤਾਂ ਇਸ ਦਾ ਤਾੜੀਆਂ ਨਾਲ ਸਵਾਗਤ ਕੀਤਾ ਗਿਆ।

ਭਾਰਤ-ਪਾਕਿਸਤਾਨ ਦਰਮਿਆਨ ਵਿਗੜਦੇ ਹਾਲਾਤ 'ਤੇ ਦੁਨੀਆਂ ਦੀਆਂ ਨਜ਼ਰਾਂ ਵੀ ਟਿਕ ਗਈਆਂ। 2 ਸਤੰਬਰ ਨੂੰ ਯੂ. ਐਨ. ਓ. ਦੇ ਸਕੱਤਰ ਜਨਰਲ ਯੂ. ਥਾਂਟ ਨੇ ਦੋਹਾਂ ਮੁਲਕਾਂ ਨੂੰ ਜੰਗਬੰਦੀ ਲਾਗੂ ਕਰਨ ਦੀ ਅਪੀਲ ਕੀਤੀ। 3 ਸਤੰਬਰ ਨੂੰ ਪਾਕਿਸਤਾਨ ਦੇ ਬੀਜਿੰਗ (ਚੀਨ) ਵਿਚ ਵਿਸ਼ੇਸ਼ ਰਾਜਦੂਤ ਨੇ ਚਾਊ ਇਨ ਲਾਈ ਨਾਲ ਮੁਲਾਕਾਤ ਕੀਤੀ। 4 ਸਤੰਬਰ ਨੂੰ ਚੀਨ ਦੇ ਵਿਦੇਸ਼ ਮੰਤਰੀ ਚਿਨ-ਯੀ ਨੇ ਕਰਾਚੀ ਪਹੁੰਚ ਕੇ 6 ਘੰਟੇ ਤੱਕ ਜ਼ੁਲਫਿਕਾਰ ਅਲੀ ਭੁੱਟੋ ਨਾਲ ਮੁਲਾਕਾਤ ਕਰਕੇ ਪਾਕਿਸਤਾਨ ਦਾ ਪੱਖ ਪੂਰਿਆ। ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਸਭ ਤੋਂ ਪਹਿਲਾਂ ਭਾਰਤ ਵਲੋਂ ਕੀਤੇ ਗਏ ਹਮਲੇ ਦੀ ਨਿਖੇਧੀ ਕੀਤੀ। 5 ਸਤੰਬਰ ਦੀ ਸ਼ਾਮ ਨੂੰ ਪਾਕਿਸਤਾਨ ਦੇ ਲੜਾਕੂ ਜਹਾਜਾਂ ਨੇ ਅੰਮ੍ਰਿਤਸਰ ਵਿਖੇ ਏਅਰ ਫੋਰਸ ਦੀ ਯੂਨਿਟ 'ਤੇ ਰਾਕਟ ਦਾਗੇ। ਇਸ ਦੇ ਨਾਲ ਹੀ ਜੰਮੂ ਕਸ਼ਮੀਰ ਦੇ ਰਣਬੀਰ ਸਿੰਘ ਪੁਰਾ (ਆਰ. ਐਸ. ਪੁਰਾ) ਵਾਲੇ ਇਲਾਕੇ ਸਮੇਤ ਕਈ ਹੋਰ ਫੌਜੀ ਟਿਕਾਣਿਆਂ 'ਤੇ ਪਾਕਿਸਤਾਨ ਦੀ ਏਅਰ ਫੋਰਸ ਨੇ ਤੇਜ਼ੀ ਨਾਲ ਹਵਾਈ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਪਾਕਿਸਤਾਨੀ ਫੌਜ ਨੇ ਪੰਜਾਬ ਨਾਲ ਲਗਦੇ 595 ਕਿਲੋਮੀਟਰ ਕੌਮਾਂਤਰੀ ਬਾਰਡਰ 'ਤੇ ਵੱਡੀ ਗਿਣਤੀ ਵਿਚ ਟੈਂਕਾਂ, ਤੋਪਾਂ ਸਮੇਤ ਮੋਰਚੇ ਸੰਭਾਲ ਲਏ। ਸਿਆਲਕੋਟ, ਨਾਰੋਵਾਲ, ਹੁਡਿਆਰਾ, ਬਸੀਨ ਅਤੇ ਕਸੂਰ ਵਿਚ ਫੌਜ ਦੀ ਬਹੁਤ ਜ਼ਿਆਦਾ ਹਰਕਤ ਦੇਖੀ ਗਈ।

ਸਭ ਤੋਂ ਪਹਿਲਾਂ ਪਾਕਿਸਤਾਨ ਦੀ ਧਰਤੀ 'ਤੇ ਪੈਰ ਰੱਖਣ ਵਾਲੇ 3 ਜਾਟ ਬਟਾਲੀਅਨ ਦੇ ਕਮਾਂਡਿੰਗ ਅਫਸਰ ਲੈਫਟੀਨੈਂਟ ਕਰਨਲ ਡੀ. ਹਾਈਡ ਸਨ। 3 ਜਾਟ ਰੈਜੀਮੈਂਟ ਨੇ ਸਭ ਤੋਂ ਪਹਿਲਾਂ ਗੋਸਲ ਦਿਆਲ ਕਾਬੂ ਕੀਤਾ, ਫਿਰ ਇਛੋਗਿਲ ਨਹਿਰ 'ਤੇ ਪਹੁੰਚ ਕੇ ਪੁਲ ਵੀ ਕਬਜ਼ੇ ਹੇਠ ਲਿਆ ਅਤੇ ਨਹਿਰ ਪਾਰ ਕਰਕੇ ਪਾਕਿਸਤਾਨ ਦੀ 'ਬਾਟਾ ਸ਼ੂਅ ਫੈਕਟਰੀ' ਤੱਕ ਜਾ ਪਹੁੰਚੇ। ਬਾਅਦ ਵਿਚ ਗੋਲਾ ਬਾਰੂਦ, ਸਾਜ਼ੋ-ਸਾਮਾਨ ਪਲਟਣ ਤੱਕ ਨਾ ਪਹੁੰਚਣ ਕਰਕੇ ਪਿੱਛੇ ਹਟਣਾ ਪਿਆ। ਇਸੇ ਤਰੀਕੇ ਨਾਲ 7 ਇਨਫੈਂਟਰੀ ਡਿਵੀਜ਼ਨ ਅਤੇ 15 ਇਨਫੈਂਟਰੀ ਡਿਵੀਜ਼ਨ ਦੀਆਂ ਯੂਨਿਟਾਂ ਨੇ ਦੁਸ਼ਮਣ ਦੇ ਕੁਝ ਇਲਾਕੇ ਕਬਜ਼ੇ ਹੇਠ ਲੈ ਲਏ ਅਤੇ ਕਈ ਥਾਂਵਾਂ 'ਤੇ ਜ਼ਬਰਦਸਤ ਮੁਕਾਬਲੇ ਕਾਰਨ ਪਲਟਣਾਂ ਨੂੰ ਪੂਰੀ ਸਫਲਤਾ ਹਾਸਲ ਨਾ ਹੋ ਸਕੀ।

4 ਮਾਊਂਟੇਨ ਡਿਵੀਜ਼ਨ ਨੇ ਵੀ ਆਪਣੇ ਉਦੇਸ਼ ਦੀ ਪ੍ਰਾਪਤੀ ਵਾਸਤੇ 6 ਸਤੰਬਰ ਨੂੰ ਸਵੇਰੇ 5 ਵਜੇ ਭਿਖੀਵਿੰਡ-ਡਿਬੀਪੁਰ-ਖੇਮਕਰਨ ਤੋਂ ਕਸੂਰ ਵੱਲ ਵਧਣਾ ਸ਼ੁਰੂ ਕਰ ਦਿੱਤਾ, ਪਰ ਪਾਕਿਸਤਾਨ ਦੀ ਪਹਿਲੀ ਆਰਮਰਡ ਡਿਵੀਜ਼ਨ ਨੇ ਪਲਟਣਾਂ ਨੂੰ ਰਸਤੇ ਵਿਚ ਹੀ ਘੇਰਨਾ ਸ਼ੁਰੂ ਕਰ ਦਿੱਤਾ। ਡਿਬੀਪੁਰ ਜੋ ਕਸੂਰ ਤੋਂ 20 ਕਿਲੋਮੀਟਰ, ਬਰਕੀ ਤੋਂ 10 ਕਿਲੋਮੀਟਰ ਅਤੇ ਖੇਮਕਰਨ ਤੋਂ ਕਰੀਬ 12 ਕਿਲੋਮੀਟਰ ਦੀ ਵਿੱਥ 'ਤੇ ਹੈ, ਉਸ ਉਪਰ 7 ਘੰਟਿਆਂ ਤੱਕ ਬੰਬਾਰੀ ਹੁੰਦੀ ਰਹੀ। 7 ਸਤੰਬਰ ਨੂੰ ਪਾਕਿਸਤਾਨ ਦੇ ਜਨਰਲ ਮੂਸਾ ਨੇ ਆਪਣੀਆਂ ਫੌਜਾਂ ਨੂੰ ਬਿਆਸ ਵੱਲ ਵਧਣ ਦਾ ਹੁਕਮ ਦੇ ਦਿੱਤਾ। 7 ਸਤੰਬਰ ਨੂੰ ਪਾਕਿਸਤਾਨ ਦੇ ਪੈਟਨ ਟੈਂਕਾਂ ਨੇ 4 ਮਾਊਂਟੇਨ ਡਿਵੀਜ਼ਨ ਦੀਆਂ ਅੱਗੇ ਵਧ ਰਹੀਆਂ ਕੁਝ ਪਲਟਣਾਂ ਦੀ ਘੇਰਾਬੰਦੀ ਕਰਕੇ ਆਪਣੇ ਟੈਂਕਾਂ ਅਤੇ ਤੋਪਾਂ ਨਾਲ ਫਾਇਰਿੰਗ ਸ਼ੁਰੂ ਕਰ ਦਿੱਤੀ। 6/7 ਸਤੰਬਰ ਦੀ ਰਾਤ ਨੂੰ 13 ਡੋਗਰਾ ਪਲਟਣ ਆਪਣੇ ਕਮਾਂਡਿੰਗ ਅਫਸਰ ਦੀ ਪਾਰਟੀ ਅਤੇ ਸੂਬੇਦਾਰ ਮੇਜਰ ਨੂੰ ਪਿੱਛੇ ਛੱਡ ਕੇ ਭੱਜ ਨਿਕਲੇ। ਦੂਸਰੀਆਂ ਪਲਟਣਾਂ ਅੰਦਰ ਵੀ ਭਗਦੜ ਮਚ ਗਈ। 9 ਜੈਕ ਰਾਈਫਲਜ਼ ਦੇ ਕਮਾਂਡਿੰਗ ਅਫਸਰ ਆਪਣੀ ਇਕ ਕੰਪਨੀ ਨਾਲ ਲੈ ਕੇ ਬਗੈਰ ਹੁਕਮਾਂ ਦੇ ਖਿਸਕ ਗਏ। 18 ਰਾਜਪੂਤ ਰਾਈਫਲਜ਼ ਅਤੇ 7 ਗਰਨੇਡੀਅਰ ਪਲਟਨਾਂ ਦੀ ਅੱਧੀ ਪਚੱਧੀ ਨਫਰੀ ਹੀ ਬਾਕੀ ਬਚੀ। 7 ਸਤੰਬਰ ਦੀ ਸ਼ਾਮ ਤੱਕ 4 ਮਾਊਂਟੇਨ ਡਿਵੀਜ਼ਨ ਦੀ ਹਾਲਤ ਨਿਰਾਸ਼ਾਜਨਕ ਬਣ ਗਈ। ਇਸ ਵਾਸਤੇ ਜੋ ਟਾਸਕ ਇਸ ਫਾਰਮੇਸ਼ਨ ਨੂੰ ਸੌਂਪੇ ਗਏ ਸਨ, ਇਹ ਉਹ ਕੋਈ ਵੀ ਪੂਰਾ ਨਾ ਕਰ ਸਕੀ। ਡਿਵੀਜ਼ਨ ਦੀਆਂ 6 ਪਲਟਣਾਂ ਵਿਚੋਂ 2 ਯੂਨਿਟਾਂ ਆਪਣੀ ਜ਼ਿੰਮੇਵਾਰੀ ਦਾ ਇਲਾਕਾ ਛੱਡ ਕੇ ਲੋਪ ਹੋ ਗਈਆਂ ਅਤੇ ਬਾਕੀ 3 ਪਲਟਣਾਂ ਲੰਮੇ ਚੌੜੇ ਇਲਾਕੇ ਅੰਦਰ ਆਪੋ-ਆਪਣੀ ਲੜਾਈ ਲੜ ਰਹੀਆਂ ਸਨ। 11 ਕੋਰ ਕਮਾਂਡਰ ਲੈਫਟੀਨੈਂਟ ਜਨਰਲ ਜੇ. ਐਸ. ਢਿੱਲੋਂ ਨੇ ਆਰਮੀ ਕਮਾਂਡਰ ਨੂੰ ਆਪਣੇ ਹੱਥ ਨਾਲ ਚਿੱਠੀ ਲਿਖ ਕੇ ਜੰਗ ਵਾਲੀ ਚਿੰਤਾਜਨਕ ਹਾਲਤ ਬਾਰੇ ਜਾਣੂ ਕਰਵਾਉਂਦਿਆਂ ਮੰਗ ਕੀਤੀ ਕਿ 4 ਮਾਊਂਟੇਨ ਡਿਵੀਜ਼ਨ ਨੂੰ ਤੁਰੰਤ ਬਦਲਿਆ ਜਾਵੇ।



*ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ।*

ਦੇਸ਼ ਅਤੇ ਫੌਜ ਦੇ ਨਿਧੜਕ ਜਰਨੈਲ ਅਤੇ ਦੂਰਅੰਦੇਸ਼ੀ ਦੇ ਮਾਲਕ ਜਨਰਲ ਹਰਬਖਸ਼ ਸਿੰਘ ਚਿੱਠੀ ਮਿਲਦੇ ਸਾਰ ਲੜਾਈ ਵਾਲੇ ਮੈਦਾਨ ਵਿਚ ਪਹੁੰਚ ਗਏ। ਪਾਕਿਸਤਾਨ ਵਲੋਂ ਲਗਾਤਾਰ ਗੋਲਾਬਾਰੀ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਕਰੀਬ ਦੋ ਘੰਟਿਆਂ ਤੱਕ ਮੌਕੇ 'ਤੇ ਖੇਮਕਰਨ ਸੈਕਟਰ 'ਚ ਲੜਾਈ ਦਾ ਜਾਇਜ਼ਾ ਲਿਆ। ਉਨ੍ਹਾਂ ਮਹਿਸੂਸ ਕੀਤਾ ਕਿ ਫਾਰਮੇਸ਼ਨ ਦਾ ਕਚੂਮਰ ਨਿਕਲ ਚੁਕਾ ਹੈ ਅਤੇ ਸਾਰੇ ਪਾਸੇ ਅਫਰਾ-ਤਫਰੀ ਮਚੀ ਹੋਈ ਸੀ। ਲੀਡਰਸ਼ਿਪ ਵਿਚ ਘਬਰਾਹਟ ਦੇਖਣ ਨੂੰ ਮਿਲੀ ਅਤੇ ਬਚੀ ਖੁਚੀ ਫੌਜ ਦਾ ਮਨੋਬਲ ਡਿੱਗ ਚੁਕਾ ਸੀ। ਅਜਿਹੇ ਮੌਕੇ ਜੇ ਕਮਾਂਡਰ ਸਵੈ-ਵਿਸ਼ਵਾਸ ਖੋ ਬੈਠੇ ਅਤੇ ਦ੍ਰਿੜ੍ਹਤਾ, ਹਿੰਮਤ ਤੇ ਦਲੇਰੀ ਤੋਂ ਕੰਮ ਨਾ ਲਵੇ ਤਾਂ ਲੜਾਈ ਹਾਰੀ ਸਮਝੋ।

ਜਨਰਲ ਹਰਬਖਸ਼ ਸਿੰਘ ਨੇ ਬੜੇ ਹੀ ਸ਼ਾਂਤਮਈ ਢੰਗ ਪਰ ਪ੍ਰਭਾਵਸ਼ਾਲੀ ਤਰੀਕੇ ਨਾਲ 4 ਮਾਊਂਟੇਨ ਡਿਵੀਜ਼ਨ ਦੇ ਜਨਰਲ ਅਫਸਰ ਕਮਾਂਡਿੰਗ ਮੇਜਰ ਜਨਰਲ ਗੁਰਬਖਸ਼ ਸਿੰਘ ਅਤੇ ਬਾਕੀ ਕਮਾਂਡਰਾਂ ਨੂੰ ਦੁਸ਼ਮਣ ਨਾਲ ਨਜਿੱਠਣ ਵਾਸਤੇ ਨਿਵੇਕਲੀ ਵਿਧੀ ਸਮਝਾਈ ਤੇ ਜੁਆਨਾਂ ਦਾ ਮਨੋਬਲ ਉਚਾ ਚੁੱਕਿਆ। ਸੂਝਬੂਝ ਦੇ ਧਨੀ ਅਤੇ ਲੜਾਈਆਂ ਵਿਚ ਫਤਿਹ ਹਾਸਲ ਕਰਨ ਦੇ ਮਾਹਿਰ ਇਸ ਗੱਲ ਤੋਂ ਭਲੀਭਾਂਤ ਜਾਣੂ ਸਨ ਕਿ ਡਿਵੀਜ਼ਨ ਦੀ ਬਦਲੀ ਕਰਨ ਵਾਸਤੇ ਨਾ ਤਾਂ ਉਨ੍ਹਾਂ ਪਾਸ ਕੋਈ ਰਿਜ਼ਰਵ ਫੋਰਸ ਹੈ ਅਤੇ ਨਾ ਹੀ ਇਹ ਵਾਜਬ ਸਮਾਂ ਹੈ, ਜਦੋਂਕਿ ਦੋਵੇਂ ਮੁਲਕਾਂ ਦੀਆਂ ਫੌਜਾਂ ਵਿਚਾਲੇ ਮੁਕਾਬਲਾ ਜਾਰੀ ਹੈ। ਇਸ ਵਾਸਤੇ ਉਹ ਕੋਰ ਕਮਾਂਡਰ ਦੀ ਸਿਫਾਰਸ਼ ਪ੍ਰਵਾਨ ਕਰਨ ਵਿਚ ਅਸਮਰਥ ਸਨ।

ਜਦੋਂ ਜਨਰਲ ਹਰਬਖਸ਼ ਸਿੰਘ ਨੇ ਮੈਦਾਨ-ਏ-ਜੰਗ ਵਿਚ ਦੁਸ਼ਮਣ ਨੂੰ ਵੰਗਾਰਦਿਆਂ ਆਪਣੇ ਕਮਾਂਡਰਾਂ ਵਿਚ ਨਵੀਂ ਰੂਹ ਫੂਕੀ ਤਾਂ ਡਿਵੀਜ਼ਨਲ ਕਮਾਂਡਰ ਨੇ ਆਰਮੀ ਕਮਾਂਡਰ ਨੂੰ ਭਰੋਸਾ ਦਿੱਤਾ ਕਿ ਉਹ ਆਪਣੇ ਵੈਰੀਆਂ ਨਾਲ ਡਟ ਕੇ ਮੁਕਾਬਲਾ ਕਰਦਿਆਂ ਆਖਰੀ ਦਮ ਤੱਕ ਲੜਨਗੇ। ਵਾਪਸੀ 'ਤੇ ਜਨਰਲ ਹਰਬਖਸ਼ ਸਿੰਘ ਰੱਈਆ ਵਿਚ ਕੋਰ ਹੈਡਕੁਆਰਟਰ ਦੇ ਐਡਵਾਂਸ ਹੈਡਕੁਆਰਟਰ ਵਿਚ ਰੁਕੇ ਅਤੇ ਲੈਫਟੀਨੈਂਟ ਜਨਰਲ ਨੂੰ ਖੇਮਕਰਨ ਵਾਲੇ ਹਾਲਾਤ ਬਾਰੇ ਜਾਣਕਾਰੀ ਦਿੱਤੀ ਤੇ ਸਮਝਾਇਆ ਕਿ 4 ਮਾਊਂਟੇਨ ਡਿਵੀਜ਼ਨ ਦੁਸ਼ਮਣ ਨੂੰ ਮੂੰਹ ਤੋੜਵਾਂ ਜਵਾਬ ਦੇਵੇਗੀ, ਇਸ ਵਾਸਤੇ ਉਸ ਦੀ ਬਦਲੀ ਦੀ ਲੋੜ ਨਹੀਂ। ਉਹ ਰੱਈਏ ਤੋਂ ਚੱਲ ਕੇ ਜੀਪ ਦੀਆਂ ਲਾਈਟਾਂ ਤੋਂ ਬਗੈਰ ਅੱਧੀ ਰਾਤ ਤੋਂ ਵੀ ਬਾਅਦ ਆਪਣੇ ਹੈਡਕੁਆਰਟਰ ਅੰਬਾਲਾ ਪਹੁੰਚੇ ਜਿਥੋਂ ਜੰਮੂ ਕਸ਼ਮੀਰ, ਪੰਜਾਬ ਅਤੇ ਰਾਜਸਥਾਨ ਵਿਚ ਲੜੀ ਜਾ ਰਹੀ ਲੜਾਈ ਨੂੰ ਸਮੁੱਚੇ ਤੌਰ 'ਤੇ ਕੰਟਰੋਲ ਕੀਤਾ ਜਾ ਰਿਹਾ ਸੀ।

8 ਸਤੰਬਰ ਦੀ ਸ਼ਾਮ ਤੱਕ 4 ਮਾਊਂਟੇਨ ਡਿਵੀਜ਼ਨ ਵੱਲੋਂ ਪਾਕਿਸਤਾਨ ਦੇ ਟੈਂਕਾਂ ਨੂੰ ਠੱਲ੍ਹ ਪਾ ਲਏ ਜਾਣ ਸਦਕਾ ਬਾਰੂਦੀ ਸੁਰੰਗਾਂ ਵਿਛਾਉਣ ਦਾ ਕੰਮ ਸ਼ੁਰੂ ਹੋ ਗਿਆ ਅਤੇ ਭਾਰਤੀ ਫੌਜਾਂ ਨੇ ਮੋਰਚੇ ਸੰਭਾਲਣੇ ਸ਼ੁਰੂ ਕਰ ਦਿੱਤੇ। ਦੁਸ਼ਮਣ ਦੇ ਟੈਂਕਾਂ ਵਿਚ ਰੁਕਾਵਟ ਪੈਦਾ ਕਰਨ ਖਾਤਰ ਵਲਟੋਹਾ ਦੇ ਨੇੜੇ ਨਹਿਰ ਦੇ ਸੂਏ ਦਾ ਪਾਣੀ ਵੀ ਛੱਡ ਦਿੱਤਾ। ਬਿਆਸ ਤੱਕ ਪਹੁੰਚਣ ਦੇ ਉਦੇਸ਼ ਨਾਲ 8 ਸਤੰਬਰ ਨੂੰ ਦੁਸ਼ਮਣ ਨੇ ਦੋ ਸੈਫਿਈਜ਼ ਅਤੇ ਇਕ ਪੈਟਨ ਸੁਕਾਡਰਨ ਨਾਲ ਖੇਮਕਰਨ ਵੱਲ ਵਧਣਾ ਸ਼ੁਰੂ ਕਰ ਦਿੱਤਾ।

ਇਸ ਇਲਾਕੇ ਦੇ ਇਰਦ ਗਿਰਦ ਵਾਲੇ ਪਿੰਡ ਜਿਵੇਂ ਆਸਲ ਉਤਾੜ, ਚੀਮਾ, ਵਲਟੋਹਾ, ਚਿੱਠੀ ਖੂਹੀ, ਡਿਬੀਪੁਰ, ਮਹਿਮੂਦਪੁਰਾ, ਮਨਾਵਣ ਆਦਿ ਦੇ ਬਾਸ਼ਿੰਦੇ ਦੇਸ਼ ਭਗਤੀ ਦੀ ਭਾਵਨਾ ਵਾਲੇ ਜੋਸ਼ ਅਤੇ ਦਲੇਰੀ, ਦ੍ਰਿੜ੍ਹਤਾ ਦਾ ਪ੍ਰਗਟਾਵਾ ਕਰਦਿਆਂ ਆਪਣੀਆਂ ਟਰਾਲੀਆਂ ਟਰੈਕਟਰਾਂ ਨਾਲ ਜੰਗ ਦੇ ਮੈਦਾਨ ਵਿਚ ਕੁੱਦ ਪਏ। ਫੌਜਾਂ ਦੇ ਮੋਰਚਿਆਂ ਤੱਕ ਪਹੁੰਚ ਕਰਕੇ ਸੈਨਿਕਾਂ ਨੂੰ ਲੰਗਰ ਛਕਾਉਣ ਅਤੇ ਉਨ੍ਹਾਂ ਨੂੰ ਗੋਲਾ ਬਾਰੂਦ, ਸਾਜ਼ੋ-ਸਮਾਨ ਪਹੁੰਚਾਉਣ ਦਾ ਕੰਮ ਸੰਭਾਲ ਲਿਆ, ਜਿਸ ਦੀ ਮਿਸਾਲ ਮੁਲਕ ਭਰ ਵਿਚ ਹੋਰ ਕਿਤੇ ਵੀ ਨਹੀਂ ਮਿਲਦੀ। ਨੌਜਵਾਨ ਤਾਂ ਦਰੱਖਤਾਂ 'ਤੇ ਮਚਾਨਾਂ ਬਣਾ ਕੇ ਦੁਸ਼ਮਣ ਦੀਆਂ ਫੌਜਾਂ ਬਾਰੇ ਜਾਣਕਾਰੀ ਆਪਣੇ ਕਮਾਂਡਰਾਂ ਨੂੰ ਲਗਾਤਾਰ ਦਿੰਦੇ ਰਹੇ।


ਪਿੰਡ ਮਹਿਮੂਦਪੁਰਾ ਤੋਂ ਪਾਕਿਸਤਾਨੀ ਟੈਂਕ ਕਰੀਬ 20 ਮੀਟਰ ਦੀ ਦੂਰੀ 'ਤੇ ਜਦੋਂ ਆਰਟਿਲਰੀ ਗੰਨ ਪੋਜ਼ੀਸ਼ਨ ਵੱਲ ਵਹੀਰਾਂ ਘੱਤ ਰਹੇ ਸਨ ਤਾਂ ਭਾਰਤੀ ਤੋਪਖਾਨੇ ਅਤੇ 9 ਹਾਰਸ ਆਰਮਰਡ ਨੇ ਪੈਟਨ ਟੈਂਕਾਂ ਉਤੇ ਜ਼ਬਰਦਸਤ ਫਾਇਰਿੰਗ ਕੀਤੀ ਅਤੇ ਪਿੰਡ ਵਾਸੀਆਂ ਨੇ 14 ਪੈਟਨ ਟੈਂਕ ਸੜਦੇ ਹੋਏ ਦੇਖੇ।

ਇਸ ਦੇ ਨਾਲ ਹੀ ਭਾਰਤੀ ਹਵਾਈ ਸੈਨਾ ਨੇ ਉਡਾਣ ਭਰੀ ਅਤੇ ਦੁਸ਼ਮਣ ਦੀ ਕਸੂਰ ਵੱਲ ਜਾਂਦੀ ਇਕ ਮਾਲ ਗੱਡੀ, ਜਿਸ ਵਿਚ ਫੌਜੀ ਸਾਜ਼ੋ-ਸਮਾਨ ਸੀ, ਉਪਰ ਰਾਕਟ ਦਾਗ ਕੇ ਗੱਡੀ ਨੂੰ ਉਡਾਇਆ। 8/9 ਸਤੰਬਰ ਦੀ ਰਾਤ ਨੂੰ ਭਾਰੀ ਮਾਤਰਾ ਵਿਚ ਪੈਟਨ ਟੈਂਕ 'ਇਨਫਰਾ ਰੈੱਡ' ਦੀ ਮਦਦ ਨਾਲ ਰਾਤ ਦੇ ਹਨੇਰੇ ਵਿਚ ਅੱਗੇ ਵਧਦੇ ਗਏ, ਜਦੋਂ ਕਿ ਸਾਡੇ ਸ਼ਰਮਨ ਟੈਂਕਾਂ ਵਿਚ ਇਹ ਸਹੂਲਤ ਨਹੀਂ ਸੀ। ਫਿਰ ਵੀ ਸਾਡੇ ਤੋਪਖਾਨੇ ਅਤੇ ਲੜਾਕੂ ਹਵਾਈ ਜਹਾਜਾਂ ਨੇ ਦੁਸ਼ਮਣ ਦੇ ਟਿਕਾਣਿਆਂ ਅਤੇ ਟੈਂਕਾਂ ਉਪਰ ਗੋਲੇ/ਬੰਬ/ਰਾਕਟ ਦਾਗਦਿਆਂ ਕਾਫੀ

*(ਅਗਲੇ ਸਫੇ 'ਤੇ ਜਾਰੀ)*

# ਬਾਵਜੂਦ ਵੀ


## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਕਈ ਬੰਦੇ ਸੜਕ 'ਤੇ ਵਾਹਨ ਚਲਾਉਂਦਿਆਂ ਲਗਾਤਾਰ ਹਾਰਨ 'ਤੇ ਹਾਰਨ ਵਜਾਈ ਜਾਂਦੇ ਹਨ। ਮਾਨੋ ਸੜਕ 'ਤੇ ਉਹੀ ਹਨ ਤੇ ਜਿਸ ਦਾ ਉਹ ਖੂਬ ਢੰਡੋਰਾ ਪਿੱਟਣਾ ਚਾਹੁੰਦੇ ਹਨ। ਕਾਰਨ ਪੁੱਛਣ 'ਤੇ ਦੱਸਣਗੇ ਕਿ ਇਸ ਤਰ੍ਹਾਂ 'ਤਾਨ ਆਉਂਦਾ ਹੈ।' ਕੰਮ-ਕਾਰ ਵਿਚ ਰੁਝੇ ਸਭ ਲੋਕ ਘੱਟ-ਵਧ ਇਸ ਤਰ੍ਹਾਂ ਦੇ ਤਾਨ ਦਾ ਵਿਖਾਵਾ ਕਰਦੇ ਹਨ। ਨਾਈ ਗਾਹਕ ਦੇ ਵਾਲ ਕੱਟਦਾ ਕਈ ਵਾਰੀ ਕੈਂਚੀ ਸਿਰ ਦੇ ਉਪਰ ਚੁੱਕ ਕੇ ਹਵਾ ਵਿਚ ਹੀ ਚਲਾਉਂਦਾ ਹੈ, ਰੋਟੀਆਂ ਪਕਾਉਣ ਵਾਲੇ ਰੋਟੀਆਂ ਥੱਪ ਕੇ ਤਾੜੀਆਂ ਮਾਰਨ ਲਗਦੇ ਹਨ। ਜ਼ਿੰਦਗੀ ਦੀ ਤੋਰ ਰਵਾਂ ਰੱਖਣ ਲਈ ਇਹ ਤਾਨ ਜ਼ਰੂਰੀ ਹੈ।

ਮੂੰਹ 'ਚੋਂ ਉਗਲਦੇ ਸ਼ਬਦਾਂ ਦੀ ਚੋਣ ਵਿਚ ਵੀ ਇਸ ਤਾਨ ਦੇ ਖੂਬ ਦਰਸ਼ਨ ਹੁੰਦੇ ਹਨ। ਇਸ ਵਰਤਾਰੇ ਦਾ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁਕੇ ਹਾਂ। ਰੋਟੀ-ਰੂਟੀ, ਪਾਣੀ-ਧਾਣੀ, ਖਤ-ਪੱਤਰ, ਦੂਰ-ਦੂਰ, ਥੋੜਾ-ਬਹੁਤ ਆਦਿ ਸ਼ਬਦ-ਜੁੱਟਾਂ ਵਿਚ ਦੁਹਰਾਏ ਜਾਂਦੇ ਸਾਰਥਕ ਨਿਰਾਰਥਕ ਸ਼ਬਦ ਇਕ ਤਰ੍ਹਾਂ ਇਸ ਤਾਨ ਦੇ ਹੀ ਸੰਕੇਤਕ ਹਨ। ਅਜਿਹੇ ਸ਼ਬਦ-ਜੁੱਟਾਂ ਨੂੰ ਦੁਰੁਕਤੀ ਕਿਹਾ ਜਾਂਦਾ ਹੈ, ਪਰ ਇਹ ਐਵੇਂ ਨਹੀਂ ਬੋਲੇ ਜਾਂਦੇ। ਇਹ ਸਾਡੇ ਬਿਆਨਾਂ ਨੂੰ ਕਈ ਤਰ੍ਹਾਂ ਦੇ ਬਲ ਦਿੰਦੇ ਜਾਂ ਵਾਧਾ ਘਾਟਾ ਕਰਦੇ ਹਨ। 'ਪਾਣੀ ਪੀ ਲਵੋ' ਅਤੇ 'ਪਾਣੀ-ਧਾਣੀ ਪੀ ਲਵੋ' ਵਿਚ ਫਰਕ ਹੈ। ਅਰਥਾਤ ਪਹਿਲੇ ਬੋਲ ਵਿਚ ਸਿਰਫ ਪਾਣੀ ਦੀ ਪੇਸ਼ਕਸ਼ ਹੈ, ਜਦ ਕਿ ਦੂਜੇ ਵਿਚ ਪਾਣੀ ਜਾਂ ਕੁਝ ਹੋਰ ਵੀ।

ਕਈ ਦੁਰੁਕਤੀਆਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਆਮ ਬੰਦੇ ਨੂੰ ਗਿਆਨ ਨਹੀਂ ਹੁੰਦਾ। ਉਂਜ ਭਾਸ਼ਾ ਵਰਤੋਂ ਵਾਲਾ ਮਾਧਿਅਮ ਹੈ, ਇਹ ਇਕ ਆਦਤ ਹੈ, ਇਸ ਵਿਚ ਅਕਸਰ ਸ਼ਬਦ ਚੋਣ ਦੇ ਪ੍ਰਸੰਗ ਵਿਚ ਸਹੀ ਗਲਤ ਦਾ ਨਿਰਣਾ ਕਰਨਾ ਨਿਰਮੂਲ ਹੈ। ਇਕ ਅਜਿਹੀ ਮਿਸਾਲ ਹੈ, 'ਬਾਵਜੂਦ ਵੀ' ਦੁਰੁਕਤੀ ਦੀ ਵਿਆਪਕ ਵਰਤੋਂ। ਮੈਂ ਅਨੇਕਾਂ ਵਿਦਵਾਨਾਂ ਦੇ ਮੂੰਹੋਂ ਜਾਂ ਲਿਖਤ ਵਿਚੋਂ ਇਹ ਦੁਰੁਕਤੀ ਲੱਭੀ ਹੈ। ਕਈ ਸ਼ਿਕਾਇਤ ਕਰਦੇ ਹਨ ਕਿ 'ਬਾਵਜੂਦ' ਅਤੇ 'ਵੀ' ਦੋਹਾਂ ਸ਼ਬਦਾਂ ਦਾ ਇਕੋ ਅਰਥ ਹੈ, ਫਿਰ ਦੋਹਾਂ ਨੂੰ ਇਕੱਠੇ ਜੋੜ ਕੇ ਬੋਲਣ ਦਾ ਕੀ ਲਾਭ ਹੋਇਆ? ਇਕ ਮਿਸਾਲ ਲੈਂਦੇ ਹਾਂ: 'ਕਮਜ਼ੋਰ ਹੋਣ ਦੇ ਬਾਵਜੂਦ ਵੀ ਮੈਂ ਤਕੜੀ ਹਾਂ' ਨੂੰ ਜੇ 'ਕਮਜ਼ੋਰ ਹੋਣ ਦੇ ਬਾਵਜੂਦ ਮੈਂ ਤਕੜੀ ਹਾਂ' ਕਿਹਾ ਜਾਵੇ ਤਾਂ ਕੀ ਭਲਾ ਬੋਲਣਹਾਰੇ ਦੀ ਤਕੜਾਈ ਘਟ ਜਾਹਰ ਹੋਵੇਗੀ?

ਖੈਰ 'ਬਾਵਜੂਦ ਵੀ' ਦੁਰੁਕਤੀ ਦੇ ਕੁਝ ਕੱਟੜ ਵਿਰੋਧੀ ਵੀ ਮੈਂ ਦੇਖੇ ਸੁਣੇ ਹਨ। ਇਨ੍ਹਾਂ ਵਿਚੋਂ ਇਕ ਵਿਦਵਾਨ ਹੈ, ਪੰਜਾਬੀ ਦਾ ਬੇਹੱਦ ਸਤਿਕਾਰਿਆ ਤੇ ਬਹੁਤ ਪੜ੍ਹਿਆ ਜਾਂਦਾ ਸਾਹਿਤਕਾਰ ਗੁਲਜ਼ਾਰ ਸਿੰਘ ਸੰਧੂ। ਅੱਜ ਤੋਂ ਤੀਹ ਕੁ ਸਾਲ ਪਹਿਲਾਂ ਦੀ ਗੱਲ ਹੈ, ਜਦੋਂ ਪੰਜਾਬੀ ਅਖਬਾਰ 'ਦੇਸ਼ ਸੇਵਕ' ਚਾਲੂ ਕੀਤਾ ਗਿਆ ਸੀ। ਸੰਧੂ ਸਾਹਿਬ ਨੂੰ ਇਸ ਅਖਬਾਰ ਦੇ ਪਹਿਲੇ ਮੁੱਖ ਸੰਪਾਦਕ ਵਜੋਂ ਚੁਣਿਆ ਗਿਆ। ਉਨ੍ਹਾਂ ਅਖਬਾਰ ਦੇ ਉਦਘਾਟਨੀ ਭਾਸ਼ਣ ਵਿਚ ਘਟੋ ਘਟ ਅੱਧਾ ਸਮਾਂ ਇਸ ਗੱਲ 'ਤੇ ਲਾਇਆ ਕਿ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ 'ਬਾਵਜੂਦ ਵੀ' ਬੋਲਣ-ਲਿਖਣ ਦੀ ਵਬਾ ਏਨੀ ਫੈਲ ਚੁਕੀ ਹੈ ਕਿ ਉਹ ਇਸ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦੇ। ਮੁੱਖ ਸੰਪਾਦਕ ਵਜੋਂ ਉਹ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੇਣਗੇ ਕਿ ਇਸ ਅਖਬਾਰ ਵਿਚ ਜਾਣੇ-ਅਣਜਾਣੇ 'ਬਾਵਜੂਦ ਵੀ' ਉਕਤੀ ਤਾਂ ਨਹੀਂ ਵਾੜੀ ਜਾ ਰਹੀ। ਭਾਵੇਂ ਇਸ ਅਖਬਾਰ ਦੇ ਨਿਗਰਾਨ ਹਰਕਿਸ਼ਨ ਸਿੰਘ ਸੁਰਜੀਤ ਦੇ ਕਿਸੇ ਲੇਖ ਵਿਚ ਹੀ ਇਹ ਬੀਮਾਰੀ ਕਿਉਂ ਨਾ ਦਿਖਾਈ ਦੇਵੇ, ਉਹ ਇਸ ਨੂੰ ਮੱਖੀ ਵਿਚੋਂ ਵਾਲ ਵਾਂਗ ਕੱਢ ਦੇਣਗੇ। ਉਨ੍ਹਾਂ ਦੀ ਦਲੀਲ ਸੀ ਕਿ 'ਬਾਵਜੂਦ' ਅਤੇ 'ਵੀ' ਸ਼ਬਦਾਂ ਦੇ ਅਰਥ ਇਕੋ ਹਨ। ਦਰੀਆਂ 'ਤੇ ਬੈਠੇ ਸਹਿ-ਸੰਪਾਦਕ, ਹੋਰ ਸਰੋਤੇ ਅਤੇ ਖੁਦ ਹਰਕਿਸ਼ਨ ਸਿੰਘ ਸੁਰਜੀਤ ਬੁੱਲ੍ਹਾਂ ਤੇ ਉਂਗਲ ਧਰ ਕੇ ਬਿਟ ਬਿਟ ਝਾਕ ਰਹੇ ਸਨ।

ਜਿਵੇਂ ਪਹਿਲਾਂ ਅਸੀਂ ਇਕ ਮਿਸਾਲ ਦੇਖ ਚੁਕੇ ਹਾਂ, ਸੰਧੂ ਸਾਹਿਬ ਦੇ ਇਸ ਕਥਨ ਵਿਚ ਸੱਚਾਈ ਮਾਲੂਮ ਹੁੰਦੀ ਹੈ। 'ਬਾਵਜੂਦ ਵੀ' ਨੂੰ ਠੇਠ ਪੰਜਾਬੀ ਵਿਚ ਕਹਿਣਾ ਹੋਵੇ ਤਾਂ 'ਹੁੰਦਿਆਂ-ਸੁੰਦਿਆਂ' ਦੁਰੁਕਤੀ ਸਾਹਮਣੇ ਆਉਂਦੀ ਹੈ: 'ਕਮਜ਼ੋਰ ਹੋਣ ਦੇ ਹੁੰਦਿਆਂ-ਸੁੰਦਿਆਂ ਮੈਂ ਤਕੜੀ ਹਾਂ।' ਧਿਆਨ ਧਰੋ, ਇਥੇ ਵੀ ਦੁਰੁਕਤੀ ਹੈ, 'ਹੁੰਦਿਆਂ' ਤਾਂ ਹੋਇਆ 'ਸੁੰਦਿਆਂ' ਦਾ ਕੀ ਮਤਲਬ? ਜੇ 'ਹੁੰਦਿਆਂ-ਸੁੰਦਿਆਂ ਵੀ' ਕਹਿ ਦਿੱਤਾ ਜਾਵੇ ਤਾਂ ਫਿਰ ਚਾਰ ਦੇ ਵੀ ਅੱਠ ਚੰਦ ਲਗਦੇ ਹਨ। ਇਹ ਤਾਨ ਹੈ, ਤਾਨ ਵਿਚ ਕੌਲਾਂ 'ਤੇ ਜ਼ੋਰ ਹੈ, ਇਨ੍ਹਾਂ ਵਿਚ ਵਾਧਾ ਹੈ ਤੇ ਕਈ ਵਾਰੀ ਦੋਹਾਂ ਤੋਂ ਉਲਟ ਗੱਲ ਵੀ। ਚਲੋ ਇਸ ਦੁਰੁਕਤੀ ਦੇ ਬਖੀਏ ਉਧੇੜੀਏ।

'ਬਾਵਜੂਦ' (ਬਾ+ਵਜੂਦ) ਸ਼ਬਦ ਫਾਰਸੀ ਅਰਬੀ ਦਾ ਮਿਲਗੋਭਾ ਹੈ ਤੇ 'ਵੀ' ਸੰਸਕ੍ਰਿਤ ਵਲੋਂ ਹੈ। ਬਾਵਜੂਦ ਦਾ 'ਬਾ' ਫਾਰਸੀ ਅਗੇਤਰ ਹੈ, ਜਿਸ ਦਾ ਅਰਥ ਸਮੇਤ, ਸਹਿਤ, ਨਾਲ ਆਦਿ ਹੁੰਦਾ ਹੈ। ਹੋਰ ਸ਼ਬਦ ਲਈਏ: ਬਾਖਬਰ, ਬਾਕਾਇਦਾ, ਬਾਵਾਸਤਾ, ਬਾਮੁਲਾਹਜ਼ਾ ਆਦਿ। ਵਜੂਦ ਅਰਬੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ-ਹੋਂਦ, ਹਸਤੀ, ਵਿਦਮਾਨਤਾ। ਸੋ, ਬਾਵਜੂਦ ਸ਼ਬਦ ਦਾ ਮਤਲਬ ਹੋਇਆ-ਹੋਂਦ ਵਾਲਾ, ਅਸਤਿਤਵਮਈ, ਯਥਾਰਥਕ। ਬਾਵਜੂਦ ਕ੍ਰਿਆ ਵਿਸ਼ੇਸ਼ਣ ਜਾਂ ਯੋਜਕ ਵਜੋਂ ਵਰਤਿਆ ਜਾਂਦਾ ਹੈ, ਸੋ 'ਕਮਜ਼ੋਰ ਹੋਣ ਦੇ ਬਾਵਜੂਦ ਵੀ' ਦਾ ਸਮੁੱਚਾ ਅਰਥ ਹੋਇਆ, ਕਮਜ਼ੋਰੀ ਦੇ ਹੁੰਦਿਆਂ (ਸੁੰਦਿਆਂ) ਵੀ। ਧਿਆਨ ਰੱਖਿਆ ਜਾਵੇ ਕਿ ਹਰ ਵਾਕ ਬਣਤਰ ਵਿਚ ਦੁਰੁਕਤੀ ਨਹੀਂ ਵਰਤੀ ਜਾ ਸਕਦੀ ਜਿਵੇਂ 'ਬਾਵਜੂਦ ਏਨਾ ਜ਼ੋਰ ਲਾਉਣ ਦੇ, ਉਹ ਚੋਣ ਜਿੱਤ ਨਹੀਂ ਸਕਿਆ' ਜਿਹੇ ਵਾਕ ਵਿਚ 'ਬਾਵਜੂਦ ਵੀ' ਨਹੀਂ ਚੱਲਦਾ, ਜੇ ਕੋਈ ਅਜਿਹਾ ਚਲਾ ਵੀ ਦੇਵੇ ਤਾਂ ਭਲਾ ਕਿਹੜਾ ਮੂੰਹ ਫੜ ਲੈਣਾ ਹੈ!

ਵਜੂਦ ਸ਼ਬਦ ਪੰਜਾਬੀ ਭਾਸ਼ਾ ਵਿਚ ਖੂਬ ਚਲਦਾ ਹੈ, "ਆਮ ਆਦਮੀ ਪਾਰਟੀ ਦਾ ਪੰਜਾਬ ਵਿਚ ਕੋਈ ਵਜੂਦ ਨਹੀਂ ਰਿਹਾ।" ਫਰਿਆਦ ਆਜ਼ਰ ਦਾ ਇਕ ਸ਼ਿਅਰ ਹੈ,

ਅਦਾ ਹੂਆ ਨਾ ਕਰਜ਼  
ਔਰ ਵਜੂਦ ਖਤਮ ਹੋ ਗਯਾ।  
ਮੈਂ ਜ਼ਿੰਦਗੀ ਕਾ ਦੇਤੇ ਦੇਤੇ ਸੂਦ  
ਖਤਮ ਹੋ ਗਯਾ।

ਸੂਫੀ ਕਾਵਿ ਵਿਚ ਇਸ ਦੀ ਖਾਸੀ ਵਰਤੋਂ ਹੋਈ ਹੈ, ਕਿਉਂਕਿ ਇਹ ਇਕ ਤਰ੍ਹਾਂ ਸੂਫੀ ਦਰਸ਼ਨ ਦਾ ਪਦ ਬਣ ਗਿਆ ਹੈ, ਇਹ ਫਨਾਅ ਦੀ ਅੰਤਿਮ ਅਵਸਥਾ ਹੈ, ਸਭ ਕੁਝ ਫਨਾਅ ਹੋ ਗਿਆ, ਆਪੇ ਨੂੰ ਖੁਦਾ ਵਿਚ ਹੀ ਪਾ ਲਿਆ। ਬੁੱਲ੍ਹੇ ਸ਼ਾਹ ਫੁਰਮਾਉਂਦੇ ਹਨ,

ਇਕ ਜੰਗਲ ਬਹਿਰੀਂ ਜਾਂਦੇ ਨੀ  
ਇਕ ਦਾਣਾ ਰੋਜ਼ ਲੈ ਖਾਂਦੇ ਨੀ।  
ਬੇ ਸਮਝ ਵਜੂਦ ਥਕਾਂਦੇ ਨੀ  
ਘਰ ਹੋਵਣ ਹੋ ਕੇ ਮਾਂਦੇ ਨੀ।  
ਐਵੇਂ ਚਿੱਲਿਆਂ ਵਿਚ ਜਿੰਦ ਮੁੱਕਦੀ ਏ  
ਇਕ ਨੁਕਤੇ ਵਿਚ ਗੱਲ ਮੁੱਕਦੀ ਏ।

ਇਸਲਾਮ ਵਿਚ ਵਜੂਦ ਦਾ ਮਤਲਬ ਹੈ, ਖੁਦਾ ਵਿਚ ਹੀ ਆਪਣੀ ਹਸਤੀ ਪਾਉਣਾ; ਪਰ ਮਾਦਾਈ ਕਾਇਨਾਤ ਵਿਚ ਵਜੂਦ ਦਾ ਅਰਥ ਸਰੀਰਕ ਜਾਂ ਪਦਾਰਥਕ ਹੋਂਦ ਹੈ, ਇਥੋਂ ਤੱਕ ਕਿ ਸਰੀਰ ਵੀ ਹੋ ਜਾਂਦਾ ਹੈ,

ਮਜ਼ਹਬ ਸ਼ਰਹ ਦੇ ਝਲੀ ਅਨਸੂਰ ਸੂਲੀ  
ਸ਼ਾਹ ਸ਼ਮਸ ਨੇ ਚੰਮ ਲਹਾਇਆ ਏ।  
ਹੱਥੀਂ ਲਾਹ ਕੇ ਚੰਮ ਵਜੂਦ ਉਤੋਂ  
ਧੌਂਸਾ ਅਜ਼ਲ ਦਾ ਆਪ ਤੂੰ ਮੜ੍ਹਨ ਲੱਗੇਂ।  
(ਵਾਰਸ ਸ਼ਾਹ)

ਅੱਗੇ ਇਸ ਦਾ ਅਰਥ ਜ਼ਿੰਦਗੀ, ਤੱਤ, ਸਾਰ, ਵਿਅਕਤੀ, ਇਥੋਂ ਤੱਕ ਕਿ ਮਰਦ ਦੀ ਇੰਦਰੀ (ਮਰਦਾਨਾ ਹੋਂਦ ਦੀ ਨਿਸ਼ਾਨੀ) ਵੀ ਹੈ। ਵਜੂਦ ਦਾ ਅਰਬੀ ਧਾਤੂ 'ਵ ਜ ਦ' ਹੈ ਜਿਸ ਦਾ ਅਰਥ ਹੈ-ਪਾਇਆ ਜਾਣਾ, ਹੋਣਾ, ਵਰਤਮਾਨ ਹੋਣਾ। ਅਰਬੀ ਸ਼ਬਦ ਘਾੜਤ ਅਨੁਸਾਰ ਇਸ ਤੋਂ ਕਈ ਸ਼ਬਦ ਬਣੇ ਹਨ, ਜਿਨ੍ਹਾਂ ਵਿਚੋਂ ਕਈ ਫਾਰਸੀ ਤੇ ਉਰਦੂ ਰਾਹੀਂ ਪੰਜਾਬੀ ਵਿਚ ਆ ਬਿਰਾਜੇ ਹਨ। ਸੂਫੀ ਰੀਤ ਵਿਚ ਵਜਦ ਦਾ ਅਰਥ ਹੈ-ਅਨੰਦ, ਸਰੂਰ, ਮਸਤੀ। ਸੂਫੀ ਵਜਦ ਦੀ ਅਵਸਥਾ ਵਿਚ ਆ ਕੇ ਹਾਲ ਪਾਉਂਦੇ ਹਨ, ਮਾਨੋਂ ਆਪਣਾ ਵਜੂਦ, ਆਪਣੀ ਹਸਤੀ ਗਵਾ ਦਿੰਦੇ ਹਨ। ਅਰਬੀ ਵਜਦ ਦਾ ਮਤਲਬ ਹੈ-ਗੁੱਸੇ ਵਿਚ ਆਉਣਾ, ਉਤੇਜਿਤ ਹੋਣਾ, ਪਿਆਰ ਵਿਚ ਲੀਨ ਹੋਣਾ। ਭਾਵ ਕਿਸੇ ਤਰ੍ਹਾਂ ਦੇ ਭਾਵਾਂ ਦੇ ਵਹਿਣ ਵਿਚ ਵਹਿਣਾ। ਇਸ ਦੀ ਵਿਆਖਿਆ ਮੇਰੀ ਸਮਝ ਤੋਂ ਬਾਹਰੀ ਹੈ। ਸ਼ਾਇਦ ਆਪਾ ਮਾਰ ਕੇ ਲੱਭਣ ਵਾਲੀ ਗੱਲ ਹੈ।

'ਵ ਜ ਦ' ਧਾਤੂ ਤੋਂ ਬਣਿਆ ਸਭ ਤੋਂ ਵਧ ਪ੍ਰਚਲਿਤ ਸ਼ਬਦ ਹੈ, ਮੌਜੂਦ ਜਿਸ ਦਾ ਅਰਥ ਹਾਜ਼ਰ, ਵਰਤਮਾਨ, ਹੋਂਦਵਾਨ, ਸੁਜੀਵ ਆਦਿ ਹੈ। ਇਹ ਵਜਦ ਦਾ ਭੂਤ ਕਾਰਦੰਤਕ ਹੈ ਤੇ ਮਤਲਬ ਬਣਦਾ ਹੈ, ਜੋ ਲਭਿਆ ਗਿਆ, ਪਾਇਆ ਗਿਆ, ਨਿਰੂਪਿਆ ਗਿਆ; ਇਸ ਲਈ ਹਾਜ਼ਰ, ਵਰਤਮਾਨ, ਜਿਸ ਦੀ ਹੋਂਦ ਹੈ, ਉਪਲਬਧ, ਸੁਜੀਵ ਆਦਿ ਬਣਦੇ ਹਨ। ਮੌਜੂਦ ਤੋਂ ਹੀ ਮੌਜੂਦਾ ਸ਼ਬਦ ਬਣਦਾ ਹੈ, ਜਿਸ ਨੂੰ ਅਸੀਂ ਪੰਜਾਬੀ ਵਿਚ ਵਰਤਮਾਨ ਵਜੋਂ ਸਮਝਦੇ ਹਾਂ। ਜਿਵੇਂ ਮੌਜੂਦਾ ਹਾਲਾਤ। ਇਸ ਤੋਂ ਉਲਟ ਹੈ, ਗੈਰ-ਮੌਜੂਦ ਅਤੇ ਗੈਰ-ਮੌਜੂਦਾ। ਇਸ ਤੋਂ ਬਣਿਆ ਭਾਵਵਾਚਕ ਨਾਂਵ ਹੈ, ਮੌਜੂਦਗੀ।

ਵਜਦ ਧਾਤੂ ਤੋਂ ਬਣਿਆ ਇਕ ਹੋਰ ਸ਼ਬਦ ਹੈ, ਈਜਾਦ ਜਿਸ ਦਾ ਭਾਵ ਹੈ-ਲਭਿਆ, ਪੈਦਾ ਕੀਤਾ, ਖੋਜਿਆ, ਸਾਹਮਣੇ ਲਿਆਂਦਾ। ਇਹ ਸ਼ਬਦ ਆਮ ਤੌਰ 'ਤੇ 'ਈਜਾਦ ਕਰਨਾ', 'ਈਜਾਦ ਹੋਣਾ' ਵਜੋਂ ਵਰਤਿਆ ਜਾਂਦਾ ਹੈ। ਇਸ ਨੂੰ ਖੋਜ, ਲੱਭਤ, ਪੈਦਾਇਸ਼ ਦੇ ਅਰਥਾਂ ਵਿਚ ਨਾਂਵ ਵਜੋਂ ਵੀ ਵਰਤਿਆ ਜਾਂਦਾ ਹੈ। ਮੁਜੀਦ ਹੁੰਦਾ ਹੈ-ਖੋਜੀ, ਕਾਢੂ, ਪੈਦਾ ਕਰਨ ਵਾਲਾ। 'ਬਾਵਜੂਦ ਵੀ' ਦੁਰੁਕਤੀ ਵਿਚਲੇ ਦੂਜੇ ਸ਼ਬਦ 'ਵੀ' ਦੀ ਵਿਆਖਿਆ ਕਦੇ ਫਿਰ ਸਹੀ।

# ਪੰਜਾਬ ਕਿਵੇਂ ਬਚਿਆ...

*(ਪਿਛਲੇ ਸਫੇ ਦੀ ਬਾਕੀ)*

ਨੁਕਸਾਨ ਪਹੁੰਚਾਇਆ। 9 ਸਤੰਬਰ ਤੱਕ 8 ਮਾਊਂਟੇਨ ਡਿਵੀਜ਼ਨ ਦੀਆਂ ਬਚੀਆਂ 3 ਪਲਟਣਾਂ ਨੇ ਆਸਲ ਉਤਾੜ ਵਿਚ ਤੋਪਖਾਨੇ ਅਤੇ 2 ਇੰਡੀਪੈਂਡੈਂਟ ਆਰਮਰਡ ਬ੍ਰਿਗੇਡ ਨਾਲ ਮੋਰਚੇ ਸੰਭਾਲ ਲਏ।

ਇਥੇ ਇਕ ਅਹਿਮ ਘਟਨਾ ਜੋ 9/10 ਸਤੰਬਰ ਨੂੰ ਵਾਪਰੀ, ਦਾ ਵਰਣਨ ਕਰਨਾ ਲਾਜ਼ਮੀ ਹੈ। ਆਰਮੀ ਹੈਡਕੁਆਰਟਰ ਨੂੰ ਲੜਾਈ ਦੇ ਵਿਗੜਦੇ ਹਾਲਾਤ ਬਾਰੇ ਕਈ ਕਿਸਮ ਦੀਆਂ ਖਬਰਾਂ ਪਹੁੰਚ ਰਹੀਆਂ ਸਨ, ਜਿਸ ਕਾਰਨ ਕਈ ਕਿਸਮ ਦੇ ਸ਼ੱਕ ਪੈਦਾ ਹੋਣੇ ਸ਼ੁਰੂ ਹੋ ਗਏ। ਸਭ ਤੋਂ ਵੱਡਾ ਖਤਰਾ ਸੈਨਾ ਮੁਖੀ ਅੰਦਰ ਇਹ ਪੈਦਾ ਹੋਇਆ ਕਿ ਜੇ ਦੁਸ਼ਮਣ ਦੀ ਪਹਿਲੀ ਆਰਮਰਡ ਡਿਵੀਜ਼ਨ ਖੇਮਕਰਨ ਸੈਕਟਰ ਪਾਰ ਕਰ ਗਈ ਤਾਂ ਉਹ ਸਿੱਧਾ ਬਿਆਸ ਜਾ ਕੇ ਰੁਕਣਗੇ।


9 ਸਤੰਬਰ ਦੀ ਰਾਤ ਨੂੰ ਸੈਨਾ ਮੁਖੀ ਜਨਰਲ ਜੇ. ਐਨ. ਚੌਧਰੀ ਨੇ ਜਨਰਲ ਹਰਬਖਸ਼ ਸਿੰਘ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ, ਜਿਸ ਦਾ ਵਰਣਨ ਉਨ੍ਹਾਂ ਆਪਣੀ ਪੁਸਤਕ 'ਇਨ ਦਿ ਲਾਈਨ ਆਫ ਡਿਊਟੀ' ਵਿਚ ਇਉਂ ਕੀਤਾ ਹੈ: "9 ਸਤੰਬਰ ਦੀ ਅੱਧੀ ਰਾਤ ਨੂੰ ਜਨਰਲ ਚੌਧਰੀ ਨੇ ਮੇਰੇ ਨਾਲ ਟੈਲੀਫੋਨ 'ਤੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਨੇ ਕੋਰ ਕਮਾਂਡਰ ਵਲੋਂ ਭੇਜੀ ਚਿੱਠੀ ਪੜ੍ਹੀ ਹੈ (ਜਿਸ ਵਿਚ 4 ਮਾਊਂਟੇਨ ਡਿਵੀਜ਼ਨ ਦੀ ਬਦਲੀ ਦਾ ਜ਼ਿਕਰ ਕੀਤਾ ਗਿਆ ਹੈ) ਅਤੇ ਉਸ ਦੀ ਮੈਨੂੰ ਰਾਏ ਹੈ ਕਿ ਬਿਆਸ ਦਰਿਆ ਦੀ ਲਾਈਨ ਵਿਚ ਫੌਜਾਂ ਵਾਪਸ ਬੁਲਾਉਣ ਦੀ ਇਜਾਜ਼ਤ ਦਿੱਤੀ ਜਾਵੇ। ਮੈਂ ਹੱਕਾ ਬੱਕਾ ਰਹਿ ਗਿਆ ਅਤੇ ਜਨਰਲ ਚੌਧਰੀ ਨੂੰ ਕਿਹਾ, ਕਿਉਂਕਿ ਇਹ ਟੈਕਟੀਕਲ ਆਰਡਰ ਹੈ, ਇਸ ਵਾਸਤੇ ਉਸ ਨੂੰ ਮੇਰੇ ਨਾਲ ਮੈਦਾਨ-ਏ-ਜੰਗ ਵਿਚ ਪਹੁੰਚ ਕੇ ਹੁਕਮ ਦੇਣਾ ਪਵੇਗਾ। ਫਿਰ ਮੈਂ ਸੋਚਾਂਗਾ ਕਿ ਇਸ ਕਿਸਮ ਦੇ ਹੁਕਮ ਨੂੰ ਮੰਨਣਾ ਹੈ ਕਿ ਨਹੀਂ? ਸੈਨਾ ਮੁਖੀ ਨੇ ਜਵਾਬ ਦਿੱਤਾ ਕਿ ਉਹ ਸਵੇਰੇ ਅੰਬਾਲਾ ਪਹੁੰਚ ਰਿਹਾ ਹੈ। ਇਸ ਵਾਸਤੇ ਮੈਨੂੰ ਆਪਣੇ ਟੈਕਟੀਕਲ ਹੈਡਕੁਆਰਟਰ ਹੀ ਰਹਿਣਾ ਚਾਹੀਦਾ ਹੈ।"

ਅਗਲੇ ਦਿਨ ਸੁਰੱਖਿਆ ਪੱਖੋਂ ਭਾਰਤੀ ਹਵਾਈ ਸੈਨਾ ਦੇ ਲੜਾਕੂ ਜਹਾਜਾਂ ਦੀ ਛੱਤਰੀ ਹੇਠ ਜਨਰਲ ਚੌਧਰੀ ਅੰਬਾਲਾ ਪਹੁੰਚਿਆ, ਜਿਥੇ ਸੈਨਾ ਮੁਖੀ ਅਤੇ ਆਰਮੀ ਕਮਾਂਡਰ ਦਰਮਿਆਨ ਬੜੀ ਗਰਮਾ-ਗਰਮੀ ਵਾਲੀ ਬਹਿਸ ਹੋਈ। ਕੈਪਟਨ ਅਮਰਿੰਦਰ ਸਿੰਘ, ਜੋ ਉਸ ਸਮੇਂ ਜਨਰਲ ਹਰਬਖਸ਼ ਸਿੰਘ ਦੇ ਏ. ਡੀ. ਸੀ. ਵਜੋਂ ਕੰਮਕਾਜ ਕਰ ਰਿਹਾ ਸੀ, ਨੇ ਆਪਣੀ ਕਿਤਾਬ 'ਲੈਸਟ ਵੀ ਫਾਰਗੈਟ' (ਮਤਾਂ ਅਸੀਂ ਭੁੱਲ ਜਾਈਏ) ਵਿਚ ਇਉਂ ਲਿਖਿਆ ਹੈ, "ਚੀਫ ਨੇ ਜਨਰਲ ਹਰਬਖਸ਼ ਸਿੰਘ ਨੂੰ ਹੁਕਮ ਦਿੱਤਾ ਕਿ 11 ਕੋਰ ਨੂੰ ਬਿਆਸ ਦਰਿਆ 'ਤੇ ਲਿਆਂਦਾ ਜਾਵੇ ਪਰ ਜਨਰਲ ਹਰਬਖਸ਼ ਸਿੰਘ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ।"

**ਆਸਲ ਉਤਾੜ ਦੀ ਫੈਸਲਾਕੁਨ ਲੜਾਈ:** 10 ਸਤੰਬਰ 1965 ਨੂੰ ਆਸਲ ਉਤਾੜ ਵਿਚ ਲੜਾਈ ਸਿਖਰਾਂ 'ਤੇ ਜਾ ਪਹੁੰਚੀ। ਜਿਸ ਅੰਧਾਧੁੰਦ ਤਰੀਕੇ ਨਾਲ ਪਾਕਿਸਤਾਨੀ ਫੌਜਾਂ ਨੇ ਅੱਗੇ ਵਧਣਾ ਸ਼ੁਰੂ ਕੀਤਾ, ਉਸ ਕਾਰਨ 4 ਮਾਊਂਟੇਨ ਡਿਵੀਜ਼ਨ ਦੀਆਂ ਦੋ ਸ਼ਕਤੀਸ਼ਾਲੀ ਡਿਫੈਂਸ ਸੈਕਟਰ ਵਾਲੀਆਂ ਪੁਜੀਸ਼ਨਾਂ ਦੇ ਪੈਟਨ ਅਤੇ ਦੂਸਰੇ ਟੈਂਕ ਫਸਣੇ ਸ਼ੁਰੂ ਹੋ ਗਏ। ਭਾਰਤੀ ਟੈਂਕਾਂ ਦੀ ਅਗਵਾਈ ਕਰ ਰਹੇ ਬ੍ਰਿਗੇਡੀਅਰ ਥਿਓਗਰਾਜ ਨੇ ਆਪਣੇ ਟੈਂਕ ਕਮਾਂਡਰਾਂ ਨੂੰ ਸਖਤ ਹੁਕਮ ਦਿੱਤੇ ਕਿ ਉਦੋਂ ਤੱਕ ਦੁਸ਼ਮਣ ਦੇ ਟੈਂਕਾਂ 'ਤੇ ਫਾਇਰਿੰਗ ਨਾ ਕੀਤੀ ਜਾਵੇ ਜਦੋਂ ਤੱਕ ਪੂਰਾ ਆਰਮਰਡ ਡਿਵੀਜ਼ਨ ਉਨ੍ਹਾਂ ਦੇ ਘੇਰੇ ਵਿਚ ਨਹੀਂ ਪਹੁੰਚਦਾ।

ਭਾਰਤੀ ਤੋਪਖਾਨੇ ਦੀਆਂ ਭਾਰੀ ਤੋਪਾਂ, ਜੀਪਾਂ ਅਤੇ ਜਮੀਨ 'ਤੇ ਗੱਡੀਆਂ ਰਿਕਾਇਲਲੈੱਸ ਗੰਨਾਂ ਵੀ ਢੁੱਕਵੇਂ ਮੌਕੇ ਦੀ ਤਾਕ ਵਿਚ ਸਨ। ਜਿਉਂ ਹੀ ਦੁਸ਼ਮਣ ਦੇ ਟੈਂਕ ਨਜ਼ਦੀਕ ਪਹੁੰਚੇ ਤਾਂ ਸਾਡੇ ਤੋਪਖਾਨੇ ਅਤੇ ਆਰ. ਸੀ. ਐਲ. ਗੰਨਾਂ ਨੇ ਟੈਂਕਾਂ ਦੀਆਂ ਧੱਜੀਆਂ ਉਡਾਉਣੀਆਂ ਸ਼ੁਰੂ ਕਰ ਦਿੱਤੀਆਂ। ਪਹਿਲਾਂ ਪਾਕਿਸਤਾਨ ਦੇ 5 ਆਰਮਰਡ ਬ੍ਰਿਗੇਡ ਨੂੰ ਕੁਚਲਣਾ ਸ਼ੁਰੂ ਕੀਤਾ। ਫਿਰ 4 ਆਰਮਰਡ ਬ੍ਰਿਗੇਡ ਦਾ ਬਹੁਤ ਸਾਰਾ ਹਿੱਸਾ ਰੋਹੀ ਨਾਲੇ ਨੂੰ ਕੱਟਣ ਨਾਲ ਉਸ ਇਲਾਕੇ ਵਿਚ ਜਾ ਫਸਿਆ।

ਮੇਜਰ ਜਨਰਲ ਨਸੀਰ ਅਹਿਮਦ ਖਾਨ, ਜੋ ਪਹਿਲੀ ਆਰਮਡ ਡਿਵੀਜ਼ਨ ਦਾ ਜਨਰਲ ਅਫਸਰ ਕਮਾਂਡਿੰਗ ਸੀ, ਪਹਿਲਾਂ ਤਾਂ ਇਹ ਲੜਾਈ ਹੈਲੀਕਾਪਟਰ ਵਿਚ ਸਵਾਰ ਹੋ ਕੇ ਦੇਖ ਰਿਹਾ ਸੀ, ਫਿਰ ਆਪਣੀ ਫੌਜ ਨੂੰ ਹੱਲਾਸ਼ੇਰੀ ਦੇਣ ਖਾਤਰ ਆਪਣੇ ਸਰਵੇਖਣ ਗਰੁੱਪ ਨਾਲ ਉਸ ਨੇ ਮੈਦਾਨ-ਏ-ਜੰਗ ਵੱਲ ਕੂਚ ਕਰ ਦਿੱਤਾ। ਇਕ ਤੋਪਖਾਨੇ ਦੀ ਆਬਜ਼ਰਵੇਸ਼ਨ ਪੋਸਟ 'ਤੇ ਤੋਪਖਾਨੇ ਦੀ ਕਾਰਗਰ ਫਾਇਰਿੰਗ ਨੇ ਇਸ ਸਰਵੇਖਣ ਗਰੁੱਪ ਨੂੰ ਟੈਂਕ ਸਮੇਤ ਉਡਾ ਦਿੱਤਾ। ਜਨਰਲ ਨਸੀਰ ਅਤੇ ਉਸ ਦਾ ਆਰਟਿਲਰੀ ਬ੍ਰਿਗੇਡ ਕਮਾਂਡਰ ਆਪਣੇ ਸਾਥੀਆਂ ਸਮੇਤ ਮਾਰੇ ਗਏ। ਬਾਅਦ ਵਿਚ ਉਸ ਦੇ ਇਕ ਸਿਪਾਹੀ ਨੇ ਇਸ ਕਿਸਮ ਦਾ ਸੰਦੇਸ਼ ਵਾਇਰਲੈਸ 'ਤੇ ਪਿੱਛੋਂ ਭੇਜਿਆ, "ਹਮਾਰਾ ਸਭ ਤੇ ਬੜਾ ਇਮਾਮ ਮਾਰਾ ਗਿਆ।"



*ਪਿੰਡ ਆਸਲ ਉਤਾੜ ਵਿਚ ਭਾਰਤ ਦਾ ਸ਼ਰਮਨ ਟੈਂਕ।*

ਪਿੰਡ ਚੀਮਾ ਦੇ ਲੜਾਈ ਵਾਲੇ ਇਲਾਕੇ ਅੰਦਰ 4 ਗਰਨੇਡੀਅਰ ਦੇ ਇਕ ਨਾਨ-ਕਮਿਸ਼ਨਡ ਅਫਸਰ, ਕੰਪਨੀ ਕੁਆਰਟਰ ਮਾਸਟਰ ਹਵਲਦਾਰ ਅਬਦੁਲ ਹਮੀਦ ਜਦੋਂ ਰਿਕਾਇਲਲੈਸ ਤੋਪ (ਆਰ. ਸੀ. ਐਲ.) ਨਾਲ ਆਪਣੀ ਜੀਪ ਵਿਚ ਸਵਾਰ ਸੀ, ਤਾਂ ਅਚਨਚੇਤ ਕਮਾਦ ਦੇ ਖੇਤ ਵਲੋਂ ਚਾਰ ਪੈਟਨ ਟੈਂਕ ਉਸ ਦੀ ਕੰਪਨੀ ਵੱਲ ਆ ਰਹੇ ਸਨ। ਉਸ ਨੇ ਤੁਰੰਤ ਇਕ ਟੇਕਰੀ ਪਿੱਛੇ ਛੁਪਦਿਆਂ ਇਕ-ਇਕ ਕਰਕੇ ਤਿੰਨ ਟੈਂਕਾਂ ਨੂੰ ਭੁੰਨਿਆ ਅਤੇ ਜਦੋਂ ਚੌਥੇ ਟੈਂਕ ਨੂੰ ਵੀ ਨਕਾਰਾ ਕੀਤਾ ਤਾਂ ਉਸ ਨੂੰ 90 ਮਿਲੀਮੀਟਰ ਦਾ ਸ਼ੈੱਲ ਆ ਵੱਜਿਆ ਜਿਸ ਕਾਰਨ ਉਹ ਸ਼ਹਾਦਤ ਦਾ ਜਾਮ ਪੀ ਗਿਆ। ਅਬਦੁਲ ਹਮੀਦ ਨੇ ਸਰਵਉਤਮ ਬਹਾਦਰੀ, ਦੇਸ਼ ਪ੍ਰਤੀ ਜਜ਼ਬਾ ਅਤੇ ਦ੍ਰਿੜ੍ਹਤਾ ਦਾ ਪ੍ਰਦਰਸ਼ਨ ਜੰਗ ਦੇ ਮੈਦਾਨ ਵਿਚ ਕੀਤਾ। ਉਸ ਦੀ ਦੇਣ ਨੂੰ ਮੁੱਖ ਰੱਖਦਿਆਂ ਰਾਸ਼ਟਰਪਤੀ ਨੇ ਅਬਦੁਲ ਹਮੀਦ ਨੂੰ ਸਭ ਤੋਂ ਉਤਮ ਪੁਰਸਕਾਰ (ਮਰਨ ਉਪਰੰਤ) 'ਪਰਮਵੀਰ ਚੱਕਰ' ਨਾਲ ਸਨਮਾਨਤ ਕੀਤਾ।

ਮੇਜਰ ਐਸ. ਸੀ. ਵਡੇਰਾ ਦੇ ਚਾਰ ਟੈਂਕਾਂ ਨੇ ਦੁਸ਼ਮਣ ਦੇ 22 ਟੈਂਕਾਂ ਨਾਲ ਮੁਕਾਬਲਾ ਕੀਤਾ ਅਤੇ ਸ਼ਾਮ ਹੋਣ ਤੱਕ 7 ਟੈਂਕ ਫਨਾਹ ਕਰ ਦਿੱਤੇ। ਮੇਜਰ ਵਡੇਰਾ ਨੂੰ ਵੀਰ ਚੱਕਰ ਨਾਲ ਨਵਾਜਿਆ ਗਿਆ। ਹੋਰ ਵੀ ਬਹੁਤ ਸਾਰੇ ਬਹਾਦਰੀ ਪੁਰਸਕਾਰਾਂ ਨਾਲ ਦਲੇਰੀ ਦਿਖਾਉਣ ਵਾਲਿਆਂ ਨੂੰ ਸਨਮਾਨਤ ਕੀਤਾ ਗਿਆ। ਪਾਕਿਸਤਾਨ ਦੀ ਆਸਲ ਉਤਾੜ ਦੀ ਕਰਾਰੀ ਹਾਰ ਮਗਰੋਂ ਅਯੂਬ ਖਾਨ ਦਾ ਸੁਪਨਾ ਅਧੂਰਾ ਹੀ ਰਹਿ ਗਿਆ। ਬਾਕੀ ਸੈਕਟਰਾਂ ਅੰਦਰ ਲੜਾਈ ਉਦੋਂ ਤੱਕ ਜਾਰੀ ਰਹੀ, ਜਦੋਂ ਤੱਕ ਕਿ 23 ਸਤੰਬਰ ਸਵੇਰੇ 3:30 ਵਜੇ ਜੰਗਬੰਦੀ ਲਾਗੂ ਨਾ ਹੋ ਗਈ।

ਇਨ੍ਹਾਂ ਤਿੰਨ ਦਿਨਾਂ ਦੀ ਲੜਾਈ ਅੰਦਰ ਦੁਸ਼ਮਣ ਦੇ 97 ਟੈਂਕ ਤਬਾਹ ਹੋ ਗਏ ਜਿਨ੍ਹਾਂ ਵਿਚ 75 ਪੈਟਨ ਟੈਂਕ ਸਨ। ਇਸ ਵਿਚ 4 ਕੈਵਲਰੀ ਦੇ ਸਾਰੇ ਟੈਂਕ, ਉਸ ਦੇ ਕਮਾਂਡਿੰਗ ਅਫਸਰ, ਛੇ ਮੇਜਰਾਂ ਸਮੇਤ 12 ਅਫਸਰ ਅਤੇ ਬਹੁਤ ਸਾਰੇ ਹੇਠਲੇ ਰੈਂਕ ਵਾਲਿਆਂ ਨੇ 11 ਸਤੰਬਰ ਨੂੰ ਆਤਮ ਸਮਰਪਣ ਕਰ ਦਿੱਤਾ। ਲੜਾਈ ਤੋਂ ਬਾਅਦ ਭਿਖੀਵਿੰਡ ਵਿਖੇ 70 ਪਾਕਿਸਤਾਨੀ ਪੈਟਨ ਟੈਂਕਾਂ ਨੂੰ ਇਕੱਠਿਆਂ ਕਰਕੇ ਆਮ ਜਨਤਾ ਦੀ ਜਾਣਕਾਰੀ ਵਾਸਤੇ ਰੱਖ ਦਿੱਤਾ ਗਿਆ ਜਿਸ ਦਾ ਨਾਮ 'ਪੈਟਨ ਨਗਰ' ਪੈ ਗਿਆ। ਹਰ ਸਾਲ 10 ਸਤੰਬਰ ਨੂੰ ਸੂਬਾ ਪੱਧਰ 'ਤੇ ਆਸਲ ਉਤਾੜ ਦਿਵਸ ਮਨਾਇਆ ਜਾਂਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਖੇਮਕਰਨ ਸੈਕਟਰ ਵਿਚ ਜੰਗ ਦੇ ਸ਼ੁਰੂ ਵਿਚ 4 ਮਾਊਂਟੇਨ ਡਿਵੀਜ਼ਨ ਨੂੰ ਜੋ ਕਰਾਰਾ ਝਟਕਾ ਲੱਗਾ, ਉਸ ਦੇ ਕਾਰਨ ਫੌਜ ਦੇ ਅਕਸ ਨੂੰ ਢਾਹ ਲੱਗੀ ਪਰ ਜਨਰਲ ਹਰਬਖਸ਼ ਸਿੰਘ ਨੇ ਜਿਸ ਦ੍ਰਿੜਤਾ, ਮਹਾਨ ਦਲੇਰੀ, ਲੀਡਰਸ਼ਿਪ ਨਾਲ ਲੜਾਈ ਦੇ ਫਰੰਟ 'ਤੇ ਪਹੁੰਚ ਕੇ ਮੌਕਾ ਸੰਭਾਲਿਆ, ਉਸ ਨਾਲ 4 ਮਾਊਂਟੇਨ ਡਿਵੀਜ਼ਨ ਨੇ ਆਸਲ ਉਤਾੜ ਦੀ ਲੜਾਈ ਵਿਚ ਆਪਣੇ ਪਿਛਲੇ ਧੋਣੇ ਤਾਂ ਧੋ ਹੀ ਦਿੱਤੇ, ਫੌਜ ਦੀਆਂ ਉਚ ਕੋਟੀ ਦੀਆਂ ਪਰੰਪਰਾਵਾਂ ਨੂੰ ਵੀ ਬਹਾਲ ਕੀਤਾ।

ਇਨ੍ਹਾਂ ਘਟਨਾਵਾਂ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਜੇ ਪੱਛਮੀ ਕਮਾਂਡ ਦੀ ਵਾਗਡੋਰ ਜਨਰਲ ਹਰਬਖਸ਼ ਸਿੰਘ ਦੇ ਹਵਾਲੇ ਨਾ ਹੁੰਦੀ ਅਤੇ ਜੇ ਉਹ ਸੈਨਾ ਮੁਖੀ ਦੀ ਵਿਚਾਰਧਾਰਾ ਦੇ ਉਲਟ ਆਪਣੀ ਜ਼ਮੀਰ ਦੀ ਆਵਾਜ਼ ਨਾ ਸੁਣਦੇ ਤਾਂ ਪੰਜਾਬ ਦਾ ਜੋ ਹਸ਼ਰ ਹੁੰਦਾ, ਉਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਲਾਲ ਬਹਾਦਰ ਸ਼ਾਸਤਰੀ ਨੇ ਉਨ੍ਹਾਂ ਦੇ ਮਹਾਨ ਯੋਗਦਾਨ ਨੂੰ ਮੁੱਖ ਰੱਖਦਿਆਂ ਜਨਰਲ ਹਰਬਖਸ਼ ਸਿੰਘ ਨੂੰ ਸੈਨਾ ਮੁਖੀ ਬਣਾਉਣ ਦਾ ਫੈਸਲਾ ਕਰ ਲਿਆ ਸੀ। ਕਾਸ਼! ਸ਼ਾਸਤਰੀ ਜੀ ਆਪਣੇ ਫੈਸਲੇ 'ਤੇ ਅਮਲ ਕਰਨ ਲਈ ਜਿਉਂਦੇ ਰਹਿੰਦੇ।

ਲੋਕ-ਧਾਰਾ

# ਤੂੰ ਮੇਰੀ ਖੁਸ਼ਬੋ ਮਾਹੀਆ

ਸੁਖਦੇਵ ਮਾਦਪੁਰੀ
ਫੋਨ: 91-94630-34472



'ਮਾਹੀਆ' ਲੋਕ ਪ੍ਰਤਿਭਾ ਦੇ ਮੁੱਢ ਕਦੀਮੀਂ ਸਰੋਦੀ ਸੋਮਿਆਂ ਵਿਚੋਂ ਵਿਕਸਿਤ ਹੋਇਆ ਛੋਟੀ ਸਿਨਫ ਦਾ ਲੋਕ ਕਾਵਿ-ਰੂਪ ਹੈ, ਜਿਸ ਨੇ ਮਨੁੱਖੀ ਪਿਆਰ, ਰਿਸ਼ਤਿਆਂ ਦੀ ਸਦੀਵੀ ਮੁਹੱਬਤ ਅਤੇ ਅਣਪੱਤ ਨੂੰ ਆਪਣੇ ਵਿਚ ਸਮੋਇਆ ਹੋਇਆ ਹੈ। ਅਸਲ ਵਿਚ 'ਮਾਹੀਆ' ਪਿਆਰ ਗੀਤ ਹੈ, ਜਿਸ ਨੂੰ ਬਹੁਤ ਹੀ ਸਰਲ ਅਤੇ ਸਾਦਾ ਭਾਸ਼ਾ ਵਿਚ ਸ਼ਿੰਗਾਰ ਰਸ ਅਤੇ ਕਰੁਣਾ ਰਸ ਦੀ ਚਾਸ਼ਣੀ ਵਿਚ ਗਲੇਫ ਕੇ ਲੋਕ ਪ੍ਰਤਿਭਾ ਨੇ ਸਿਰਜਿਆ ਹੈ। ਇਹ ਪੰਜਾਬ ਦੀਆਂ ਸਾਰੀਆਂ ਉਪ ਬੋਲੀਆਂ ਵਿਚ ਰਚਿਆ ਹੋਇਆ ਮਿਲਦਾ ਹੈ। ਮੁਲਤਾਨ, ਸਿਆਲਕੋਟ, ਪੋਠੋਹਾਰ ਅਤੇ ਜੰਮੂ ਦੇ ਪਹਾੜੀ ਖੇਤਰਾਂ ਵਿਚ ਇਹ ਪੁਰਾਤਨ ਕਾਲ ਤੋਂ ਹੀ ਲੋਕਪ੍ਰਿਯ ਰਿਹਾ ਹੈ। ਇਨ੍ਹਾਂ ਸਾਰੇ ਖੇਤਰਾਂ ਵਿਚ ਇਸ ਦਾ ਰੂਪ ਵਿਧਾਨ ਤੇ ਗਾਉਣ ਦੀ ਰੀਤ ਇਕਸਾਰ ਹੈ।

ਮਾਹੀ ਦੇ ਸ਼ਾਬਦਿਕ ਅਰਥ ਮੱਝਾਂ ਚਰਾਉਣ ਵਾਲਾ ਹਨ। ਰਾਂਝਾ ਬਾਰਾਂ ਵਰ੍ਹੇ ਹੀਰ ਲਈ ਮੱਝਾਂ ਚਰਾਉਂਦਾ ਰਿਹਾ, ਜਿਸ ਕਰਕੇ ਹੀਰ ਉਸ ਨੂੰ ਮਾਹੀ ਆਖ ਕੇ ਬੁਲਾਉਂਦੀ ਸੀ। ਹੀਰ ਰਾਂਝੇ ਦੀ ਪ੍ਰੀਤ ਕਥਾ ਦਾ ਪੰਜਾਬ ਦੇ ਜਨ ਜੀਵਨ 'ਤੇ ਅਮਿੱਟ ਪ੍ਰਭਾਵ ਪਿਆ ਹੈ, ਜਿਸ ਕਰਕੇ ਮਾਹੀ ਸ਼ਬਦ ਦਾ ਪਦਮਾਨ ਮਹਿਬੂਬ ਅਤੇ ਪਤੀ ਲਈ ਪ੍ਰਚਲਿਤ ਹੋ ਗਿਆ। ਪੰਜਾਬ ਦੀ ਮੁਟਿਆਰ ਆਪਣੇ ਮਹਿਬੂਬ ਨੂੰ ਬੜੇ ਚਾਅ ਨਾਲ 'ਮਾਹੀਆ' ਆਖ ਕੇ ਸੱਦਦੀ ਹੈ।

ਮਾਹੀਆ ਗੀਤ-ਰੂਪ ਦਾ ਆਪਣਾ ਰੂਪ ਵਿਧਾਨ ਹੈ। ਕਰਤਾਰ ਸਿੰਘ ਸ਼ਮਸ਼ੇਰ ਅਨੁਸਾਰ ਇਸ ਦੀਆਂ ਤਿੰਨ ਤੁਕਾਂ ਹੁੰਦੀਆਂ ਹਨ, ਪਰ ਡਾ. ਵਣਜਾਰਾ ਬੇਦੀ ਅਨੁਸਾਰ ਇਹ ਛੋਟੇ ਆਕਾਰ ਦਾ ਦੋ ਸਤਰਾਂ ਦਾ ਗੀਤ ਹੈ। ਪਹਿਲੀ ਸਤਰ ਆਕਾਰ ਵਿਚ ਦੂਜੀ ਸਤਰ ਨਾਲੋਂ ਅੱਧੀ ਹੁੰਦੀ ਹੈ। ਦੂਜੀ ਸਤਰ ਦੇ ਦੋ ਤੁਕਾਂਗ ਹੁੰਦੇ ਹਨ। ਇਨ੍ਹਾਂ ਦੋ ਤੁਕਾਂਗਾਂ ਨੂੰ ਕਈ ਦੋ ਸਤਰਾਂ ਮੰਨ ਕੇ ਮਾਹੀਏ ਦੀਆਂ ਤਿੰਨ ਤੁਕਾਂ ਗਿਣਦੇ ਹਨ।

ਕਰਤਾਰ ਸਿੰਘ ਸ਼ਮਸ਼ੇਰ ਦੇ ਸ਼ਬਦਾਂ ਵਿਚ ਮਾਹੀਏ ਦਾ ਰੂਪ ਵਿਧਾਨ ਇਸ ਪ੍ਰਕਾਰ ਹੈ: ਸਾਧਾਰਨ ਤੱਤ ਇਸ ਦੀਆਂ ਤਿੰਨ ਤੁਕਾਂ ਹਨ। ਪਹਿਲੀ ਤੁਕ ਵਿਚ ਕੋਈ ਦ੍ਰਿਸ਼ਟਾਂਤ ਹੁੰਦਾ ਹੈ। ਕਲਾ ਦੇ ਪੱਖ ਤੋਂ ਉਤਮ ਪ੍ਰਕਾਰ ਦੇ ਮਾਹੀਆ ਲੋਕ ਗੀਤਾਂ ਵਿਚ ਪਹਿਲੀ ਤੁਕ ਵੀ ਓਨੀ ਹੀ ਅਰਥਪੂਰਨ ਤੇ ਭਾਵਪੂਰਨ ਹੁੰਦੀ ਹੈ, ਜਿੰਨੀਆਂ ਬਾਕੀ ਦੀਆਂ ਤੁਕਾਂ। ਕਈਆਂ ਵਿਚ ਇਹ ਤੁਕ ਨਿਰਾਰਥਕ ਹੀ ਹੁੰਦੀ ਹੈ ਅਤੇ ਅਨੁਪਰਾਸ ਮੇਲਣ ਲਈ ਹੀ ਵਰਤੀ ਜਾਂਦੀ ਹੈ। ਜਜ਼ਬੇ ਦੀ ਤਸਵੀਰ ਹੇਠਲੀਆਂ ਦੋ ਤੁਕਾਂ ਵਿਚ ਖਿੱਚੀ ਹੁੰਦੀ ਹੈ। ਪਹਿਲੀ ਅਤੇ ਤੀਜੀ ਤੁਕ ਦਾ ਅਨੁਪਰਾਸ ਮਿਲਦਾ ਹੈ। ਵਿਚਲੀ ਤੁਕ ਕੁਝ ਛੋਟੀ ਹੁੰਦੀ ਹੈ। ਇਨ੍ਹਾਂ ਦੋ ਤੁਕਾਂ ਵਿਚ ਜਜ਼ਬਿਆਂ ਨੂੰ ਠੋਸ ਚਿੱਤਰਾਂ ਵਿਚ ਸਾਕਾਰ ਕਰਨਾ ਹੁੰਦਾ ਹੈ ਜਾਂ ਇੰਜ ਕਹਿ ਲਈਏ ਕਿ ਕੁੱਜੇ 'ਚ ਦਰਿਆ ਬੰਦ ਕਰਨਾ ਇਨ੍ਹਾਂ ਲੋਕ ਕਲਾਕਾਰਾਂ ਦੀ ਪ੍ਰਤਿਭਾ ਹੈ। ਜਜ਼ਬਿਆਂ ਨੂੰ ਸਾਕਾਰ ਕਰਨ ਲਈ ਜੋ ਚਿੱਤਰ ਖਿੱਚੇ ਜਾਂਦੇ ਹਨ, ਉਨ੍ਹਾਂ ਵਿਚਲੀ ਘਟਨਾ ਦੀ ਚੋਣ ਪ੍ਰਤਿਭਾ ਦੀ ਅਸਲ ਕਸੌਟੀ ਹੈ।

ਪੰਜਾਬ ਵਿਚ, ਵਿਸ਼ੇਸ਼ ਕਰਕੇ ਧਨ ਪੋਠੋਹਾਰ ਵਿਚ ਮਾਹੀਏ ਦਾ ਇੱਕ ਹੋਰ ਰੂਪ ਵੀ ਪ੍ਰਚਲਿਤ ਹੈ, ਜਿਸ ਨੂੰ 'ਬਾਲੋ ਮਾਹੀਏ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਰੂਪ ਕਿਸੇ ਸਮੇਂ ਬੜਾ ਪ੍ਰਚਲਿਤ ਹੋਇਆ ਸੀ। ਬਾਲੋ ਗੁੱਜਰਾਂਵਾਲੇ ਦੀ ਰਹਿਣ ਵਾਲੀ ਇੱਕ ਸੁੰਦਰ ਮੁਟਿਆਰ ਸੀ, ਜਿਸ ਦਾ ਪਿਆਰ ਮੁਹੰਮਦ ਅਲੀ ਨਾਂ ਦੇ ਗੱਭਰੂ ਨਾਲ ਸੀ, ਜਿਸ ਨੂੰ ਉਹ ਪਿਆਰ ਨਾਲ 'ਮਾਹੀਆ' ਸੱਦਿਆ ਕਰਦੀ ਸੀ। ਦੋਹਾਂ ਦਾ ਆਪੋ ਵਿਚ ਅਮੁੱਕ ਪਿਆਰ ਸੀ ਤੇ ਰੱਬ ਨੇ ਦੋਹਾਂ ਨੂੰ ਹੁਸਨ ਦੇ ਨਾਲ ਅਵਾਜ਼ ਵੀ ਸੁਰੀਲੀ ਬਖਸ਼ੀ ਸੀ। ਇਨ੍ਹਾਂ ਦੋਹਾਂ ਨੇ ਮਾਹੀਏ ਦੀਆਂ ਨਵੀਆਂ ਧੁਨਾਂ ਪ੍ਰਚਲਿਤ ਕੀਤੀਆਂ, ਜੋ ਸਵਾਲ-ਜਵਾਬ ਦੇ ਰੂਪ ਵਿਚ ਹਨ। ਇੱਕ ਟੱਪੇ ਵਿਚ ਬਾਲੋ ਦਾ ਨਾਂ ਆਉਂਦਾ ਹੈ ਤੇ ਦੂਜੇ ਵਿਚ ਮਾਹੀਆ ਸ਼ਬਦ ਆਉਂਦਾ ਹੈ। ਇਸ ਵਿਚ ਹੁਸਨ ਇਸ਼ਕ ਦੀ ਚਰਚਾ ਹੁੰਦੀ ਹੈ, ਜਿਵੇਂ,

ਹੱਟੀਆਂ 'ਤੇ ਫੀਤਾ ਈ
ਸੱਚ ਦੱਸ ਨੀਂ ਬਾਲੋ
ਕਦੇ ਯਾਦ ਵੀ ਕੀਤਾ ਈ।

ਮੈਂ ਖੜ੍ਹੀ ਆਂ ਵਿਚ ਬੇਲੇ
ਕਸਮ ਖੁਦਾ ਦੀ ਮਾਹੀਆ
ਯਾਦ ਕਰਨੀ ਆਂ ਹਰ ਵੇਲੇ।

ਇਹ ਸਵਾਲ-ਜਵਾਬ ਵਾਲਾ ਮਾਹੀਆ ਅੱਜ ਵੀ 'ਬਾਲੋ-ਮਾਹੀਆ' ਦੇ ਨਾਂ ਨਾਲ ਪ੍ਰਸਿੱਧ ਹੈ।

ਅਸਲ ਵਿਚ 'ਮਾਹੀਆ' ਜਜ਼ਬਿਆਂ ਭਰਪੂਰ ਕਾਵਿ-ਰੂਪ ਹੈ, ਜਿਸ ਵਿਚ ਮੁੱਖ ਤੌਰ 'ਤੇ ਰੋਮਾਂਚਕ ਵਿਸ਼ਿਆਂ ਨੂੰ ਹੀ ਰੂਪਮਾਨ ਕੀਤਾ ਗਿਆ ਹੈ। ਇਸ ਵਿਚ ਮੁਹੱਬਤ ਦੀਆਂ ਕੂਲ੍ਹਾਂ ਵਹਿ ਰਹੀਆਂ ਹਨ। ਇਨ੍ਹਾਂ ਗੀਤਾਂ ਵਿਚ ਪੰਜਾਬ ਦੀ ਮੁਟਿਆਰ ਆਪਣੇ ਮਾਹੀਏ ਦੇ ਹੁਸਨ ਤੋਂ ਵਾਰੇ ਵਾਰੇ ਜਾਂਦੀ ਹੋਈ ਉਸ ਲਈ ਆਪਣੀ ਬੇਪਨਾਹ ਮੁਹੱਬਤ ਦਾ ਇਜ਼ਹਾਰ ਹੀ ਨਹੀਂ ਕਰਦੀ, ਸਗੋਂ ਸ਼ਿਕਵਿਆਂ, ਨਿਹੋਰਿਆਂ ਦੇ ਬਾਣਾਂ ਅਤੇ ਵਿਛੋੜੇ ਦੇ ਸੱਲ੍ਹਾਂ ਦਾ ਵਰਣਨ ਵੀ ਬੜੇ ਅਨੂਠੇ ਅਤੇ ਦਰਦੀਲੇ ਬੋਲਾਂ ਵਿਚ ਕਰਦੀ ਹੈ,

ਕੋਠੇ 'ਤੇ ਖਲੋ ਮਾਹੀਆ
ਤੂੰ ਫੁੱਲ ਤੋਰੀਏ ਦਾ
ਮੈਂ ਤੇਰੀ ਖੁਸ਼ਬੋ ਮਾਹੀਆ।

ਪਿਆਰ ਤਾਂ ਇੱਕ ਰੱਬੀ ਦਾਤ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ,

ਪੱਤੇ ਪਿੱਪਲਾਂ ਦੇ ਹਿਲਦੇ ਨੇ
ਰੱਬ ਜਦੋਂ ਮਿਹਰ ਕਰੇ
ਓਦੋਂ ਦੋ ਦਿਲ ਮਿਲਦੇ ਨੇ।

ਜਾਤ-ਪਾਤ ਦੀਆਂ ਦੀਵਾਰਾਂ ਵੀ ਮੁਹੱਬਤਾਂ ਦੇ ਵਹਿਣਾਂ ਅੱਗੇ ਵਹਿ ਟੁਰਦੀਆਂ ਹਨ,




ਕਾਲਾ ਡੂੰਮਣ ਪਰਾਂਦੇ ਦਾ
ਅਸਾਂ ਤੇਰੀ ਜਾਤ ਨਾ ਪੁੱਛੀ
ਪੱਲਾ ਫੜ ਲਿਆ ਜਾਂਦੇ ਦਾ।

ਮਾਹੀ ਹੀ ਹੁਣ ਉਸ ਲਈ ਸਭੋ ਕੁਝ ਏ। ਉਸ ਦੇ ਤੁਲ ਦੁਨੀਆਂ 'ਚ ਕੋਈ ਹੋਰ ਸ਼ੈਅ ਨਹੀਂ,

ਰਿਹਾ ਚਮਕ ਸਤਾਰਾ ਈ
ਓਡਾ ਮੈਨੂੰ ਹੋਰ ਕੋਈ ਨਾ
ਜਿੱਡਾ ਮਾਹੀ ਪਿਆਰਾ ਈ।

ਮਾਹੀਏ ਦੀ ਹਰ ਸ਼ੈਅ ਉਸ ਨੂੰ ਪਿਆਰੀ ਲੱਗਦੀ ਏ,

ਫੁੱਲਾ ਵੇ ਗੁਲਾਬ ਦਿਆ
ਤੈਨੂੰ ਸੀਨੇ ਨਾਲ ਲਾਵਾਂ
ਮੇਰੇ ਮਾਹੀਏ ਦੇ ਬਾਗ ਦਿਆ।

ਕਦੋਂ ਉਸ ਨਾਲ ਮਿਲਾਪ ਹੋਵੇ, ਦਿਲ ਵਸਲ ਲਈ ਤੜਪ ਰਿਹਾ ਹੈ,

ਬਾਗ ਵਿਚ ਆ ਮਾਹੀਆ
ਨਾਲੇ ਸਾਡੀ ਗੱਲ ਸੁਣ ਜਾਹ
ਨਾਲੇ ਘੜਾ ਵੀ ਚੁਕਾ ਮਾਹੀਆ।

ਕਿੰਨੀ ਨਾਜ਼ੁਕ ਖਿਆਲੀ ਹੈ, ਇਨ੍ਹਾਂ ਬੋਲਾਂ ਵਿਚ,

ਛਤਰੀ ਦੀ ਛਾਂ ਕਰ ਲੈ
ਜਿੱਥੇ ਮਾਹੀ ਆਪ ਵਸੇਂ
ਉਥੇ ਸਾਡੀ ਵੀ ਥਾਂ ਕਰ ਲੈ।

ਉਹ ਤਾਂ ਆਪਣੇ ਮਾਹੀ ਲਈ ਸੈਆਂ ਜ਼ਫਰ ਝੱਲਣ ਲਈ ਤਤਪਰ ਹੈ,

ਫੁੱਲਾਂ ਦੀ ਫਲਾਈ ਮਾਹੀਆ
ਇਕ ਤੇਰੀ ਜਿੰਦ ਬਦਲੇ
ਜਿੰਦ ਕੰਡਿਆਂ 'ਤੇ ਪਾਈ ਮਾਹੀਆ।

ਉਹ ਤਾਂ ਆਪਣੇ ਮਹਿਬੂਬ ਲਈ ਆਪਣੀ ਜਿੰਦੜੀ ਦਾ ਹਰ ਕਿਣਕਾ ਕੁਰਬਾਨ ਕਰਨ ਲਈ ਤਿਆਰ ਹੈ,

ਚਿੱਟਾ ਵੇ ਗੁਦਾਮ ਹੋਸੀ
ਜੀਂਦਿਆਂ ਨੌਕਰ ਤੇਰੀ ਵੇ
ਮੋਇਆਂ ਮਿੱਟੀ ਵੀ ਗੁਲਾਮ ਹੋਸੀ।

ਉਸ ਨੂੰ ਤਾਂ ਮਾਹੀਏ ਵਿਚੋਂ ਰੱਬ ਦੇ ਦੀਦਾਰ ਹੁੰਦੇ ਹਨ। ਕਿੰਨੀ ਇੰਤਹਾ ਹੈ ਮੁਹੱਬਤ ਦੀ,

ਨਾ ਲਿਖਿਆ ਮਿਟਦਾ ਏ
ਮੈਨੂੰ ਤਾਂ ਰੱਬ ਮਾਹੀਆ
ਬਸ ਤੇਰੇ 'ਚੋਂ ਦਿਸਦਾ ਏ।

ਮਾਹੀ ਦੇ ਮਿਲਾਪ ਨਾਲ ਉਹ ਸਰਸ਼ਾਰ ਹੋ ਜਾਂਦੀ ਹੈ,

ਪਾਣੀ ਨਹਿਰਾਂ ਦਾ ਵਗਦਾ ਏ
ਅੱਜ ਮੇਰਾ ਮਾਹੀ ਮਿਲਿਆ
ਭੁੰਜੇ ਪੈਰ ਨਾ ਲੱਗਦਾ ਏ।

ਮੋਹ-ਮੁਹੱਬਤਾਂ ਭਰੀ ਮੁਟਿਆਰ ਨਾਲ ਦੋ ਬੋਲ ਸਾਂਝੇ ਕਰਨ ਲਈ ਮਾਹੀਆ ਵੀ ਆਪਣੀ ਤੜਪ ਦਾ ਪ੍ਰਗਟਾਵਾ ਕਿਉਂ ਨਾ ਕਰੇ,

ਲਾਡਾਂ ਨਾਲ ਪਲੀਏ ਨੀ
ਮਿੱਠੀ-ਮਿੱਠੀ ਗੱਲ ਕਰ ਜਾ
ਮਿਸ਼ਰੀ ਦੀਏ ਡਲੀਏ ਨੀ।

ਉਹ ਉਸ ਦੀ ਮੁਹੱਬਤ ਅਤੇ ਹੁਸਨ 'ਤੇ ਵਾਰੇ-ਵਾਰੇ ਜਾਂਦਾ ਹੈ,

ਚੰਦ ਚੜ੍ਹਿਆ ਲੋਈ ਵਾਲਾ
ਤੂੰ ਮੇਰੀ ਬੁਲਬੁਲ ਨੀ
ਮੈਂ ਫੁੱਲ ਖੁਸ਼ਬੋਈ ਵਾਲਾ।

ਬੇਮੁਹੱਬਤੇ ਸਮਾਜ ਵਿਚ ਇਸ਼ਕ ਪਾਲਣਾ ਕਿਹੜਾ ਸੌਖਾ ਏ,

ਪਾਣੀ ਖਾਰੇ ਨੇ ਸਮੁੰਦਰਾਂ ਦੇ
ਨੀ ਯਾਰੀ ਤੇਰੀ ਦੋ ਦਿਨ ਦੀ
ਮਿਹਣੇ ਖੱਟ ਲਏ ਉਮਰਾਂ ਦੇ।

ਕਦੀ ਕਦੀ ਜਦੋਂ ਮਾਹੀ ਨੂੰ ਆਪਣੇ ਪਿਆਰ ਦਾ ਵੱਜਲ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਵੀ ਮਿਹਣਾ ਮਾਰਦਾ ਹੈ,

ਕੰਨੀਂ ਬੁੰਦੇ ਪਾਏ ਹੋਏ ਨੇ
ਸਾਡੇ ਨਾਲੋਂ ਬਟਨ ਚੰਗੇ
ਜਿਹੜੇ ਹਿੱਕ ਨਾਲ ਲਾਏ ਹੋਏ ਨੇ।

ਪੁਰਾਣੇ ਸਮਿਆਂ ਵਿਚ ਗੱਭਰੂਆਂ ਨੂੰ ਰੁਜ਼ਗਾਰ ਲਈ ਦੂਰ-ਦੁਰਾਡੇ ਜਾਣਾ ਪੈਂਦਾ ਸੀ। ਕਈ-ਕਈ ਵਰ੍ਹੇ ਉਹ ਆਪਣੇ ਘਰਾਂ ਨੂੰ ਨਹੀਂ ਸੀ ਪਰਤਦੇ, ਜਿਸ ਕਾਰਨ ਆਪਣੇ ਪਿਆਰਿਆਂ ਦੇ ਵਿਛੋੜੇ ਦੇ ਪਲਾਂ ਨੂੰ ਸਹਿਣਾ ਅਸਹਿ ਹੋ ਜਾਂਦਾ ਸੀ। ਵਿਯੋਗ ਦੇ ਇਨ੍ਹਾਂ ਪਲਾਂ ਨੂੰ ਪੰਜਾਬ ਦੀ ਮੁਟਿਆਰ ਨੇ ਬੜੇ ਦਰਦੀਲੇ ਬੋਲਾਂ ਵਿਚ ਬਿਆਨ ਕੀਤਾ ਹੈ,

ਦੋ ਪੱਤਰ ਅਨਾਰਾਂ ਦੇ
ਮਾਹੀਏ ਦੇ ਹਿਜ਼ਰ ਸਤਾਂ
ਹੋ ਗਏ ਢੇਰ ਅੰਗਿਆਰਾਂ ਦੇ।

ਚੁੰਨੀ ਹੋ ਗਈ ਲੀਰਾਂ ਵੇ
ਆ ਕੇ ਅੱਖੀਂ ਵੇਖ ਚੰਨਾ
ਹੋਇਆ ਹਾਲ ਫਕੀਰਾਂ ਵੇ।

ਤੰਦੂਰੀ ਤਾਈ ਹੋਈ ਆ
ਬਾਲਣ ਹੱਡੀਆਂ ਦਾ
ਰੋਟੀ ਇਸ਼ਕੇ ਦੀ ਲਾਈ ਹੋਈ ਆ।

ਕਾਈ ਚੜ੍ਹਿਆ ਈ ਚੰਨ ਮਾਹੀਆ
ਇਸ਼ਕੇ ਦੀ ਕਸਕ ਬੁਰੀ ਵੇ
ਪਿੰਜਰ ਛੱਡਿਆ ਈ ਭੰਨ ਮਾਹੀਆ।

ਸੈਂਕੜਿਆਂ ਦੀ ਗਿਣਤੀ ਵਿਚ ਇਹ ਗੀਤ ਲੋਕਾਂ ਦੇ ਹਿਰਦਿਆਂ ਵਿਚ ਵਸੇ ਹੋਏ ਹਨ। ਇਨ੍ਹਾਂ ਗੀਤਾਂ ਵਿਚ ਵਰਤੀਆਂ ਤਸਬੀਹਾਂ ਆਲੇ ਦੁਆਲੇ ਵਿਚੋਂ ਹੀ ਲਈਆਂ ਗਈਆਂ ਹਨ। ਕਿਧਰੇ-ਕਿਧਰੇ ਸੂਖਮ ਬਿੰਬ ਵੀ ਵਰਤੇ ਗਏ ਹਨ। ਮਧੁਰ ਸੁਰ ਵਿਚ ਗਾਏ ਜਾਣ ਵਾਲੇ ਇਨ੍ਹਾਂ ਗੀਤਾਂ ਦੇ ਬੋਲ ਸਰੋਤੇ ਦੇ ਧੁਰ ਅੰਦਰ ਲਹਿ ਜਾਂਦੇ ਹਨ ਤੇ ਉਹ ਇੱਕ ਅਨੂਠਾ ਤੇ ਅਗੰਮੀ ਸੁਆਦ ਮਾਣਦਾ ਆਪਣੇ ਆਪ ਵਿਚ ਲੀਨ ਹੋ ਜਾਂਦਾ ਹੈ।

## ਮਨ ਦੀ ਕੂੰਜ

ਕਦੇ ਅੰਬਰਾਂ 'ਚ ਲਾਉਂਦੀ ਫਿਰਦੀ ਉਡਾਰੀ,
ਕਦੇ ਰੋਹੀਆਂ 'ਚ ਬੈਠੀ ਕੱਖਾਂ ਨੂੰ ਚੁਗਦੀ,
ਮੇਰੀ ਅੰਮੜੀ, ਜੋ ਵਸਦੀ ਪਾਰ ਸਮੁੰਦਰ,
ਉਹਦੇ ਪੈਰਾਂ ਦੀ ਮਿੱਟੀ ਚੁੰਮ-ਚੁੰਮ ਮੁੜਦੀ।
ਮੇਰੇ ਮਨ ਦੀਏ ਕੂੰਜੇ, ਤੇਰਾ ਬਿਖੜਾ ਪੈਂਡਾ,
ਤੂੰ ਰੱਕੜਾਂ 'ਚ ਸੌਂਦੀ, ਸੂਲਾਂ 'ਤੇ ਟੁਰਦੀ।

ਮਿੱਟੀ ਦੇ ਮੋਹ ਨੂੰ ਤੂੰ ਕਿੰਜ ਭੁਲਾਵੇਂ,
ਆਸਾਂ ਦੇ ਨਿੱਤ ਪਈ ਦੀਵੇ ਜਗਾਵੇਂ,
ਦਿਨ ਦੇ ਉਜਾਲੇ 'ਚ ਵੇਖੇ ਤੂੰ ਸੁਪਨੇ,
ਨੀਂਦਾਂ 'ਚ ਰਹਿੰਦੀ ਸਦਾ ਹੀ ਝੁਰਦੀ।
ਮੇਰੇ ਮਨ ਦੀਏ ਕੂੰਜੇ, ਤੇਰਾ ਬਿਖੜਾ ਪੈਂਡਾ,
ਤੂੰ ਰੱਕੜਾਂ 'ਚ ਸੌਂਦੀ, ਸੂਲਾਂ 'ਤੇ ਟੁਰਦੀ।

ਫਰੋਲੇ ਤੂੰ ਗੁਜਰੇ ਸਮੇਂ ਦੀਆਂ ਕਬਰਾਂ,
ਪੱਥਰ ਜੋ ਹੋਈਆਂ ਦਿਲ ਦੀਆਂ ਸਧਰਾਂ,
ਚਾਨਣ ਤੂੰ ਲੈ ਕੇ ਚੰਨ ਤੋਂ ਉਧਾਰਾ,
ਜੁਗਨੂੰ ਦੇ ਵਾਂਗਰ ਜਗ-ਜਗ ਬੁਝਦੀ।
ਮੇਰੇ ਮਨ ਦੀਏ ਕੂੰਜੇ, ਤੇਰਾ ਬਿਖੜਾ ਪੈਂਡਾ,
ਤੂੰ ਰੱਕੜਾਂ 'ਚ ਸੌਂਦੀ, ਸੂਲਾਂ 'ਤੇ ਟੁਰਦੀ।

ਯਾਦਾਂ 'ਚ ਭਟਕੇਂ ਤੂੰ ਚਾਰ ਚੁਫੇਰੇ,
ਤੁਰ ਗਈਆਂ ਰੂਹਾਂ ਨੇ ਦਿਲ ਦੇ ਬਨੇਰੇ,
ਸਾਹਾਂ 'ਚ ਤੇਰੇ ਸਦਾ ਹੀ ਰਹਿਣੀ,
ਧੁਤ ਜੋ ਬੋਲਿਆਂ ਵਿਚ ਸੀ ਉਡਦੀ।
ਮੇਰੇ ਮਨ ਦੀਏ ਕੂੰਜੇ, ਤੇਰਾ ਬਿਖੜਾ ਪੈਂਡਾ,
ਤੂੰ ਰੱਕੜਾਂ 'ਚ ਸੌਂਦੀ, ਸੂਲਾਂ 'ਤੇ ਟੁਰਦੀ।
ਰੀਝਾਂ ਦੇ ਬੂਹੇ 'ਤੇ ਲੇਖਾਂ ਦੇ ਜੰਦਰੇ,
ਬਿਰਹੋਂ ਦੇ ਤੈਨੂੰ ਰੋਗ ਨੇ ਚੰਬੜੇ,
ਉਮਰਾਂ ਦੀ ਇਹ ਮੁਲਤਾਨੀ ਮਿੱਟੀ,
ਹਰ ਪਲ 'ਅੰਮ੍ਰਿਤ' ਜਾਂਦੀ ਹੈ ਖੁਰਦੀ।
ਮੇਰੇ ਮਨ ਦੀਏ ਕੂੰਜੇ, ਤੇਰਾ ਬਿਖੜਾ ਪੈਂਡਾ,
ਤੂੰ ਰੱਕੜਾਂ 'ਚ ਸੌਂਦੀ, ਸੂਲਾਂ 'ਤੇ ਟੁਰਦੀ।

*-ਅੰਮ੍ਰਿਤਪਾਲ ਸਿੰਘ ਰਾਏ, ਕੈਨੇਡਾ*
*ਫੋਨ: 1-604-832-1094*

---

## ਕੀ ਪਤਾ...

ਹਰ ਥਾਂ ਉਤੇ ਰਹਿਣਾ ਸਿੱਖ ਲੈ,
ਹਰ ਨੂੰ ਜੀ ਜੀ ਕਹਿਣਾ ਸਿੱਖ ਲੈ।
ਇਹ ਵਕਤ ਹੈ ਬਲਵਾਨ ਬੜਾ,
ਕੱਲ ਕੀ ਪਤਾ ਕੀ-ਕੀ ਰੰਗ ਦਿਖਾਵੇ।
ਅੱਜ ਰੱਜ ਰੱਜ ਕੇ ਖਾਨੈਂ ਤੂੰ,
ਕੀ ਪਤਾ ਕੱਲ ਰੋਟੀ ਵੀ ਨਾ ਥਿਆਵੇ।

ਹੁਣ ਹੰਕਾਰਿਆ ਫਿਰਦੈਂ ਤੂੰ,
ਕਿਸੇ ਨੂੰ ਸਿੱਧੇ ਮੂੰਹ ਨਾ ਬੋਲੇ।
ਤੂੰ ਬੰਦੇ ਨੂੰ ਬੰਦਾ ਨਾ ਸਮਝੇ,
ਤੂੰ ਤਾਂ ਰੱਬ ਨੂੰ ਵੀ ਨਾ ਗੌਲੇ।
ਮਾੜਾ ਹੁੰਦਾ ਹੰਕਾਰ ਇਹ,
ਬੰਦੇ ਨੂੰ ਅਰਸ਼ੋਂ ਫਰਸ਼ ਲਿਆਵੇ...।

ਧਰਤੀ ਪੈਰ ਨਾ ਲੱਗਦੇ ਤੇਰੇ,
ਰਹਿੰਦਾ ਸਦਾ ਹੀ ਗਿੱਠਾਂ ਉਤੇ।
ਮੇਰੀ ਮੇਰੀ ਕਰਨ ਵਾਲੇ,
ਕਈ ਵਾਰੀ ਰਹਿ ਜਾਂਦੇ ਨੇ ਸੁੱਤੇ।
ਕੁਝ ਨਾਲ ਨਈ ਜਾਂਦਾ ਫਿਰ,
ਜਦੋਂ ਅੰਤ ਬੁਲਾਵਾ ਆਵੇ...।
ਬੰਦਿਆਂ ਵਾਂਗ ਬੰਦਿਆਂ ਦੇ ਨਾਲ,
ਕਰਿਆ ਕਰ ਵਿਹਾਰ ਸਦਾ।
ਨਫਰਤ ਇੱਥੇ ਨਹੀਂ ਰਹਿਣੀ,
ਬਸ ਰਹਿਣਾ ਇੱਥੇ ਪਿਆਰ ਸਦਾ।
ਜੋ 'ਢਿੱਲੋਂ' ਚੰਗਾ ਕਰ ਜਾਂਦੇ,
ਉਹਨੂੰ ਦੁਨੀਆਂ ਪਿਛੋਂ ਵੀ ਸਲਾਵੇ...।

*-ਕੁਲਦੀਪ ਸਿੰਘ ਢਿੱਲੋਂ*
*ਫੋਨ: 91-98559-64276*

---

## ਮੱਕੜੀ ਤੇ ਲੋਕ

ਮੱਕੜਜਾਲ 'ਚ ਫਸੇ ਨੇ ਲੋਕੀਂ
ਮੱਕੜੀ ਖੂਨ ਨਚੋੜੀ ਜਾਵੇ।
ਸੁੱਟ ਕੇ ਅੱਗੜ ਪਿੱਛੜ ਜਾਲਾ
ਮੱਛਰ, ਮੱਖੀ ਨੂੜੀ ਜਾਵੇ।
ਜਦ ਉਹ ਮਰਨ ਦੇ ਨੇੜੇ ਹੁੰਦੇ
ਲਾ ਕੇ ਚੀਂਡ ਨਪੀੜੀ ਜਾਵੇ।
ਖਾਲੀ ਕਰਕੇ ਬਾਹਰ ਨੂੰ ਭੱਜੇ
ਨਵੇਂ ਸ਼ਿਕਾਰ ਦਬੀੜੀ ਜਾਵੇ।

ਹਾਲ ਇੰਜ ਦਾ ਹੋਇਆ ਸਾਡਾ
ਮਹਿੰਗਾਈ ਨੇ ਪੀਤੀ ਰੱਤ।
ਵੱਡਿਆਂ ਦੇ ਢਿੱਡ ਹੋ ਗਏ ਵੱਡੇ
ਗਰੀਬਾਂ ਦੀ ਹੈ ਮਾਰੀ ਮੱਤ।
ਹਰ ਪਾਸੇ ਧਨ ਦੀ ਮਹਿਮਾ
ਮਾੜੇ ਦਾ ਸੁੱਕਾ ਹੈ ਸਾਹ ਸਤ।
ਹਾਕਮ ਵੀ ਬੇਰਹਿਮ ਹੋਏ ਨੇ
ਲੋਕਾਂ ਦੀ ਹੋ ਰਹੀ ਦੁਰਗਤ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

## ਗਜ਼ਲ

ਗੀਤ ਕਿਸੇ ਨੇ ਛੋਹਿਆ ਏ।
ਦਿਲ ਮੇਰਾ ਫਿਰ ਰੋਇਆ ਏ।

ਹੂਕ ਜਿਹੀ ਇਕ ਨਿਕਲੀ ਏ
ਦਰਦ ਕਲੇਜੇ ਹੋਇਆ ਏ।

ਬੰਨ ਸਬਰ ਦਾ ਟੁੱਟਿਆ ਏ
ਖੂਨ ਅੱਖਾਂ 'ਚੋਂ ਚੋਇਆ ਏ।

ਅੱਖ ਬਿਰਹਨ ਦੀ ਰੋਈ ਏ
ਸਾਗਰ ਖਾਰਾ ਹੋਇਆ ਏ।

ਦਿਨੇ ਤੜਪਦਾ ਰਹਿੰਦਾ ਏ
ਰਾਤ ਕਦੀ ਨਾ ਸੋਇਆ ਏ।

ਦਰਦ ਮੈਂ ਸਾਰੀ ਦੁਨੀਆਂ ਦਾ
ਦਿਲ ਦੇ ਵਿਚ ਲਕੋਇਆ ਏ।

ਤਨ ਦੀ ਚਾਦਰ ਛਿਜਦੀ ਗਈ
ਜਿਉਂ ਜਿਉਂ ਇਸ ਨੂੰ ਧੋਇਆ ਏ।

'ਕੱਲੀ ਬਹਿ ਕੇ ਰੋ ਰਹੀ ਏ
ਕੀ 'ਸੁਰਜੀਤ' ਨੂੰ ਹੋਇਆ ਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

----

## ਮੁਹੱਬਤ

ਮੁਹੱਬਤ ਸਮਾਂ ਨਹੀਂ ਹੈ,
ਮੁਹੱਬਤ ਹਵਾ ਨਹੀਂ ਹੈ।
ਮੁਹੱਬਤ ਅਸੀਮ ਗੁਨਾਹ ਹੈ,
ਮੁਹੱਬਤ ਅਜ਼ੀਮ ਦੁਆ ਹੈ।
ਮੁਹੱਬਤ ਤਲਬ ਹੈ ਰੂਹ ਦੀ,
ਮੁਹੱਬਤ ਝਲਕ ਹੈ ਜੂਹ ਦੀ।
ਮੁਹੱਬਤ ਪਾਕ ਹੈ, ਜੇ ਸੱਚੀ ਹੈ,
ਮੁਹੱਬਤ ਹਵਸ ਹੈ, ਜੇ ਕੱਚੀ ਹੈ।
ਮੁਹੱਬਤ ਕੱਚ ਹੈ, ਜੋ ਚੁੱਭਦੀ ਹੈ,
ਮੁਹੱਬਤ ਅੱਗ ਹੈ, ਜੋ ਨਾ ਬੁੱਝਦੀ ਹੈ।
ਮੁਹੱਬਤ 'ਚ ਦਗਾ, ਫਰੇਬ, ਧੋਖਾ ਹੈ,
ਮੁਹੱਬਤ 'ਚ ਯਾਰ ਬਿਨਾ ਯਾਰ ਖੋਖਾ ਹੈ।
ਮੁਹੱਬਤ ਹੈ ਤਾਂ ਦਰਦ ਹੈ,
ਮੁਹੱਬਤ 'ਚ ਆਸ਼ਿਕ ਖੁਦਗਰਜ਼ ਹੈ।
ਮੁਹੱਬਤ ਪਗਡੰਡੀਆਂ ਤੋਂ ਗੋਲ ਹੈ,
ਮੁਹੱਬਤ ਇਲਾਹੀ ਜਿਹੇ ਬੋਲ ਹੈ।
ਮੁਹੱਬਤ ਅਸੀਸ ਹੈ ਸਿਆਣੇ ਦੀ,
ਮੁਹੱਬਤ ਲੋਚਾ ਹੈ ਨਿਆਣੇ ਦੀ।
ਮੁਹੱਬਤ ਕਲਪਨਾ ਹੈ ਲਾਲਪੁਰੀ ਦੀ,
ਮੁਹੱਬਤ ਪੀੜ ਹੈ ਰੂਹ ਖੁਰੀ ਦੀ।
ਮੁਹੱਬਤ ਸੱਚ ਹੈ, ਚੰਗਿਆਈ ਹੈ,
ਮੁਹੱਬਤ ਕਿਸੇ ਲਈ ਦਵਾਈ ਹੈ।
ਮੁਹੱਬਤ ਘਾਟਾ ਹੈ, ਕੋਈ ਜਰਦਾ ਨਹੀਂ,
ਮੁਹੱਬਤ ਜ਼ਖਮ ਹੈ, ਸੌਖਾ ਭਰਦਾ ਨਹੀਂ।
ਮੁਹੱਬਤ ਕੱਚੀ ਜਿਹੀ ਡੋਰੀ ਹੈ,
ਮੁਹੱਬਤ ਮਿਸ਼ਰੀ ਮਿੱਠੀ ਲੋਰੀ ਹੈ।
ਮੁਹੱਬਤ ਇੱਕ ਖੁਆਬ ਹੈ,
ਮੁਹੱਬਤ ਲਾਜਵਾਬ ਹੈ।
ਮੁਹੱਬਤ ਲਾਲਪੁਰੀ ਕਰਕੇ ਵੇਖ ਤੂੰ,
ਮੁਹੱਬਤ ਦੀ ਤਪਸ਼ ਖੁਦ ਸੇਕ ਤੂੰ।

*-ਰਵਿੰਦਰ ਸਿੰਘ ਲਾਲਪੁਰੀ*
*ਫੋਨ: 91-94634-52261*

**ਅੱਧੀ ਸਦੀ ਪਹਿਲਾਂ**

# ਬਾਬਾ ਭਕਨਾ ਦਾ ਇਕ ਦੁਰਲੱਭ ਦਸਤਾਵੇਜ਼

*ਯੁਵਕ ਕੇਂਦਰ, ਜਲੰਧਰ ਨੇ ਬਾਬਾ ਸੋਹਣ ਸਿੰਘ ਭਕਨਾ ਨੂੰ ਕੁਝ ਸਵਾਲਾਂ ਦੇ ਜਵਾਬ ਦੇਣ ਲਈ ਬੇਨਤੀ ਕੀਤੀ ਸੀ। ਬਾਬਾ ਜੀ ਨੇ ਇਨ੍ਹਾਂ ਸਵਾਲਾਂ ਦੇ ਨਾਲ ਨਾਲ ਕੁਝ ਹੋਰ ਸਵਾਲ ਜੋੜ ਕੇ ਉਨ੍ਹਾਂ ਦੇ ਉਰਦੂ ਵਿਚ ਜਵਾਬ ਲਿਖ ਦਿਤੇ। ਅਮਰੀਕਾ ਵਿਚ 4 ਅਪਰੈਲ 1968 ਨੂੰ ਮਾਰਟਿਨ ਲੂਥਰ ਕਿੰਗ ਦੇ ਕਤਲ ਤੋਂ ਪਿਛੋਂ ਦੇ ਹਾਲਾਤ ਵਿਚ ਬਾਬਾ ਜੀ ਨੇ ਸਮਾਜਵਾਦ, ਧਰਮ, ਦੇਸ਼ ਦੇ ਹਾਲਾਤ ਆਦਿ ਮਸਲਿਆਂ ਨੂੰ ਛੋਹਿਆ ਸੀ, ਜਿਸ ਤੋਂ ਉਨ੍ਹਾਂ ਅਤੇ ਉਨ੍ਹਾਂ ਦੇ ਗਦਰੀ ਸਾਥੀਆਂ ਦੇ ਵਿਚਾਰਾਂ ਦੀ ਸਪਸ਼ਟਤਾ ਮਿਲਦੀ ਹੈ। ਇਸ ਦੇ ਕੁਝ ਹਿੱਸੇ ਪੈਂਫਲਿਟ ਦੀ ਸ਼ਕਲ ਵਿਚ 'ਦੇਸ਼ ਅਤੇ ਕੌਮ' ਸਵਾਲ-ਜਵਾਬ ਦੇ ਰੂਪ ਵਿਚ ਯੁਵਕ ਕੇਂਦਰ ਨੇ ਉਸ ਵਕਤ ਛਪਵਾਏ, ਪਰ ਇਹ ਸੰਪੂਰਨ ਇਤਿਹਾਸਕ ਲਿਖਤ ਅਣਪ੍ਰਕਾਸ਼ਿਤ ਰਹਿ ਗਈ। ਯੁਵਕ ਕੇਂਦਰ ਨੇ ਉਦੋਂ ਬਾਬਾ ਜੀ ਦੇ ਲਿਖੇ ਕਈ ਹੋਰ ਪੈਂਫਲਿਟ ਜਿਵੇਂ ਦੁੱਖ, ਗਰੀਬੀ, ਇਸਤਰੀ ਜਾਤੀ ਦਾ ਸਵਾਲ ਵੀ ਛਪਵਾਏ ਸਨ। ਇਸ ਲਿਖਤ ਦੇ ਪੰਜਾਬੀ ਅਨੁਵਾਦ ਦੀ ਕਾਪੀ ਪ੍ਰੋ. ਜਗਮੋਹਨ ਸਿੰਘ (ਜਨਰਲ ਸਕੱਤਰ, ਜਮਹੂਰੀ ਸਭਾ, ਪੰਜਾਬ) ਪਾਸ ਬੀਬੀ ਅਮਰ ਕੌਰ ਮੈਮੋਰੀਅਲ ਲਾਇਬਰੇਰੀ ਵਿਚ ਪਈ ਹੈ। ਯੁਵਕ ਕੇਂਦਰ ਵਿਚ ਮੁੱਖ ਤੌਰ 'ਤੇ ਪ੍ਰੋਫੈਸਰ ਮਲਵਿੰਦਰ ਜੀਤ ਸਿੰਘ ਵੜੈਚ, ਜਗਮੋਹਨ ਸਿੰਘ ਅਤੇ ਰਾਜਿੰਦਰ ਸਿੰਘ ਚੀਮਾ ਛਪਾਈ ਦਾ ਕੰਮ ਦੇਖਦੇ ਸਨ। ਉਰਦੂ ਦਾ ਉਲਥਾ ਪ੍ਰੋਫੈਸਰ ਮਲਵਿੰਦਰ ਜੀਤ ਸਿੰਘ ਵੜੈਚ ਕਰਦੇ ਸਨ। -ਸੰਪਾਦਕ*

## ਦੇਸ਼ ਅਤੇ ਕੌਮ

**ਸੁਆਲ: ਦੇਸ਼ ਅਤੇ ਕੌਮ ਕਿਸ ਨੂੰ ਆਖਦੇ ਹਨ?**

**ਜੁਆਬ:** ਦੇਸ਼ ਨੂੰ ਅਸੀਂ ਮਾਤਰਭੂਮੀ ਵੀ ਆਖਦੇ ਹਾਂ। ਦੇਸ਼ ਜਾਂ ਮਾਤਰਭੂਮੀ ਉਸ ਖਿੱਤੇ ਦਾ ਨਾਂ ਹੈ, ਜੋ ਜੁਗਰਾਫੀਏ ਦੇ ਦ੍ਰਿਸ਼ਟੀਕੋਣ ਤੋਂ ਦੂਜੇ ਦੇਸ਼ ਤੋਂ ਸਾਨੂੰ ਅੱਡ ਕਰਦੀ ਹੈ ਤੇ ਹੱਦਬੰਦੀ ਕਰ ਦਿੰਦੀ ਹੈ ਕਿ ਇਹ ਦੇਸ਼ ਫਲਾਣਾ ਹੈ। ਇਸ ਲਈ ਅਸੀਂ ਜਿਸ ਦੇਸ਼ ਵਿਚ ਪੈਦਾ ਹੁੰਦੇ ਹਾਂ, ਉਸ ਨੂੰ ਮਾਤਰਭੂਮੀ ਕਹਿੰਦੇ ਹਾਂ ਤੇ ਉਸ ਨਾਲ ਮਾਂ ਵਾਂਗ ਪ੍ਰੇਮ ਕਰਦੇ ਹਾਂ, ਉਸ ਦੇ ਅੰਨ, ਜਲ 'ਤੇ ਹੱਕ ਸਮਝਦੇ ਹਾਂ। ਉਸ ਦੇਸ਼ 'ਚ ਚਾਹੇ ਕਿੰਨੇ ਵੀ ਮਜ਼ਹਬੀ ਅਕੀਦੇ ਹੋਣ, ਸਾਨੂੰ ਇਕ ਜਾਤੀ ਜਾਂ ਕੌਮ ਹੋਣ ਤੋਂ ਨਹੀਂ ਰੋਕ ਸਕਦੇ; ਕਿਉਂਕਿ ਮਜ਼ਹਬ ਇਕ ਪ੍ਰਲੋਕੀ ਅਕੀਦਾ ਹੈ ਅਤੇ ਨੇਮ ਇਸ ਦੁਨੀਆਂ ਦੇ ਜੀਵਨ ਨਾਲ ਸਬੰਧਤ ਹੈ, ਜਿਸ ਨੂੰ ਜੀਵਨ ਤੋਂ ਅੱਡ ਨਹੀਂ ਕਰ ਸਕਦੇ। ਮਜ਼ਹਬ ਬਦਲ ਸਕਦਾ ਹੈ ਤੇ ਕੌਮ ਨਹੀਂ। ਮੈਂ ਅੱਜ ਸਿੱਖ ਹਾਂ, ਜੇ ਚਾਹਾਂ ਤਾਂ ਕੱਲ੍ਹ ਹੀ ਦੂਸਰਾ ਮਜ਼ਹਬ ਧਾਰਨ ਕਰ ਸਕਦਾ ਹਾਂ। ਇਹ ਸਾਡੀਆਂ ਅੱਖਾਂ ਦੇ ਸਾਹਮਣੇ ਹੁੰਦਾ ਹੈ।

ਕੌਮ ਅਟੱਲ ਹੈ ਤੇ ਮਜ਼ਹਬ ਅਖਤਿਆਰੀ। ਮਜ਼ਹਬ ਦਾ ਅਰਥ ਹੈ, ਰਾਸਤਾ; ਯਾਨਿ ਨੇਕ ਰਾਸਤਾ ਜੋ ਮਨੁੱਖ ਨਾਲ ਮਨੁੱਖ ਦਾ ਪਿਆਰ, ਨਿਆਏ, ਯੁੱਧ, ਆਰਥਕ ਪ੍ਰਬੰਧ ਦਾ ਰਸਤਾ ਵਿਖਾਂਦਾ ਹੈ; ਯਾਨਿ ਆਪਣੀ ਨਿੱਤ ਦੀ ਰੋਟੀ, ਲੁੱਟ-ਖਸੁੱਟ ਨੂੰ ਮਜ਼ਹਬ, ਧਰਮ ਪਾਪ ਆਖਦੇ ਹਨ।

**ਸੁਆਲ: ਜੇ ਮਜ਼ਹਬ ਤੇ ਧਰਮ ਏਨਾ ਹੀ ਪਿਆਰਾ ਨਿਆਏ ਤੇ ਆਰਥਕ ਸ਼ੁਧੀ ਨਾਲ ਭਰਿਆ ਪਿਆ ਹੈ ਤਾਂ ਧਰਮ ਦੇ ਨਾਂ 'ਤੇ ਕਤਲ ਤੇ ਖੂਨ ਕਿਉਂ ਹੁੰਦੇ ਹਨ?**

**ਜੁਆਬ:** ਅਸਲ ਗੱਲ ਇਹ ਹੈ ਕਿ ਮਨੁੱਖ ਮਾਤਰ ਦਾ ਅਸਲੀ ਧਰਮ ਤੇ ਮਜ਼ਹਬ ਇਕ ਹੀ ਹੈ। ਇਹ ਬੁਰਾਈਆਂ ਨਹੀਂ ਸਿਖਾਂਦੇ। ਇਹ ਬੁਰਾਈਆਂ ਜਦ ਫਿਰਕਾਪ੍ਰਸਤੀ ਦਾ ਜ਼ੋਰ ਹੁੰਦਾ ਹੈ ਤਾਂ ਆਪਣੀ ਰਾਜਸੀ ਹਵਸ ਪੂਰੀ ਕਰਨ ਲਈ ਅਤੇ ਕਮਜ਼ੋਰਾਂ ਨੂੰ ਗੁਲਾਮ ਬਣਾਉਣ ਲਈ ਫਿਰਕਾਪ੍ਰਸਤੀ 'ਮਜ਼ਹਬ ਤੇ ਧਰਮ ਖਤਰੇ ਵਿਚ ਹੈ' ਦਾ ਨਾਹਰਾ ਦੇ ਕੇ ਅਤੇ ਪਾੜ ਕੇ ਰਾਜ ਕਰਨ ਲਈ, ਭੋਲੇ ਭਾਲੇ ਲੋਕਾਂ ਵਿਚ ਕਤਲ ਤੇ ਖੂਨ, ਚਲਾਕੀ ਨਾਲ ਕਰਵਾ ਦਿੰਦੀ ਹੈ। ਫਿਰਕਾਪ੍ਰਸਤੀ ਅਸਲ ਵਿਚ ਦੇਸ਼ ਤੇ ਕੌਮ ਲਈ ਜ਼ਹਿਰ ਵਾਂਗ ਹੈ, ਜਿਵੇਂ ਸਿਆਣਿਆਂ ਨੇ ਆਖਿਆ ਹੈ। ਜਦ ਤਕ ਫਿਰਕਾਪ੍ਰਸਤੀ ਮਲੀਆਮੇਟ ਨਹੀਂ ਕੀਤੀ ਜਾਂਦੀ, ਮਨੁੱਖ ਜਾਤੀ 'ਚੋਂ ਲੜਾਈਆਂ ਨਹੀਂ ਮੁੱਕ ਸਕਦੀਆਂ ਤੇ ਨਾ ਹੀ ਦੇਸ਼ ਤੇ ਕੌਮ ਇਕ ਹੋ ਸਕਦੇ ਹਨ।

**ਸੁਆਲ: ਜੇ ਮਜ਼ਹਬ ਅਤੇ ਧਰਮ ਪਿਆਰ ਤੇ ਨਿਆਏ ਸਿਖਲਾਂਦੇ ਹਨ ਤਾਂ ਕਿਹੜਾ ਮਜ਼ਹਬ ਤੇ ਧਰਮ ਹੈ, ਜੋ ਤਲਵਾਰ ਦੀ ਛਾਂ ਹੇਠ ਨਹੀਂ ਵਧਿਆ ਫੁੱਲਿਆ?**

**ਜੁਆਬ:** ਇਹ ਠੀਕ ਹੈ ਪਰ ਸਾਨੂੰ ਇਨ੍ਹਾਂ ਲੜਾਈਆਂ ਦੀ ਤਾਰੀਖ ਦਾ ਮੁਤਾਲਿਆ ਕਰਨਾ ਜ਼ਰੂਰੀ ਹੈ। ਹਰ ਇਕ ਮਜ਼ਹਬ ਦੇ ਬਾਕੀ ਦੇ ਕੰਮ ਅਤੇ ਲੜਾਈਆਂ ਨੂੰ ਜਦ ਅਸੀਂ ਦੇਖੀਏ ਕਿ ਉਨ੍ਹਾਂ ਕਿਨ੍ਹਾਂ ਮਜ਼ਲੂਮਾਂ ਦੇ ਹੱਕ 'ਚ ਕੁਰਬਾਨੀਆਂ ਕੀਤੀਆਂ ਤੇ ਲੜਾਈਆਂ ਲੜੀਆਂ; ਜਿਨ੍ਹਾਂ ਨੂੰ ਉਨ੍ਹਾਂ ਦੇ ਪੈਰੋਕਾਰ ਅਵਤਾਰ ਪੀਰ ਪੈਗੰਬਰ ਦੇ ਬੇਟੇ ਤੇ ਗੁਰੂ ਆਦਿ ਸਤਿਕਾਰਯੋਗ ਨਾਂਵਾਂ ਨਾਲ ਯਾਦ ਕਰਦੇ ਹਨ। ਜਦ ਅਸੀਂ ਯਸੂ, ਮੁਹੰਮਦ, ਅਵਤਾਰ ਔਰ ਮਜ਼ਲੂਮਾਂ ਦੇ ਹੱਕ ਵਿਚ ਲੜਨ ਵਾਲੀਆਂ ਦੇਵੀਆਂ ਤੇ ਗੁਰੂ ਸਾਹਿਬਾਨ ਦੀਆਂ ਜ਼ਿੰਦਗੀਆਂ ਦਾ ਮੁਤਾਲਿਆ ਕਰਦੇ ਹਾਂ ਤਾਂ ਸਾਨੂੰ ਮਜ਼ਹਬੀ ਲੜਾਈਆਂ ਦੇ ਦੋਵੇਂ ਪੱਖ ਸਾਫ ਨਜ਼ਰ ਆ ਜਾਂਦੇ ਹਨ- ਇਕ ਪਵਿਤਰ ਤੇ ਦੂਜਾ ਅਪਵਿਤਰ। ਪਵਿਤਰ ਲੜਾਈਆਂ ਉਹ ਹਨ, ਜੋ ਮਜ਼ਲੂਮਾਂ ਨੂੰ ਜ਼ਾਲਮਾਂ ਦੀ ਗੁਲਾਮੀ ਵਿਚੋਂ ਕੱਢਣ ਵਾਸਤੇ ਲੜੀਆਂ ਗਈਆਂ ਹਨ। ਅਪਵਿਤਰ ਉਹ ਹਨ, ਜੋ ਰਾਜੇ ਬਾਦਸ਼ਾਹਾਂ ਨੇ ਕਮਜ਼ੋਰਾਂ ਨੂੰ ਗੁਲਾਮ ਰੱਖਣ ਅਤੇ ਆਪਣੀ ਐਸ਼ੋ-ਇਸ਼ਰਤ ਨੂੰ ਪੂਰਾ ਕਰਨ ਲਈ ਕਤਲੋ-ਖੂਨ, ਮਜ਼ਹਬ ਤੇ ਧਰਮ ਦੇ ਨਾਂ 'ਤੇ ਕੀਤੇ, ਜਿਵੇਂ ਔਰੰਗਜ਼ੇਬ ਤੇ ਉਸ ਵਰਗੇ ਦੂਜੇ ਬਾਦਸ਼ਾਹ।

**ਸੁਆਲ: ਤੁਸਾਂ ਫਿਰਕਾਪ੍ਰਸਤਾਂ ਤੇ ਹੋਰ ਸਮਾਜਕ ਬੁਰਾਈ ਕਰਨ ਵਾਲਿਆਂ ਨੂੰ ਤਾਂ ਕੋਸਿਆ ਹੈ, ਪਰ ਜੋ ਸਿਆਸੀ ਪਾਰਟੀਆਂ ਸਵਾਏ ਗਲਤ ਪੌਲੀਟਿਕਸ ਤੇ ਪਾਰਟੀ ਪੌਲੀਟਿਕਸ ਦੇ ਹੋਰ ਕੋਈ ਕੰਮ ਨਹੀਂ ਕਰ ਰਹੀਆਂ, ਜਿਨ੍ਹਾਂ ਰਾਤ ਦਿਨ ਇਸੇ ਹੀ ਸ਼ੁਗਲ ਨੂੰ ਪੇਸ਼ਾ ਬਣਾ ਰੱਖਿਆ ਹੈ, ਚਾਹੇ ਦੇਸ਼ ਕੌਮ ਤੇ ਮਿਹਨਤਕਸ਼ ਜਨਤਾ ਕਿੰਨੀ ਦੁਖੀ ਕਿਉਂ ਨਹੀਂ, ਇਨ੍ਹਾਂ ਨੂੰ ਕੋਈ ਵੀ ਪ੍ਰਵਾਹ ਨਹੀਂ। ਇਸ ਬਾਰੇ ਕੀ ਖਿਆਲ ਹੈ?**

**ਜੁਆਬ:** ਸਮਾਜਕ ਬੁਰਾਈਆਂ ਕਰਨ ਵਾਲਿਆਂ ਲੋਕਾਂ ਨਾਲੋਂ ਇਹ ਕੋਈ ਘੱਟ ਖਤਰਨਾਕ ਨਹੀਂ ਸਗੋਂ ਵੱਧ ਹੀ ਹਨ; ਕਿਉਂਕਿ ਦੂਜੇ ਜੋ ਸਮਾਜਕ ਬੁਰਾਈਆਂ ਕਰਨ ਵਾਲੇ ਹਨ, ਉਹ ਲੋਕਾਂ ਦੇ ਸਾਹਮਣੇ ਨੰਗੇ ਹਨ ਅਤੇ ਲੋਕ ਉਨ੍ਹਾਂ ਨੂੰ ਛੇਤੀ ਪਛਾਣ ਸਕਦੇ ਹਨ ਪਰ ਇਹ ਦੇਸ਼ਭਗਤੀ ਤੇ ਕੌਮਪ੍ਰਸਤੀ ਦਾ ਚੋਲਾ ਪਾ ਕੇ ਜਨਤਾ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਧੋਖਾ ਦੇ ਸਕਦੇ ਹਨ, ਜਿਸ ਤਰ੍ਹਾਂ ਅੱਜਕੱਲ੍ਹ ਹੋ ਰਿਹਾ ਹੈ।

**ਸੁਆਲ: ਦੇਸ਼ ਅਤੇ ਕੌਮ ਲਈ ਸਾਡਾ ਕਰਤਵ ਕੀ ਹੈ?**


**ਜੁਆਬ:** ਮੈਂ ਪਿੱਛੇ ਦੱਸ ਚੁਕਾ ਹਾਂ, ਤੇ ਦੇਸ਼ ਅਤੇ ਕੌਮ ਦੀ ਵਿਆਖਿਆ ਵੀ ਕਰ ਚੁਕਾ ਹਾਂ, ਭਈ ਜੋ ਜਮੀਨ ਦਾ ਖੱਤਾ ਜੁਗਰਾਫੀਏ ਦੇ ਲਿਹਾਜ਼ ਨਾਲ ਦੂਜੇ ਖੱਤਿਆਂ ਨਾਲੋਂ ਅੱਡ ਕਰਦਾ ਹੈ, ਜਿਸ ਦੀ ਹੱਦਬੰਦੀ ਇਕ ਦੂਜਾ ਆਪਸ ਵਿਚ ਮਿਲ ਕੇ ਕਰ ਲੈਂਦੇ ਹਨ; ਇਹ ਸਾਰੇ ਸਾਡੇ ਪੜੋਸੀ (ਗੁਆਂਢੀ) ਤੇ ਹਮਸਾਏ ਹਨ। ਜਿਸ ਤਰ੍ਹਾਂ ਅਸੀਂ ਆਪਣੇ ਦੇਸ਼ ਅੰਦਰ ਆਜ਼ਾਦੀ ਤੇ ਬਰਾਬਰੀ ਦੇ ਹੱਕ ਰੱਖਦੇ ਹਾਂ, ਉਸੇ ਤਰ੍ਹਾਂ ਸਾਡੇ ਪੜੋਸੀ ਵੀ। ਸਾਡਾ ਫਰਜ਼ ਠਹਿਰਦਾ ਹੈ ਕਿ ਅਸੀਂ ਆਪਣੀ ਆਜ਼ਾਦੀ ਤੇ ਬਰਾਬਰੀ ਨੂੰ ਕੀ ਆਰਥਿਕ, ਕੀ ਰਾਜਨੀਤਕ ਤੇ ਕੀ ਸਮਾਜਕ ਜੀਵਨ ਦੇ ਹਰ ਪਹਿਲੂ ਵਿਚ ਕਾਇਮ ਰੱਖੀਏ, ਇਸੇ ਦਾ ਨਾਂ ਹੈ, ਸਮਾਜਕ ਪ੍ਰਬੰਧ। ਸਾਨੂੰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ, ਸਮਾਜਵਾਦ ਤੋਂ ਬਿਨਾ ਕੋਈ ਦੇਸ਼ ਜਾਂ ਜਾਤੀ ਸੁਖੀ ਨਹੀਂ ਹੋ ਸਕਦੀ। ਜਿਥੇ ਲੁੱਟ-ਖਸੁੱਟ ਤੇ ਸਾਮਰਾਜਵਾਦ ਹੈ, ਉਥੇ ਕਦੀ ਸ਼ਾਂਤੀ ਤੇ ਅਨੰਦ ਨਹੀਂ ਹੋ ਸਕਦਾ, ਜੋ ਮਨੁੱਖ ਮਾਤਰ ਹੁੰਦਾ ਹੈ।

ਇਸ ਦੇ ਇਲਾਵਾ ਆਜ਼ਾਦੀ ਤੇ ਬਰਾਬਰੀ ਦਾ ਨਜ਼ਰੀਆ ਸਾਡਾ ਆਪਣੇ ਦੇਸ਼ ਲਈ ਹੀ ਨਹੀਂ ਦੇਣਾ ਚਾਹੀਦਾ, ਸਗੋਂ ਸਾਰੀ ਦੁਨੀਆਂ ਦੀ ਆਜ਼ਾਦੀ ਬਰਾਬਰੀ ਤੇ ਸੱਚੀ ਜਮਹੂਰੀਅਤ (ਲੋਕ ਰਾਜ) ਦੀ ਇੱਜਤ ਸਾਡੇ ਲਈ ਜ਼ਰੂਰੀ ਹੈ; ਕਿ ਸਾਡੀ ਅਸਲੀ ਜਾਤੀ ਮਨੁੱਖ ਮਾਤਰ ਹੈ; ਤੇ ਦੁਨੀਆਂ ਭਰ ਦਾ ਮਨੁੱਖ ਸਾਡਾ ਭਾਈ ਹੈ। ਇਸ ਤੋਂ ਵੱਖ ਹੋ ਕੇ ਇਕੱਲੇ ਜਿਉਂਦੇ ਨਹੀਂ ਰਹਿ ਸਕਦੇ, ਕਿਉਂਕਿ ਜੀਵਨ ਵਿਅਕਤੀਗਤ ਨਹੀਂ ਸਗੋਂ ਸਮਾਜਕ ਹੈ। ਕੋਈ ਇਕੱਲਾ ਵਿਅਕਤੀ ਆਪਣੀ ਸਾਰੀ ਲੋੜ ਜੋ ਜੀਵਨ ਵਿਚ ਉਸ ਨੂੰ ਹੈ, ਉਹ ਪੂਰੀ ਨਹੀਂ ਕਰ ਸਕਦਾ ਤੇ ਨਾ ਹੀ ਆਪਣੇ ਖਿੱਤੇ (ਮੁਲਕ) ਦੀ ਹੋਂਦ ਵਿਚ ਕੈਦ ਹੋ ਕੇ ਤਰੱਕੀ ਕਰ ਸਕਦਾ ਹੈ। ਇਸ ਲਈ ਜੇ ਅਸੀਂ ਸ਼ਾਂਤੀ ਤੇ ਸੁੱਖ ਚਾਹੁੰਦੇ ਹਾਂ ਤਾਂ ਜੋ ਪਿਆਰ ਸਾਨੂੰ ਆਪਣੀ ਮਾਤਰਭੂਮੀ ਨਾਲ ਹੈ, ਉਹ ਪਿਆਰ ਸੱਚੇ ਦਿਲ ਨਾਲ ਸਾਰੇ ਦੁਨੀਆਂ ਦੇ ਦੇਸ਼ਾਂ ਨਾਲ ਕਰਨਾ ਹੋਵੇਗਾ; ਤਾਂ ਹੀ (ਅਸੀਂ) ਦੇਸ਼ ਭਗਤ ਤੇ ਕੌਮਪ੍ਰਸਤ ਕਹਾ ਸਕਦੇ ਹਾਂ; ਵਰਨਾ ਰਾਜਸੀ ਪਖੰਡ ਹੋਵੇਗਾ, ਜੋ ਸਾਨੂੰ ਕਦੀ ਵੀ ਸੁਖੀ ਨਹੀਂ ਕਰ ਸਕਦਾ।

**ਸੁਆਲ: ਇਹ ਤਾਂ ਹੋਈ ਦੇਸ਼ ਭਗਤੀ ਜਿਵੇਂ ਅਸੀਂ ਆਪਣੇ ਦੇਸ਼ ਨਾਲ ਪਿਆਰ ਕਰਦੇ ਹਾਂ, ਉਹੀ ਦੂਜੇ ਦੇਸ਼ਾਂ ਨਾਲ ਕਰੀਏ; ਕੌਮਪ੍ਰਸਤੀ ਦੀ ਵਿਆਖਿਆ ਜ਼ਰੂਰੀ ਹੈ?**

**ਜੁਆਬ:** ਸਾਨੂੰ ਦੁਨਿਆਵੀ ਤੇ ਕੁਦਰਤੀ ਅਸੂਲਾਂ-ਦੋਹਾਂ ਨੂੰ ਸਮਝਣ ਦੀ ਲੋੜ ਹੈ। ਰੂਹਾਨੀਅਤ ਤਾਂ ਸਾਨੂੰ ਇਹ ਕਹਿੰਦੀ ਹੈ ਕਿ ਸਾਰੀ ਕਾਇਨਾਤ ਦਾ ਜੀਵਨ ਇਕ ਹੈ ਅਤੇ ਇਕ ਲੜੀ ਵਿਚ ਪਰੋਂਦਾ ਹੈ। ਇਸ ਨੂੰ ਮਹਾਂ ਜੀਵਨ ਕਿਹਾ ਜਾਂਦਾ ਹੈ। ਇਹ ਕਾਇਨਾਤੀ ਮਹਾਂਜੀਵਨ ਦੇ ਹੀ ਅਨੇਕਾਂ ਨਾਮ ਹਨ। ਕੋਈ ਰੱਬ, ਕੋਈ ਰਹੀਮ, ਕੋਈ ਵਾਹਿਗੁਰੂ, ਕੋਈ ਗਾਡ-ਅਨੇਕਾਂ ਨਾਂ ਘੜੇ ਹੋਏ ਹਨ, ਪਰ ਕੁਦਰਤੀ ਸ਼ਕਤੀ ਇਕ ਹੀ ਹੈ, ਜਿਸ ਨੂੰ ਨਿਰਾਕਾਰ ਜਾਂ ਪ੍ਰਕਿਰਤੀ (ਮਾਦਾ) ਵੀ ਕਹਿ ਸਕਦੇ ਹਾਂ, ਕਿਉਂਕਿ ਆਦਿ ਵਿਚ ਜੋ ਸੂਖਮ ਨਿਰਾਕਾਰ ਸ਼ਕਤੀ ਸੀ, ਸਾਰੇ ਗ੍ਰੰਥ, ਅੰਜੀਲ, ਕੁਰਾਨ, ਵੇਦ ਆਦਿ ਇਸ ਗੱਲ ਨੂੰ ਮੰਨਦੇ ਹਨ ਕਿ ਨਿਰਾਕਾਰ ਰੂਪ ਤੋਂ ਹੀ ਸਾਕਾਰ ਰੂਪ ਪੈਦਾ ਹੋਇਆ। ਚਾਹੇ ਹੋਣ ਵਿਚ ਮਤਭੇਦ ਹਨ ਕਿ ਕਿਵੇਂ ਇਹ ਹੋਇਆ ਪਰ ਇਸ ਵਿਚ ਕੋਈ ਮਤਭੇਦ ਨਹੀਂ ਕਿ ਇਹ ਕਾਇਨਾਤ ਸ਼ਕਤੀ ਦਾ ਹੀ ਪ੍ਰਗਟਾਵਾ ਹੈ। ਚਾਹੇ ਉਸ ਨੂੰ ਬ੍ਰਹਮ ਕਹਿ ਲਓ ਜਾਂ ਪ੍ਰਕਿਰਤੀ।

ਰੂਹਾਨੀਅਤ ਨੂੰ ਛੱਡ ਕੇ ਜੇ ਅਸੀਂ ਸਾਇੰਸ ਦੇ ਨਜ਼ਰੀਏ ਨਾਲ ਦੇਖੀਏ ਤਾਂ ਮਾਲੂਮ ਹੁੰਦਾ ਹੈ ਕਿ ਇਸ ਕਾਇਨਾਤ ਦਾ ਜੀਵਨ ਇਕ ਹੀ ਹੈ ਅਤੇ ਭਿੰਨ-ਭਿੰਨ ਸ਼ਕਤੀਆਂ ਦ੍ਰਿਸ਼ਟੀਗੋਚਰ ਹਨ। ਦਰਅਸਲ ਇਹ ਭਿੰਨ-ਭਿੰਨ ਨਹੀਂ। ਇਕ ਦੂਜਾ ਜੀਵਨ ਇਕ-ਦੂਸਰੇ ਨਾਲ ਪੂਰਾ ਜੀਵਨ ਸਬੰਧ ਰੱਖਦਾ ਹੈ। ਤੇ ਇਸ ਤਰ੍ਹਾਂ ਦੂਜੇ ਜੀਵਨ ਨੂੰ ਜਿਉਂਦੇ ਰਹਿਣ ਵਿਚ ਮਦਦ ਦਿੰਦਾ ਹੈ। ਜਿਸ ਤਰ੍ਹਾਂ ਰੁੱਖ ਦੀ ਮਿਸਾਲ ਲਓ, ਸਾਡੇ ਗੰਦੇ ਸਾਹ ਲੈਂਦਾ ਤੇ ਸਾਫ ਕਰਕੇ ਸਾਨੂੰ ਦਿੰਦਾ ਹੈ, ਜਿਸ ਕਰਕੇ ਸਾਡੀ



*ਬਾਬਾ ਸੋਹਣ ਸਿੰਘ ਭਕਨਾ*

ਅਰੋਗਤਾ ਕਾਇਮ ਰਹਿੰਦੀ, ਦੂਜੇ ਅੰਨ ਪਾਣੀ ਤੇ ਹਵਾ ਆਦਿ ਸਾਡੇ ਜੀਵਨ ਨੂੰ ਜ਼ਿੰਦਾ ਰੱਖਣ ਵਿਚ ਮਦਦ ਦਿੰਦੇ ਹਨ। ਇਸੇ ਤਰ੍ਹਾਂ ਮੁਖਾਲਫ ਸ਼ਕਤੀਆਂ ਵੀ ਆਪਣੇ ਕੁਦਰਤੀ ਅਸੂਲਾਂ ਦੇ ਫਰਜ਼ ਨੂੰ ਪੂਰਾ ਕਰਦੀਆਂ ਹਨ ਅਤੇ ਇਹ ਅਸੂਲ ਅਟੱਲ ਹੈ, ਯਾਨਿ ਵਿਕਾਸ ਅਤੇ ਕ੍ਰਾਂਤੀ, ਜੇ ਇਹ ਦੋ ਕੁਦਰਤੀ ਅਸੂਲ ਨਾ ਹੁੰਦੇ ਤਾਂ ਇਹ ਸੰਸਾਰ ਨਰਕ ਬਣ ਜਾਂਦਾ। ਵਿਕਾਸ ਕਾਇਨਾਤ ਨੂੰ ਸੁਚੱਜੇ ਢੰਗ ਨਾਲ ਪੈਦਾ ਕਰਦਾ ਹੈ ਤੇ ਪਾਲਦਾ ਵੀ ਹੈ ਪਰ ਜਦ ਵਿਕਾਸ ਆਪਣਾ ਕੰਮ ਕਰ ਚੁੱਕਦਾ ਹੈ ਤੇ ਹਰ ਇਕ ਜੀਵਨ ਬੁਢਾਪੇ ਦੇ ਕਾਬੂ ਆ ਕੇ ਦੁਖੀ ਹੋ ਜਾਂਦਾ ਹੈ ਤਾਂ ਕ੍ਰਾਂਤੀ ਉਸ ਬੋਸੀਦ ਬੂ ਫੈਲਾਉਣ ਵਾਲੇ ਜੀਵਨ ਨੂੰ ਆਪਣੇ ਝਾੜੂ ਨਾਲ ਹੂੰਝ ਕੇ ਵੱਖ ਕਰ ਦਿੰਦੀ ਹੈ ਅਤੇ ਨਵੇਂ ਜੀਵਨਾਂ ਲਈ ਮੈਦਾਨ ਸਾਫ ਕਰਦੀ ਹੈ, ਤਾਂ ਕਿ ਉਹ ਇਸ ਦੁਨੀਆਂ ਦਾ ਸੁਖ ਮਾਣੇ; ਤੇ ਜੋ ਕੁਦਰਤ ਨੇ ਆਪਣੇ ਬੱਚਿਆਂ ਲਈ ਦੁਨੀਆਂ ਰੂਪੀ ਸੁੰਦਰ ਬਾਗ ਲਾਇਆ ਤੇ ਹਰ ਪ੍ਰਕਾਰ ਦੇ ਪਦਾਰਥ ਪੈਦਾ ਕੀਤੇ ਤਾਂ ਕਿ ਇਹ ਇਕ ਦੂਜੇ ਨਾਲ ਪਿਆਰ ਤੇ ਨਿਆਏ ਨਾਲ ਵਰਤਣ ਅਤੇ ਇਨ੍ਹਾਂ ਪਦਾਰਥਾਂ ਨੂੰ ਸੁੱਖ ਤੇ ਸ਼ਾਂਤੀ ਨਾਲ ਭੋਗਣ, ਪਰ ਬੱਚੇ ਏਨੇ ਨਾਲਾਇਕ ਹਨ ਜੋ ਆਪਣੇ ਫਲ ਖਾ ਕੇ ਵੀ ਦੂਜੇ ਦੇ ਹੱਥੋਂ ਉਨ੍ਹਾਂ ਦੀ ਖੁਰਾਕ ਖੋਹ ਲੈਂਦੇ ਹਨ। ਤੇ ਉਨ੍ਹਾਂ ਨੂੰ ਭੁੱਖ, ਮਹਾਂਮਾਰੀ, ਅਵਿਦਿਆ ਜੈਸੀਆਂ ਗਹਿਰੀਆਂ ਗਾਰਾਂ ਵਿਚ ਸੁੱਟ ਕੇ ਉਤੋਂ ਤਾੜੀਆਂ ਮਾਰਦੇ ਹਨ, ਜਿਸ ਦੀ ਮਿਸਾਲ ਰੋਡੇਸ਼ੀਆ ਤੇ ਹੋਰ ਕਈ ਮੁਲਕਾਂ 'ਚ ਮਿਲਦੀ ਹੈ।

ਜੇ ਅਸੀਂ ਕਾਇਨਾਤ ਸਬੰਧਾਂ ਨੂੰ ਛੱਡ ਵੀ ਦੇਈਏ ਤਾਂ ਵੀ ਮਨੁੱਖ ਜਾਤੀ ਦੀ ਏਕਤਾ ਤੋਂ ਮੁਨਕਰ ਨਹੀਂ ਹੋ ਸਕਦੇ। ਜਦ ਏਕਤਾ ਤੋਂ ਮੁਨਕਰ ਨਹੀਂ ਹੋ ਸਕਦੇ ਤਾਂ ਮਨੁੱਖ ਜਾਤੀ ਨੂੰ ਇਕ ਟੱਬਰ ਮੰਨਣਾ ਹੀ ਪਵੇਗਾ। ਜਦ ਅਸੀਂ ਇਕ ਟੱਬਰ ਮੰਨ ਲਵਾਂਗੇ, ਜੋ ਕੁਝ ਸਮੇਂ ਦੇ ਬਾਅਦ ਮੰਨਣਾ ਹੀ ਪਵੇਗਾ ਤਾਂ ਮਨੁੱਖ ਜਾਤੀ ਦਾ ਦੁੱਖ ਤੇ ਸੁੱਖ ਇਕ ਹੋ ਜਾਵੇਗਾ, ਅਸੀਂ ਇਹ ਸਮਾਂ ਯੁੱਗ ਦੇ ਪਲਟਾਓ ਦਾ ਸਮਾਂ ਮੰਨਦੇ ਹਾਂ ਕਿਉਂਕਿ ਮਨੁੱਖ ਜਾਤੀ ਦਾ ਗਿਆਨ ਬੜੀ ਤੇਜ਼ੀ ਨਾਲ ਏਕਤਾ ਵਲ ਵਧ ਰਿਹਾ ਹੈ। ਇਸ ਨੂੰ ਕੋਈ ਤਾਕਤ ਨਹੀਂ ਰੋਕ ਸਕਦੀ। ਜਰਪ੍ਰਸਤੀ ਦਾ ਯੁੱਗ ਸਮਾਜਵਾਦ ਦੇ ਸਾਹਮਣੇ ਦੀਵਾਰਾਂ ਖੜ੍ਹੀਆਂ ਕਰ ਰਿਹਾ (ਹੈ), ਪਰ ਇਹ ਰੇਤ ਦੀਆਂ ਦੀਵਾਰਾਂ ਬਹੁਤ ਚਿਰ ਖੜ੍ਹੀਆਂ ਨਹੀਂ ਰਹਿ ਸਕਦੀਆਂ, ਬਹੁਤ ਛੇਤੀ ਢਹਿ ਢੇਰੀ ਹੋਣ ਵਾਲੀਆਂ ਹਨ; ਸਾਨੂੰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਯੁੱਗ ਦਾ ਪਲਟਾਓ ਹਰ ਦੇਸ਼ ਦੇ ਅੰਦਰ ਹੀ ਹੋਣਾ ਹੈ ਅਤੇ ਉਸ ਦੇਸ਼ ਦੀ ਜਨਤਾ ਦੇਸ਼ ਦੇ ਸਪੁਰਦ ਹੀ ਕਰਨਾ ਹੈ। ਬਾਹਰ ਦੀ ਕਿਸੇ ਤਾਕਤ ਉਪਰ ਭਰੋਸਾ ਰੱਖਣਾ ਕਿ ਉਹ ਬਣਿਆ ਬਣਾਇਆ ਸਮਾਜਵਾਦ ਉਸ ਦੇ ਹੱਥ ਫੜਾ ਦੇਵੇਗੀ, ਭੁੱਲ ਹੈ। ਹਰ ਦੇਸ਼ ਦੀ ਜਨਤਾ ਨੂੰ ਸਾਮਰਾਜ ਵਿਰੁਧ ਕੁਰਬਾਨੀ ਕਰਨੀ ਪਵੇਗੀ। ਸਾਮਰਾਜ ਮਰਦਾ ਹੋਇਆ ਵੀ ਘਿਰੀ ਕੋਈ ਬਿੱਲੀ ਵਾਂਗ ਜਦ ਦੇਖਦੀ ਹੈ ਕਿ ਮੇਰਾ ਬਚਾਓ ਨਹੀਂ, ਤਾਂ ਸਿੱਧੀ ਗੱਲ ਨੂੰ ਚੱਕ ਮਾਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਆਖਰੀ ਸਾਮਰਾਜੀ ਵੇਲੇ ਨੂੰ ਖਿਆਲ ਵਿਚ ਰੱਖਣਾ ਚਾਹੀਦਾ ਤੇ ਹਰ ਤਰੱਕੀ ਕਰ ਰਹੇ ਮੁਲਕ ਤੇ ਮੁਲਕਾਂ ਦਾ ਸੰਗਠਨ ਬਹੁਤ ਜ਼ਰੂਰੀ ਹੈ। ਇਸ ਤੋਂ ਬਿਨਾ ਉਹ ਸਮਰਾਜਵਾਦ ਦੇ ਧੋਖੇ ਭਰੇ ਨਾਅਰਿਆਂ ਵਿਚ ਨਾ ਫਸਣ। ਮੁਲਕਾਂ ਦਾ ਇਹ ਖਿਆਲ ਹੈ ਕਿ ਸਾਮਰਾਜ ਦੇ ਸਮਾਜਵਾਦ ਇਹ ਜਗਾ ਇਕੱਠੇ ਰਹਿ ਸਕਦੇ ਹਨ। ਮੈਂ ਇਨ੍ਹਾਂ ਨਾਲ ਸਹਿਮਤ ਨਹੀਂ। ਅੰਧੇਰੇ ਤੇ ਉਜਾੜੇ ਦਾ ਕੋਈ ਮੇਲ ਨਹੀਂ ਹੋ ਸਕਦਾ। ਜਦ ਹਰ ਤਰੱਕੀ ਕਰ ਰਿਹਾ ਮੁਲਕ ਤੇ ਉਠ ਰਹੇ ਮੁਲਕ ਕੌਮੀਅਤ ਨੂੰ ਸਮਝ ਕੇ ਏਕਤਾ ਦੇ ਝੰਡੇ ਹੇਠਾਂ ਇਕ ਕੌਮੀ ਨਜ਼ਰੀਆ ਅਪਨਾ ਲਵੋਗੇ, ਤਦ ਹੀ ਮਨੁੱਖ ਜਾਤੀ ਦੀ ਇਕ ਸੱਚੀ ਤੇ ਸੁੱਚੀ ਕੌਮ ਬਣ ਜਾਵੇਗੀ ਅਤੇ ਸਾਰੀ ਮਨੁੱਖ ਜਾਤੀ ਦਾ ਦੁੱਖ ਸੁੱਖ ਸਾਂਝਾ ਹੋ ਜਾਵੇਗਾ। ਇਸ ਵੇਲੇ ਸਾਰੀ ਮਨੁੱਖਤਾ ਦੀ ਜੈ ਦਾ ਨਾਅਰਾ ਲਾਉਣ ਵਿਚ ਸਫਲ ਹੋਵੇਗੀ। ਉਠੇ ਨਹੀਂ। ਉਠੇ ਅਧੂਰਾ ਨਾਅਰਾ ਹੈ ਜੋ ਅੱਜ ਹੈ।

**ਸੁਆਲ: ਕੀ ਮੌਜੂਦਾ ਹਾਲਤ 'ਚ ਦੇਸ਼ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕਦਾ ਹੈ?**

**ਜੁਆਬ:** ਜਦ ਸਾਮਰਾਜੀ ਨੀਤੀ ਨੂੰ ਤਿਲਾਂਜਲੀ ਦਿੱਤੀ ਜਾਵੇ। ਉਰੇ ਨਹੀਂ, ਕਿਉਂਕਿ ਸਰਮਾਏਦਾਰੀ ਦਾ ਜੀਵਨ ਹੀ ਮੁਨਾਫਾਖੋਰੀ ਉਤੇ ਹੈ ਤੇ ਮੁਨਾਫਾਖੋਰੀ ਤਦ ਹੀ ਜ਼ਿੰਦਾ ਰਹਿ ਸਕਦੀ ਹੈ, ਜੇ ਉਹ ਮਜ਼ਦੂਰ ਕਿਸਾਨ ਤੇ ਹੋਰ ਮਿਹਨਤਕਸ਼ਾਂ ਤੋਂ ਘੱਟ ਮਜ਼ਦੂਰੀ ਤੇ ਚੋਖਾ ਦਾਮ ਵਾਲੀ ਕਹਾਵਤ ਪੂਰੀ ਕਰਦੀ ਹੈ। ਮਤਲਬ ਇਨ੍ਹਾਂ ਦੀ ਮਿਹਨਤ ਨੂੰ ਸਸਤੇ ਦਾਮਾਂ 'ਤੇ ਖਰੀਦੇ ਤੇ ਮਹਿੰਗੇ ਮੁੱਲ ਵੇਚੇ। ਜੋ ਲੋਕ ਮਹਿੰਗਾਈ ਦਾ ਰੌਲਾ ਪਾਉਂਦੇ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਰਮਾਏਦਾਰਾ ਨਿਜ਼ਾਮ ਦਾ ਖਾਸਾ ਕੀ ਹੈ? ਉਹ ਜੋ ਕੁਝ ਕਰ ਰਿਹਾ ਹੈ, ਨਿਜ਼ਾਮ ਦਾ ਖਾਸਾ ਕੀ ਹੈ? ਉਹ ਜੋ ਕੁਝ ਕਰ ਰਿਹਾ ਹੈ, ਆਪਣੇ ਆਦਰਸ਼ ਦੇ ਮਜ਼ਹਬ। ਅਗਰ ਕਮਜ਼ੋਰੀ ਹੈ ਤਾਂ ਉਹ ਆਮ ਮਿਹਨਤਕਸ਼ ਜਮਾਤ ਵਿਚ, ਜੋ ਆਪਣੀ ਬੁਜ਼ਦਿਲੀ ਦੇ ਅਸਰ ਹੇਠ ਆਪਣੀ ਲੁੱਟ-ਖਸੁੱਟ ਕਰਵਾ ਰਹੀ ਹੈ ਅਤੇ ਮਾਲਕ ਹੁੰਦੀ ਹੋਈ ਵੀ ਦਾਸੀ ਬਣੀ ਬੈਠੀ ਹੈ। ਦੱਸੋ ਘਰ ਤੇ ਕੋਠੀਆਂ, ਬੂਟ ਤੇ ਸੂਟ, ਅੰਨ, ਜਲ, ਦੁੱਧ, ਤਰਕਾਰੀਆਂ ਪੈਦਾ ਕਰਕੇ ਅਮੀਰ ਨੂੰ ਦੇਣ ਵਾਲੇ ਤੁਸੀਂ ਹੋ ਜਾਂ ਹੋਰ ਕੋਈ? ਉਹ ਅਪਾਹਜ ਤੇ ਵਿਹਲੜ, ਕੁਝ ਨਹੀਂ ਕਰਦਾ ਤੇ ਨਹੀਂ ਕੁਝ ਕਰ ਸਕਦਾ ਹੈ। ਰਾਜੇ, ਮਹਾਰਾਜੇ, ਜਾਗੀਰਦਾਰ ਤੇ ਮੌਜੂਦਾ ਹਕੂਮਤ ਸਭ ਤੁਹਾਡੇ ਜਾਚਕ ਹਨ ਅਤੇ ਤੁਹਾਡੀ ਕਮਾਈ ਖਾ ਰਹੇ ਹਨ। 'ਮਾਲਕ' ਭੁੱਖਾ ਮਰਦਾ ਹੈ ਤੇ 'ਨੌਕਰ' ਲੁੱਟਦਾ ਹੈ। ਤੁਸੀਂ ਜਾਂ ਤਾਂ ਖੁਦ ਵਲ ਵੇਖ ਰਹੇ ਹੋ ਕਿ ਤੁਹਾਨੂੰ ਉਹ ਦੇਵੇਗਾ ਜਾਂ ਅਮੀਰ ਜਮਾਤ ਦੇ ਜੂਠੇ ਟੁਕੜਿਆਂ ਵਲ ਜਾਂ ਬਾਜ਼ਾਰ ਵਿਚ ਕੇਲਿਆਂ ਦੀਆਂ ਜੂਠੀਆਂ ਛਿੱਲਾਂ ਵਲ, ਜੋ ਤੁਹਾਡੇ ਬੱਚੇ ਚੁੱਕ-ਚੁੱਕ ਖਾਂਦੇ ਹਨ, ਜਾਂ ਸਿਆਸੀ ਪਾਰਟੀਆਂ ਵਲ, ਜੋ ਤੁਹਾਡੇ ਵੋਟ ਲੁੱਟ ਕੇ ਅਸੈਂਬਲੀਆਂ ਤੇ ਪਾਰਲੀਮੈਂਟ ਦੀਆਂ ਕੁਰਸੀਆਂ ਉਤੇ ਜਾ ਬੈਠਦੇ ਹਨ। ਜਦ ਇਜਲਾਸ ਹੁੰਦੇ ਹਨ ਤੇ ਚਾਰ ਦਿਨ ਫੋਕੀਆਂ ਚੁੰਝਾਂ ਲੜਾ ਕੇ ਤਨਖਾਹੀ ਤੇ ਸਫਰ ਖਰਚ ਲੈ ਕੇ ਕੋਠੀਆਂ ਵਿਚ ਜਾ ਆਰਾਮ ਕਰਦੇ ਹਨ। ਹਾਲਾਂਕਿ ਇਨ੍ਹਾਂ ਦਾ ਫਰਜ਼ ਸੀ ਕਿ ਫਾਲਤੂ ਵਕਤ ਵਿਚ ਆਪਣੇ ਵੋਟਰਾਂ ਪਾਸ ਅਪੜੋ ਤੇ ਉਨ੍ਹਾਂ ਦੇ ਦੁੱਖ-ਸੁੱਖ ਨੂੰ ਦੇਖਣ ਦੀ ਸ਼ਰਮਿੰਦਗੀ ਦੀ ਇਨ੍ਹਾਂ ਨੇ ਕਸਮ ਚੁਕੀ ਹੈ।

ਇਸ ਦੇ ਇਲਾਵਾ ਸਾਡੀ ਹਕੂਮਤ, ਜਿਸ ਬਾਬਤ ਇਕ ਹੀ ਸ਼ਬਦ ਕਾਫੀ ਹੈ, ਉਹ ਇਹ ਕਿ ਇਕ ਨੂੰ ਕੀ ਰੋਨੀਂ ਏ, ਊਤ ਗਿਆ ਆਵਾ। ਨਾ ਕੋਈ ਨਿੰਦਣ ਵਾਲਾ ਤੇ ਨਾ ਕੋਈ ਸਲਾਹੁਣਵਾਲਾ। ਰੋਜ਼ ਨਵੇਂ ਵਜ਼ੀਰ ਬਣਦੇ ਤੇ ਢਹਿੰਦੇ ਹਨ। ਸੌਦੇਬਾਜ਼ੀ ਦੀ ਮੰਡੀ ਗਰਮ ਹੈ। ਐਸੀ ਹਾਲਤ ਵਿਚ ਮੁਲਕ ਕਿਸ ਤਰ੍ਹਾਂ ਤਰੱਕੀ ਕਰ ਸਕਦਾ ਹੈ? ਹਰ ਮਹਿਕਮਾ ਖੁਦਮੁਖਤਾਰ ਹੈ। ਜਰਪ੍ਰਸਤੀ ਦਾ ਰਾਜ ਹੈ। ਮੁੱਠੀ ਗਰਮ ਕਰ ਦਿਓ ਤਾਂ ਸਭ ਕੁਝ ਮਿਲ ਸਕਦਾ ਹੈ, ਸਗੋਂ ਖੂਨ ਵੀ ਕਰ ਦਿਓ ਤਾਂ ਤੁਹਾਨੂੰ ਪੁੱਛਣ ਵਾਲਾ ਕੋਈ ਨਹੀਂ। ਪੰਚਾਇਤਾਂ ਵਿਚ ਗੁੰਡਿਆਂ ਦਾ ਰਾਜ ਹੈ, ਤੇ ਇਨ੍ਹਾਂ ਦੇ ਅਸਰ ਹੇਠ ਪੰਚਾਇਤਾਂ ਦਾ ਕੰਮ ਹੁੰਦਾ ਹੈ। ਭਲਮਾਣਸੀ ਮਜ਼ਾਕ ਬਣੀ ਹੋਈ ਹੈ ਤੇ ਨੇਕੀ ਬੁਜ਼ਦਿਲੀ। ਅਫੀਮ ਤੋਂ ਸ਼ਰਾਬ ਚਿੱਟੇ ਦਿਨ ਖੁੱਲ੍ਹੀ ਵਿਕਦੀ ਹੈ, ਤੇ ਪੁਲਿਸ ਨੂੰ ਸਭ ਪਤਾ ਹੈ ਅਤੇ ਖੁਦ ਪੁਲਿਸ ਵੇਚਣ ਵਾਲਿਆਂ ਕੋਲੋਂ ਆਪਣਾ ਹਿੱਸਾ ਲੈਂਦੀ ਹੈ, ਜੋ ਸਮਗਲਰਾਂ ਦੀਆਂ ਕਾਰਾਂ ਤੇ ਟਰੱਕ ਚਲਦੇ ਹਨ। ਇਨ੍ਹਾਂ ਦੇ ਪਾਸ ਅਹਿਮ ਰੂਟਾਂ ਦੇ ਲਾਇਸੰਸ ਹਨ। ਐਸੀ ਹਾਲਤ ਵਿਚ ਚਾਹੇ ਪ੍ਰਧਾਨ ਮੰਤਰੀ, ਚਾਹੇ ਦੂਸਰੇ ਮੰਤਰੀ ਜਾਂ ਰਾਸ਼ਟਰਪਤੀ ਦੀ ਪੈਦਾਵਾਰ ਵਧਣ ਤੇ ਹੋਰ ਸਨਅਤੀ ਅਦਾਰੇ ਕਾਇਮ ਕਰਨ ਦੀਆਂ ਕਿੰਨੀਆਂ ਵੀ ਅਪੀਲਾਂ ਕਿਉਂ ਨਾ ਕਰਨ, ਕੋਈ ਫਾਇਦਾ ਨਹੀਂ, ਕਿਉਂਕਿ ਹਕੂਮਤ ਦੇ ਇਹ ਸਾਰੇ ਜਿੰਮੇਵਾਰ ਅਸਲ ਵਿਚ ਕਮਜ਼ੋਰ ਹਨ। ਰੇਡੀਓ ਦਾ ਪ੍ਰਾਪੇਗੰਡਾ ਸਿਰਫ ਗੱਪਾਂ ਤੇ ਨੌਜੁਆਨ ਲੜਕੇ-ਲੜਕੀਆਂ ਦੇ ਸਦਾਚਾਰ ਨੂੰ ਵਿਗਾੜਨ ਵਾਲੇ ਗੀਤਾਂ ਨਾਲ ਭਰਿਆ ਪਿਆ ਹੈ। ਕੋਈ ਪੰਜ-ਚਾਰ ਸਾਲਾ ਪਲਟੋ ਦੀ ਅਗਲੀ ਰੂਪ ਰੇਖਾ ਹੁਣ ਤੋਂ ਸਾਹਮਣੇ ਆ ਗਈ ਹੈ। ਮੁਲਕ ਅੱਗੇ ਨਹੀਂ ਬਲਕਿ ਮੌਜੂਦਾ ਪਾਲਿਸੀ ਦੀ ਬਰਕਤ ਨਾਲ ਹੋਰ ਵੀ ਪਿੱਛੇ ਜਾਵੇਗਾ।

ਰਾਜਾਂ ਦੀਆਂ ਅਸੈਂਬਲੀਆਂ ਦੇ ਹੱਥ ਬੰਨ੍ਹ ਦਿਤੇ ਗਏ ਹਨ, ਤੇ ਉਨ੍ਹਾਂ ਦੇ ਸਿਰ 'ਤੇ ਰਾਜਪਾਲ ਪੂਰੇ ਅਖਤਿਆਰ ਦੇ ਕੇ ਬਿਠਾ ਦਿਤੇ ਗਏ ਹਨ, ਜਿਸ ਦਾ ਮਤਲਬ ਇਹ ਹੈ ਕਿ ਜਮਹੂਰੀਅਤ ਦਾ ਗਲਾ ਘੁੱਟਣਾ ਤੇ ਸ਼ਖਸੀ ਹਕੂਮਤ ਰਾਸ਼ਟਰਪਤੀ ਰਾਜ ਦਾ ਕਾਇਮ ਕਰਨਾ। ਇਨ੍ਹਾਂ ਸਾਰੀਆਂ ਬੁਰਾਈਆਂ ਤੇ ਕਮਜ਼ੋਰੀਆਂ ਦਾ ਆਧਾਰ ਇਕ ਹੀ ਹੈ। ਸਾਮਰਾਜਵਾਦ ਦਾ ਖਾਤਮਾ ਤੇ ਸਮਾਜਵਾਦ ਦੀ ਕਾਇਮੀ, ਪਰ ਇਹ ਜਨਤਾ ਦੀ ਕੁਰਬਾਨੀ ਤੇ ਸੂਝ ਦੀ ਮੰਗ ਕਰਦਾ ਹੈ।

**ਸੁਆਲ: ਕੀ ਸਮਾਜਵਾਦੀ ਨਿਜ਼ਾਮ ਵਿਚ ਕੰਮ ਚੋਰੀ ਜੈਸੀਆਂ ਬੁਰਾਈਆਂ ਨਹੀਂ ਹੋਣਗੀਆਂ?**

**ਜੁਆਬ:** ਕਾਫੀ ਸਮੇਂ ਤੱਕ ਇਹ ਕਮਜ਼ੋਰੀਆਂ ਰਹਿਣਗੀਆਂ ਕਿਉਂਕਿ ਮਨੁੱਖ ਜਾਤੀ ਜਿਸ ਸਰਮਾਏਦਾਰੀ ਨਿਜ਼ਾਮ ਵਿਚੋਂ ਨਿਕਲੇਗੀ, ਉਸ ਦਾ ਅਸਰ ਕਈ ਪੀੜ੍ਹੀਆਂ ਤੱਕ ਰਹੇਗਾ ਅਤੇ ਆਖਰ ਸਮਾਂ ਪਾ ਕੇ ਆਦਤਾਂ ਬਦਲ ਜਾਣਗੀਆਂ, ਕਿਉਂਕਿ ਮਨੁੱਖ ਦਾ ਦਿਮਾਗ ... ...(ਇਥੇ ਕੁਝ ਵੀ ਸਪਸ਼ਟ ਨਹੀਂ) ਦੇ ਹਾਲਤ ਵਿਚ ਬਦਲ ਜਾਂਦਾ ਹੈ। ਮਨੁੱਖੀ ਦਿਮਾਗ ਦੀ ਜੜ ਨਹੀਂ ਚੇਤੰਨ ਹੈ। ਇਸ ਦਾ ਗਿਆਨ ਅੱਗੇ ਨੂੰ ਵਧਦਾ ਹੈ, ਤਾਰੀਖ ਇਸ ਦੀ ਗਵਾਹ ਹੈ।

(ਚਲਦਾ)

ਕਹਾਣੀ

# ਫਾਸਲੇ

*ਪ੍ਰੋ. ਨਿਰੰਜਣ ਤਸਨੀਮ ਦੀ ਬਹੁਤੀ ਪਛਾਣ ਤਾਂ ਭਾਵੇਂ ਨਾਵਲਕਾਰ ਵਜੋਂ ਹੈ, ਉਂਜ ਉਨ੍ਹਾਂ ਨੇ ਕਹਾਣੀਆਂ ਵੀ ਲਿਖੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਸ਼ਹਿਰੀ ਮਾਹੌਲ ਅਤੇ ਪਾਤਰਾਂ ਦੁਆਲੇ ਘੁੰਮਦੀਆਂ ਹਨ। 'ਫਾਸਲੇ' ਕਹਾਣੀ ਵਿਚ ਉਨ੍ਹਾਂ ਬਦਲਦੇ ਵਕਤ ਅਤੇ ਇਸ ਤਬਦੀਲੀ ਨਾਲ ਮਨੁੱਖੀ ਰਿਸ਼ਤਿਆਂ ਤੇ ਸਮੁੱਚੇ ਮਾਹੌਲ ਵਿਚ ਆ ਰਹੀ ਤਬਦੀਲੀ ਨੂੰ ਵਿਸ਼ਾ ਬਣਾਇਆ ਹੈ। ਇਹ ਫਾਸਲੇ ਅੰਮ੍ਰਿਤਸਰ ਅਤੇ ਦਿੱਲੀ ਵਿਚਲੇ ਮਾਹੌਲ ਦੇ ਤਾਂ ਹਨ ਹੀ, ਇਕੋ ਘਰ ਵਿਚ ਰਹਿ ਰਹੇ ਪਾਤਰਾਂ ਵਿਚਕਾਰ ਵੀ ਭਲੀਭਾਂਤ ਦਿਖਾਈ ਦਿੰਦੇ ਹਨ। -ਸੰਪਾਦਕ*

ਪਿਛਲੇ ਦਿਨੀਂ ਦਿੱਲੀ ਜਾਣਾ ਪਿਆ, ਚਾਚਾ ਜੀ ਦਾ ਅਪਰੇਸ਼ਨ ਹੋਣ ਕਰਕੇ। ਉਨ੍ਹਾਂ ਦੀਆਂ ਬੇਟੀਆਂ ਵੀ ਆਈਆਂ ਹੋਈਆਂ ਸਨ ਉਥੇ, ਇਕ ਅਮਰੀਕਾ ਤੋਂ ਦੂਜੀ ਬੰਗਲੌਰ ਤੋਂ। ਲੜਕਾ ਪਹਿਲਾਂ ਹੀ ਕੋਠੀ ਦੇ ਥੱਲੇ ਦੇ ਪੋਰਸ਼ਨ ਵਿਚ ਰਹਿ ਰਿਹਾ ਸੀ। ਇੰਜ ਉਨ੍ਹਾਂ ਦਾ ਪੂਰਾ ਪਰਿਵਾਰ ਇਕੱਠਾ ਹੋ ਗਿਆ, ਚਿੰਤਾ ਦੀ ਉਸ ਘੜੀ ਵਿਚ। ਅਪਰੇਸ਼ਨ ਠੀਕ ਹੋ ਗਿਆ ਅਤੇ ਦਸ-ਬਾਰਾਂ ਦਿਨ ਹਸਪਤਾਲ ਵਿਚ ਰਹਿ ਕੇ ਚਾਚਾ ਜੀ ਘਰ ਪਰਤ ਆਏ। ਸਭ ਖੁਸ਼ ਸਨ ਕਿ ਹੁਣ ਹੌਲੀ-ਹੌਲੀ ਉਹ ਪਹਿਲਾਂ ਵਾਂਗ ਤੰਦਰੁਸਤ ਹੋ ਜਾਣਗੇ। ਮੈਂ ਜਦੋਂ ਉਥੇ ਪਹੁੰਚਿਆ ਤਾਂ ਉਨ੍ਹਾਂ ਨੂੰ ਹਸਪਤਾਲ ਤੋਂ ਘਰ ਆਇਆਂ ਇਕ ਹਫਤਾ ਹੋ ਚੁਕਾ ਸੀ। ਮੈਨੂੰ ਦੇਖ ਕੇ ਉਹ ਜਿਵੇਂ ਚਹਿਕ ਉਠੇ ਅਤੇ ਦੋ ਘੰਟੇ ਮੇਰੇ ਨਾਲ ਗੱਲਾਂ ਕਰਦੇ ਰਹੇ। ਉਨ੍ਹਾਂ ਨੂੰ ਮੈਂ ਪੰਜ ਕੁ ਮਹੀਨਿਆਂ ਬਾਅਦ ਮਿਲਿਆ ਸੀ ਪਰ ਲੱਗ ਇਵੇਂ ਰਿਹਾ ਸੀ ਜਿਵੇਂ ਪੰਜ ਸਾਲਾਂ ਪਿੱਛੋਂ ਮਿਲਿਆ ਹੋਵਾਂ।



ਨਿਰੰਜਣ ਤਸਨੀਮ

ਉਥੇ ਪਹੁੰਚਣ ਦੇ ਪਹਿਲੇ ਦਿਨ ਰਾਤੀਂ ਖਾਣਾ ਖਾ ਕੇ ਅਸੀਂ ਗੱਪਾਂ ਮਾਰ ਰਹੇ ਸਾਂ ਕਿ ਉਨ੍ਹਾਂ ਦੀਆਂ ਦੋਵੇਂ ਬੇਟੀਆਂ ਆਪੋ-ਆਪਣੇ ਕਮਰਿਆਂ ਵਿਚ ਚਲੀਆਂ ਗਈਆਂ। ਆਪਣੇ ਵਿਆਹਾਂ ਤੋਂ ਪਹਿਲਾਂ ਵੀ ਉਹ ਇਨ੍ਹਾਂ ਕਮਰਿਆਂ ਵਿਚ ਹੀ ਰਹਿੰਦੀਆਂ ਸਨ ਅਤੇ ਹੁਣ ਵੀ ਉਹ ਜਦੋਂ ਇਥੇ ਆਉਂਦੀਆਂ, ਇਹੀ ਕਮਰੇ ਮੱਲ ਲੈਂਦੀਆਂ। ਦੋਵਾਂ ਕਮਰਿਆਂ ਵਿਚਲੇ ਕਾਮਨ ਬਾਥਰੂਮ ਕਾਰਨ ਉਨ੍ਹਾਂ ਨੂੰ ਕਿਸੇ ਕਿਸਮ ਦੀ ਬੇਆਰਾਮੀ ਨਾ ਹੁੰਦੀ। ਚਾਚਾ ਜੀ ਦਾ ਲੜਕਾ ਡਿਨਰ ਤੋਂ ਪਹਿਲਾਂ ਹੀ ਥੱਲੇ ਆਪਣੇ ਪੋਰਸ਼ਨ ਵਿਚ ਚਲਿਆ ਗਿਆ ਸੀ, ਆਪਣੀ ਪਤਨੀ ਅਤੇ ਬੱਚਿਆਂ ਨਾਲ ਖਾਣਾ ਖਾਣ ਲਈ। ਮੇਰੇ ਸੌਣ ਦਾ ਸਮਾਂ ਹੋਇਆ ਤਾਂ ਚਾਚਾ ਜੀ ਕਹਿਣ ਲੱਗੇ, "ਤੂੰ ਡਰਾਇੰਗ ਰੂਮ ਦੇ ਨਾਲ ਵਾਲੇ ਕਮਰੇ ਵਿਚ ਸੌਂ ਜਾ, ਬਸ ਏਨਾ ਕੁ ਹੈ ਕਿ ਨਹਾਉਣ-ਧੋਣ ਲਈ ਤੈਨੂੰ ਸਾਡੇ ਵਾਲੇ ਬਾਥਰੂਮ ਵਿਚ ਆਉਣਾ ਪਏਗਾ।"

"ਕੋਈ ਗੱਲ ਨਹੀਂ, ਚਾਚਾ ਜੀ, ਮੈਂ ਉਥੇ ਹੀ ਸੌਂ ਜਾਵਾਂਗਾ।" ਏਨਾ ਕਹਿ ਕੇ ਮੈਂ ਕੁਰਸੀ ਤੋਂ ਉਠਿਆ।

"ਜਾਂ ਫਿਰ ਉਪਰਲੇ ਕਮਰੇ ਵਿਚ ਚਲਿਆ ਜਾ, ਉਥੇ ਅਟੈਚਡ ਬਾਥਰੂਮ ਵੀ ਹੈ।" ਇਹ ਸੁਝਾਅ ਚਾਚੀ ਜੀ ਦਾ ਸੀ।

"ਇਹ ਹੋਰ ਵੀ ਚੰਗੀ ਗੱਲ ਹੈ।" ਮੇਰੇ ਮੂੰਹੋਂ ਸੁਭਾਵਕ ਨਿਕਲਿਆ।

ਅਸਲ ਵਿਚ ਮੈਂ ਵੀ ਇਹੀ ਚਾਹੁੰਦਾ ਸੀ ਕਿ ਬਾਥਰੂਮ ਦੀ ਵਰਤੋਂ ਕਰਨ ਲਈ ਮੈਨੂੰ ਆਪਣੇ ਕਮਰੇ ਤੋਂ ਬਾਹਰ ਨਾ ਜਾਣਾ ਪਏ। ਪਿਛਲੇ ਕਈ ਸਾਲਾਂ ਤੋਂ ਮੈਂ ਇਸ ਢੰਗ ਨਾਲ ਰਹਿਣ ਦਾ ਆਦੀ ਜੋ ਹੋ ਚੁਕਾ ਸਾਂ। ਉਪਰਲੇ ਕਮਰੇ ਵਿਚ ਜਾ ਕੇ ਮੈਂ ਸਭ ਖਿੜਕੀਆਂ ਦਰਵਾਜੇ ਖੋਲ੍ਹ ਦਿੱਤੇ, ਪੱਖਾ ਚਲਾ ਦਿੱਤਾ ਅਤੇ ਕੱਪੜੇ ਬਦਲਣ ਲੱਗ ਪਿਆ। ਸਤੰਬਰ ਦਾ ਸ਼ੁਰੂ ਸੀ ਅਜੇ, ਇਸ ਲਈ ਗਰਮੀ ਕਾਫੀ ਸੀ। ਪੱਖਾ ਵੀ ਗਰਮ ਹਵਾ ਹੀ ਇਧਰ-ਉਧਰ ਖਿੰਡਾ ਰਿਹਾ ਸੀ। ਬਾਹਰ ਛੱਤ ਉਤੇ ਗਿਆ ਤਾਂ ਮੌਸਮ ਬੜਾ ਖੁਸ਼ਗਵਾਰ ਪ੍ਰਤੀਤ ਹੋਇਆ। ਨਵਾਰੀ ਪਲੰਘ ਭਾਵੇਂ ਭਾਰਾ ਸੀ ਪਰ ਮੈਂ ਖਿੱਚ ਕੇ ਬਾਹਰ ਕੱਢ ਲਿਆ। ਬਿਸਤਰਾ ਵਿਛਾ ਕੇ ਮੈਂ ਲੇਟ ਗਿਆ। ਉਪਰ ਅਸਮਾਨ ਵੱਲ ਦੇਖਿਆ ਤਾਂ ਚਮਕਦੇ ਤਾਰੇ ਮੈਨੂੰ ਕੁਝ ਜ਼ਿਆਦਾ ਹੀ ਚਮਕਦੇ ਲੱਗੇ, ਨਾਲੇ ਇੰਜ ਪ੍ਰਤੀਤ ਹੋਇਆ ਜਿਵੇਂ ਅਸਮਾਨ ਨੇੜੇ ਖਿਸਕ ਆਇਆ ਹੋਵੇ।

ਅਸਲ ਵਿਚ ਮੁੱਦਤਾਂ ਬਾਅਦ ਮੈਨੂੰ ਛੱਤ ਉਤੇ ਸੌਣ ਦਾ ਮੌਕਾ ਮਿਲਿਆ ਸੀ। ਕੁਝ ਦੇਰ ਮੈਂ ਸਿੱਧਾ ਲੇਟਿਆ ਰਿਹਾ। ਫਿਰ ਜਦੋਂ ਮੈਂ ਪਾਸਾ ਮੋੜਿਆ ਤਾਂ ਮੈਨੂੰ ਕੋਠੇ ਉਤੇ ਦੂਰ ਤੱਕ ਥਾਂ ਖਾਲੀ-ਖਾਲੀ ਲੱਗੀ। ਦੂਜੇ ਪਾਸੇ ਜਦੋਂ ਮੈਂ ਦੇਖਿਆ ਤਾਂ ਉਥੇ ਵੀ ਇੰਜ ਹੀ ਸੀ। ਸ਼ਾਇਦ ਉਹ ਛੱਤ ਹੀ ਜ਼ਿਆਦਾ ਵੱਡੀ ਸੀ ਜਾਂ ਓਪਰੀ ਥਾਂ ਹੋਣ ਕਰਕੇ ਮੈਨੂੰ ਇੰਜ ਹੀ ਲੱਗ ਰਿਹਾ ਸੀ। ਇਧਰ-ਉਧਰ ਨਜ਼ਰ ਦੌੜਾਈ ਤਾਂ ਦੂਜੀਆਂ ਕੋਠੀਆਂ ਦੀਆਂ ਛੱਤਾਂ ਵੀਰਾਨ ਨਜ਼ਰ ਆਈਆਂ। ਲੋਕ ਤਾਂ ਕਮਰਿਆਂ ਵਿਚ ਸੁੱਤੇ ਹੋਏ ਸਨ, ਏ.ਸੀ. ਜਾਂ ਕੂਲਰ ਦੀ ਠੰਢੀ ਹਵਾ ਵਿਚ। ਬੇਸ਼ੱਕ ਉਪਰ ਛੱਤ ਉਤੇ, ਖੁੱਲ੍ਹੇ ਅਸਮਾਨ ਥੱਲੇ, ਸੌਣ ਦਾ ਵਕਤ ਬਹੁਤ ਪਿੱਛੇ ਰਹਿ ਗਿਆ ਸੀ।


ਕੋਈ ਜ਼ਮਾਨਾ ਸੀ ਜਦੋਂ ਅੰਮ੍ਰਿਤਸਰ ਵਿਚ ਸਾਡੇ ਘਰ ਦੇ ਸਭ ਜੀਅ ਉਪਰਲੀ ਛੱਤ ਉਤੇ ਹੀ ਸੌਂਦੇ ਹੁੰਦੇ ਸਨ, ਗਰਮੀਆਂ ਵਿਚ। ਘਰ ਵਿਚ ਇਕ ਕਮਰਾ ਅਸੀਂ ਕਿਰਾਏ ਉਤੇ ਦਿੱਤਾ ਹੋਇਆ ਸੀ, ਇਕ ਲੇਡੀ ਟੀਚਰ ਨੂੰ। ਉਹ ਸ਼ਾਇਦ ਬਾਲ ਵਿਧਵਾ ਸੀ ਅਤੇ ਉਸ ਜ਼ਮਾਨੇ ਵਿਚ ਦੂਜੇ ਵਿਆਹ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਉਹਦੇ ਮਾਤਾ-ਪਿਤਾ ਮਰ ਚੁਕੇ ਸਨ ਅਤੇ ਭਰਾ-ਭਰਜਾਈ ਲਾਹੌਰ ਰਹਿੰਦੇ ਸਨ। ਬਾਊ ਜੀ ਨਾਲ ਉਹਦੇ ਭਰਾ ਦੀ ਪੁਰਾਣੀ ਵਾਕਫੀਅਤ ਹੋਣ ਕਰਕੇ ਅਸੀਂ ਇਕ ਕਮਰਾ ਉਸ ਨੂੰ ਕਿਰਾਏ ਉਤੇ ਦਿੱਤਾ ਹੋਇਆ ਸੀ। ਕਮੇਟੀ ਦੇ ਸਕੂਲ ਵਿਚ ਪੜ੍ਹਾਉਂਦੀ ਸੀ ਉਹ, ਪਹਿਲਾਂ ਪਹਿਲ। ਫਿਰ ਉਸ ਨੇ ਕਿਸੇ ਪ੍ਰਾਈਵੇਟ ਸਕੂਲ ਵਿਚ ਨੌਕਰੀ ਕਰ ਲਈ। ਬੜੇ ਚੰਗੇ ਸੁਭਾਅ ਦੀ ਸੀ, ਕੈਲਾਸ਼ੋ। ਮੇਰੇ ਤੋਂ ਕਾਫੀ ਵੱਡੀ ਸੀ, ਮੈਂ ਉਸ ਨੂੰ ਭੂਆ ਸੱਦਦਾ। ਛੇਤੀ ਹੀ ਉਹ ਸਾਡੇ ਘਰ ਦਾ ਇਕ ਜੀਅ ਬਣ ਗਈ। ਗਰਮੀਆਂ ਵਿਚ ਉਹ ਆਪਣੀ ਮੰਜੀ ਸਾਡੇ ਕੋਲ ਹੀ ਡਾਹ ਲੈਂਦੀ।

ਇਕ ਵਾਰ ਉਹ ਜਦੋਂ ਸਕੂਲੋਂ ਪਰਤੀ ਤਾਂ ਉਹਦੇ ਨਾਲ ਇਕ ਕੁੜੀ ਸੀ, ਵੀਹ-ਬਾਈ ਵਰ੍ਹਿਆਂ ਦੀ। ਉਹ ਉਸ ਸਕੂਲ ਵਿਚ ਹੈੱਡ-ਮਿਸਟ੍ਰੈਸ ਲੱਗ ਕੇ ਆਈ ਸੀ। ਸਿਰਫ ਬੀ. ਏ. ਪਾਸ ਹੀ ਸੀ ਉਹ, ਪਰ ਬੀ. ਏ. ਪਾਸ ਕੁੜੀਆਂ ਬਹੁਤ ਘੱਟ ਮਿਲਦੀਆਂ ਸਨ, ਉਨ੍ਹੀਂ ਦਿਨੀਂ। ਭੂਆ ਕੈਲਾਸ਼ੋ ਨਾਲ ਉਹ ਦੋ-ਚਾਰ ਦਿਨਾਂ ਲਈ ਹੀ ਆਈ ਸੀ ਤਾਂ ਜੋ ਆਪਣੇ ਲਈ ਕੋਈ ਕਮਰਾ ਲੱਭ ਸਕੇ। ਸਾਡੇ ਝਾਈ ਜੀ ਨੇ ਆਪਣੀ ਗਲੀ ਵਿਚ ਕਈਆਂ ਨੂੰ ਪੁੱਛਿਆ ਅਤੇ ਨਾਲ ਲੱਗਦੀਆਂ ਗਲੀਆਂ ਵਿਚੋਂ ਵੀ ਪਤਾ ਕੀਤਾ, ਪਰ ਉਹਦੇ ਲਈ ਕੋਈ ਢੰਗ ਦਾ ਕਮਰਾ ਨਾ ਮਿਲ ਸਕਿਆ। ਏਨਾ ਜ਼ਰੂਰ ਹੋਇਆ ਕਿ ਬਹੁਤੇ ਲੋਕਾਂ ਨੂੰ ਪੁੱਛਣ-ਪਛਾਣ ਕਰਕੇ ਉਹ ਬੀ. ਏ. ਵਾਲੀ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ। ਉਂਜ ਉਸ ਦਾ ਨਾਂ ਕੁਸ਼ੱਲਿਆ ਆਨੰਦ ਸੀ। ਛੇਤੀ ਹੀ ਉਹ ਵੀ ਸਾਡੇ ਨਾਲ ਰਚ-ਮਿਚ ਗਈ ਅਤੇ ਦੋਵੇਂ ਜਣੀਆਂ ਇਕੋ ਕਮਰੇ ਵਿਚ ਰਹਿਣ ਲੱਗੀਆਂ। ਗਰਮੀਆਂ ਵਿਚ ਉਹਦੇ ਲਈ ਵੀ ਇਕ ਮੰਜੀ ਡਿੱਠਣ ਲੱਗ ਪਈ। ਸਾਡੇ ਕੋਠੇ ਉਤੇ ਹੋਰ ਮੰਜੀ ਲਈ ਥਾਂ ਤਾਂ ਨਹੀਂ ਸੀ ਪਰ ਉਪਰਲੀ ਪੌੜੀ ਉਤੇ ਇਕ ਇਟ ਰੱਖ ਕੇ ਮੰਜੀ ਦਾ ਪਾਵਾ ਟਿਕ ਸਕਦਾ ਸੀ। ਏਨਾ ਡਰ ਜ਼ਰੂਰ ਸੀ ਕਿ ਜ਼ੋਰ ਨਾਲ ਪਾਸਾ ਮੋੜਨ ਲੱਗਿਆਂ ਕਿਤੇ ਪੌੜੀ ਵਾਲੀ ਇਟ ਖਿਸਕ ਹੀ ਨਾ ਜਾਏ, ਪਰ ਇੰਜ ਹੋਇਆ ਕਦੀ ਨਹੀਂ ਸੀ।

ਅਗਲੇ ਸਾਲ ਮੈਂ ਦਸਵੀਂ ਵਿਚ ਹੋ ਗਿਆ। ਬੀ. ਏ. ਵਾਲੀ ਦਾ ਇਕ ਭਰਾ ਵੀ ਇਸੇ ਕਲਾਸ ਵਿਚ ਪੜ੍ਹਦਾ ਸੀ, ਸਿਆਲਕੋਟ ਵਿਚ। ਉਸ ਨੇ ਉਹਨੂੰ ਆਪਣੇ ਕੋਲ ਬੁਲਾ ਲਿਆ ਤਾਂ ਜੋ ਪੜ੍ਹਾਈ ਵਿਚ ਉਸ ਦੀ ਮਦਦ ਕਰ ਸਕੇ। ਅੰਮ੍ਰਿਤਸਰ ਆ ਕੇ ਉਸ ਨੂੰ ਸਾਡੇ ਸਕੂਲ ਵਿਚ ਹੀ ਦਾਖਲਾ ਮਿਲ ਗਿਆ, ਬਲਕਿ ਮੇਰੇ ਵਾਲੇ ਸੈਕਸ਼ਨ ਵਿਚ ਹੀ। ਸੱਤ ਦੇ ਆਉਣ ਨਾਲ ਏਨਾ ਜ਼ਰੂਰ ਹੋਇਆ ਕਿ ਗਰਮੀਆਂ ਵਿਚ ਉਹ ਦੋਵੇਂ ਜਣੀਆਂ ਇਕੋ ਮੰਜੀ ਉਤੇ ਪੈ ਜਾਂਦੀਆਂ ਅਤੇ ਸੱਤ ਵੱਖਰੀ ਮੰਜੀ ਉਤੇ। ਮੇਰੀ ਮੰਜੀ ਸੱਤ ਦੇ ਨਾਲ ਹੀ ਹੁੰਦੀ ਸੀ, ਇਸ ਲਈ ਕਿੰਨੀ ਕਿੰਨੀ ਦੇਰ ਅਸੀਂ ਗੱਲਾਂ ਕਰਦੇ ਰਹਿੰਦੇ। ਜਦੋਂ ਕਦੀ ਕੈਲਾਸ਼ੋ ਅਤੇ ਬੀ. ਏ. ਵਾਲੀ ਇਕ ਦੂਜੇ ਨਾਲ ਰੁੱਸ ਜਾਂਦੀਆਂ ਤਾਂ ਬੀ. ਏ. ਵਾਲੀ ਸੱਤ ਦੀ ਮੰਜੀ ਉਤੇ ਆ ਜਾਂਦੀ। ਉਦੋਂ ਉਹ ਮੇਰੇ ਵਾਲੇ ਪਾਸੇ ਦੀ ਹੀਂਅ ਨਾਲ ਲੱਗ ਜਾਂਦਾ ਅਤੇ ਆਪਣੀ ਸੱਜੀ ਲੱਤ ਮੇਰੀ ਮੰਜੀ ਉਤੇ ਰੱਖ ਲੈਂਦਾ।

ਸਵੇਰੇ ਉਠਦਿਆਂ ਹੀ ਘਰ ਵਿਚ ਗਹਿਮਾ-ਗਹਿਮੀ ਸ਼ੁਰੂ ਹੋ ਜਾਂਦੀ। ਇਕ ਲੈਟਰਿਨ ਸੀ ਕੋਠੇ ਉਤੇ ਅਤੇ ਇਕੋ ਗੁਸਲਖਾਨਾ ਸੀ ਥੱਲੇ, ਡਿਉੜੀ ਦੇ ਪਿਛਲੇ ਪਾਸੇ। ਕੋਈ ਹਿਸਾਬ-ਕਿਤਾਬ ਨਹੀਂ ਸੀ, ਜਿਸ ਦਾ ਦਾਅ ਲੱਗਦਾ, ਉਪਰ ਚਲਿਆ ਜਾਂਦਾ ਜਾਂ ਥੱਲੇ ਉਤਰ ਆਉਂਦਾ। ਸਕੂਲ ਜਾਣ ਵਾਲੇ ਬਹੁਤ ਜਣੇ ਸਨ ਘਰ ਵਿਚ। ਮੇਰੇ ਦੋਵੇਂ ਛੋਟੇ ਭਰਾ ਅਤੇ ਦੋਵੇਂ ਛੋਟੀਆਂ ਭੈਣਾਂ ਵੀ ਸਕੂਲ ਜਾਂਦੀਆਂ ਸਨ। ਮੈਂ ਅਤੇ ਸੱਤ ਤਾਂ ਸਕੂਲ ਜਾਂਦੇ ਹੀ ਸਾਂ। ਫੇਰ ਕੈਲਾਸ਼ੋ ਅਤੇ ਬੀ. ਏ. ਵਾਲੀ ਨੇ ਵੀ ਸਕੂਲ ਜਾਣਾ ਹੁੰਦਾ ਸੀ। ਸਾਡੇ ਬਾਊ ਜੀ ਅਤੇ ਝਾਈ ਜੀ ਜ਼ਰਾ ਸਵਖਤੇ ਉਠ ਕੇ ਇਸ਼ਨਾਨ ਵਗੈਰਾ ਕਰ ਲੈਂਦੇ। ਬਾਕੀ ਦੇ ਸਭ ਲੋਕ ਇਕੋ ਵੇਲੇ ਉਠਦੇ ਅਤੇ ਇਕੋ ਵੇਲੇ ਤਿਆਰ ਹੋਣ ਲਈ ਉਪਰ ਥੱਲੇ ਜਾਣ ਲੱਗਦੇ।

ਦਿੱਲੀ ਚਾਚਾ ਜੀ ਦੇ ਘਰ ਉਪਰਲੀ ਛੱਤ ਉਤੇ ਲੇਟੇ ਹੋਏ ਨੂੰ ਮੈਨੂੰ ਇਹ ਸਭ ਗੱਲਾਂ ਪਤਾ ਨਹੀਂ ਕਿਉਂ ਯਾਦ ਆ ਰਹੀਆਂ ਸਨ। ਇਨ੍ਹਾਂ ਨੂੰ ਯਾਦ ਕਰਕੇ ਇਕ ਵਾਰ ਤਾਂ ਮੇਰੇ ਬੁੱਲ੍ਹਾਂ ਉਤੇ ਮੁਸਕਾਨ ਫੈਲ ਗਈ। ਦੂਜੇ ਪਾਸੇ ਵੱਲ ਜਦੋਂ ਮੈਂ ਮੂੰਹ ਕੀਤਾ ਤਾਂ ਮੇਰੇ ਜੀਅ ਵਿਚ ਆਇਆ ਕਿ ਮੈਂ ਖੁੱਲ੍ਹ ਕੇ ਹੱਸਾਂ ਪਰ ਮੈਂ ਇੰਜ ਨਾ ਕਰ ਸਕਿਆ। ਉਹ ਵੀ ਦਿਨ ਸਨ ਕਿ ਜੇ ਕੋਈ ਅੰਦਰ ਜ਼ਰਾ ਜ਼ਿਆਦਾ ਸਮਾਂ ਲਾ ਦੇਵੇ ਤਾਂ ਬਾਹਰ ਖੜ੍ਹਾ ਬੰਦਾ ਬੂਹਾ ਖੜਕਾ ਦਿੰਦਾ ਸੀ। ਨਹਾਉਣ ਲੱਗਿਆਂ ਤਾਂ ਮੇਰੇ ਅਤੇ ਸੱਤ ਵਿਚ ਦੌੜ ਜਿਹੀ ਲੱਗ ਜਾਂਦੀ ਸੀ। ਜਿਹੜਾ ਦੌੜ ਕੇ ਗੁਸਲਖਾਨੇ ਵਿਚ ਜਾ ਵੜਦਾ, ਉਹ ਵੇਲੇ ਸਿਰ ਤਿਆਰ ਹੋ ਜਾਂਦਾ। ਉਂਜ ਸਕੂਲ ਅਸੀਂ ਦੋਵੇਂ ਇਕੱਠੇ ਹੀ ਜਾਂਦੇ ਅਤੇ ਦੇਰ ਨਾਲ ਪਹੁੰਚਣ ਕਰਕੇ ਕਦੀ-ਕਦੀ ਮਾਰ ਵੀ ਖਾ ਲੈਂਦੇ ਸੀ, ਪਰ ਇਹ ਨਹੀਂ ਸੀ ਹੋਇਆ ਕਿ ਜਿਹੜਾ ਜਲਦੀ ਤਿਆਰ ਹੋ ਜਾਏ, ਉਹ ਪਹਿਲਾਂ ਸਕੂਲ ਚਲਾ ਜਾਏ।



ਉਦੋਂ ਰਾਤੀਂ ਪਤਾ ਨਹੀਂ ਕਦੋਂ ਮੈਨੂੰ ਨੀਂਦ ਆਈ ਪਰ ਜਦੋਂ ਜਾਗ ਖੁੱਲ੍ਹੀ ਤਾਂ ਚਿੱਟਾ ਦਿਨ ਚੜ੍ਹਿਆ ਹੋਇਆ ਸੀ। ਉਥੋਂ ਉਠ ਕੇ ਪਹਿਲਾਂ ਮੈਂ ਬਾਥਰੂਮ ਵਿਚ ਗਿਆ ਅਤੇ ਫਿਰ ਥੱਲੇ ਉਤਰ ਗਿਆ। ਰਸੋਈ ਵਿਚ ਚਾਚੀ ਜੀ ਚਾਹ ਬਣਾ ਰਹੇ ਸਨ। ਮੈਂ ਅੰਦਰ ਕਮਰੇ ਵਿਚ ਚਾਚਾ ਜੀ ਦੇ ਕੋਲ ਬੈਠ ਗਿਆ।

"ਚੰਗੀ ਨੀਂਦ ਆਈ ਰਾਤ ਨੂੰ?"

"ਹਾਂ, ਚਾਚਾ ਜੀ, ਬਹੁਤ ਗੂੜ੍ਹੀ।"

"ਮੱਛਰ ਤਾਂ ਨਹੀਂ ਲੜਿਆ।"

"ਪਤਾ ਹੀ ਨਹੀਂ ਲੱਗਾ। ਉਂਜ ਮੇਰਾ ਖੂਨ ਕੌੜਾ ਹੈ, ਮੱਛਰ ਲਾਗੇ ਨਹੀਂ ਲੱਗਦਾ।"

"ਖੂਨ ਭਾਵੇਂ ਕੌੜਾ ਹੋਵੇ", ਚਾਚੀ ਜੀ ਨੇ ਕਮਰੇ ਵਿਚ ਆਉਂਦਿਆਂ ਕਿਹਾ, "ਪਰ ਸੁਭਾਅ ਨਹੀਂ ਕੌੜਾ ਹੋਣਾ ਚਾਹੀਦਾ।"

"ਪਰ ਚਾਚੀ ਜੀ, ਕਹਿੰਦੇ ਨੇ ਜਿਸ ਦਾ ਸੁਭਾਅ ਕੌੜਾ ਹੁੰਦੈ, ਉਹ ਦਿਲ ਦਾ ਮਾੜਾ ਨਹੀਂ ਹੁੰਦਾ।" ਮੇਰੇ ਮੂੰਹੋਂ ਨਿਕਲਿਆ।

"ਦਿਲ ਨੂੰ ਦੇਖਣ ਦਾ ਕੀਹਦੇ ਕੋਲ ਵਿਹਲ ਏ, ਰੰਜਨ।" ਇਹ ਕਹਿੰਦੇ ਹੋਏ ਚਾਚੀ ਜੀ ਨੇ ਚਾਹ ਦਾ ਕੱਪ ਮੈਨੂੰ ਫੜਾ ਦਿੱਤਾ।

ਹਾਂ, ਗੱਲ ਦਿਲ ਦੀ ਨਹੀਂ, ਵਿਹਲ ਦੀ ਸੀ। ਕੁਝ ਦੇਰ ਇਧਰ-ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ, ਫੇਰ ਅਖਬਾਰ ਆ ਗਈ। ਇਕੋ ਭਾਂਤ ਦੀਆਂ ਖਬਰਾਂ ਛਪਦੀਆਂ ਸਨ, ਰੋਜ਼ ਦਿਹਾੜੇ। ਪੜ੍ਹਨ ਜਾਂ ਨਾ ਪੜ੍ਹਨ ਨਾਲ ਬਹੁਤਾ ਫਰਕ ਨਹੀਂ ਸੀ ਪੈਂਦਾ। ਅਖਬਾਰ ਦੇ ਵਰਕੇ ਫੋਲ ਕੇ ਮੈਂ ਉਪਰਲੇ ਕਮਰੇ ਵਿਚ ਚਲਾ ਗਿਆ। ਪਲੰਘ ਨੂੰ ਖਿੱਚ ਕੇ ਮੈਂ ਕਮਰੇ ਵਿਚ ਲੈ ਆਇਆ। ਕੁਝ ਦੇਰ ਮੈਂ ਛੱਤ ਉਤੇ ਟਹਿਲਦਾ ਰਿਹਾ। ਮੈਨੂੰ ਕੋਈ ਕਾਹਲੀ ਨਹੀਂ ਸੀ, ਕਿਸੇ ਕਿਸਮ ਦੀ। ਬੜੇ ਆਰਾਮ ਨਾਲ ਮੈਂ ਤਿਆਰ ਹੁੰਦਾ ਰਿਹਾ। ਕਿਸੇ ਵਲੋਂ ਬਾਥਰੂਮ ਦਾ ਬੂਹਾ ਖੜਕਾਏ ਜਾਣ ਦਾ ਡਰ ਨਹੀਂ ਸੀ ਅਤੇ ਨਾ ਹੀ ਇਹ ਖਦਸ਼ਾ ਸੀ ਕਿ ਮੇਰੇ ਕੋਲੋਂ ਪਹਿਲਾਂ ਕੋਈ ਉਸ ਵਿਚ ਜਾ ਵੜੇਗਾ। ਆਪਣੇ ਆਪ ਵਿਚ, ਆਪਣੇ ਹੀ ਆਪ ਵਿਚ, ਅਲਮਸਤ ਸੀ ਮੈਂ। ਭਾਵੇਂ ਮੈਂ ਹੌਲੀ-ਹੌਲੀ ਤਿਆਰ ਹੋ ਰਿਹਾ ਸੀ ਪਰ ਮੈਨੂੰ ਇੰਜ ਲੱਗਾ ਜਿਵੇਂ ਮੈਂ ਬਹੁਤ ਜਲਦੀ ਤਿਆਰ ਹੋ ਗਿਆ ਹੋਵਾਂ।

ਥੱਲੇ ਉਤਰਿਆ ਤਾਂ ਰਸੋਈ ਵਿਚ ਕੋਈ ਨਹੀਂ ਸੀ। ਮੈਂ ਸਿੱਧਾ ਚਾਚਾ ਜੀ ਦੇ ਕਮਰੇ ਵਿਚ ਚਲਾ ਗਿਆ। ਉਹ ਅਖਬਾਰ ਉਤੇ ਨਜ਼ਰ ਮਾਰ ਰਹੇ ਸਨ। ਮੈਂ ਇਕ ਪਾਸੇ ਜਿਹੇ ਬੈਠ ਕੇ 'ਗੈਟ ਵੈੱਲ ਸੂਨ' ਵਾਲੇ ਕਾਰਡਾਂ ਨੂੰ ਉਲਟ-ਪੁਲਟ ਕੇ ਦੇਖਣ ਲੱਗ ਪਿਆ। ਢੇਰ ਸਾਰੇ ਕਾਰਡ ਸਨ ਅਤੇ ਉਨ੍ਹਾਂ ਉਤੇ ਛਪੀ ਹੋਈ ਭਾਂਤ-ਭਾਂਤ ਦੀ ਇਬਾਰਤ ਬਹੁਤ ਦਿਲਕਸ਼ ਸੀ। ਥੋੜ੍ਹੀ ਦੇਰ ਬਾਅਦ ਦਰਵਾਜੇ ਉਤੇ ਦਸਤਕ ਹੋਈ ਅਤੇ ਫਿਰ ਉਹ ਥੋੜ੍ਹਾ ਜਿਹਾ ਖੁੱਲ੍ਹਿਆ। ਉਥੇ ਚਾਚਾ ਜੀ ਦੀ ਵੱਡੀ ਲੜਕੀ ਗੋਗੀ ਖੜ੍ਹੀ ਸੀ। ਉਸ ਨੇ ਧੀਮੀ ਅਵਾਜ਼ ਵਿਚ ਕਿਹਾ, "ਗੁੱਡ ਮਾਰਨਿੰਗ, ਪਾਪਾ।"

"ਮਾਰਨਿੰਗ ਬੇਟੇ।" ਚਾਚਾ ਜੀ ਨੇ ਅਖਬਾਰ ਪਰ੍ਹੇ ਰੱਖ ਦਿੱਤਾ।

"ਹਾਊ ਆਰ ਯੂ ਫੀਲਿੰਗ ਟੂਡੇ?" ਉਹੀ ਅਵਾਜ਼ ਫਿਰ ਕਮਰੇ ਵਿਚ ਫੈਲੀ।

"ਫਾਈਨ, ਥੈਂਕ ਯੂ।" ਚਾਚਾ ਜੀ ਨੇ ਅਖਬਾਰ ਨੂੰ ਦੁਬਾਰਾ ਚੁੱਕਦਿਆਂ ਜਵਾਬ ਦਿੱਤਾ।

ਫੇਰ ਉਹ ਦਰਵਾਜਾ ਬੰਦ ਹੋ ਗਿਆ, ਬਿਲਕੁਲ ਹੌਲੀ ਜਿਹੇ। ਮੈਂ ਉਨ੍ਹਾਂ ਕਾਰਡਾਂ ਨੂੰ ਤਰਤੀਬ ਵਿਚ ਲਾ ਦਿੱਤਾ। ਥੋੜ੍ਹੀ ਦੇਰ ਬਾਅਦ ਚਾਚੀ ਜੀ ਅਟੈਚਡ ਬਾਥਰੂਮ ਵਿਚੋਂ ਬਾਹਰ ਆ ਗਏ। ਮੈਨੂੰ ਉਥੇ ਬੈਠਾ ਦੇਖ ਕੇ ਪੁੱਛਣ ਲੱਗੇ, "ਤੇਰਾ ਨਾਸ਼ਤਾ ਤਿਆਰ ਕਰ ਦਿਆਂ, ਰੰਜਨ?"

"ਕੋਈ ਜਲਦੀ ਨਹੀਂ, ਸਾਰਿਆਂ ਦੇ ਨਾਲ ਹੀ...।"

"ਫੇਰ ਤਾਂ ਤੂੰ ਭੁੱਖਾ ਬੈਠਾ ਰਹੇਂਗਾ, ਦੋ ਘੰਟੇ।"

"ਉਹ ਕਿਵੇਂ, ਚਾਚੀ ਜੀ?"

"ਦੇਖ, ਗੋਗੀ ਨੇ ਦੁੱਧ ਦਾ ਇਕ ਕੱਪ ਪੀਣੈ ਤਾਂ ਉਹਦਾ ਨਾਸ਼ਤਾ ਹੋ ਗਿਆ। ਮਿੰਨੀ ਅਜੇ ਘੰਟੇ ਕੁ ਤਕ ਉਠੇਗੀ, ਫੇਰ ਤਿਆਰ ਹੋਏਗੀ ਅਤੇ ਬਟਰ-ਟੋਸਟ ਲੈ ਕੇ ਚਾਹ ਦਾ ਕੱਪ ਪੀ ਲਵੇਗੀ।"

"ਚਲੋ ਕੋਈ ਨਹੀਂ, ਤੁਸੀਂ ਤੇ ਚਾਚਾ ਜੀ ਜਦੋਂ ਨਾਸ਼ਤਾ ਕਰੋਗੇ, ਮੈਂ ਵੀ ਕਰ ਲਵਾਂਗਾ।"

"ਤੇਰੇ ਚਾਚਾ ਜੀ ਨੇ ਤਾਂ ਪਹਿਲਾਂ ਨਖਰੇ ਕਰਨੇ ਨੇ ਕਿੰਨੀ ਹੀ ਦੇਰ ਕਿ ਮੈਂ ਅਹਿ ਨਹੀਂ ਖਾਣਾ, ਉਹ ਨਹੀਂ ਖਾਣਾ। ਫੇਰ ਓਟਸ ਦਾ ਦਲੀਆ ਅਤੇ ਅੱਧਾ ਗਿਲਾਸ ਦੁੱਧ ਦਾ।"

"ਤੁਸੀਂ ਤਾਂ...?"

"ਮੈਂ ਲਵਾਂਗੀ ਇਕ ਸਲਾਈਸ ਤੇ ਜ਼ਰਦੀ ਤੋਂ ਬਗੈਰ ਇਕ ਅੰਡਾ।"

"ਸੱਚ ਪੁੱਛੋ ਤਾਂ ਚਾਚੀ ਜੀ, ਮੈਨੂੰ ਅੰਡੇ ਦੀ ਜ਼ਰਦੀ ਬਹੁਤ ਚੰਗੀ ਲੱਗਦੀ ਏ।"

"ਨਹੀਂ ਨਹੀਂ, ਰੰਜਨ", ਚਾਚਾ ਜੀ ਅੱਬੜਵਾਹੇ ਬੋਲ ਪਏ, "ਅੰਡੇ ਦੀ ਜ਼ਰਦੀ ਤਾਂ ਨਿਰਾ ਕੋਲੈਸਟਰੋਲ, ਹਾਰਟ ਲਈ ਬਹੁਤ ਹੀ ਹਾਨੀਕਾਰਕ।"

ਏਨੇ ਵਿਚ ਬੱਬੀ ਉਪਰ ਆ ਗਿਆ। ਉਸ ਨੇ ਆਉਂਦਿਆਂ ਹੀ ਪੁੱਛਿਆ, "ਹਾਊ ਆਰ ਯੂ ਪਾਪਾ?" ਅਤੇ ਫਿਰ ਚਾਚਾ ਜੀ ਦਾ ਜਵਾਬ ਸੁਣਨ ਤੋਂ ਪਹਿਲਾਂ ਹੀ ਚਾਚਾ ਜੀ ਨੂੰ ਕਹਿਣ ਲੱਗਾ, "ਕੋਈ ਦਵਾਈ ਮੰਗਵਾਣੀ ਹੋਵੇ ਤਾਂ ਦੱਸੋ, ਮੈਂ ਸ਼ਾਮੀਂ ਲੈ ਆਵਾਂਗਾ।"

"ਹਾਂ... ਇਹ ਦਵਾਈਆਂ ਲੈਂਦਾ ਆਈਂ।" ਚਾਚਾ ਜੀ ਨੇ ਇਕ ਪਰਚੀ ਉਸ ਨੂੰ ਫੜਾ ਦਿੱਤੀ।

"ਚੰਗਾ, ਭਾਜੀ", ਉਸ ਨੇ ਮੇਰੇ ਵੱਲ ਤੱਕਦਿਆਂ ਕਿਹਾ, "ਮੈਂ ਹੁਣ ਨਹਾ ਕੇ ਦਫਤਰ ਚਲੇ ਜਾਣੈ। ਸ਼ਾਮੀਂ ਮਿਲਾਂਗੇ, ਅੱਠ ਵਜੇ ਤੋਂ ਬਾਅਦ।" ਏਨਾ ਕਹਿ ਕੇ ਉਹ ਚਲਾ ਗਿਆ, ਦਰਵਾਜਾ ਆਪਣੇ ਪਿੱਛੇ ਭੀੜਦਾ ਹੋਇਆ।

ਅਚਨਚੇਤ ਮੇਰਾ ਜੀਅ ਕੀਤਾ ਕਿ ਮੈਂ ਦੌੜ ਕੇ ਪੌੜੀਆਂ ਉਤਰ ਜਾਵਾਂ ਅਤੇ ਬੱਬੀ ਤੋਂ ਪਹਿਲਾਂ ਗੁਸਲਖਾਨੇ ਵਿਚ ਜਾ ਵੜਾਂ।

## ਮਿਨੀ ਕਹਾਣੀ

### ਜੰਗ ਜਾਰੀ ਹੈ

"ਪੁੱਤ ਗੁਰਦਾਸ, ਸੌਂ ਗਿਐਂ?" ਮਾਂ ਨੇ ਦਰਵਾਜੇ ਮੂਹਰੇ ਖੜ੍ਹ ਕੇ ਪੁਛਿਆ।

"ਨਹੀਂ ਬੀਬੀ, ਜਾਗਦਾ ਈ ਆਂ।" ਗੁਰਦਾਸ ਨੇ ਬਾਹਰ ਆਉਂਦਿਆਂ ਜਵਾਬ ਦਿੱਤਾ।

"ਪੁੱਤ, ਜੁਆਕਾਂ ਨੂੰ ਇਨ੍ਹਾਂ ਦੀ ਮਾਂ ਨਾਲ ਮਿਲਾ ਲਿਆਉਂਦਾ। ਬਾਹਲਾ ਵਿਸੂ-ਵਿਸੂ ਕਰਦੇ ਰਹਿੰਦੇ ਆ, ਸੁਣ ਕੇ ਆਵਦਾ ਮਨ ਵੀ ਖਰਾਬ ਹੁੰਦਾ।" ਮਾਂ ਨੇ ਬੱਚਿਆਂ ਦੀ ਮਨੋਦਸ਼ਾ ਤਾੜਦਿਆਂ ਕਿਹਾ। ਅਸਲ 'ਚ ਗੁਰਦਾਸ ਦੀ ਘਰ ਵਾਲੀ ਪਰਮਪਾਲ ਦੋ ਕੁ ਸਾਲ ਹੋਏ ਕੈਨੇਡਾ ਚਲੀ ਗਈ ਸੀ। ਗੁਰਦਾਸ ਤਾਂ ਆਪ ਸਰਕਾਰੀ ਨੌਕਰੀ ਕਰਦਾ ਸੀ, ਪਰ ਪਰਮਪਾਲ ਪੜ੍ਹ-ਲਿਖ ਕੇ ਵੀ ਘਰੇ ਹੀ ਸੀ। ਬੱਚਿਆਂ ਦੇ ਭਵਿੱਖ ਨੂੰ ਵੇਖ ਉਹ ਟੈਸਟ ਪਾਸ ਕਰ ਬਾਹਰ ਚਲੀ ਗਈ। ਹੌਲੀ ਹੌਲੀ ਸਾਰੇ ਪਰਿਵਾਰ ਨੂੰ ਉਧਰ ਹੀ ਸੈਟ ਕਰਨ ਦਾ ਵਿਚਾਰ ਸੀ।

"ਬੀਬੀ ਹੈ ਤਾਂ ਔਖਾ, ਛੁੱਟੀ ਵੀ ਕਿਹੜਾ ਮਿਲਦੀ ਆ, ਫੇਰ ਵੀ ਕੋਸ਼ਿਸ਼ ਕਰ ਵੇਖਦਾਂ।" ਸਕੂਲੋਂ ਛੁੱਟੀ ਤੇ ਵੀਜ਼ੇ ਦੀ ਔਖ ਸਾਹਮਣੇ ਸੀ।

"ਪੁੱਤ ਤੇਰੀ ਦਾਦੀ ਦਸਦੀ ਹੁੰਦੀ ਸੀ, ਜਦੋਂ ਵੱਡੀ ਲੜਾਈ (ਸੰਸਾਰ ਜੰਗ) ਲੱਗੀ ਤਾਂ ਉਦੋਂ ਆਪਣੇ ਬਰਾਨੀ ਖੇਤੀ ਹੁੰਦੀ ਸੀ। ਕਦੇ ਚਾਰ ਮਣ ਦਾਣੇ ਹੋ ਗਏ ਤਾਂ ਠੀਕ, ਨਹੀਂ ਵਾਹ ਭਲੀ। ਨੌਜਵਾਨ ਤਾਂ ਸਰਕਾਰ ਨੇ ਧੱਕੇ ਨਾਲ ਫੌਜੀ ਭਰਤੀ ਕਰ ਲਏ, ਹਮਾਤੜ ਗਰਜ ਦੇ ਮਾਰੇ ਚਲੇ ਗਏ। ਕੁੜੀਆਂ ਗਾਉਣ ਗਾਉਂਦੀਆਂ ਸੀ, 'ਬਸਰੇ ਦੀ ਲਾਮ ਮੁੱਕ ਜੇ, ਮੈਂ ਰੰਡੀਓਂ ਸੁਹਾਗਣ ਹੋਵਾਂ।' ਹੁਣ ਤਾਂ ਫਸਲ ਵਾੜੀ ਵੀ ਬਥੇਰੀ ਹੁੰਦੀ ਆ, ਨੌਕਰੀਆਂ ਵੀ ਲੱਗ ਗਏ, ਫੇਰ ਵੀ ਦਰ-ਬ-ਦਰ।" ਮਾਂ ਇਸ ਪਰਿਵਾਰਕ ਵੰਡ ਤੋਂ ਦੁਖੀ ਸੀ।

"ਬੀਬੀ, ਜ਼ਿੰਦਗੀ ਦੀ ਲੜਾਈ ਸ਼ਾਇਦ ਕਦੇ ਨਹੀਂ ਮੁਕਦੀ। ਉਦੋਂ ਰੋਟੀ ਦਾ ਫਿਕਰ ਸੀ, ਹੁਣ ਬੱਚਿਆਂ ਦਾ ਭਵਿੱਖ ਕੁਝ ਨਹੀਂ ਦਿਸਦਾ। ਇਤਿਹਾਸ ਦਸਦਾ, ਜਦੋਂ ਦਾ ਇਨਸਾਨ ਧਰਤੀ 'ਤੇ ਆਇਆ, ਬਸ ਏਸੇ ਚੱਕਰ 'ਚ ਘੁੰਮਦਾ ਫਿਰਦਾ। ਅਫਰੀਕੀ ਖੇਤਰ 'ਚੋਂ ਨਿਕਲ ਕੇ ਸਾਰੀ ਦੁਨੀਆਂ ਵਿਚ ਫੈਲ ਗਿਆ। ਕਦੇ ਇਧਰ, ਕਦੇ ਓਧਰ। ਜੰਗ ਤਾਂ ਅਜੇ ਵੀ ਜਾਰੀ ਹੈ।" ਗੁਰਦਾਸ ਨੇ ਲੰਬਾ ਸਾਹ ਲੈਂਦਿਆਂ ਜ਼ਿੰਦਗੀ ਦੀ ਲੜਾਈ ਦਾ ਅਹਿਸਾਸ ਕੀਤਾ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਸਕੂਲ ਕਿ ਠਾਣਾ...

**ਪ੍ਰੋ. ਰਮਨ ਦਾ ਇਹ ਲੇਖ ਜਾਨ ਕੱਢਣ ਵਾਲਾ ਹੈ। ਇਸ ਵਿਚ ਸਕੂਲ ਦੇ ਦਿਨਾਂ ਦੌਰਾਨ ਅਧਿਆਪਕਾਂ ਵੱਲੋਂ ਆਪਣੇ ਵਿਦਿਆਰਥੀਆਂ ਨਾਲ ਅਚੇਤ ਜਾਂ ਸੁਚੇਤ ਰੂਪ ਵਿਚ ਕੀਤੀਆਂ ਤੱਦੀਆਂ ਦਾ ਖੁਲਾਸਾ ਹੈ। ਇਨ੍ਹਾਂ ਤੱਦੀਆਂ ਵਿਚ ਬੱਚਿਆਂ ਦੇ ਮਾਪੇ ਵੀ ਅਚੇਤ ਰੂਪ ਵਿਚ ਸ਼ਾਮਿਲ ਹੋ ਜਾਂਦੇ ਸਨ। ਉਦੋਂ ਹਾਲਾਤ ਹੀ ਕੁਝ ਅਜਿਹੇ ਸਨ ਕਿ ਅਧਿਆਪਕਾਂ ਦੀ ਕੁੱਟ ਤੋਂ ਡਰਦੇ ਕਈ ਬੱਚੇ ਸਕੂਲ ਵੱਲ ਮੂੰਹ ਕਰਨ ਦਾ ਹੀਆ ਨਾ ਕਰਦੇ ਅਤੇ ਅੱਧ-ਵਿਚਾਲੇ ਪੜ੍ਹਾਈ ਛੱਡ ਜਾਂਦੇ। ਲੇਖ ਦੇ ਅਖੀਰ ਵਿਚ ਲੇਖਕ ਨੇ ਜੋ ਤੋੜਾ ਝਾੜਿਆ ਹੈ, ਉਹ ਸਭ ਨੂੰ ਸਬਕ ਦੇਣ ਵਾਲਾ ਹੈ। -ਸੰਪਾਦਕ**

ਸਾਡੇ (ਛੋਟੇ ਬਾਲਾਂ) ਲਈ ਸਕੂਲ ਇਕ ਤਰ੍ਹਾਂ ਦਾ ਠਾਣਾ ਹੀ ਸੀ। ਪਿੰਡੋਂ ਬਾਹਰਵਾਰ ਕਬਰਾਂ ਕੋਲ ਉਸਰਿਆ ਹੋਇਆ ਇਹ ਸਕੂਲ ਸਾਡੇ ਲਈ ਕਬਰਾਂ ਵਾਂਗ ਹੀ ਖੌਫ ਦਾ ਪ੍ਰਤੀਕ ਸੀ। ਸੰਤਾਲੀ ਦੇ ਉਜਾੜੇ ਮਗਰੋਂ ਕਬਰਾਂ ਦਾ ਕੋਈ ਵਾਰਸ ਨਹੀਂ ਸੀ ਰਿਹਾ, ਇਸ ਲਈ ਇਸ ਜਗ੍ਹਾ ਉਪਰ ਸੰਘਣੇ ਬੂਝੇ ਤੇ ਝਾੜੀਆਂ ਵਧ-ਫੁਲ ਗਈਆਂ ਸਨ ਜਿਨ੍ਹਾਂ ਨੇ ਮਾਹੌਲ ਨੂੰ ਕਾਫੀ ਖੌਫਜ਼ਦਾ ਬਣਾ ਦਿੱਤਾ ਸੀ। ਕਬਰਾਂ ਵਾਲੀ ਜਗ੍ਹਾ 'ਤੇ ਭੂਤਾਂ-ਪ੍ਰੇਤਾਂ ਦੇ ਵਾਸੇ ਬਾਰੇ ਪਿੰਡ ਦੇ ਕਰੀਬ ਸਾਰੇ ਸਿਆਣੇ ਸਮਝੇ ਜਾਂਦੇ ਲੋਕ ਇਕ ਮਤ ਸਨ।

ਇਧਰ ਅਸੀਂ ਨਿਆਣੇ ਇਸ ਗੱਲ 'ਤੇ ਇਕ ਮਤ ਸਾਂ ਕਿ ਸਕੂਲ ਦੇ ਮਾਸਟਰ-ਮਾਸਟਰਨੀਆਂ ਕਿਸੇ ਵੀ ਤਰ੍ਹਾਂ ਭੂਤਾਂ-ਪ੍ਰੇਤਾਂ ਨਾਲੋਂ ਘੱਟ ਨਹੀਂ ਸਨ। ਉਨ੍ਹਾਂ ਦੇ ਨਾਂ ਤੋਂ ਭੂਤਾਂ-ਪ੍ਰੇਤਾਂ ਵਰਗਾ ਹੀ ਖੌਫ ਆਉਂਦਾ ਸੀ। ਅਸੀਂ ਕੋਸ਼ਿਸ਼ ਕਰਦੇ ਕਿ ਉਹ ਸਾਡੀ ਸੋਚ ਤੋਂ ਪਰ੍ਹਾਂ ਹੀ ਰਹਿਣ ਤਾਂ ਚੰਗਾ ਹੈ। ਇਸ ਲਈ ਜਦੋਂ ਸਾਰੀ ਛੁੱਟੀ ਦੀ ਘੰਟੀ ਵੱਜਦੀ ਤਾਂ ਸਾਨੂੰ ਅਥਾਹ ਖੁਸ਼ੀ ਹੁੰਦੀ। ਅਸੀਂ ਰੌਲਾ ਪਾਉਂਦੇ, ਕਿਲਕਾਰੀਆਂ ਮਾਰਦੇ, ਧੂੜਾਂ ਪੁੱਟਦੇ ਘਰਾਂ ਨੂੰ ਨੱਠ ਪੈਂਦੇ।

ਠਾਣੇ ਦੋ ਕਾਰਨਾਂ ਕਰਕੇ ਭੈਅਭੀਤ ਕਰਦੇ ਹਨ। ਇਕ ਤਾਂ ਇਥੇ ਬੰਦੇ ਨੂੰ ਜ਼ਬਰਦਸਤੀ ਚੁੱਕ ਕੇ ਲਿਆਇਆ ਜਾਂਦਾ ਹੈ; ਦੂਜੇ, ਉਨ੍ਹਾਂ ਨੂੰ ਬੇਰਹਿਮੀ ਨਾਲ ਕੁਟਾਪਾ ਚਾੜ੍ਹਿਆ ਜਾਂਦਾ ਹੈ। ਠਾਣੇ ਵਿਚ ਬੰਦੇ ਨਾਲ ਉਹ ਕੁਝ ਕੀਤਾ ਜਾਂਦਾ ਹੈ ਕਿ

**ਪ੍ਰੋ. ਰਮਨ**

ਉਸ ਦਾ ਪ੍ਰਸ਼ਾਸਨ 'ਚੋਂ ਪੱਕੇ ਤੌਰ 'ਤੇ ਮੋਹ ਭੰਗ ਹੋ ਜਾਂਦਾ ਹੈ। ਉਹ ਆਪਣੇ ਹਾਲਾਤ ਨਾਲ ਸਮਝੌਤਾ ਕਰਨ ਦੀ ਅਣਚਾਹੀ ਹਾਲਤ ਵਿਚ ਆ ਜਾਂਦਾ ਹੈ। ਸਕੂਲਾਂ ਵਿਚ ਵੀ ਇਸੇ ਤਰ੍ਹਾਂ ਹੀ ਹੁੰਦਾ ਸੀ। ਬਾਲਾਂ ਨੂੰ ਜ਼ਬਰਦਸਤੀ ਘਰਾਂ 'ਚੋਂ ਲਿਆਇਆ ਜਾਂਦਾ ਸੀ।

ਅੱਧੀ ਸਦੀ ਪਹਿਲਾਂ ਇਸਤਰੀਆਂ ਖੂਬ ਨਿਆਣੇ ਜਣਦੀਆਂ ਸਨ। ਛੋਟੇ ਤੋਂ ਛੋਟੇ ਪਰਿਵਾਰ ਵਿਚ ਵੀ ਅੱਧੀ ਦਰਜਨ ਨਿਆਣੇ ਤਾਂ ਹੁੰਦੇ ਹੀ ਸਨ। ਉਪਰੋਂ ਹੁਕਮ ਆਉਂਦੇ ਤੇ ਮਾਸਟਰ-ਮਾਸਟਰਨੀਆਂ ਖੁੱਲ੍ਹੇ-ਡੁੱਲ੍ਹੇ ਸਰੀਰਾਂ ਵਾਲੇ ਨਿਆਣਿਆਂ ਨੂੰ ਸਕੂਲ ਘੇਰ ਲਿਆਉਂਦੇ ਤੇ ਸਰਕਾਰੀ ਰਜਿਸਟਰ ਵਿਚ ਅੰਦਾਜ਼ੇ ਨਾਲ ਹੀ ਉਮਰ ਵਾਲਾ ਇੰਦਰਾਜ ਭਰ ਕੇ ਇਨ੍ਹਾਂ ਨੂੰ ਪਹਿਲੀ ਜਮਾਤ ਵਿਚ ਦਾਖਲ ਕਰ ਲੈਂਦੇ। ਕਈ ਨਿਆਣੇ ਆਪਣੇ ਅਧਿਆਪਕ ਨੂੰ ਝਕਾਨੀ ਦੇ ਕੇ ਨੱਠ ਵੀ ਜਾਂਦੇ। ਅਜਿਹੇ ਨਿਆਣਿਆਂ ਨੂੰ ਇਨ੍ਹਾਂ ਦੇ ਮਾਪਿਆਂ ਰਾਹੀਂ 'ਪੇਸ਼' ਕਰਾਇਆ ਜਾਂਦਾ ਤੇ ਉਨ੍ਹਾਂ ਦੇ ਸਾਹਮਣੇ ਹੀ ਕੁੱਟਿਆ ਵੀ ਜਾਂਦਾ; ਤੇ ਫਿਰ ਇਨ੍ਹਾਂ ਨਿਆਣਿਆਂ ਨੂੰ 'ਬੰਦਾ' ਬਣਾਉਣ ਦਾ ਅਮਲ ਅਰੰਭ ਹੋ ਜਾਂਦਾ। ਇਹ ਅਮਲ ਠਾਣਿਆਂ ਦੇ ਕੁਟਾਪੇ ਤੋਂ ਕੋਈ ਬਹੁਤਾ ਵੱਖਰਾ ਨਹੀਂ ਸੀ ਹੁੰਦਾ।

ਕਈ ਨਿਆਣੇ ਤਾਂ ਸਕੂਲ ਜਿਵੇਂ ਕੁੱਟ ਖਾਣ ਹੀ ਆਉਂਦੇ ਸਨ। ਬਹੁਤਿਆਂ ਨੂੰ ਕੁੱਟ ਕੇਵਲ ਗੈਰ-ਵਿਦਿਅਕ ਕੰਮਾਂ ਕਾਰਨ ਹੀ ਖਾਣੀ ਪੈਂਦੀ ਸੀ। ਸਕੂਲ ਦਾਖਲ ਹੋਣ ਤੋਂ ਪਹਿਲਾਂ ਉਹ ਕਾਫੀ ਖੁੱਲ੍ਹ-ਖੇਡ ਦੇ ਮਾਹੌਲ ਵਿਚ ਵਿਚਰੇ ਹੁੰਦੇ ਸਨ। ਇਸ ਮਾਹੌਲ ਦੀਆਂ ਅਲਾਮਤਾਂ ਉਨ੍ਹਾਂ ਅੰਦਰ ਜਿਉਂ ਦੀਆਂ ਤਿਉਂ ਬਣੀਆਂ ਹੁੰਦੀਆਂ ਸਨ; ਮਸਲਨ, ਕਣਕ ਦੇ ਵੱਢਾਂ ਵਿਚ ਦਿੱਤਰ ਕੁੱਟਣ ਭੱਜਣ ਨਿਕਲਣਾ, ਬੋੜੇ ਖੂਹ 'ਚ ਛਾਲਾਂ ਮਾਰ ਕੇ ਨ੍ਹਾਉਣਾ, ਬੰਟੇ ਖੇਡਣਾ, ਟਿੱਡਾਂ ਰਾਹੀਂ ਸਕੂਲ ਦੀ ਖੂਹੀ 'ਚ ਉਤਰਨਾ, ਵਿਰੋਧੀ ਗੁੱਟ ਦੇ ਕਿਸੇ ਨਿਆਣੇ ਨੂੰ ਕੁੱਟ ਧਰਨਾ, ਕਿਸੇ ਮਾਸਟਰ ਜਾਂ ਮਾਸਟਰਨੀ ਬਾਰੇ ਕੋਈ ਭੱਦੀ ਸ਼ਬਦਾਵਲੀ ਵਾਲੀ ਟਿੱਪਣੀ ਕਰ ਦੇਣਾ। ਇਨ੍ਹਾਂ ਗੈਰ-ਵਿਦਿਅਕ ਕੁਤਾਹੀਆਂ ਦੇ ਜ਼ਿੰਮੇਵਾਰ ਨਿਆਣਿਆਂ ਨੂੰ ਸਵੇਰ ਦੀ ਸਭਾ ਵਿਚ ਸਜ਼ਾ ਸੁਣਾ ਕੇ ਤੁਰਤ-ਫੁਰਤ ਲਾਗੂ ਕੀਤਾ ਜਾਂਦਾ। ਸਜ਼ਾ ਬੈਂਤ ਵਰ੍ਹਾ ਕੇ ਦਿੱਤੀ ਜਾਂਦੀ। ਨਿਆਣੇ ਜੋ ਸਜ਼ਾਯਾਫਤਾ ਹੁੰਦੇ, ਚਾਂਗਰਾਂ ਮਾਰਦੇ ਪਰ ਸਜ਼ਾ ਪਾ ਚੁੱਕਣ ਮਗਰੋਂ ਝੱਟ ਆਮ ਵਰਗੇ ਹੋ ਜਾਂਦੇ।

ਸਕੂਲ ਵਿਚ ਹਿਸਾਬ ਦਾ ਅਧਿਆਪਕ ਜਗਤਾਰ ਸਿੰਘ ਸੀ। ਲੰਮਾ, ਪਤਲਾ, ਫੁਰਤੀਲਾ ਤੇ ਖਰ੍ਹਵਾ। ਉਹਦੇ ਚਿਹਰੇ ਉਪਰ ਕਦੇ-ਕਦਾਈਂ ਮੁਸਕਰਾਹਟ ਦਾ ਦਿਸ ਪੈਣਾ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ ਸਮਝਿਆ ਜਾਂਦਾ। ਛੁੱਟੀ ਹੋਣ ਤੋਂ ਬਾਅਦ ਵੀ ਨਿਆਣੇ ਉਸ ਦਾ ਬੋਝ ਢੋਂਦੇ ਰਹਿੰਦੇ ਸਨ। ਉਹਦੇ ਪੀਰੀਅਡ 'ਚ ਕਈ ਕਮਜ਼ੋਰ ਦਿਲੇ ਨਿਆਣਿਆਂ ਦਾ ਪਿਸ਼ਾਬ ਵੀ ਕਾਬੂ 'ਚ ਨਹੀਂ ਸੀ ਰਹਿੰਦਾ। ਸਵਾਲ ਗਲਤ ਹੋ ਜਾਣ ਜਾਂ ਫਾਰਮੂਲਾ ਨਾ ਆਉਣ ਦੀ ਸੂਰਤ ਵਿਚ ਉਹ ਸਿੱਧਾ ਹੀ ਨਿਆਣੇ ਨੂੰ ਕਹਿ ਦਿੰਦਾ ਸੀ, "ਹੱਥ ਕੱਢ", ਤੇ ਫਿਰ ਹੱਥਾਂ 'ਤੇ ਬਿਨਾ ਗਿਣਤੀ ਕੀਤਿਆਂ ਬੈਂਤ ਵਰ੍ਹਾ ਦਿੰਦਾ। ਸਵਾਲ ਸਮਝਾਉਣ ਜਾਂ ਨਿਆਣੇ ਦੀ ਗਲਤੀ ਦਰੁਸਤ ਕਰਾਉਣ ਦੀ ਖੇਚਲ ਉਹ ਘੱਟ ਹੀ ਕਰਦਾ ਸੀ।

ਨਿਆਣਿਆਂ ਨੇ ਮਾਸਟਰ ਜਗਤਾਰ ਸਿੰਘ ਦੇ ਕਈ ਕੁਨਾਂ ਰੱਖੇ ਹੋਏ ਸਨ। ਕੋਈ ਉਹਨੂੰ ਉਹਦੀ ਫੁਰਤੀਲੀ ਸ਼ਖਸੀਅਤ ਕਾਰਨ 'ਚਿੜਾ' ਆਖਦਾ, ਉਹਦੇ ਵਹਿਸ਼ੀ ਸੁਭਾਅ ਕਰਕੇ ਉਹਨੂੰ ਨਿਆਣੇ 'ਜੱਗਾ ਕਸਾਈ' ਵੀ ਆਖਦੇ। ਇਕ ਦਿਨ ਸਤਵੀਂ 'ਚ ਪੜ੍ਹਦੇ ਛਿੰਦੇ ਨੇ ਆਪਣੇ ਜਮਾਤੀ ਨਾਲ ਕਿੜ ਕੱਢਣ ਲਈ ਉਹਦੀ ਜਗਤਾਰ ਸਿੰਘ ਕੋਲ ਸ਼ਿਕਾਇਤ ਕਰ ਦਿੱਤੀ, "ਮਾਸਟਰ ਜੀ, ਥੋਨੂੰ ਜੀ ਜੰਟਾ, ਜੱਗਾ ਕਸਾਈ ਕਹਿੰਦਾ ਸੀ।" ਸੁਣਦਿਆਂ ਸਾਰ ਹੀ ਜਗਤਾਰ ਸਿੰਘ ਨੇ ਛਿੰਦੇ ਦੀ ਕੂਲੀ ਗੱਲ੍ਹ 'ਤੇ ਚਾਰ-ਪੰਜ ਕਰਾਰੀਆਂ ਚਪੇੜਾਂ ਜੜ੍ਹ ਦਿੱਤੀਆਂ। ਆਪਣਾ ਵਿਗੜਿਆ ਜਿਹਾ ਮੂੰਹ ਬਣਾ ਕੇ ਉਹ ਜਮਾਤ 'ਚ ਵਾਪਸ ਆ ਗਿਆ। ਵਿਚਾਰਾ ਸ਼ਿਕਾਇਤ ਦੀ ਸਫਲਤਾ ਦੇ ਪੱਖ ਵਿਚ, ਤੇ ਪਈ ਕੁੱਟ ਉਪਰ ਪੋਚਾ ਪਾਉਣ ਲਈ ਬੁੜਬੁੜ ਕਰਨ ਲੱਗਾ, "ਦੇਖਿਓ, ਕੱਲ੍ਹ ਨੂੰ ਸਵੇਰੇ ਕੀ ਬਣਦਾ? ਦੇਖ ਲਿਓ ਕੱਲ੍ਹ ਨੂੰ...!" ਸੁਣ ਕੇ ਸਭ ਦੇ ਮਨਾਂ ਵਿਚ ਉਤਸੁਕਤਾ ਪੈਦਾ ਹੋ ਗਈ ਕਿ ਦੇਖੋ, ਕੱਲ੍ਹ ਨੂੰ ਕੀ ਬਣਦਾ? ਸਭ ਨੂੰ ਪੱਕਾ ਯਕੀਨ ਸੀ ਕਿ ਹੁਣ ਜੰਟੇ ਦੀ ਖੈਰ ਨਹੀਂ।



ਇਵੇਂ ਹੀ ਹੋਇਆ ਸਗੋਂ ਇਸ ਤੋਂ ਵੀ ਕੁਝ ਵੱਧ ਹੋਇਆ। ਪ੍ਰਾਰਥਨਾ ਸਭਾ ਵਿਚ ਛਿੰਦੇ ਤੇ ਜੰਟੇ-ਦੋਹਾਂ ਨੂੰ ਖੜ੍ਹੇ ਕਰ ਲਿਆ ਗਿਆ। ਇਹ ਨਹੀਂ ਦੱਸਿਆ ਗਿਆ ਕਿ ਕੀਹਨੇ ਕੀਹਨੂੰ ਕੀ ਕਿਹਾ ਸੀ, ਦੋਹਾਂ ਉਪਰ ਰਲ ਕੇ ਸ਼ਰਾਰਤਾਂ ਕਰਨ ਦਾ ਸਾਂਝਾ ਦੋਸ਼ ਲਾਇਆ ਗਿਆ ਤੇ ਸਾਰੇ ਸਕੂਲ ਸਾਹਮਣੇ ਦੋਹਾਂ ਨੂੰ ਮੁਰਗਾ ਬਣਾ ਕੇ ਮਿਸਾਲੀ ਸਜ਼ਾ ਦਿੱਤੀ ਗਈ। ਡੰਡਾ ਟੁੱਟ ਜਾਣ ਤਕ ਜਗਤਾਰ ਸਿੰਘ ਦੇ ਡੰਡੇ ਦੋਹਾਂ ਦੀ ਪਿੱਠ 'ਤੇ ਵਰ੍ਹਦੇ ਰਹੇ।

ਜਗਤਾਰ ਸਿੰਘ ਦੀ ਕੁੱਟ ਸਕੂਲ ਪੜ੍ਹਨ ਵਾਲੇ ਬੱਚਿਆਂ ਦਰਮਿਆਨ ਨਰਕ ਵਿਚ ਪਾਪੀਆਂ ਨੂੰ ਦਿੱਤੀ ਜਾਂਦੀ ਜਮਦੂਤਾਂ ਦੀ ਸਜ਼ਾ ਸਮਾਨ ਸਮਝੀ ਜਾਂਦੀ ਸੀ। ਇਸ ਦੇ ਬਾਵਜੂਦ ਮਾਪਿਆਂ ਨੂੰ ਉਹਦੀ ਕੁੱਟ ਉਪਰ ਕਦੇ ਕੋਈ ਇਤਰਾਜ਼ ਨਹੀਂ ਸੀ ਹੋਇਆ। ਅਨਪੜ੍ਹਤਾ ਦਾ ਸਰਾਪ ਭੋਗ ਰਹੇ ਮਾਪੇ ਸਮਝਦੇ ਸਨ ਕਿ ਜਗਤਾਰ ਸਿੰਘ ਉਨ੍ਹਾਂ ਦੇ ਨਿਆਣਿਆਂ ਦੀ ਜ਼ਿੰਦਗੀ ਬਣਾ ਰਿਹਾ ਹੈ, ਉਨ੍ਹਾਂ ਦੀ ਅਗਲੀ ਪੀੜ੍ਹੀ ਦਾ ਭਵਿਖ ਸੰਵਾਰ ਰਿਹਾ ਹੈ। ਉਹ ਤਾਂ ਖੁਦ ਸਕੂਲ ਜਾ ਕੇ ਕਹਿ ਆਉਂਦੇ, "ਇਨ੍ਹਾਂ ਨੂੰ ਖਿੱਚ ਕੇ ਰੱਖਿਓ ਮਾਸਟਰ ਜੀ, ਕੋਈ ਲਿਹਾਜ਼ ਨੀ ਕਰਨਾ। ਰੰਬਾ ਤੇ ਜੁਆਕ ਚੰਡੇ ਹੀ ਠੀਕ ਰਹਿੰਦੇ ਆ, ਸਾਡੇ ਵੱਲੋਂ ਥੋਨੂੰ ਖੁੱਲ੍ਹੀ ਛੁੱਟੀ ਆ, ਬਸ ਬੰਦੇ ਬਣਾ ਦਿਓ ਇਨ੍ਹਾਂ ਨੂੰ।" ਮਾਸਟਰ ਮਾਪਿਆਂ ਦੀ ਇਸ ਪ੍ਰਵਾਨਗੀ ਦੇ ਸਹਾਰੇ ਨਿਆਣਿਆਂ ਨੂੰ 'ਬੰਦੇ' ਬਣਾਉਣ ਦਾ ਅਮਲ ਪੂਰੀ ਸ਼ਿੱਦਤ ਨਾਲ ਜਾਰੀ ਰੱਖਦੇ ਤੇ ਜਗਤਾਰ ਸਿੰਘ ਇਸ ਕੰਮ ਵਿਚ ਮੋਹਰੀ ਭੂਮਿਕਾ ਨਿਭਾ ਰਿਹਾ ਨਜ਼ਰ ਆਉਂਦਾ। ਨਿਆਣੇ ਰੋਜ਼ ਗਲਤੀਆਂ ਕਰਦੇ, ਰੋਜ਼ ਕੁੱਟ ਖਾਂਦੇ ਤੇ ਇੰਜ ਕੁੱਟ ਖਾਂਦੇ-ਖਾਂਦੇ ਪੜ੍ਹਾਈ ਅੱਧ-ਵਿਚਾਲੇ ਛੱਡ ਕੇ ਹੀ ਸਕੂਲੋਂ ਹਟ ਜਾਂਦੇ।

ਮਾਸਟਰ ਜਗਤਾਰ ਸਿੰਘ ਬਾਰੇ ਇਹ ਮਿੱਥ ਪ੍ਰਚਲਿਤ ਸੀ ਕਿ ਉਹਦਾ ਪੜ੍ਹਾਇਆ ਨਿਆਣਾ ਜਾਂ ਤਾਂ ਜ਼ਿੰਦਗੀ 'ਚ ਕੁਝ ਬਣ ਜਾਊ ਜਾਂ ਫਿਰ ਅੱਧ-ਵਿਚਾਲੇ ਸਕੂਲ ਛੱਡ ਕੇ ਭੱਜ ਜਾਊ। ਉਂਜ, ਇਸ ਮਿੱਥ ਦਾ ਕੇਵਲ ਪਿਛਲਾ ਅੱਧ ਹੀ ਸੱਚ ਸੀ। ਬਹੁਤੇ ਵਿਦਿਆਰਥੀ ਉਹਦੀ ਕੁੱਟ ਤੋਂ ਡਰਦੇ ਅੱਠਵੀਂ ਵਿਚ ਪਹੁੰਚਣ ਤੋਂ ਪਹਿਲਾਂ ਹੀ ਸਕੂਲ ਨੂੰ ਆਖਰੀ ਸਲਾਮ ਕਹਿ ਜਾਂਦੇ। ਮਾਲ-ਡੰਗਰ ਚਾਰਨ ਤੇ ਖੇਤੀ ਕਰਨ ਦੇ ਪੁਸ਼ਤੈਨੀ ਕੰਮ ਉਨ੍ਹਾਂ ਨੂੰ ਬਿਹਤਰ ਲੱਗਦੇ। ਮਾਂ-ਬਾਪ ਨੂੰ ਵੀ ਇਨ੍ਹਾਂ ਕਾਮੇ ਪੁੱਤਰਾਂ ਦਾ ਸਹਾਰਾ ਮਿਲ ਜਾਂਦਾ ਤਾਂ ਉਹ ਆਪਣਾ ਮਨ ਸਮਝਾ ਲੈਂਦੇ। ਜਿਹੜੇ ਵਿਦਿਆਰਥੀ ਪੜ੍ਹਾਈ ਵਿਚ ਨਿੱਤਰ ਆਉਂਦੇ, ਉਹ ਵੀ ਜਗਤਾਰ ਸਿੰਘ ਦੀ ਪੜ੍ਹਾਈ ਕਰਕੇ ਨਹੀਂ ਸਗੋਂ ਨਿੱਜੀ ਯਤਨਾਂ ਨਾਲ ਨਿੱਤਰਦੇ। ਰੱਟੇ ਆਦਿ 'ਤੇ ਵਾਹਵਾ ਜ਼ੋਰ ਦਿੰਦੇ।

'ਇਕ ਕਰੇਲਾ ਦੂਜਾ ਨਿੰਮ ਚੜ੍ਹਿਆ' ਵਾਲੇ ਹਾਲਾਤ ਸਨ ਸਕੂਲ ਵਿਚ। ਇਕ ਤਾਂ ਗਣਿਤ ਦਾ ਵਿਸ਼ਾ ਹੀ ਬਹੁਤ ਔਖਾ ਸਮਝਿਆ ਜਾਂਦਾ ਸੀ, ਦੂਜਾ ਪੜ੍ਹਾਉਣ ਵਾਲਾ ਜਰਵਾਣਾ ਸੀ। ਨਿਆਣੇ ਦੂਹਰੀ ਦਹਿਸ਼ਤ ਦਾ ਸ਼ਿਕਾਰ ਸਨ। ਇਕ, ਦੋ, ਤਿੰਨ, ਚਾਰ, ਪੰਜ, ਦਸ, ਪੰਦਰਾਂ, ਹਜ਼ਾਰ, ਦਸ ਹਜ਼ਾਰ ਆਦਿ ਅੰਕਾਂ ਤੋਂ ਵਧਦੀ-ਵਧਦੀ ਗੱਲ ਜਦੋਂ ਏ ਜਮ੍ਹਾਂ ਬੀ ਦਾ ਸੁਕੇਅਰ ਵੱਲ ਤੁਰਨ ਲੱਗਦੀ ਤਾਂ ਖੇਤਾਂ ਦੇ ਪੁੱਤ ਇਕ-ਇਕ ਕਰਕੇ ਹਥਿਆਰ ਸੁੱਟਣਾ ਸ਼ੁਰੂ ਕਰ ਦਿੰਦੇ। ਇਹ ਭਲਾ ਕੀ ਗਣਿਤ ਹੋਇਆ? ਜੁਮੈਟਰੀ ਵੀ ਭਲਾ ਕੀ ਬਲਾ ਹੋਈ? ਜਗਤਾਰ ਸਿੰਘ ਵੀ ਵਿਦਿਆਰਥੀਆਂ ਨੂੰ ਸਿੱਧਾ ਫਾਰਮੂਲਿਆਂ ਦੇ ਸਾਹਮਣੇ ਜਾ ਖਲ੍ਹਿਆਰਦਾ। ਫਾਰਮੂਲੇ ਰਟਾਉਣ ਦੀ ਜ਼ਿਦ ਕਰਦਾ। ਨਿਆਣੇ ਬੇਵੱਸ ਹੋ ਜਾਂਦੇ, ਕੁੱਟ ਖਾਂਦੇ ਤੇ ਸਿੱਟਾ ਉਨ੍ਹਾਂ ਦੇ ਸਕੂਲ ਛੱਡ ਜਾਣ ਵਿਚ ਹੀ ਨਿਕਲਦਾ।

ਨਿਆਣਿਆਂ ਨੂੰ ਇਹ ਗੱਲ ਵੀ ਅੱਖਰਦੀ ਸੀ ਕਿ ਜਗਤਾਰ ਸਿੰਘ ਛੁੱਟੀ ਬਹੁਤ ਘੱਟ ਕਰਦਾ। ਸਕੂਲ ਆ ਕੇ ਉਹ ਬਿਲਾ ਨਾਗਾ ਆਪਣੇ ਸਾਰੇ ਪੀਰੀਅਡ ਲਾਉਂਦਾ। ਉਹਦੇ ਹੁਕਮ ਦੀ ਤਾਮੀਲ ਕਰਦਾ ਮਨੀਟਰ ਹਮੇਸ਼ਾ ਡੰਡਾ ਮੇਜ 'ਤੇ ਹਾਜ਼ਰ ਰੱਖਦਾ। ਪੜ੍ਹਾਉਂਦਿਆਂ ਉਹਦੇ ਇਕ ਹੱਥ ਕਿਤਾਬ ਤੇ ਦੂਜੇ ਹੱਥ ਡੰਡਾ ਹੁੰਦਾ। ਇਕ ਵੇਰਾਂ ਜਮਾਤੀਆਂ ਨੇ ਰਾਇ ਕਰਕੇ ਮਨੀਟਰ ਨੂੰ ਮਨਾ ਲਿਆ ਕਿ ਉਹ ਡੰਡਾ ਛੇਤੀ ਟੁੱਟ ਜਾਣ ਵਾਲਾ ਲਿਆਇਆ ਕਰੇ। ਇਸ ਤਰ੍ਹਾਂ ਦਾ ਡੰਡਾ ਆਇਆ ਤਾਂ ਮਨੀਟਰ ਦੀ ਸ਼ਾਮਤ ਆ ਗਈ। ਇਹ ਡੰਡਾ ਪੂਰੇ ਦਾ ਪੂਰਾ ਮਨੀਟਰ ਉਪਰ ਹੀ ਵਰ੍ਹਿਆ ਤੇ ਅੱਗੋਂ ਤੋਂ ਮਨੀਟਰ ਸਮਝ ਗਿਆ ਕਿ ਉਹਦੀ ਚਲਾਕੀ ਇਸ ਵੱਢਖਾਣੇ ਅੱਗੇ ਨਹੀਂ ਚੱਲਣੀ। ਵਿਚਾਰਾ ਬੇਵਸ ਸੀ, ਅਸਤੀਫਾ ਵੀ ਨਹੀਂ ਸੀ ਦੇ ਸਕਦਾ। ਕੀ ਹੁਸ਼ਿਆਰ ਤੇ ਕੀ ਕਮਜ਼ੋਰ, ਹਰ ਕੋਈ ਕਿਸੇ ਨਾ ਕਿਸੇ ਕਾਰਨ ਜਗਤਾਰ ਸਿੰਘ ਦੇ ਕਹਿਰ ਦਾ ਸ਼ਿਕਾਰ ਹੋ ਹੀ ਜਾਂਦਾ ਸੀ।

ਸਕੂਲ ਦੇ ਕਰੀਬ ਸਾਰੇ ਅਧਿਆਪਕ ਨਿਆਣੇ ਨੂੰ ਸਜ਼ਾ ਦੇਣ ਦੇ ਆਪੋ-ਆਪਣੇ ਢੰਗ ਵਰਤਦੇ। ਕੋਈ ਥੱਪੜ ਜੜਨ ਵਿਚ ਮੁਹਾਰਤ ਰੱਖਦਾ ਸੀ, ਕੋਈ ਡੰਡਾ ਪਰੇਡ ਕਰਨ ਵਿਚ, ਕੋਈ ਨਿਆਣੇ ਦਾ ਕੰਨ ਮਰੋੜਦਾ, ਕੋਈ ਬਾਂਹ ਮਰੋੜਦਾ, ਕੋਈ ਗਿੱਚੀਓਂ ਫੜ ਕੇ ਧੌਣ ਮਰੋੜਦਾ ਤੇ ਕੋਈ ਹੂਰਾ ਮਾਰ ਕੇ ਦਿਨੇ ਤਾਰੇ ਦਿਖਾ ਦਿੰਦਾ। ਸਾਰੇ ਮਾਸਟਰਾਂ ਦਾ ਮੰਨਣਾ ਸੀ ਕਿ ਨਿਆਣੇ ਕੁੱਟ ਤੋਂ ਬਿਨਾ ਨਹੀਂ ਪੜ੍ਹਦੇ, ਪਰ ਕਦੇ ਕਿਸੇ ਨੇ ਇਹ ਨਹੀਂ ਸੀ ਸੋਚਿਆ ਕਿ ਆਖਰ ਨਿਆਣੇ ਕੁੱਟ ਖਾ ਕੇ ਵੀ ਪੜ੍ਹਾਈ ਕਿਉਂ ਨਹੀਂ ਕਰਦੇ?

ਕਦੇ ਕਦੇ ਜਾਪਦਾ ਕਿ ਸਕੂਲ ਵਿਚ ਕੇਵਲ ਦੋ ਹੀ ਧਿਰਾਂ ਸਨ। ਇਕ ਕੁੱਟਣ ਵਾਲਿਆਂ ਦੀ ਅਤੇ ਦੂਜੀ ਕੁੱਟ ਖਾਣ ਵਾਲਿਆਂ ਦੀ। ਇਨ੍ਹਾਂ ਵਿਚਕਾਰ ਰਿਸ਼ਤਾ ਕੇਵਲ ਡਰ ਦਾ ਸੀ। ਅਧਿਆਪਕ ਦਾ ਮੂਲ ਮੰਤਰ ਸੀ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਡਰਾ ਕੇ ਰੱਖੋ, ਦੂਜੇ ਪਾਸੇ ਵਿਦਿਆਰਥੀਆਂ ਦੇ ਮਨ ਦਾ ਉਹ ਕੋਨਾ ਜੋ 'ਸਤਿਕਾਰ' ਲਈ ਰਾਖਵਾਂ ਹੁੰਦਾ ਹੈ, ਡਰ ਨਾਲ ਭਰ ਗਿਆ ਸੀ। ਫਿਰ ਵੀ ਅਧਿਆਪਕ ਵਿਦਿਆਰਥੀਆਂ ਪਾਸੋਂ ਸਤਿਕਾਰ ਦੀ 'ਮੰਗ' ਕਰਦੇ ਸਨ। ਇਕ ਵਾਰ ਨਲਕੇ ਤੋਂ ਪਾਣੀ ਪੀ ਕੇ ਮੁੜਦੇ ਰੂਪੇ ਨੂੰ ਇਕ ਮਾਸਟਰ ਨੇ ਪੁੱਛ ਲਿਆ,

"ਰੂਪਿਆ, ਕੀਹਦਾ ਪੀੜ (ਪੀਰੀਅਡ) ਆ ਓਏ!"

ਅੱਗਿਓਂ ਰੂਪੇ ਨੇ ਠਾਹ ਜਵਾਬ ਦਿੱਤਾ, "ਹਰਨੇਕ ਸਿੰਹੁ ਦਾ ਜੀ।"

ਜਵਾਬ ਵਿਚ ਥੱਪੜ ਮਾਰ ਕੇ ਹਰਨੇਕ ਸਿੰਘ ਨੇ ਰੂਪੇ ਨੂੰ ਸਮਝਾਇਆ, "ਕੱਲਾ ਹਰਨੇਕ ਸਿੰਹੁ ਕੀ ਹੋਇਆ? ਨਾਲ ਕੋਈ ਸ੍ਰੀ, ਸਰਦਾਰ ਵੀ ਲਾਈਦਾ, ਅੱਗੇ ਤੋਂ ਖਿਆਲ ਰੱਖੀਂ।"

ਤੇ ਰੂਪੇ ਨੇ ਅੱਗੇ ਤੋਂ ਪੂਰਾ ਖਿਆਲ ਰੱਖਿਆ, ਐਵੇਂ ਛੋਟੀ ਜਿਹੀ ਗੱਲ ਪਿੱਛੇ ਕੁੱਟ ਖਾਣ ਦਾ ਕੀ ਫਾਇਦਾ!

ਉਸੇ ਮਾਸਟਰ ਨੇ ਰੂਪੇ ਨੂੰ ਇਕ ਵਾਰ ਫਿਰ ਪਹਿਲਾਂ ਵਾਲਾ ਸਵਾਲ ਹੀ ਪੁੱਛ ਲਿਆ। ਰੂਪਾ ਇਕਦਮ ਸੁਚੇਤ ਹੁੰਦਾ ਬੋਲਿਆ, "ਸਰਦਾਰ ਭੈਣ ਜੀ ਦਾ ਪੀੜ ਆ ਜੀ!" ਮਾਸਟਰ ਇਸ ਵਾਰ ਰੂਪੇ ਦਾ ਕੁਝ ਨਾ ਕਰ ਸਕਿਆ। ਆਖਰ ਰੂਪਾ ਉਹਦੀ ਸਿਖਿਆ ਅਨੁਸਾਰ ਹੀ ਤਾਂ ਬੋਲਿਆ ਸੀ!

ਜਗਤਾਰ ਸਿੰਘ ਨਿਰਾ ਅਧਿਆਪਕ ਨਹੀਂ ਸੀ, ਖੇਤੀਬਾੜੀ ਦਾ ਕੰਮ ਵੀ ਕਰਦਾ ਸੀ। ਪਤਨੀ ਘਰੇਲੂ ਔਰਤ ਸੀ। ਦੋ ਬੱਚੇ ਸਨ। ਦੋਵੇਂ ਮੁੰਡੇ ਸਕੂਲ ਵਿਚ ਪੜ੍ਹਦੇ ਸਨ। ਉਹਦਾ ਪਿੰਡ ਮੇਰੇ ਪਿੰਡੋਂ ਕੋਈ ਤਿੰਨ ਕੁ ਮੀਲ ਸੀ। ਪਹਿਲਾਂ ਪਹਿਲ ਬਾਕੀ ਮਾਸਟਰਾਂ ਵਾਂਗ ਉਹ ਸਾਈਕਲ 'ਤੇ ਸਕੂਲ ਆਉਂਦਾ ਹੁੰਦਾ ਸੀ। ਫਿਰ ਉਹਨੇ ਮੋਟਰਸਾਈਕਲ ਲੈ ਲਿਆ। ਦੂਰੋਂ ਹੀ ਉਹਦੇ ਮੋਟਰ ਸਾਈਕਲ ਦੀ ਅਵਾਜ਼ ਸੁਣਦੀ ਤਾਂ ਇਉਂ ਲੱਗਦਾ, ਜਿਵੇਂ ਸਾਡੇ 'ਤੇ ਪਾਕਿਸਤਾਨੀ ਟੈਂਕ ਬਸ ਚੜ੍ਹਨ ਹੀ ਵਾਲੇ ਹਨ।



ਵਰ੍ਹੇ ਬੀਤ ਗਏ। ਸਕੂਲੋਂ ਨਿਕਲ ਕੇ ਜਿਉਂ ਹੀ ਮੈਂ ਬਾਹਰ ਕਾਲਜਾਂ, ਯੂਨੀਵਰਸਿਟੀਆਂ ਵਿਚ ਨਿਕਲਿਆ, ਸਕੂਲ ਗੇੜਾ ਮਾਰਨ ਨੂੰ ਕਦੇ ਰੂਹ ਹੀ ਨਹੀਂ ਕੀਤੀ। ਇਥੇ ਮੈਂ ਇਕ ਤੋਂ ਬਾਅਦ ਇਕ ਵਿਦਿਆਰਥੀ ਨੂੰ ਜਗਤਾਰ ਸਿੰਘ ਦੀ ਕੁੱਟ ਤੋਂ ਦੁਖੀ ਹੋ ਕੇ ਪੜ੍ਹਾਈ ਅੱਧ-ਵਿਚਾਲੇ ਛੱਡ ਕੇ ਨੱਠਦਿਆਂ ਦੇਖਿਆ ਸੀ ਤੇ ਇਹ ਗੱਲ ਸੋਚ ਕੇ ਮੇਰੇ ਮਨ ਵਿਚ ਅਕਸਰ ਪੀੜ ਜਿਹੀ ਉਠਦੀ ਰਹਿੰਦੀ। ਸਕੂਲਾਂ ਵਿਚ ਛੋਟੇ ਬਾਲ ਵੱਡੇ ਸੁਪਨੇ ਲੈਂਦੇ ਹਨ, ਇਥੇ ਨਿਆਣੇ ਬਸ ਇਕੋ ਸੁਪਨਾ ਲੈਂਦੇ ਕਿ ਉਹ ਸਕੂਲੋਂ ਭੱਜ ਜਾਣ ਤੇ ਮੁੜ ਕਦੀ ਵੀ ਇਥੇ ਵਾਪਸ ਨਾ ਆਉਣ। ਇਸੇ ਦੌਰਾਨ ਜਗਤਾਰ ਸਿੰਘ ਸੇਵਾ ਮੁਕਤ ਹੋ ਗਿਆ ਅਤੇ ਬੇਹੱਦ ਮਿਹਨਤੀ ਅਧਿਆਪਕ ਹੋਣ ਦਾ ਬਿੰਬ ਲੈ ਕੇ ਇਲਾਕੇ ਵਿਚ ਸੋਭਾ ਖੱਟ ਕੇ ਗਿਆ।

ਪਿੰਡ ਛੱਡ ਕੇ ਮੈਂ ਰਿਹਾਇਸ਼ ਲਾਗਲੇ ਕਸਬੇ ਵਿਚ ਕਰ ਲਈ। ਇਸ ਕਸਬੇ ਨੂੰ ਜਾਂਦਿਆਂ ਰਾਹ ਵਿਚ ਜਗਤਾਰ ਸਿੰਘ ਦਾ ਪਿੰਡ ਪੈਂਦਾ ਸੀ। ਜਦ ਵੀ ਪਿੰਡ ਗੇੜਾ ਵੱਜਦਾ, ਉਹ ਆਪਣੇ ਪਿੰਡ ਦੇ ਕਿਸੇ ਨਾ ਕਿਸੇ ਮੋੜ 'ਤੇ ਖੜ੍ਹਾ ਦਿਸ ਜਾਂਦਾ। ਸ਼ੁਰੂ-ਸ਼ੁਰੂ ਵਿਚ ਉਹ ਕਾਫੀ ਫੁਰਤੀਲਾ ਦਿਸਦਾ ਸੀ, ਬਿਲਕੁਲ ਆਪਣੇ ਸਕੂਲ ਦੇ ਦਿਨਾਂ ਵਾਂਗ। ਸਮਾਂ ਬੀਤਣ 'ਤੇ ਉਹ ਢਲ ਗਿਆ, ਛੀਂਟਕਾ ਸਰੀਰ ਕੰਗਰੋੜ ਜਿਹੀ ਵਿਚ ਤਬਦੀਲ ਹੁੰਦਾ ਗਿਆ। ਅੱਖਾਂ 'ਤੇ ਖੋਪੇਨੁਮਾ ਗੁੜ੍ਹੀਆਂ ਕਾਲੀਆਂ ਐਨਕਾਂ ਲੱਗ ਗਈਆਂ। ਸਿਰ 'ਤੇ ਪੀਲਾ ਪਟਕਾ ਬੰਨ੍ਹੀ ਉਹ ਸੜਕ ਦੇ ਮੋੜ 'ਤੇ ਬਣੇ ਚੌਂਤਰੇ ਉਪਰ ਅਕਸਰ 'ਕੱਠਾ ਜਿਹਾ ਹੋਇਆ ਬੈਠਾ ਦਿਸ ਪੈਂਦਾ। ਕਈ ਵਾਰ ਮੱਲੋਮੱਲੀ ਮਨ ਬਣਾਇਆ ਕਿ ਇਸ ਸ਼ਖਸ ਨਾਲ ਦੁੱਖ-ਸੁੱਖ ਕਰ ਹੀ ਜਾਵਾਂ, ਪਰ ਹਰ ਵਾਰੀ ਹੀ ਮੈਂ ਟਲ ਜਾਂਦਾ ਰਿਹਾ।

ਇਕ ਦਿਨ ਦਿਲ ਕਰੜਾ ਕਰਕੇ ਗੱਡੀ ਰੋਕ ਲਈ। ਸਾਈਡ 'ਤੇ ਗੱਡੀ ਪਾਰਕ ਕਰਕੇ ਝਿਜਕਦਾ ਜਿਹਾ ਜਗਤਾਰ ਸਿੰਘ ਕੋਲ ਗਿਆ। ਆਦਤਨ ਗੋਡੀਂ ਹੱਥ ਲਾਇਆ ਤੇ ਦੱਸਿਆ ਕਿ ਮੈਂ ਉਨ੍ਹਾਂ ਦਾ ਪੁਰਾਣਾ ਵਿਦਿਆਰਥੀ ਹਾਂ। ਉਹਨੇ ਅੱਗਿਓਂ ਕੋਈ ਪ੍ਰਤੀਕਰਮ ਨਾ ਦਿਖਾਇਆ। ਮੈਨੂੰ ਬਸ ਮਹਿਸੂਸ ਜਿਹਾ ਹੋਇਆ ਕਿ ਉਨ੍ਹਾਂ ਮੈਨੂੰ ਪਛਾਣ ਲਿਆ ਹੈ। ਬੜੀ ਮੱਧਮ ਜਿਹੀ ਅਵਾਜ਼ ਵਿਚ ਮੈਨੂੰ ਪੁੱਛਿਆ, "ਕੀ ਹਾਲ ਐ, ਤੂੰ ਤਾਂ ਲੱਗ ਗਿਆ ਸੀ ਨੌਕਰੀ 'ਤੇ?" ਮੈਂ ਅੱਗਿਓਂ ਸ਼ਿਸ਼ਟਾਚਾਰ ਵਜੋਂ ਕਿਹਾ, "ਜੀ ਹਾਂ, ਆਪ ਦੀ ਕਿਰਪਾ ਨਾਲ, ਹੋ ਹੀ ਗਿਆਂ ਗੁਜ਼ਾਰੇ ਜੋਗਾ।"

"ਨਿਆਣੇ ਕੀ ਕਰਦੇ ਆ?" ਰਸਮੀ ਜਿਹੀ ਦਿਲਚਸਪੀ ਨਾਲ ਉਹਨੇ ਪੁੱਛਿਆ।

"ਪੜ੍ਹ-ਲਿਖ ਗਏ, ਨੌਕਰੀਆਂ ਕਰਦੇ ਆ, ਸੈੱਟ ਆ ਸਾਰੇ।"

"ਚਾਹ ਪੀਏਂਗਾ?"

"ਨਹੀਂ, ਚਾਹ ਪਿੰਡੋਂ ਪੀ ਆਇਆ, ਥੋਡੇ ਦਰਸ਼ਨ ਹੋ'ਗੇ, ਧੰਨ ਭਾਗ ਆ।" ਫਿਰ ਸੋਚਿਆ, ਮੈਨੂੰ ਵੀ ਤਾਂ ਜਗਤਾਰ ਸਿੰਘ ਦੇ ਨਿਆਣਿਆਂ ਬਾਰੇ ਪੁੱਛਣਾ ਚਾਹੀਦਾ।

"ਭਲਾ ਆਪਣੇ ਮੁੰਡੇ ਕੀ ਕਰਦੇ ਆ ਮਾਸਟਰ ਜੀ? ਉਹ ਤਾਂ ਅਫਸਰ ਬਣ'ਗੇ ਹੋਣਗੇ।"

ਜਗਤਾਰ ਸਿੰਘ ਥੋੜ੍ਹਾ ਤ੍ਰਬਕਿਆ, ਜਿਵੇਂ ਤੜਫਿਆ ਹੋਵੇ, ਜਿਵੇਂ ਉਹਦੀ ਦੁਖਦੀ ਰਗ 'ਤੇ ਕਿਸੇ ਨੇ ਹੱਥ ਰੱਖ ਦਿੱਤਾ ਹੋਵੇ।

"ਅਫਸਰ ਨਾ ਕੁਝ ਹੋਰ, ਚਾਰ ਜਮਾਤਾਂ ਪੜ੍ਹਦੇ ਤਾਂ ਹੀ ਅਫਸਰ ਬਣਦੇ, ਐਥੇ ਖੇਤੀ-ਖੂਤੀ ਕਰਦੇ ਤੁਰਦੇ ਫਿਰਦੇ ਆ।"

ਥੋੜ੍ਹਾ ਵਕਫਾ ਲੈ ਕੇ ਮੈਂ ਪੁੱਛਿਆ, "ਮਾਸਟਰ ਜੀ, ਉਹ ਤਾਂ ਪੜ੍ਹੇ-ਲਿਖੇ ਇਨਸਾਨ ਦੇ ਪੁੱਤਰ ਸਨ, ਉਹ ਭਲਾ ਕਿਉਂ ਨਾ ਪੜ੍ਹੇ?"

ਜਗਤਾਰ ਸਿੰਘ ਦਾ ਬਿਰਧ ਚਿਹਰਾ ਜਿਵੇਂ ਤਣਿਆ ਜਿਹਾ ਗਿਆ ਹੋਵੇ। ਆਪਣੇ ਧੁਰ ਅੰਦਰੋਂ ਪਿੰਡ ਦੇ ਉਸ ਸਕੂਲ ਵੱਲ, ਜਿਥੇ ਉਹਦੇ ਮੁੰਡੇ ਪੜ੍ਹਦੇ ਰਹੇ ਸਨ, ਇਸ਼ਾਰਾ ਕਰਦਾ ਬੋਲਿਆ, "ਓਥੇ ਵੀ ਹੋਊ ਕੋਈ ਮਾਸਟਰ ਜਗਤਾਰ ਸਿੰਹੁ...!"

ਇਹ ਕਹਿ ਕੇ ਉਹ ਹੌਲੀ ਜਿਹੇ ਉਠਿਆ, ਪਲ ਭਰ ਮੇਰੇ ਵੱਲ ਵੇਖਿਆ, ਮਰਨਊ ਜਿਹੀ ਅਵਾਜ਼ 'ਚ ਬੋਲਿਆ, "ਅੱਛਾ ਫੇਰ, ਚਾਹ ਤਾਂ ਤੂੰ ਕਿਹਾ ਬਈ ਮੈਂ ਪੀਣੀ ਨੀ... ਅੱਛਾ ਫੇਰ... ਅੱਛਾ ਫੇਰ...!" ਕਹਿੰਦਿਆਂ, ਮੇਰੀ ਸਤਿ ਸ੍ਰੀ ਅਕਾਲ ਉਡੀਕੇ ਬਿਨਾ ਹੀ ਉਹ ਪੋਲੇ ਪੈਰ ਤੁਰਦਾ ਆਪਣੇ ਘਰ ਦੇ ਰਾਹ ਹੋ ਤੁਰਿਆ।

# ਇਕ ਛਿੱਟ ਚਾਨਣ ਦੀ

***ਡਾ. ਗੁਰਮਿੰਦਰ ਸਿੱਧੂ ਮੂਲ ਰੂਪ ਵਿਚ ਕਵਿੱਤਰੀ ਹੈ। ਉਸ ਨੇ ਔਰਤ ਦੇ ਜੀਵਨ ਦੇ ਬਹੁਤ ਸਾਰੇ ਪੱਖਾਂ ਬਾਰੇ ਕਵਿਤਾਵਾਂ ਲਿਖੀਆਂ, ਪਰ ਭਰੂਣ ਹੱਤਿਆ ਖਿਲਾਫ ਉਸ ਦੀ ਲਿਖੀ ਲੰਮੀ ਚਿੱਠੀ 'ਨਾ ਮੰਮੀ ਨਾ' ਬਹੁਤ ਮਕਬੂਲ ਹੋਈ। ਇਹ ਚਿੱਠੀ ਕੁੱਖ ਵਿਚ ਪਲ ਰਹੀ ਬੱਚੀ ਨੇ ਆਪਣੀ ਮਾਂ ਨੂੰ ਲਿਖੀ ਹੈ, ਜਿਸ ਨੂੰ ਉਸ ਦੀ ਮਾਂ ਨੇ ਸਿਰਫ ਕੁੜੀ ਹੋਣ ਕਾਰਨ, ਸਵੇਰੇ ਭਰੂਣ ਹੱਤਿਆ ਕਰਵਾ ਕੇ ਕਤਲ ਕਰ ਦੇਣਾ ਹੈ। 'ਇਕ ਛਿੱਟ ਚਾਨਣ ਦੀ' ਵਿਚ ਉਸ ਨੇ ਮਨੁੱਖਾ ਜੀਅ ਅੰਦਰ ਪਈ ਮਨੁੱਖਤਾ ਦੀ ਬਾਤ ਪਾਈ ਹੈ। ਇਸ ਨਾਲ ਉਨ੍ਹਾਂ ਦੇ ਜੀਵਨ ਦੇ ਅਣਛੋਹੇ ਪੱਖਾਂ ਬਾਰੇ ਚਾਨਣਾ ਪਾਇਆ ਹੈ। -ਸੰਪਾਦਕ***

ਚਾਨਣ ਦਾ ਵਣਜ ਕਰਦਿਆਂ ਕਦੀ-ਕਦੀ ਹੱਥਾਂ ਨੂੰ ਕਾਲਖ ਵੀ ਲੱਗ ਜਾਂਦੀ ਐ; ਇਹ ਹੈ ਤਾਂ ਬੇਇਤਬਾਰੀ ਜਿਹੀ ਗੱਲ ਪਰ ਮੇਰੇ ਨਾਲ ਵਾਪਰ ਚੱਲੀ ਸੀ।

ਮੈਂ ਉਦੋਂ ਐਮ. ਬੀ. ਬੀ. ਐਸ. ਦੇ ਤੀਜੇ ਸਾਲ ਦੀ ਵਿਦਿਆਰਥਣ ਸਾਂ। ਸਿਆਲ ਪੂਰੇ ਕਹਿਰ 'ਤੇ ਸੀ। ਉਹ ਸ਼ਾਮ ਤਾਂ ਅਸਲੋਂ ਹੀ ਬਰਫ-ਵੰਨੀ ਸੀ। ਠੱਕਾ ਹੱਡ ਚੀਰਦਾ ਜਾਂਦਾ ਸੀ। ਕੁੜੀਆਂ-ਚਿੜੀਆਂ ਸਭ ਆਲ੍ਹਣਿਆਂ ਵਿਚ ਦੁਬਕੀਆਂ ਹੋਈਆਂ ਸਨ। ਸੂਰਜ ਵੀ ਬੱਦਲਾਂ ਦੀ ਰਜਾਈ ਚੁੱਕੀ ਪੱਛਮੀ ਗੁੱਠ ਵੱਲ ਭੱਜ ਰਿਹਾ ਸੀ। ਗਰਲਜ਼ ਹੋਸਟਲ ਦੇ ਮਹਿਮਾਨ ਕਮਰੇ ਵਿਚ ਕੋਈ ਓਪਰਾ ਮੁੰਡਾ ਮੇਰੇ ਸਾਹਮਣੇ ਬੈਠਾ ਸੀ।

"ਡਾਕਟਰ ਗੁਰਮਿੰਦਰ, ਮੈਂ ਤੁਹਾਡਾ ਸੀਨੀਅਰ ਆਂ। ਫਾਈਨਲ ਯੀਅਰ ਦਾ ਡਾਕਟਰ ਬਲਕਾਰ ਸਿੰਘ। ਥੋਡੇ ਕੋਲ ਬਹੁਤ ਈ ਜ਼ਰੂਰੀ ਕੰਮ ਆਇਆਂ।"

"ਪਰ ਮੈਂ ਤਾਂ ਤੁਹਾਨੂੰ ਜਾਣਦੀ ਨਹੀਂ



**ਡਾ. ਗੁਰਮਿੰਦਰ ਸਿੱਧੂ**

ਡਾਕਟਰ ਸਾਹਿਬ।" ਮੈਂ ਕਸ਼ਮੀਰੀ ਦੁਸ਼ਾਲੇ ਦੀ ਬੁੱਕਲ ਨੂੰ ਹੋਰ ਘੁੱਟਦਿਆਂ ਕਿਹਾ।

"ਬਟ ਆਈ ਨੋਅ ਯੂ। ਥੋਡੇ ਆਰਟੀਕਲ ਪੜ੍ਹੇ ਨੇ ਕਾਲਜ ਮੈਗਜ਼ੀਨ ਵਿਚ। ਉਂਜ ਵੀ ਥੋਡੀ ਨੇਚਰ ਬਾਰੇ ਸਭ ਜਾਣਦੇ ਨੇ, ਮੇਰੀ ਪਰਾਬਲਮ ਸੌਲਵ ਕਰਦੋ ਪਲੀਜ਼... ਕਾਈਂਡਲੀ...।"

"ਕੀ ਪਰਾਬਲਮ ਐ ਡਾਕਟਰ ਬਲਕਾਰ?"

"ਮੇਰੀ ਭਾਣਜੀ ਆਈ ਐ ਬੁਢਲਾਡੇ ਤੋਂ। ਰੀਲਨ ਟਿਊਮਰ ਐ। ਡਾਕਟਰ ਸਾਰੋਂਵਾਲਾ ਨੂੰ ਦਿਖਾਉਣੈਂ। ਜਦੋਂ ਨੂੰ ਉਹ ਪਹੁੰਚੀ, ਆਊਟਡੋਰ ਬੰਦ ਹੋ ਗਿਆ। ਹੁਣ ਥੋਨੂੰ ਪਤੈ, ਤਿੰਨ ਦਿਨਾਂ ਬਾਅਦ ਐ ਉਨ੍ਹਾਂ ਦੀ ਯੂਨਿਟ ਦੀ ਵਾਰੀ।"

"ਹਾਂ ਜੀ, ਉਹ ਤਾਂ ਹੈ ਪਰ ਮੈਂ ਕੀ ਕਰ ਸਕਦੀ ਆਂ ਇਹਦੇ 'ਚ?"

"ਮੈਂ ਉਹਨੂੰ ਠਹਿਰਾਣ ਦਾ ਕੋਈ ਇੰਤਜ਼ਾਮ ਨਹੀਂ ਕਰ ਸਕਿਆ। ਹੁਣ ਇਹੋ ਜਿਹੇ ਵੇਲੇ ਕਿਥੇ ਘੱਲਾਂ ਉਹਨੂੰ? ਆਵਦੇ ਕੋਲ ਵੀ ਨੀ ਰੱਖ ਸਕਦਾ।"

"ਕਿਉਂ?"

"ਮੈਂ ਸੀਨੀਅਰ ਬੁਆਏਜ਼ ਹੋਸਟਲ 'ਚ ਰਹਿਨਾਂ ਵਾਂ। 'ਕੱਲੀ ਕੁੜੀ। ਮੁੰਡੇ ਤਾਂ ਊਂਈ ਭੂਤਰ ਜਾਂਦੇ ਐ। ਤੁਸੀਂ ਉਹਨੂੰ ਆਪਣੇ ਰੂਮ 'ਚ ਠਹਿਰਾ ਲਓ ਪਲੀਜ਼। ਸਿਰਫ ਤਿੰਨ ਦਿਨਾਂ ਦੀ ਗੱਲ ਹੈ। ਥੋਡੇ ਤੋਂ ਸਿਵਾ ਕੋਈ ਨ੍ਹੀਂ ਦਿਸਦਾ, ਜਿਹਦਾ ਮਿੰਨਤ-ਤਰਲਾ ਕਰ ਲਾਂ। ਥੋਡਾ ਅਹਿਸਾਨ...।"

"ਅਹਿਸਾਨ ਦੀ ਕੋਈ ਗੱਲ ਨ੍ਹੀਂ ਡਾਕਟਰ ਸਾਹਿਬ! ਛੱਡ ਜੋ ਉਹਨੂੰ ਮੇਰੇ ਕੋਲ। ਮੈਂ ਪੂਰਾ ਖਿਆਲ ਰੱਖੂੰਗੀ। ਫਿਕਰ ਨਾ ਕਰੋ।"

"ਥੈਂਕ ਯੂ ਡਾਕਟਰ ਗੁਰਮਿੰਦਰ! ਥੈਂਕ ਯੂ ਸੋ ਮੱਚ।"

ਚਿੰਤਾ ਨਾਲ ਤਿੜਕੇ ਚਿਹਰੇ ਉਤੇ ਰਾਹਤ ਦਾ ਪੋਚਾ ਫਿਰ ਗਿਆ।

ਘੰਟੇ ਕੁ ਬਾਅਦ ਉਹ ਕੁੜੀ ਨੂੰ ਛੱਡ ਗਿਆ। ਸਾਊ ਜਿਹਾ ਮੁਖੜਾ। ਲੰਮੀ-ਲੰਝੀ। ਹੱਥ ਲਾਇਆਂ ਮੈਲੀ ਹੋਣ ਵਾਲੀ ਪਰ ਅੰਤਾਂ ਦੀ ਖਾਮੋਸ਼। ਆਂਡਿਆਂ ਦੀ ਭੁਰਜੀ ਨਾਲ ਗਰਮਾ-ਗਰਮ ਪਰੌਂਠੇ ਖਾਂਦੀ ਵੀ ਉਹ ਜਿਵੇਂ ਚੁੱਪ ਦੇ ਭੋਰੇ ਵਿਚ ਲੱਥੀ ਰਹੀ।

'ਖਬਰਨੀ ਕਿੰਨੀ ਕੁ ਤਕਲੀਫ ਐ ਵਿਚਾਰੀ ਨੂੰ? ਪਰ ਪੁੱਛ ਕੇ ਕਾਹਨੂੰ ਇਹਦਾ ਦੁੱਖ ਵਧਾਵਾਂ।' ਮੈਂ ਉਹਦਾ ਦਿਲ ਲੁਆਉਣ ਲਈ ਹੋਰ-ਹੋਰ ਗੱਲਾਂ ਕਰਨ ਲੱਗੀ।

"ਅੱਛਾ, ਪਰਮਿੰਦਰ ਐ ਤੇਰਾ ਨਾਂ? ਇਹ ਤਾਂ ਮੇਰੀ ਭੈਣ ਦਾ ਵੀ ਨਾਂ ਐ। ਫਿਰ ਤਾਂ ਤੂੰ ਮੇਰੀ ਛੋਟੀ ਭੈਣ ਹੋਈ। ਟੈਨਸ਼ਨ ਨਾ ਲੈ ਬਿਲਕੁਲ, ਜਿਵੇਂ ਮਰਜ਼ੀ ਰਹਿ। ਜੋ ਖਾਣ ਨੂੰ ਚਿੱਤ ਕਰੇ, ਮੈਨੂੰ ਦੱਸੀਂ।"

"ਚੰਗਾ ਜੀ।" ਕੋਸੇ-ਕੋਸੇ ਦੁੱਧ ਦਾ ਗਲਾਸ ਫੜਦੇ ਮਲੂਕ ਹੱਥਾਂ ਦੀ ਲਰਜ਼ਿਸ਼ ਮੇਰੇ ਅੰਦਰ ਤਰਸ ਦੀ ਨਦੀ ਵਗਾ ਗਈ।

"ਲੈ ਦੇਖ! ਤੈਨੂੰ ਆਪਣੀ ਭੈਣ ਦੀ ਫੋਟੋ ਦਿਖਾਵਾਂ। ਨਾਲੇ ਬਾਕੀ ਘਰਦਿਆਂ ਦੀ।"

ਮੈਂ ਉਹਨੂੰ ਆਪਣੀ ਨਿੱਕੀ ਜਿਹੀ ਐਲਬਮ ਦਿਖਾਉਣ ਲੱਗੀ। ਹੌਲੀ-ਹੌਲੀ ਉਹਦੇ ਮੁਖੜੇ ਤੋਂ ਉਦਾਸੀ ਦਾ ਖਲੇਪੜ ਲਹਿ ਗਿਆ। ਅਗਲਾ ਸਾਰਾ ਦਿਨ ਉਹ ਵਾਹਵਾ ਖੇੜੇ ਵਿਚ ਰਹੀ। ਬਿਮਾਰ ਤਾਂ ਕਿਸੇ ਪਾਸਿਓਂ ਲੱਗਦੀ ਹੀ ਨਹੀਂ ਸੀ ਉਹ, 'ਚਲੋ ਹੋਊਗੀ ਕੋਈ ਗੁੱਝੀ ਮਰਜ਼।'

ਸੰਧਿਆ ਵੇਲੇ ਅਸੀਂ ਮੈੱਸ ਵਿਚੋਂ ਚਾਹ ਪੀ ਕੇ ਬਾਹਰ ਨਿਕਲੀਆਂ ਹੀ ਸਾਂ ਕਿ ਸਾਹਮਣਿਓਂ ਭੁਪਿੰਦਰ ਦਾ ਮੰਗੇਤਰ ਦਰਸ਼ਨ ਆਉਂਦਾ ਦਿਸਿਆ। ਭੁਪਿੰਦਰ ਉਹਦੇ ਕੋਲ ਬੈਠ ਗਈ, ਤੇ ਅਸੀਂ 'ਸਤਿ ਸ੍ਰੀ ਅਕਾਲ' ਬੁਲਾ ਕੇ ਉਪਰ ਕਮਰੇ ਵਿਚ ਆ ਗਈਆਂ। ਥੋੜ੍ਹੀ ਦੇਰ ਬਾਅਦ ਚੌਕੀਦਾਰ ਮੈਨੂੰ ਸੱਦਣ ਆ ਗਿਆ।

"ਇਹ ਲੜਕੀ ਤੇਰੇ ਕੋਲ ਕਿਵੇਂ ਐ? ਕਿੱਦਾਂ ਜਾਣਦੀ ਐਂ ਤੂੰ ਇਹਨੂੰ?" ਮੇਰੇ ਕੁਰਸੀ 'ਤੇ ਬਹਿਣ ਤੋਂ ਪਹਿਲਾਂ ਹੀ ਦਰਸ਼ਨ ਬੋਲਿਆ। ਉਹ ਮੈਨੂੰ ਭੈਣਾਂ ਤੋਂ ਵੀ ਵੱਧ ਸਮਝਦੈ। ਹੁਣ ਅਮਰੀਕਾ ਵਿਚ ਨੇ ਦੋਵੇਂ ਜੀਅ ਅਤੇ ਸਾਡੇ ਮੋਹ-ਮੁਹੱਬਤ ਦੀਆਂ ਤੰਦਾਂ ਓਨੀਆਂ ਹੀ ਪੀਡੀਆਂ ਨੇ। ਮੈਂ ਸਾਰੀ ਰਾਮ ਕਹਾਣੀ ਸੁਣਾ ਦਿੱਤੀ।

"ਕੋਈ ਬਮਾਰ-ਬਮੂਰ ਨਹੀਂ ਐ ਉਹ, ਨਾ ਈ ਬਲਕਾਰ ਦੀ ਭਾਣਜੀ ਐ, ਕੱਢ ਕੇ ਲਿਆਂਦੀ ਐ ਕਿਤੋਂ। ਕਈ ਦਿਨ ਹੋਸਟਲ 'ਚ ਰੰਗ-ਰਲੀਆਂ ਚੱਲਦੀਆਂ ਰਹੀਆਂ। ਹੁਣ ਬਹੁਤਾ ਰੌਲਾ ਪੈ ਗਿਆ ਤਾਂ ਤੇਰੇ ਕੋਲ ਛੱਡ ਗਿਆ। ਤੂੰ ਜਾਣਦੀ ਕਿਵੇਂ ਐਂ ਇਹਨੂੰ?" ਮੱਥੇ ਉਤੇ ਤਿਓੜੀਆਂ ਦਾ ਜਾਲ ਬੁਣਿਆ ਗਿਆ।

"ਬਾਈ ਗੌਡ ਦਰਸ਼ਨ! ਮੈਂ ਬਿਲਕੁਲ ਨ੍ਹੀਂ ਜਾਣਦੀ। ਬੱਸ ਮੈਨੂੰ ਤਰਸ ਆ ਗਿਆ।"

"ਤਰਸ-ਤੁਰਸ ਗਿਆ ਘਾਹ ਚਾਰਨ। ਇਹਨੂੰ ਫਟਾਫਟ ਚਲਦੀ ਕਰੋ ਇਥੋਂ।"

ਮੇਰੇ ਤੇ ਭੁਪਿੰਦਰ ਦੇ ਤਾਂ ਜਿਵੇਂ ਸਾਨ ਹੀ ਮਾਰੇ ਗਏ।

"ਉਪਰ ਜਾਓ ਇਮੀਜੀਏਟਲੀ ਤੇ ਕੱਢੋ ਉਹਨੂੰ।" ਉਹ ਇਕ ਝਟਕੇ ਨਾਲ ਸੋਫੇ ਤੋਂ ਉਠਿਆ ਤੇ ਬਿਨਾ ਕੁਝ ਖਾਧੇ-ਪੀਤੇ ਕਾਹਲੇ ਕਦਮੀਂ ਪਰਤ ਗਿਆ। ਅਸੀਂ ਦੋਵੇਂ ਸਿੱਲ ਪੱਥਰ ਹੋਈਆਂ ਉਥੇ ਹੀ ਬੈਠੀਆਂ ਰਹੀਆਂ।

"ਕਿਵੇਂ ਕਰੀਏ ਭੂਪੀ ਹੁਣ?" ਮੈਂ ਜਿਵੇਂ ਕਿਸੇ ਕਬਰ ਵਿਚੋਂ ਬੋਲੀ।

"ਕਰਨਾ ਕੀ ਐ, ਉਹਨੂੰ ਜਾ ਕੇ ਕਹਿ ਦੇ ਕਿ ਮੈਡਮ! ਆਵਦੇ ਰਹਿਣ ਦਾ ਪ੍ਰਬੰਧ ਕਿਤੇ ਹੋਰ ਕਰ ਲੈ ਤੇ ਇਥੋਂ ਜਾਹ।"

"ਇਉਂ ਕਿਵੇਂ ਕਹਿ ਦਿਆਂ ਇਕਦਮ? ਉਹਦੇ ਦਿਲ 'ਤੇ ਕੀ ਬੀਤੂਗੀ?"

"ਦਿਲ ਨੂੰ ਮਾਰ ਤੂੰ ਗੋਲੀ। ਆਪਾਂ ਵੀਰ ਜੀ ਦੇ ਘਰ ਚੱਲਦੇ ਆਂ।"

ਭੰਵਰਾਂ ਵਿਚ ਗੋਤੇ ਖਾਂਦੀ ਸੁਰਤ ਨੂੰ ਕਿਨਾਰਾ ਜਿਹਾ ਨਜ਼ਰੀਂ ਪਿਆ।

"ਚੱਲ, ਇਹ ਠੀਕ ਐ! ਉਠ ਫਿਰ। ਤਿੱਤਰ ਹੋਈਏ।"

ਅਸੀਂ ਦਗੜ-ਦਗੜ ਪੌੜੀਆਂ ਚੜ੍ਹਨ ਲੱਗੀਆਂ।

ਵੀਰ ਜੀ ਮਲਕੀਤ ਸਿੰਘ ਮੇਰੇ ਪਿੰਡ ਸਿਧਵਾਂ ਬੇਟ ਤੋਂ ਹਨ, ਸਾਡੇ ਗੁਆਂਢ 'ਚੋਂ, ਤੇ ਉਹ ਵੀ ਮੇਰੇ ਨਾਲ ਕਦੇ ਸਕੇ ਭਰਾਵਾਂ ਤੋਂ ਘੱਟ ਨਹੀਂ ਵਰਤੇ। ਉਨ੍ਹਾਂ ਤੋਂ ਵੀ ਉਤੋਂ ਦੀ ਡੁੱਲ੍ਹ-ਡੁੱਲ੍ਹ ਪੈਂਦਾ ਪਿਆਰ ਦਿੱਤਾ ਹੈ ਭਾਬੀ ਜੀ ਨੇ। ਉਹ ਘਰ ਮੇਰੇ ਲਈ ਸੱਚਮੁੱਚ ਪਟਿਆਲੇ ਦਾ ਕਿਲ੍ਹਾ ਸੀ।

"ਪਰਮਿੰਦਰ, ਮੇਰੇ ਲੋਕਲ-ਗਾਰਡੀਅਨ ਦੇ ਘਰ ਅਚਾਨਕ ਕੋਈ ਐਮਰਜੈਂਸੀ ਹੋ ਗਈ ਐ, ਸਾਨੂੰ ਜਾਣਾ ਪੈਣੈਂ ਹੁਣੇ।" ਮੈਂ ਅਲਮਾਰੀ ਵਿਚੋਂ ਪਰਸ ਕੱਢਦਿਆਂ ਆਖਿਆ। ਭੁਪਿੰਦਰ ਨੇ ਉਹਦਾ ਬੈਗ ਕਮਰੇ ਵਿਚੋਂ ਬਾਹਰ ਰੱਖ ਦਿੱਤਾ ਤੇ ਮੈਂ ਦਰਵਾਜੇ ਨੂੰ ਵੱਡਾ ਸਾਰਾ ਜਿੰਦਰਾ ਲਾ ਦਿੱਤਾ।

"ਬਹੁਤ ਜ਼ਿਆਦਾ ਈ ਐਮਰਜੈਂਸੀ ਹੋ ਗਈ ਐ ਪਰਮਿੰਦਰ! ਜਾਏ ਬਿਨਾ ਸਰਨਾ ਨ੍ਹੀਂ। ਤੂੰ ਬੱਲੀ, ਕਿਸੇ ਹੋਰ ਕੁੜੀ ਕੋਲ ਰਹਿ ਲੈ। ਇੰਨੀਆਂ ਕੁੜੀਆਂ ਨੇ ਏਥੇ, ਸੌਰੀ... ਹੈਂ?"

ਮੈਂ ਕਸੂਰਵਾਰ ਜਿਹੀ ਬਣੀ ਉਸ ਕੋਲੋਂ ਮੁਆਫੀ ਮੰਗ ਰਹੀ ਸਾਂ।

ਅਸੀਂ ਉਹਨੂੰ ਉਵੇਂ ਹੱਕੀ-ਬੱਕੀ ਖੜ੍ਹੀ ਛੱਡ ਕੇ ਹੋਸਟਲ ਦੇ ਗੇਟ ਤੋਂ ਬਾਹਰ ਹੋ ਗਈਆਂ। ਅਗਲੇ ਦਿਨ ਲੌਢੇ ਵੇਲੇ ਜਦੋਂ ਵਾਪਿਸ ਆਈਆਂ ਤਾਂ ਕੁੜੀਆਂ ਗਰੁੱਪਾਂ ਵਿਚ ਖੜ੍ਹੀਆਂ ਸਨ। ਸਾਰੇ ਪਾਸੇ ਰੌਲਾ ਪਿਆ ਹੋਇਆ ਸੀ। ਰਾਤੀਂ ਪੁਲਿਸ ਨੇ ਛਾਪਾ ਮਾਰਿਆ ਸੀ। ਇਕ-ਇਕ ਕੁੜੀ ਦੇ ਕਮਰੇ ਦੀ ਤਲਾਸ਼ੀ ਲਈ ਸੀ।

"ਓ ਮੇਰਿਆ ਰੱਬਾ!" ਮੈਂ ਅੰਦਰੋਂ ਕੁੰਡੀ ਲਾ ਕੇ ਧੜੈਂ ਕਰਕੇ ਮੰਜੇ ਉਤੇ ਡਿੱਗ ਪਈ।


"ਕੀ-ਕੀ ਬਣਨੀਆਂ ਸੀ ਮੇਰੇ ਨਾਲ। ਪੁਲਿਸ ਨੇ ਮੈਨੂੰ ਵੀ ਫੜ ਲੈਣਾ ਸੀ। ਕੌਣ ਮੇਰੇ 'ਤੇ ਵਿਸ਼ਵਾਸ ਕਰਦਾ? ਮੇਰੇ ਘਰਦੇ ਕੀ ਕਹਿੰਦੇ? ਕੀ ਕਰਦੇ? ਉਫ! ਸਭ ਕੁਝ ਸੁਆਹ ਹੋ ਜਾਣਾ ਸੀ। ਮੈਂ ਤਾਂ ਬਰਬਾਦ ਹੋ ਜਾਣਾ ਸੀ ਜਮ੍ਹਾਂ ਈ।" ਮੇਰੇ ਸਿਰ ਨੂੰ ਘੁਮੇਰਾਂ ਜਿਹੀਆਂ ਆਉਣ ਲੱਗੀਆਂ। ਅੱਖਾਂ ਅੱਗੇ ਭੰਬੂ ਤਾਰੇ ਨੱਚਣ ਲੱਗੇ।

ਜੇ ਕਿਤੇ ਉਦੋਂ ਦਰਸ਼ਨ ਮੈਨੂੰ ਸੁਚੇਤ ਕਰਨ ਦਾ 'ਮਹਾਂਕਰਮ' ਨਾ ਕਰਦਾ ਤਾਂ ਮੇਰੇ ਜੀਵਨ ਵਿਚ ਪਤਾ ਨਹੀਂ ਕਿਹੋ ਜਿਹੇ ਹਨੇਰੇ ਛਾ ਜਾਣੇ ਸਨ!

ਜਿਵੇਂ ਕਹਿੰਦੇ ਨੇ ਨਾ, 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ', ਮੈਂ ਸਾਵਧਾਨ ਫਿਰ ਵੀ ਨਹੀਂ ਸਾਂ ਹੋ ਸਕੀ। ਉਤੋਂ ਬਲਦੇਵ ਤਾਂ ਜਮ੍ਹਾਂ ਈ ਰੱਬ ਦਾ ਬੰਦਾ। ਉਹਨੇ ਤਾਂ ਵਾਗਾਂ ਹੀ ਖੁੱਲ੍ਹੀਆਂ ਛੱਡੀਆਂ ਹੋਈਆਂ ਨੇ। ਮੈਂ ਤਾਂ ਭਾਂਡੇ ਨੂੰ ਥੋੜ੍ਹਾ-ਬਹੁਤਾ ਟੁਣਕਾ ਲੈਂਦੀ ਹਾਂ, ਉਹ ਤਾਂ ਸਭ ਕੁਝ ਹੀ ਉਪਰ ਵਾਲੇ ਦੇ ਸਪੁਰਦ ਕਰ ਦਿੰਦਾ। ਤਿੰਨ ਵਾਰ ਬਹੁਤ ਲਾਚਾਰ ਤੇ ਬੇਹਾਲ ਦਿਸਦੇ ਅਜਨਬੀ ਬੰਦੇ ਸਾਡੇ ਘਰ ਕਈ-ਕਈ ਰਾਤਾਂ ਕੱਟ ਕੇ ਗਏ, ਜਿਨ੍ਹਾਂ ਨੇ ਆਪਣਾ ਪਤਾ-ਟਿਕਾਣਾ ਵੀ ਗਲਤ ਦੱਸਿਆ ਸੀ।

ਇਕ ਵਾਰ ਤਾਂ ਪੁੱਤਰ ਡੇਢ ਕੁ ਸਾਲ ਦਾ ਸੀ। ਜਿਹੜਾ ਬੰਦਾ ਫਟੇ-ਹਾਲੀਂ ਸਾਡੇ ਦਰ 'ਤੇ ਆਇਆ ਸੀ, ਉਸ ਦੇ ਕਹਿਣ ਅਨੁਸਾਰ, ਉਹਨੂੰ ਮਤਰੇਈ ਮਾਂ ਨੇ ਘਰੋਂ ਕੱਢ ਦਿੱਤਾ ਸੀ। ਉਹ ਕਈ ਹਫਤੇ ਰਿਹਾ। ਬੇਟੇ ਨੂੰ ਕੁੱਛੜ ਚੁੱਕ ਕੇ ਬਾਹਰ ਖਿਡਾਉਣ ਵੀ ਲੈ ਜਾਂਦਾ। ਬਾਅਦ 'ਚ ਕਿਸੇ ਤਰ੍ਹਾਂ ਉਹਦੇ ਫਰਾਡ ਹੋਣ ਦਾ ਭੇਤ ਲੱਗਿਆ। ਫਿਰ ਤਾਂ ਸਾਡੀ ਮਿੱਟੀ-ਪਿੱਟੀ ਹੀ ਗੁੰਮ ਹੋ ਗਈ। ਜੇ ਕਿਤੇ ਉਹ ਸਾਡੇ ਬੱਚੇ ਨੂੰ ਚੁੱਕ ਕੇ ਲੈ ਗਿਆ ਹੁੰਦਾ? ਪਰ ਸਾਡੇ ਨਾਲ ਉਨ੍ਹਾਂ ਤਿੰਨਾਂ ਨੇ ਕੋਈ ਬੁਰਾ ਨਹੀਂ ਕੀਤਾ। ਕੇਵਲ ਉਨ੍ਹਾਂ ਦੀਆਂ ਗੱਲਾਂ ਹੀ ਝੂਠ ਸਾਬਤ ਹੋਈਆਂ। ਪੜ੍ਹਨ-ਸੁਣਨ ਵਾਲੇ ਨੂੰ ਤਾਂ ਇਹ ਸਾਡੀ ਬਹੁਤ ਵੱਡੀ ਬੇਵਕੂਫੀ ਲੱਗੇਗੀ ਤੇ ਸ਼ਾਇਦ ਇਹ ਹੈ ਵੀ ਸੀ, ਪਰ ਇਹ ਭਲੇ ਵੇਲਿਆਂ ਦੀਆਂ ਬਾਤਾਂ ਨੇ। ਕੋਈ 40-50 ਵਰ੍ਹੇ ਪੁਰਾਣੀਆਂ, ਜਦੋਂ ਲੋਕ ਜਿਸ ਥਾਲੀ ਵਿਚ ਖਾਂਦੇ, ਉਸੇ ਵਿਚ ਛੇਕ ਨਹੀਂ ਸੀ ਕਰਦੇ ਹੁੰਦੇ।

ਉਂਜ ਵੀ ਉਜਾਲਿਆਂ ਵਿਚ ਵਿਸ਼ਵਾਸ ਮਰਨਾ ਨਹੀਂ ਚਾਹੀਦਾ, ਕਿਉਂਕਿ ਹਨੇਰੇ ਕਿੰਨੇ ਵੀ ਗਹਿਰੇ, ਕਿੰਨੇ ਵੀ ਗੂੜ੍ਹੇ ਹੋਣ, ਚਾਨਣ ਦੀ ਇਕ ਛਿੱਟ ਹੀ ਬਹੁਤ ਹੁੰਦੀ ਹੈ ਉਨ੍ਹਾਂ ਦਾ ਮੂੰਹ-ਤੋੜ ਜਵਾਬ ਬਣਨ ਲਈ, ਤੇ ਇਹ ਛਿੱਟ ਜਦੋਂ ਵਕਤ ਨੇ ਸਾਡੀ ਤਲੀ 'ਤੇ ਧਰੀ ਤਾਂ ਜਾਪਿਆ ਕਿ ਇਸ ਵਰਗੀ ਬਾਦਸ਼ਾਹਤ ਹੋਰ ਕਿਧਰੇ ਨਹੀਂ।



*ਡਾ. ਗੁਰਮਿੰਦਰ ਸਿੱਧੂ ਆਪਣੇ ਖਾਵੰਦ ਡਾ. ਬਲਦੇਵ ਸਿੰਘ ਨਾਲ।*

ਜੂਨ ਦੀ ਉਸ ਤਿੱਖੜ ਦੁਪਹਿਰ ਬਲਦੇਵ ਕਲਿਨਿਕ ਤੋਂ ਦੁਪਹਿਰ ਦੇ ਖਾਣੇ ਲਈ ਆਇਆ ਤਾਂ ਉਹਦੇ ਪਿਛੇ ਕੋਈ 18-19 ਸਾਲਾਂ ਦਾ ਪਰਵਾਸੀ ਮਜ਼ਦੂਰ ਬੈਠਾ ਸੀ। ਮੋਟਰਸਾਈਕਲ ਮੰਜੇ ਕੋਲ ਲਿਜਾ ਕੇ ਉਹਨੇ ਮੁੰਡੇ ਨੂੰ ਸਹਾਰਾ ਦੇ ਕੇ ਉਤਾਰਿਆ।

"ਕਿਸੇ ਹਵੇਲੀ ਦੇ ਬਾਹਰ ਬੈਠਾ ਹੂੰਗਰੇ ਮਾਰ ਰਿਹਾ ਸੀ। ਪਹਿਲਾਂ ਤਾਂ ਅਗਲੇ ਜਣੇ ਖੇਤਾਂ 'ਚ ਵਾਹੁੰਦੇ ਰਹੇ ਵਿਚਾਰੇ ਨੂੰ, ਹੁਣ ਜਦੋਂ ਜਮ੍ਹਾਂ ਈ ਕੰਮ ਕਰਨ ਤੋਂ ਆਰੀ ਹੋ ਗਿਆ ਤਾਂ ਘਰੋਂ ਕੱਢ ਕੇ ਅਹੁ ਮਾਰਿਆ।" ਮੇਰੇ ਪੁੱਛਣ ਤੋਂ ਪਹਿਲਾਂ ਹੀ ਬਲਦੇਵ ਬੋਲਿਆ।

"ਕੀ ਹੋਇਐ ਇਹਨੂੰ?"

"ਰਿਊਮੈਟਿਕ ਅਰਥਰਾਈਟਿਸ ਐ ਸ਼ਾਇਦ। ਪਹਿਲਾਂ ਇਹਨੂੰ ਰੋਟੀ-ਪਾਣੀ ਖੁਆ। ਫਿਰ ਦੇਖਦੇ ਆਂ।"

ਖੌਰੇ ਉਹ ਕਿੰਨਾ ਕੁ ਭੁੱਖਾ ਸੀ, ਮੂੰਗੀ ਮਸਰੀ ਦੀ ਦਾਲ ਨੂੰ ਹਾਬੜਿਆਂ ਵਾਂਗ ਪਿਆ।

ਥਰਮਾਮੀਟਰ ਲਾਇਆ ਤਾਂ ਇਕ ਸੌ ਪੰਜ ਡਿਗਰੀ ਬੁਖਾਰ। ਗੋਡੇ ਸੁੱਜੇ ਹੋਏ। ਲਾਲ ਸੂਹੇ। ਮਾੜੀ ਜਿਹੀ ਲੱਤ ਹਿੱਲਦੀ ਤਾਂ ਜ਼ੋਰ ਦੀ ਚੀਕਦਾ। ਅਸੀਂ ਉਹਦੇ ਪੈਨਸਿਲੀਨ ਦੇ ਟੀਕੇ ਲਾਉਂਦੇ, ਹੋਰ ਦਵਾਈ ਖੁਰਾਕ ਦਿੰਦੇ ਤੇ ਆਪੋ-ਆਪਣੇ ਕਲਿਨਿਕ ਨੂੰ ਤੁਰ ਜਾਂਦੇ।

"ਵੇ ਬਲਦੇਵ! ਭਾਈ ਤੁਸੀਂ ਤਾਂ ਓਪਰੇ ਬੰਦੇ ਨੂੰ ਰਾਖੀ ਬਿਠਾ ਜਾਨੇ ਐਂ, ਅਈਦਾਂ ਜਕੀਨ ਕਰਨ ਦਾ ਕੋਈ ਜਮਾਨੈ? ਨਾ ਜੇ ਕੋਈ ਚੋਰੀ-ਚੂਰੀ ਕਰਕੇ ਭੱਜ ਗਿਆ, ਫਿਰ?" ਕਦੀ ਕਦੀ ਕੋਈ ਗੁਆਂਢਣ ਆਖਦੀ।

"ਮਾਸੀ! ਤੁਰ ਤਾਂ ਇਹਤੋਂ ਹੁੰਦਾ ਨੀ, ਲੈ ਕੇ ਕੀ ਭੱਜ ਜੂ? ਨਾਲੇ ਸਾਡੇ ਕੋਲ ਹੈ ਕੀ, ਜਿਹੜਾ ਲੈ ਜੂ?" ਬਲਦੇਵ ਹੱਸਦਾ-ਹੱਸਦਾ ਜਵਾਬ ਦਿੰਦਾ।

ਤਿੰਨ ਕੁ ਮਹੀਨੇ ਦੀ ਤੀਮਾਰਦਾਰੀ ਨਾਲ ਮੁੰਡਾ ਨੌਂ-ਬਰ-ਨੌਂ ਹੋ ਗਿਆ। ਇਕ ਦਿਨ ਰਹਿਰਾਸ ਵੇਲੇ ਬਲਦੇਵ ਬੋਲਿਆ, "ਮਿੰਦਰ! ਕੋਈ ਪੈਸੇ-ਪੂਸੇ ਹੈਗੇ ਆ ਤਾਂ ਦੇਹ, ਬੁੱਧੀਰਾਮ ਆਵਦੇ ਘਰ ਜਾਣਾ ਚਾਹੁੰਦੈ।"

"ਮੇਰੇ ਕੋਲ ਕਿਥੇ ਪੈਸੇ? ਥੋਨੂੰ ਪਤਾ ਈ ਐ ਆਈ-ਚਲਾਈ ਦਾ।"

"ਇਉਂ ਨਾ ਕਰ ਜਾਨੇਮਨ! ਆਈ ਐਮ ਸ਼ੁਅਰ ਯੂ ਕੈਨ ਡੂ ਵੰਡਰਜ਼! ਵਿਚਾਰਾ ਕਈ ਦਿਨਾਂ ਦਾ ਆਖੀ ਜਾਂਦੈ, 'ਮੇਰੇ ਕੋ ਦੇਸ ਭੇਜ ਦੋ। ਮੇਰੇ ਕੋ ਦੇਸ ਭੇਜ ਦੋ।' ਕਰ ਨਾ ਕੋਈ ਬਾੜ੍ਹਾ-ਦਾੜ੍ਹਾ।"

"ਚਲਿਆ ਜਾਊਗਾ 'ਕੱਲਾ?"

"ਹਾਂ, ਹੁਣ ਕੀ ਐ ਉਹਨੂੰ? ਭੱਜਿਆ ਤਾਂ ਫਿਰਦੈ।"

ਆਖਿਰ ਮੈਂ ਆਪਣੀ ਬੁਗ੍ਹਨੀ ਤੋੜੀ। ਰੁਪਏ, ਦੋ ਰੁਪਏ, ਪੰਜ ਰੁਪਏ, ਦਸ ਰੁਪਏ, ਅਠਿਆਨੀਆਂ, ਚੁਆਨੀਆਂ ਦਾ ਢੇਰ ਦੇਖ ਕੇ ਬਲਦੇਵ ਖਿੜ ਗਿਆ।

"ਲੈ! ਇਹ ਤਾਂ ਕੰਮ ਈ ਬਣ ਗਿਆ। ਬਾਕੀ ਮੇਰੇ ਕੋਲ ਹੈਗੇ ਨੇ।" ਉਹ ਪੂਰੇ ਦੋ ਸੌ ਤਿਹਤਰ ਰੁਪਏ ਪਚੁੱਤਰ ਪੈਸੇ ਜੇਬ ਵਿਚ ਪਾਉਂਦਾ ਗੁਟਕਿਆ, "ਮੈਂ ਕਿਹਾ ਸੀ ਨਾ ਮਿੰਦਰ! ਯੂ ਆਰ ਗਰੇਟ। ਯੂ ਰੀਅਲ ਆਰ...।" ਫਿਰ ਮੇਰੀ ਹਥੇਲੀ 'ਤੇ ਨਿੱਕਾ ਜਿਹਾ ਬੋਸਾ ਦੇ ਕੇ ਗੁਣ-ਗੁਣਾਉਣ ਲੱਗਾ, "ਯਹੀ ਅਦਾ ਤੋ ਕਾਤਿਲ ਹੈ, ਜਿਸ ਨੇ ਹਮ ਕੋ ਮਾਰਾ ਹੈ।"

ਬੁੱਧੀ ਰਾਮ ਨੂੰ ਤਾਂ ਜਿਵੇਂ ਚਾਅ ਵਿਚ ਮਸਾਂ ਹੀ ਰਾਤ ਨਿਕਲੀ। ਉਹਦੇ ਪਲਸੇਟਿਆਂ ਨਾਲ ਮੁੜ-ਮੁੜ ਚੂਕਦੀ ਮੰਜੀ ਗਈ ਰਾਤ ਤਕ ਉਹਦੇ ਤਰਲੋ-ਮੱਛੀ ਹੋਣ ਦਾ ਗਵਾਹ ਬਣਦੀ ਰਹੀ। ਪਹੁ ਫੁਟਦਿਆਂ ਹੀ ਬਲਦੇਵ ਉਹਨੂੰ ਲੁਧਿਆਣੇ ਦੇ ਸਟੇਸ਼ਨ 'ਤੇ ਗੱਡੀ ਚੜ੍ਹਾ ਆਇਆ।

ਕੋਈ ਵੀਹ ਕੁ ਦਿਨ ਬਾਅਦ ਡਾਕੀਆ ਪੋਸਟਕਾਰਡ ਦੇ ਗਿਆ। ਬੁੱਧੀਰਾਮ ਦੇ ਪਿਤਾ ਨੇ ਟੁੱਟੀ-ਫੁੱਟੀ ਹਿੰਦੀ ਵਿਚ ਲਿਖਿਆ ਸੀ, "ਹਮ ਭਗਵਾਨ ਕੋ ਨਹੀਂ ਮਾਨਤਾ ਥਾ, ਲੇਕਿਨ ਇਬ ਮਾਨਤਾ ਹੂੰ। ਔਰ ਯੇ ਭੀ ਜਾਨਤਾ ਹੂੰ ਕਿ ਵੋ ਆਪ ਕੇ ਘਰ ਮੇਂ ਰਹਿਤਾ ਹੈ।"

ਉਸ ਵਰੋਸਾਈ ਘੜੀ ਅਸੀਂ ਦੋਵੇਂ ਚਾਨਣ-ਚਾਨਣ ਹੋ ਗਏ ਸਾਂ।

## ਹੋ ਗਏ

ਜਦ ਤੋਂ ਬੇ-ਪਰਵਾਹ ਹੋ ਗਏ ਹਾਂ
ਤਦ ਤੋਂ ਅਸੀਂ ਅਥਾਹ ਹੋ ਗਏ ਹਾਂ।
ਸਭ ਅੜਿਕੇ ਕੱਢ ਰਾਹਾਂ 'ਚੋਂ
ਜਿਉਂਦੇ ਜੀਅ ਸੁਆਹ ਹੋ ਗਏ ਹਾਂ।

ਜ਼ਿੰਦਗੀ 'ਚ ਬੜਾ ਮਜ਼ਾ ਆ ਰਿਹੈ
ਕਿਸੇ ਤੋਂ ਅਸੀਂ ਗੁਆ ਹੋ ਗਏ ਹਾਂ।
ਲੱਭ ਲਿਆ ਸਾਨੂੰ ਹੋਰ ਕਿਸੇ ਨੇ
ਓਹਦੇ ਨਾਲ ਰਵਾਂ ਹੋ ਗਏ ਹਾਂ।

ਹਲਕੀ ਫੁਲਕੀ ਜ਼ਿੰਦਗੀ ਹੋ ਗਈ
ਉਸ ਤੋਂ ਅਸੀਂ ਜੁਦਾ ਹੋ ਗਏ ਹਾਂ।
ਕਿਸੇ ਦੇ ਲਈ ਸਿਰ ਦਰਦ ਬਣ ਗਏ
ਕਿਸੇ ਦੇ ਲਈ ਦਵਾ ਹੋ ਗਏ ਹਾਂ।

ਬੇ-ਵਫਾ ਲਈ ਬੇ-ਗਵਾਹੀ
ਵਫਾ ਦੇ ਅਸੀਂ ਗਵਾਹ ਹੋ ਗਏ ਹਾਂ।
ਨਸ਼ਾ ਨਸ਼ੇ ਦਾ ਉਤਰ ਗਿਆ ਹੈ
ਹਵਾ ਦੇ ਨਾਲ ਹਵਾ ਹੋ ਗਏ ਹਾਂ।

ਪੰਜਾਂ ਦਾ ਮੁਕਾ ਕੇ ਝਗੜਾ
ਪੰਜਾਂ ਵਿਚ ਸਮਾ ਹੋ ਗਏ ਹਾਂ।
ਵਿਚ ਜਿਸਮ ਦੇ ਰਹਿੰਦੇ 'ਹਮਦਮ'
ਉਸ ਦੀ ਇੱਕ ਅਦਾ ਹੋ ਗਏ ਹਾਂ।

***-ਸੁਖਵਿੰਦਰ ਹਮਦਮ, ਬੋਦਲਾਂ ਵਾਲਾ***
***ਫੋਨ: 360-281-2624***

---

## ਅਮਲੀਨਾਮਾ

ਇਕੱਠੇ ਹੋ ਕੇ ਅਮਲੀਆਂ ਵਿਚਾਰ ਕੀਤੀ
ਆਪਣੀ ਗੱਲ ਨਾ ਕੋਈ ਵਿਚਾਰੇ ਭਾਈ।

ਇਲੈਕਸ਼ਨ ਨੇੜੇ ਹੈ ਆ ਗਿਆ ਲੱਗਦਾ
ਇਕੱਠੇ ਹੋ ਜਾਓ ਸਾਰੇ ਦੇ ਸਾਰੇ ਭਾਈ।

ਵੋਟਾਂ ਵਿਚ ਉਹਦੀ ਹੈ ਮਦਦ ਕਰਨੀ
ਜੋ ਮੁੱਦਾ ਆਪਣਾ ਵੀ ਵਿਚਾਰੇ ਭਾਈ।

ਤੰਗ ਹੱਦ ਤੋਂ ਜ਼ਿਆਦੇ ਹਾਂ ਹੁਣ ਹੋ ਗਏ
ਪਹਿਲਾਂ ਲੈਂਦੇ ਸੀ ਆਪਾਂ ਨਜ਼ਾਰੇ ਭਾਈ।

ਰੈਲੀ ਰੱਖੀਏ ਆਪਾਂ ਵੀ ਇੱਕ ਤਕੜੀ
ਇਕੱਠੇ ਹੋ ਅਮਲੀ ਚੋਟੀ ਦੇ ਸਾਰੇ ਭਾਈ।

ਵੱਡੇ ਫਲੈਕਸ ਲਵਾ ਦੇਈਏ ਕੰਧਾਂ ਉਤੇ
ਅਮਲੀ ਜਾਗਰੂਕਤਾ ਦੇ ਨਾਅਰੇ ਭਾਈ।

ਨਾਮ ਜੀਹਦਾ ਮਰਜ਼ੀ ਕੋਈ ਜਾਵੇ ਜਪੀ
ਵੋਟਾਂ ਪਾਇਓ 'ਵੱਡੇ ਅਮਲੀ' ਨੂੰ ਸਾਰੇ ਭਾਈ।

***-ਬਲਜਿੰਦਰ ਸਿੰਘ ਸਿੱਧੂ***
***ਗੁਲਾਮ ਪੱਤਰਾ, ਫਿਰੋਜ਼ਪੁਰ।***
***ਫੋਨ: 91-94179-00585***

# ਸਿਨੇਮਾ ਵਿਚ ਹਿੰਦੋਸਤਾਨ ਅਤੇ ਪਾਕਿਸਤਾਨ

ਭਾਰਤ ਪਾਕਿਸਤਾਨ ਦੇ ਰਿਸ਼ਤਿਆਂ ਵਿਚ ਬੇਸ਼ੱਕ ਤਲਖੀ ਦੇਖੀ ਜਾਂਦੀ ਹੈ ਪਰ ਦੋਹਾਂ ਦੇਸ਼ਾਂ ਦੇ ਪਿਛੋਕੜ 'ਤੇ ਬਣੀਆਂ ਫਿਲਮਾਂ ਦੀ ਸਫਲਤਾ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਸਰਹੱਦ ਦੇ ਦੋਵੇਂ ਪਾਸੇ ਵੱਖ ਵੱਖ ਵਿਸ਼ਿਆਂ 'ਤੇ ਬਣੀਆਂ ਫਿਲਮਾਂ ਬਹੁਤ ਪਸੰਦ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਫਿਲਮਾਂ ਵਿਚ ਵੰਡ ਤੋਂ ਲੈ ਕੇ ਸਰਹੱਦ ਤੇ ਜਾਸੂਸੀ ਦੀਆਂ ਕਹਾਣੀਆਂ ਨੂੰ ਦਰਸ਼ਕਾਂ ਵਲੋਂ ਖੂਬ ਪਿਆਰ ਮਿਲਦਾ ਹੈ। ਗਾਹੇ ਬਗਾਹੇ ਫਿਲਮਾਂ ਅਤੇ ਕਲਾਕਾਰਾਂ 'ਤੇ ਪਾਬੰਦੀ ਵੀ ਲੱਗਦੀ ਰਹੀ ਪਰ ਇਨ੍ਹਾਂ ਦੇ ਕਾਰੋਬਾਰ ਅਤੇ ਕਾਮਯਾਬੀ 'ਤੇ ਇਨ੍ਹਾਂ ਪਾਬੰਦੀਆਂ ਦਾ ਅਸਰ ਘੱਟ ਦਿਖਦਾ ਹੈ।

ਭਾਰਤ ਅਤੇ ਪਾਕਿਸਤਾਨ ਦੇ ਬਣਦੇ ਵਿਗੜਦੇ ਰਿਸ਼ਤੇ ਨਾ ਸਿਰਫ ਰਾਜਨੀਤੀ ਬਲਕਿ ਫਿਲਮਾਂ ਦੀ ਸਫਲਤਾ ਦੀ ਗਾਰੰਟੀ ਵੀ ਮੰਨੇ ਜਾਂਦੇ ਹਨ। ਦੋਹਾਂ ਮੁਲਕਾਂ ਦੇ ਤਲਖ ਰਿਸ਼ਤਿਆਂ ਨੂੰ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਏ 'ਚ ਚੰਗੀ ਥਾਂ ਮਿਲਦੀ ਹੈ। 1947 ਵਿਚ ਦੇਸ਼ ਵੰਡ ਨੂੰ ਲੈ ਕੇ ਹੁਣ ਤਕ ਸਾਹਿਤਕਾਰਾਂ ਅਤੇ ਫਿਲਮਸਾਜ਼ਾਂ ਦਾ ਇਹ ਪਸੰਦੀਦਾ ਵਿਸ਼ਾ ਰਿਹਾ ਹੈ। ਇਹ ਵਿਸ਼ਾ ਇਕੱਲੇ ਭਾਰਤੀ ਫਿਲਮਸਾਜ਼ਾਂ, ਕਹਾਣੀਕਾਰਾਂ ਅਤੇ ਰਾਜਨੇਤਾਵਾਂ ਨੂੰ ਹੀ ਨਹੀਂ ਪਾਕਿਸਤਾਨੀਆਂ ਨੂੰ ਵੀ ਭਾਉਂਦਾ ਹੈ। 2018 ਵਿਚ ਰਿਲੀਜ਼ ਹੋਈ ਫਿਲਮ 'ਰਾਜ਼ੀ' ਹੋਵੇ ਜਾਂ ਫਿਰ 1973 ਵਿਚ ਚੇਤਨ ਆਨੰਦ ਦੀ ਫਿਲਮ 'ਹਿੰਦੁਸਤਾਨ ਕੀ ਕਸਮ' ਹੋਵੇ; ਇਨ੍ਹਾਂ ਸਭ ਫਿਲਮਾਂ ਨੇ ਸਿਨੇਮਾ ਘਰਾਂ ਵਿਚ ਦਰਸ਼ਕਾਂ ਨੂੰ ਅੰਤ ਤਕ ਬੰਨ੍ਹ ਕੇ ਰੱਖਿਆ ਅਤੇ ਚੰਗੀ ਕਮਾਈ ਕੀਤੀ।

ਭਾਰਤ ਪਾਕਿਸਤਾਨ ਸਬੰਧਾਂ 'ਤੇ ਬਣੀਆਂ ਬਹੁਤੀਆਂ ਫਿਲਮਾਂ ਵਿਚ ਪੰਜਾਬ ਨੂੰ ਕੇਂਦਰ ਵਿਚ ਰੱਖ ਕੇ ਅੱਧੀ ਸੱਚਾਈ ਅਤੇ ਅੱਧੀਆਂ ਕਹਾਣੀਆਂ ਘੜੀਆਂ ਜਾਂਦੀਆਂ ਹਨ। ਇਨ੍ਹਾਂ ਫਿਲਮਾਂ ਦੀ ਸ਼ੂਟਿੰਗ ਵੀ ਪੰਜਾਬ ਵਿਚ ਹੁੰਦੀ ਹੈ। ਫਿਲਮ ਚਾਹੇ ਭਾਰਤ-ਪਾਕਿ ਜੰਗ 'ਤੇ ਆਧਾਰਤ ਹੋਵੇ ਜਾਂ ਫਿਰ ਦੇਸ਼ ਵੰਡ 'ਤੇ। ਦੇਖਿਆ ਜਾਵੇ ਤਾਂ 1947 ਵਿਚ ਵੰਡ ਦੇ ਸਮੇਂ ਜੋ ਸਥਿਤੀ ਪੈਦਾ ਹੋਈ ਸੀ, ਉਸ ਦਾ ਸੇਕ ਬੰਗਾਲ, ਗੁਜਰਾਤ ਅਤੇ ਰਾਜਸਥਾਨ ਨੇ ਵੀ ਝੱਲਿਆ ਸੀ, ਪਰ ਸਭ ਤੋਂ ਵੱਧ ਖਮਿਆਜ਼ਾ ਪੰਜਾਬ ਅਤੇ ਪੰਜਾਬ ਦੇ ਲੋਕਾਂ ਨੇ ਭੁਗਤਿਆ। ਸ਼ਾਇਦ ਇਸ ਦਰਦ ਨੂੰ ਫਿਲਮਸਾਜ਼ਾਂ ਨੇ ਆਪਣੇ ਆਪਣੇ ਨਜ਼ਰੀਏ ਤੋਂ ਮੂਰਤ ਰੂਪ ਦਿੱਤਾ ਹੈ, ਚਾਹੇ ਉਹ 'ਟਰੇਨ ਟੂ ਪਾਕਿਸਤਾਨ' ਹੋਵੇ ਜਾਂ ਫਿਰ 'ਪਿੰਜਰ'। ਇਹ ਦੋਵੇਂ ਹੀ ਭਾਰਤ ਵੰਡ ਦੇ ਦੋ ਦਸਤਾਵੇਜ਼ ਹਨ, ਜਿਨ੍ਹਾਂ ਨੂੰ 1947 ਤੋਂ ਬਾਅਦ ਪੈਦਾ ਹੋਏ ਲੋਕ ਵੰਡ ਦਾ ਸੇਕ ਝੱਲ ਚੁੱਕੇ ਲੋਕਾਂ ਦੀ ਜ਼ੁਬਾਨੀ ਜਾਂ ਫਿਰ ਫਿਲਮਾਂ ਦੀ ਕਹਾਣੀ ਵਿਚ ਦੇਖਦੇ ਆਏ ਹਨ। ਅਜਿਹੇ ਵਿਚ ਫਿਲਮਸਾਜ਼ਾਂ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤ-ਪਾਕਿ ਸਬੰਧਾਂ 'ਤੇ ਬਣੀਆਂ ਫਿਲਮਾਂ ਦੀ ਸ਼ੂਟਿੰਗ ਪੰਜਾਬ ਵਿਚ ਕਰਨ।



ਫਿਲਮ 'ਰਾਜ਼ੀ' ਵਿਚ ਆਲੀਆ ਭੱਟ

ਦੇਸ਼ ਵੰਡ ਦੇ ਪਿਛੋਕੜ 'ਤੇ ਬਣੀਆਂ ਫਿਲਮਾਂ ਦੀ ਲੰਮੀ ਸੂਚੀ ਹੈ। ਇਨ੍ਹਾਂ ਵਿਚ ਮੁੱਖ ਫਿਲਮਾਂ 'ਗਦਰ', 'ਪਿੰਜਰ', 'ਟਰੇਨ ਟੂ ਪਾਕਿਸਤਾਨ' 'ਸਦੀਆਂ' ਅਤੇ 'ਸਰਬਜੀਤ' ਸਮੇਤ ਦਰਜਨਾਂ ਅਜਿਹੀਆਂ ਫਿਲਮਾਂ ਹਨ, ਜਿਨ੍ਹਾਂ ਦੀ ਸ਼ੂਟਿੰਗ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿਚ ਹੋਈ ਹੈ। ਇਨ੍ਹਾਂ ਵਿਚ ਫਿਲਮਸਾਜ਼ਾਂ ਨੇ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਭਾਰਤ ਦੀ ਕੁੱਖ ਵਿਚੋਂ ਪਾਕਿਸਤਾਨ ਦੇ ਜਨਮ ਲੈਣ ਪਿਛੋਂ ਕਿਸ ਤਰ੍ਹਾਂ ਲੋਕਾਂ ਨੂੰ ਉਜੜਨਾ ਪਿਆ।

ਦੋਵੇਂ ਦੇਸ਼ਾਂ ਦੇ ਤਲਖ ਰਿਸ਼ਤਿਆਂ 'ਤੇ ਬਣੀਆਂ ਸਫਲ ਫਿਲਮਾਂ ਵਿਚ 'ਅਬ ਤੁਮਹਾਰੇ ਹਵਾਲੇ ਵਤਨ ਸਾਥੀਓ', 'ਲਕਸ਼ਯ', ਜੇਪੀ ਦੱਤਾ ਦੀ 'ਬਾਰਡਰ' ਅਤੇ 'ਐਲ.ਓ.ਸੀ., 'ਕਰਗਿਲ', 'ਫੈਂਟਮ', ਹਿੰਦੁਸਤਾਨ ਕੀ ਕਸਮ' (ਨਵੀਂ ਤੇ ਪੁਰਾਣੀ) ਅਤੇ 'ਦਿ ਹੀਰੋ', ਸਲਮਾਨ ਖਾਨ ਦੀ ਭੂਮਿਕਾ ਵਾਲੀ 'ਟਾਈਗਰ' ਤੇ 'ਟਾਈਗਰ ਅਭੀ ਜ਼ਿੰਦਾ ਹੈ' ਅਤੇ ਪਿਛਲੇ ਸਾਲ ਰਿਲੀਜ਼ ਹੋਈ ਫਿਲਮ 'ਰਾਜ਼ੀ' ਸ਼ਾਮਲ ਹੈ। 'ਰਾਜ਼ੀ' ਫਿਲਮ ਹਰਿੰਦਰ ਸਿੱਕਾ ਦੇ ਨਾਵਲ 'ਕਾਲਿੰਗ ਸਹਿਮਤ' ਉਤੇ ਆਧਾਰਿਤ ਹੈ ਜੋ 1971 ਦੀ ਭਾਰਤ-ਪਾਕਿ ਜੰਗ ਵਿਚ ਇਕ ਨੌਜਵਾਨ ਕਵਰ ਏਜੰਟ ਦੀ ਕਹਾਣੀ ਸੀ।

ਭਾਰਤ ਤੇ ਪਾਕਿਸਤਾਨ 'ਤੇ ਰਾਜਨੇਤਾ ਹੀ ਨਹੀਂ ਬਲਕਿ ਫਿਲਮਸਾਜ਼ ਵੀ ਦੋ ਖੇਮਿਆਂ ਵਿਚ ਵੰਡੇ ਹੋਏ ਹਨ। ਪਹਿਲਾ ਖੇਮਾ ਉਹ ਹੈ ਜੋ ਭਾਰਤ ਅਤੇ ਪਾਕਿਸਤਾਨ ਵਿਚਕਾਰ ਲੜੇ ਗਏ ਚਾਰ ਯੁੱਧਾਂ ਤੇ ਅਤਿਵਾਦ 'ਤੇ ਫਿਲਮਾਂ ਬਣਾਉਂਦੇ ਹਨ ਜਾਂ ਫਿਰ ਉਹ ਭਾਰਤ ਵੰਡ ਤੇ ਇਸ ਪਿਛੋਂ ਉਪਜੇ ਹਾਲਾਤ ਨੂੰ ਲੈ ਕੇ ਫਿਲਮਾਂ ਬਣਾਉਂਦੇ ਹਨ। ਦੂਜਾ ਫਿਲਮਸਾਜ਼ਾਂ ਦਾ ਇਕ ਹੰਢਿਆ ਹੋਇਆ ਖੇਮਾ ਹੈ ਜੋ ਦੋਹਾਂ ਦੇਸ਼ਾਂ ਦੇ ਦਰਸ਼ਕਾਂ ਨੂੰ ਪਿਆਰ ਫੈਲਾਉਂਦੀਆਂ ਫਿਲਮਾਂ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ। ਇਨ੍ਹਾਂ ਫਿਲਮਾਂ ਵਿਚ ਮੁੱਖ ਹਨ 'ਵੀਰ-ਜ਼ਾਰਾ', 'ਬਜਰੰਗੀ ਭਾਈਜਾਨ' ਅਤੇ 'ਸਦੀਆਂ'। ਇਹ ਵੱਖਰੀ ਗੱਲ ਹੈ ਕਿ ਪਾਕਿਸਤਾਨੀ ਸਰਕਾਰ ਗਾਹੇ ਬਗਾਹੇ ਭਾਰਤੀ ਫਿਲਮਾਂ ਦੇ ਪਾਕਿਸਤਾਨ ਵਿਚ ਪ੍ਰਦਰਸ਼ਨ 'ਤੇ ਲੋਕ ਲਾਉਂਦੀ ਰਹਿੰਦੀ ਹੈ, ਫਿਰ ਵੀ ਸ਼ਾਹਰੁਖ ਖਾਨ, ਆਮਿਰ ਖਾਨ ਅਤੇ ਸਲਮਾਨ ਖਾਨ ਦੇ ਚਾਹੁਣ ਵਾਲਿਆਂ ਦੀ ਸੰਖਿਆ ਕਾਫੀ ਹੈ।

ਪੰਜਾਬੀ ਫਿਲਮਾਂ ਦੇ ਨਿਰਮਾਤਾ, ਨਿਰਦੇਸ਼ਕ ਅਤੇ ਅਦਾਕਾਰ ਹਰਿੰਦਰ ਸੋਹਲ ਦਾ ਕਹਿਣਾ ਹੈ ਕਿ ਦੇਸ਼ ਵੰਡ ਬਹੁਤ ਵੱਡੀ ਭੁੱਲ ਸੀ। ਇਸ ਵਿਚ ਦਸ ਲੱਖ ਤੋਂ ਵੱਧ ਲੋਕਾਂ ਨੂੰ ਆਪਣਾ ਸਭ ਕੁਝ ਛੱਡ ਕੇ ਇਧਰ-ਉਧਰ ਜਾਣਾ ਪਿਆ ਸੀ। ਹਜ਼ਾਰਾਂ ਲੋਕਾਂ ਨੂੰ ਜਾਨ ਗੁਆਉਣੀ ਪਈ ਸੀ। ਇਸ ਤ੍ਰਾਸਦੀ ਨੂੰ ਨਵੀਂ ਪੀੜ੍ਹੀ ਸਿਰਫ ਕਿਤਾਬਾਂ ਵਿਚ ਪੜ੍ਹਦੀ ਹੈ ਜਿਸ ਨੂੰ ਫਿਲਮਸਾਜ਼ ਪਰਦੇ 'ਤੇ ਸਜੀਵ ਕਰਦੇ ਹਨ। ਇਹ ਅਜਿਹਾ ਵਿਸ਼ਾ ਹੈ ਜਿਸ 'ਤੇ ਬਣੀਆਂ ਫਿਲਮਾਂ ਹਰ ਕਾਲ ਵਿਚ ਸਫਲ ਹੋਣਗੀਆਂ।

ਵੰਡ ਦਾ ਦਰਦ ਬਿਆਨਣ ਵਿਚ ਫਿਲਮਾਂ ਤੇ ਫਿਲਮਸਾਜ਼ ਹੀ ਨਹੀਂ ਸਗੋਂ ਸਮੇਂ ਸਮੇਂ ਦੇ ਸਾਹਿਤਕਾਰਾਂ ਨੇ ਸਰਗਰਮ ਸਨ/ਹਨ। ਇਨ੍ਹਾਂ ਲੇਖਕਾਂ 'ਚ ਸਾਅਦਤ ਹਸਨ ਮੰਟੋ, ਅੰਮ੍ਰਿਤਾ ਪ੍ਰੀਤਮ ਤੇ ਪ੍ਰਸਿਧ ਪੱਤਰਕਾਰ ਖੁਸ਼ਵੰਤ ਸਿੰਘ ਦਾ ਨਾਂ ਮੁੱਖ ਹੈ। ਦੇਸ਼ ਵੰਡ ਦਾ ਦਰਦ ਖੁਦ ਉਘੇ ਸ਼ਾਇਰ ਗੁਲਜ਼ਾਰ ਤੇ ਮਨੋਜ ਕੁਮਾਰ ਜਿਹੇ ਕਲਾਕਾਰ ਬਰਦਾਸ਼ਤ ਕਰ ਚੁੱਕੇ ਹਨ। ਅੰਮ੍ਰਿਤਾ ਪ੍ਰੀਤਮ ਅਤੇ ਖੁਸ਼ਵੰਤ ਸਿੰਘ ਦੇ ਲਿਖੇ ਕ੍ਰਮਵਾਰ ਨਾਵਲ 'ਪਿੰਜਰ' ਅਤੇ 'ਟਰੇਨ ਟੂ ਪਾਕਿਸਤਾਨ' ਚਰਚਿਤ ਰਹੇ ਹਨ। ਮੰਟੋ ਨੇ ਭਾਰਤ-ਪਾਕਿਸਤਾਨ ਵੰਡ 'ਤੇ ਦਰਜਨਾਂ ਕਹਾਣੀਆਂ ਲਿਖੀਆਂ ਹਨ, ਜਿਨ੍ਹਾਂ ਵਿਚੋਂ ਭਾਰਤ-ਪਾਕਿ ਵੰਡ ਨੂੰ ਲੈ ਕੇ ਉਨ੍ਹਾਂ ਦਾ ਦਰਦ ਮਹਿਸੂਸ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ 'ਟੋਬਾ ਟੇਕ ਸਿੰਘ' ਪ੍ਰਸਿੱਧ ਹੈ।

ਇਸ ਮਾਮਲੇ ਵਿਚ ਪਾਕਿਸਤਾਨੀ ਨਿਰਮਾਤਾ-ਨਿਰਦੇਸ਼ਕ ਵੀ ਪਿੱਛੇ ਨਹੀਂ। ਫਿਲਮ 'ਜ਼ਿੰਦਾ ਭਾਗ' ਵਿਚ ਭਾਰਤੀ ਕਲਾਕਾਰ ਨਸੀਰੂਦੀਨ ਸ਼ਾਹ ਨੇ ਦਮਦਾਰ ਅਦਾਕਾਰੀ ਕੀਤੀ ਹੈ। ਇਸ ਫਿਲਮ ਨੂੰ 86ਵੇਂ ਅਕਾਦਮਿਕ ਪੁਰਸਕਾਰਾਂ ਲਈ ਨਾਮਜ਼ਦ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਭਾਰਤ ਵਿਚ ਪਾਕਿਸਤਾਨੀ ਫਿਲਮਾਂ ਦਾ ਪ੍ਰਦਰਸ਼ਨ ਹੁੰਦਾ ਰਿਹਾ ਹੈ। 2008 ਵਿਚ ਪਾਕਿਸਤਾਨੀ ਨਿਰਦੇਸ਼ਕ ਸ਼ੋਇਬ ਮਨਸੂਰ ਦੀ ਫਿਲਮ 'ਖੁਦਾ ਕੇ ਲੀਏ' ਆਈ ਸੀ। ਇਹ ਪਿਛਲੇ 43 ਸਾਲਾਂ ਵਿਚ ਸ਼ਾਇਦ ਪਹਿਲੀ ਫਿਲਮ ਸੀ, ਜਿਸ ਨੂੰ ਸਰਹੱਦ ਦੇ ਬਾਹਰ ਭਾਰਤ ਵਿਚ ਪ੍ਰਦਰਸ਼ਿਤ ਕੀਤਾ ਗਿਆ। ਇਸ ਪਿਛੋਂ ਮਹਿਰੀਨ ਜੱਬਾਰ ਦੀ ਫਿਲਮ 'ਰਾਮ ਚੰਦਰ ਪਾਕਿਸਤਾਨੀ' ਆਈ ਸੀ। 2011 ਵਿਚ ਮੰਸੂਰ ਦੀ ਫਿਲਮ 'ਬੋਲ' ਨੂੰ ਵੀ ਭਾਰਤ ਵਿਚ ਰਿਲੀਜ਼ ਕੀਤਾ ਗਿਆ, ਜਿਸ ਨੂੰ ਭਾਰੀ ਸਫਲਤਾ ਮਿਲੀ ਸੀ। ਭਾਰਤ ਵਿਚ ਪ੍ਰਦਰਸ਼ਿਤ ਇਨ੍ਹਾਂ ਸਾਰੀਆਂ ਫਿਲਮਾਂ ਵਿਚ ਭਾਰਤ-ਪਾਕਿ ਸਰਹੱਦ 'ਤੇ ਵਸੇ ਪਿੰਡਾਂ ਦੇ ਲੋਕਾਂ ਦੀਆਂ ਪ੍ਰੇਸ਼ਾਨੀਆਂ ਨੂੰ ਦਿਖਾਇਆ ਗਿਆ ਹੈ। ਫਿਲਮਾਂ 'ਚ ਇਹ ਵੀ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਦੋਹਾਂ ਦੇਸ਼ਾਂ, ਖਾਸ ਕਰ ਪੰਜਾਬ ਦਾ ਸਭਿਆਚਾਰ ਇਕੋ ਜਿਹਾ ਹੈ।

*-ਸਿਧਾਰਥ*



ਫਿਲਮ 'ਪਿੰਜਰ' ਵਿਚ ਉਰਮਿਲਾ ਮਤੋਂਡਕਰ ਅਤੇ ਮਨੋਜ ਬਾਜਪਾਈ

# ਅਨੁਭਵੀ ਨਿਰਦੇਸ਼ਕ ਹੈ ਸਿਮਰਜੀਤ

ਸਿਮਰਜੀਤ ਪੰਜਾਬੀ ਫਿਲਮਾਂ ਨਾਲ ਜੁੜਿਆ ਇੱਕ ਅਨੁਭਵੀ ਨਿਰਦੇਸ਼ਕ ਹੈ, ਜਿਸ ਦੀਆਂ ਫਿਲਮਾਂ ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ ਵਿਰਸੇ ਨਾਲ ਵੀ ਜੋੜਦੀਆਂ ਰਹੀਆਂ ਹਨ। ਮਾਲਵੇ ਦੇ ਛੋਟੇ ਜਿਹੇ ਪਿੰਡ ਧੂੜਕੋਟ ਰਣਸੀਂਹ (ਨੇੜੇ ਨਿਹਾਲ ਸਿੰਘ ਵਾਲਾ, ਮੋਗਾ) 'ਚ ਜੰਮਿਆ-ਪਲਿਆ ਸਿਮਰਜੀਤ ਪਿਛਲੇ ਕਈ ਸਾਲਾਂ ਤੋਂ ਫਿਲਮੀ ਦੁਨੀਆਂ ਨਾਲ ਜੁੜਿਆ ਹੋਇਆ ਹੈ। ਉਸ ਨੇ ਬਾਲੀਵੁੱਡ ਦੇ ਕਈ ਨਾਮੀ ਨਿਰਦੇਸ਼ਕਾਂ ਨਾਲ ਕੰਮ ਕੀਤਾ ਅਤੇ ਬਤੌਰ ਨਿਰਦੇਸ਼ਕ ਉਸ ਨੇ 'ਅੰਗਰੇਜ਼', 'ਨਿੱਕਾ ਜ਼ੈਲਦਾਰ', 'ਚੱਕ ਜਵਾਨਾ', 'ਬਾਜ਼', 'ਡੈਡੀ ਕੂਲ, ਮੁੰਡੇ ਫੂਲ', 'ਵਾਰਿਸ ਸ਼ਾਹ ਇਸ਼ਕ ਦਾ ਵਾਰਿਸ', 'ਪਿਆਰ ਤੋ ਹੋਨਾ ਹੀ ਥਾ', 'ਰਾਜੂ ਚਾਚਾ', 'ਬਲੈਕਮੇਲ' ਅਤੇ 'ਜਮੀਨ' ਜਿਹੀਆਂ ਕਰੀਬ ਡੇਢ ਦਰਜਨ ਪੰਜਾਬੀ-ਹਿੰਦੀ ਬਹੁ-ਚਰਚਿਤ ਫਿਲਮਾਂ ਕੀਤੀਆਂ ਹਨ।

**ਸੁਰਜੀਤ ਜੱਸਲ**
**ਫੋਨ: 91-98146-07737**

ਪੰਜਾਬੀ ਸਿਨੇਮਾ ਦੀ ਮੀਲ ਪੱਥਰ ਸਾਬਤ ਹੋਈ ਫਿਲਮ 'ਅੰਗਰੇਜ਼' ਤੋਂ ਬਾਅਦ ਸਿਮਰਜੀਤ ਹੋਰ ਵੀ ਸੰਜੀਦਾ ਹੋ ਗਿਆ। ਉਸ ਨੇ 'ਨਿੱਕਾ ਜ਼ੈਲਦਾਰ' ਲੜੀ ਦੀਆਂ ਮਨੋਰੰਜਨ ਭਰਪੂਰ ਫਿਲਮਾਂ ਦਾ ਆਗਾਜ਼ ਕੀਤਾ, ਜਿਸ ਨਾਲ ਐਮੀ ਵਿਰਕ ਤੇ ਸੋਨਮ ਬਾਜਵਾ ਦੀ ਜੋੜੀ ਦਰਸ਼ਕਾਂ ਦੀ ਪਸੰਦ ਬਣੀ। ਇਨ੍ਹੀਂ ਦਿਨੀਂ ਸਿਮਰਜੀਤ ਕਈ ਫਿਲਮਾਂ ਵਿਚ ਰੁੱਝਾ ਹੋਇਆ ਹੈ। ਉਹ ਧੜਾਧੜ ਫਿਲਮਾਂ ਬਣਾਉਣ ਨਾਲੋਂ ਘੱਟ, ਪਰ ਵਧੀਆ ਮਨੋਰੰਜਨ ਭਰਪੂਰ ਸਿਨੇਮਾ ਪ੍ਰਫੁਲਿਤ ਕਰਨ ਦਾ ਧਾਰਨੀ ਹੈ। 'ਨਿੱਕਾ ਜ਼ੈਲਦਾਰ-2' ਤੋਂ ਦੋ ਸਾਲ ਦੇ ਵਕਫੇ ਪਿਛੋਂ ਹੁਣ ਸਿਮਰਜੀਤ ਆਪਣੇ ਨਿਰਦੇਸ਼ਨ 'ਚ ਐਮੀ ਵਿਰਕ ਤੇ ਸੋਨਮ ਬਾਜਵਾ ਦੀ ਫਿਲਮ 'ਮੁਕਲਾਵਾ' ਲੈ ਕੇ ਆ ਰਿਹਾ ਹੈ, ਜਿਸ ਦੇ ਟਰੇਲਰ ਅਤੇ ਗੀਤਾਂ ਨੇ ਦਰਸ਼ਕਾਂ ਦਾ ਮਨ ਜਿੱਤ ਲਿਆ ਹੈ। ਪੇਸ਼ ਹਨ, ਸਿਮਰਜੀਤ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼:

**ਪਹਿਲੀਆਂ ਵਿਰਾਸਤੀ ਫਿਲਮਾਂ ਤੋਂ 'ਮੁਕਲਾਵਾ' ਵਿਚ ਕੀ ਨਵਾਂਪਣ ਹੈ?**

-ਅੰਗਰੇਜ਼, ਬੰਬੂਕਾਟ, ਨਿੱਕਾ ਜ਼ੈਲਦਾਰ-2 ਵਰਗੀਆਂ ਫਿਲਮਾਂ ਦੀ ਕਹਾਣੀ ਨੂੰ ਵਿਰਾਸਤੀ ਪੁੱਠ ਦੇ ਕੇ ਪਰਦੇ 'ਤੇ ਪੇਸ਼ ਕੀਤਾ ਗਿਆ, ਜਦਕਿ 'ਮੁਕਲਾਵਾ' ਲਈ ਕੋਈ ਅਜਿਹਾ ਮਾਹੌਲ ਨਹੀਂ ਸਿਰਜਿਆ ਗਿਆ, ਕਿਉਂਕਿ ਮੁਕਲਾਵਾ ਖੁਦ ਹੀ ਉਸ ਦੌਰ ਦਾ ਇੱਕ ਹਿੱਸਾ ਰਹੀ ਹੈ। ਖਾਸ ਕਰ 1965-70 ਦਾ ਉਹ ਦੌਰ ਜਦ ਵਿਆਹ ਪਿਛੋਂ ਵੀ ਕੁੜੀ ਆਪਣੇ ਘਰੇ, ਮੁੰਡਾ ਆਪਣੇ ਘਰ ਹੁੰਦਾ ਸੀ। ਵਿਆਹ ਤੋਂ ਤਿੰਨ ਚਾਰ ਸਾਲਾਂ ਪਿਛੋਂ ਮੁਕਲਾਵਾ ਦਿੱਤਾ ਜਾਂਦਾ ਸੀ। ਮੁਕਲਾਵੇ ਵਾਲੀ ਰਾਤ ਹੀ ਲਾੜਾ ਆਪਣੀ ਵਹੁਟੀ ਦਾ ਮੂੰਹ ਵੇਖਦਾ ਸੀ। ਇਹ ਦੌਰ 1980 ਤੋਂ ਪਹਿਲਾਂ ਹੀ ਖਤਮ ਹੋ ਗਿਆ ਸੀ। ਨਵੀਂ ਪੀੜ੍ਹੀ ਨੂੰ ਇਸ ਬਾਰੇ ਸ਼ਾਇਦ ਹੀ ਪਤਾ ਹੋਵੇ। ਸੋ 'ਮੁਕਲਾਵਾ' ਉਸ ਵੇਲੇ ਦੀ ਇੱਕ ਮਨੋਰੰਜਨ ਭਰਪੂਰ ਫਿਲਮ ਹੈ, ਜਿਸ ਵਿਚ ਰਿਸ਼ਤਿਆਂ ਦੀ ਕਹਾਣੀ ਬਹੁਤ ਹੀ ਦਿਲਚਸਪ ਤੇ ਉਸਾਰੂ ਤਰੀਕੇ ਨਾਲ ਪੇਸ਼ ਕੀਤੀ ਗਈ ਹੈ।



**ਵਿਆਹ ਕਲਚਰ ਦੀਆਂ ਇਕੋ ਜਿਹੀਆਂ ਫਿਲਮਾਂ ਵੇਖ ਵੇਖ ਕੀ ਦਰਸ਼ਕ ਅੱਕ ਨਹੀਂ ਗਏ?**

-ਹਰੇਕ ਫਿਲਮ ਦੀ ਕਹਾਣੀ ਵਿਚ ਵੱਖਰਾਪਣ ਹੁੰਦਾ ਹੈ, ਸਿਰਫ ਵਿਆਹ ਨਾਲ ਸਬੰਧਤ ਨਾਂ ਰੱਖ ਕੇ ਹੀ ਫਿਲਮ ਨਹੀਂ ਚੱਲਦੀ। ਫਿਲਮ ਦੀ ਕਹਾਣੀ, ਸਕਰੀਨ ਪਲੇਅ, ਕਲਾਕਾਰਾਂ ਵਿਚ ਦਮ ਹੋਣਾ ਵੀ ਜਰੂਰੀ ਹੈ। ਅੱਜ ਦੇ ਦਰਸ਼ਕ ਨੂੰ ਚੰਗੇ ਮਾੜੇ ਦੀ ਪਰਖ ਹੈ। ਬਾਕੀ ਜੋ ਦਰਸ਼ਕਾਂ ਦੀ ਪਸੰਦ ਹੁੰਦੀ ਹੈ, ਫਿਲਮਕਾਰ ਉਹੀ ਵਿਸ਼ਾ ਸੋਚਦਾ ਹੈ। ਅਜਿਹੀਆਂ ਵੀ ਬਹੁਤ ਸਾਰੀਆਂ ਫਿਲਮਾਂ ਹਨ, ਜੋ ਚੰਗੇ ਵਿਸ਼ੇ ਹੋਣ ਕਰਕੇ ਦਰਸ਼ਕਾਂ ਨੇ ਪਸੰਦ ਨਹੀਂ ਕੀਤੀਆਂ। ਫਿਲਮ 'ਮੁਕਲਾਵਾ' ਦੀ ਗੱਲ ਕਰੀਏ ਤਾਂ ਇਹ ਸਪੈਸ਼ਲ ਵਿਆਹ ਬਾਰੇ ਨਹੀਂ, ਸਗੋਂ ਮੁਕਲਾਵੇ ਨਾਲ ਸਬੰਧਤ ਹੈ। ਵਿਆਹ ਤਾਂ ਇਸ ਵਿਚ ਵਿਖਾਇਆ ਹੀ ਨਹੀਂ ਗਿਆ। ਇਹ ਸਾਂਝੇ ਪਰਿਵਾਰਾਂ ਤੇ ਰਿਸ਼ਤਿਆਂ ਦੀ ਕਹਾਣੀ ਹੈ। ਇੱਕ ਅਜਿਹੇ ਨੌਜਵਾਨ ਦੁਆਲੇ ਘੁੰਮਦੀ ਹੈ, ਜੋ ਮੁਕਲਾਵੇ ਤੋਂ ਪਹਿਲਾਂ ਆਪਣੀ ਵਹੁਟੀ ਦਾ ਚਿਹਰਾ ਵੇਖਣ ਲਈ ਉਤਾਵਲਾ ਹੈ। ਇਸ ਲਈ ਉਹ ਕੀ ਕੀ ਕਰਦਾ ਹੈ? ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੈ। ਕਿਉਂ ਉਸ ਦੇ ਸਹੁਰੇ ਮੁਕਲਾਵਾ ਦੇਣ ਤੋਂ ਮੁੱਕਰ ਜਾਂਦੇ ਹਨ?

**ਭਵਿੱਖ ਵਿਚ ਹੋਰ ਕੀ ਕੀ ਨਵਾਂ ਲੈ ਕੇ ਆ ਰਹੇ ਹੋ?**

-'ਮੁਕਲਾਵਾ' ਤੋਂ ਬਾਅਦ ਇੱਕ-ਦੋ ਹੋਰ ਫਿਲਮਾਂ ਹਨ, ਜਿਨ੍ਹਾਂ ਦੀ ਸ਼ੂਟਿੰਗ ਮੁਕੰਮਲ ਹੋ ਚੁਕੀ ਹੈ ਤੇ ਜਲਦ ਰਿਲੀਜ਼ ਕਰਾਂਗੇ, ਜੋ ਪਹਿਲੀਆਂ ਫਿਲਮਾਂ ਵਾਂਗ ਦਰਸ਼ਕਾਂ ਦੀ ਪਸੰਦ ਬਣਨਗੀਆਂ।

# ਨਿਰਦੇਸ਼ਕ ਅਦਿਤਯ ਸੂਦ ਦੀ ਪੰਜਾਬੀ ਸਿਨੇਮਾ 'ਚ ਵਾਪਸੀ

ਕੈਨੇਡਾ ਵੱਸਦੇ ਨਿਰਦੇਸ਼ਕ ਅਦਿਤਯ ਸੂਦ ਨੇ ਲਗਭਗ 6 ਸਾਲਾਂ ਪਿਛੋਂ ਫਿਲਮ 'ਤੇਰੀ ਮੇਰੀ ਜੋੜੀ' ਨਾਲ ਪੰਜਾਬੀ ਫਿਲਮ ਇੰਡਸਟਰੀ 'ਚ ਵਾਪਸੀ ਕੀਤੀ ਹੈ। 'ਅਦਿਤਯਸ ਫਿਲਮਜ਼' ਦੇ ਬੈਨਰ ਹੇਠ ਬਣੀ ਇਸ ਫਿਲਮ ਜ਼ਰੀਏ ਚਰਚਿੱਤ ਯੂ-ਟਿਊਬ ਅਦਾਕਾਰ ਸੈਮੀ ਗਿੱਲ ਅਤੇ ਕਿੰਗ ਬੀ. ਚੌਹਾਨ ਪਹਿਲੀ ਵਾਰ ਫਿਲਮੀ ਪਰਦੇ 'ਤੇ ਨਜ਼ਰ ਆਉਣਗੇ। ਫਿਲਮ ਦੀ ਕਹਾਣੀ, ਡਾਇਲਾਗ, ਸਕਰੀਨਪਲੇ ਨਿਰਦੇਸ਼ਕ ਅਦਿਤਯ ਸੂਦ ਨੇ ਹੀ ਲਿਖੇ ਹਨ। ਬਤੌਰ ਨਿਰਦੇਸ਼ਕ ਇਹ ਉਸ ਦੀ ਤੀਜੀ ਫਿਲਮ ਹੈ। ਇਸ ਤੋਂ ਪਹਿਲਾਂ ਉਹ ਦੋ ਫਿਲਮਾਂ 'ਮਰ ਜਾਵਾਂ ਗੁੜ ਖਾ ਕੇ' ਅਤੇ 'ਉਏ ਹੋਏ ਪਿਆਰ ਹੋ ਗਿਆ' ਦਾ ਨਿਰਦੇਸ਼ਨ ਕਰ ਚੁਕਾ ਹੈ। ਇਸ ਫਿਲਮ ਜ਼ਰੀਏ ਉਹ ਨਾਮਵਰ ਮਾਡਲ ਮੋਨਿਕਾ ਸ਼ਰਮਾ ਨੂੰ ਵੀ ਵੱਖਰੇ ਅੰਦਾਜ਼ 'ਚ ਬਤੌਰ ਹੀਰੋਇਨ ਪਰਦੇ 'ਤੇ ਲੈ ਕੇ ਆ ਰਿਹਾ ਹੈ। ਫਿਲਮ 'ਚ ਇੱਕ ਹਾਲੀਵੁੱਡ ਅਦਾਕਾਰਾ ਵੀ ਨਜ਼ਰ ਆਵੇਗੀ।

ਅਦਿਤਯ ਸੂਦ ਅਨੁਸਾਰ ਮਨੋਰੰਜਨ ਅਤੇ ਕਾਮੇਡੀ ਭਰਪੂਰ ਇਸ ਫਿਲਮ 'ਚ ਦੋ ਪ੍ਰੇਮ ਕਹਾਣੀਆਂ ਵੇਖਣ ਨੂੰ ਮਿਲਣਗੀਆਂ। ਫਿਲਮ 'ਚ ਜਿੱਥੇ ਅਜੋਕੇ ਸਮੇਂ ਦਾ ਪਿਆਰ ਦਿਖਾਇਆ ਗਿਆ ਹੈ, ਉਥੇ ਪੁਰਾਤਨ ਸਮੇਂ ਦੇ ਰਿਸ਼ਤੇ ਵੀ ਪਰਦੇ 'ਤੇ ਨਜ਼ਰ ਆਉਣਗੇ। ਅਦਿਤਯ ਸੂਦ ਦਾ ਕਹਿਣਾ ਹੈ ਕਿ ਇਹ ਫਿਲਮ ਹਟਵੇਂ ਵਿਸ਼ੇ ਵਾਲੀ ਹੈ, ਜੋ ਦਰਸ਼ਕਾਂ ਨੂੰ ਖੂਬ ਪਸੰਦ ਆਵੇਗੀ। ਫਿਲਮ ਦੇ ਗੀਤ ਸਿੱਧੂ ਮੂਸੇਵਾਲਾ, ਗੁਰਨਾਮ ਭੁੱਲਰ, ਪ੍ਰਭ ਗਿੱਲ, ਗੁਰਲੇਜ ਅਖਤਰ, ਰਾਸ਼ੀ ਸੂਦ, ਜਸਪਿੰਦਰ ਨਰੂਲਾ ਅਤੇ ਹਿੰਮਤ ਸੰਧੂ ਨੇ ਗਾਏ ਹਨ। ਗੀਤ ਦਲਵੀਰ ਸਰੋਬਾਦ, ਸਿੱਧੂ ਮੂਸੇਵਾਲਾ ਤੇ ਅਭੀ ਫਤਿਹਗੜ੍ਹੀਆ ਦੇ ਲਿਖੇ ਹਨ। ਸੰਗੀਤ ਗੁਰਮੀਤ ਸਿੰਘ, ਸਨੈਪੀ, ਨਿੱਕ ਧੰਮੂ, ਜੱਸੀ ਕਟਿਆਲ ਤੇ ਨੇਸ਼ਨ ਬ੍ਰਦਰਜ਼ ਦਾ ਹੈ।

ਅਦਿਤਯ ਸੂਦ ਨੇ ਦਸਿਆ ਕਿ ਉਸ ਨੂੰ ਦੋ ਫਿਲਮਾਂ ਕਰਨ ਪਿਛੋਂ ਕਈ ਫਿਲਮਾਂ ਦੀਆਂ ਆਫਰਾਂ ਵੀ ਆਈਆਂ ਸਨ, ਪਰ ਕੋਈ ਨਾ ਕੋਈ ਰੁਕਾਵਟ ਬਣਦੀ ਰਹੀ-ਚਾਹੇ ਉਹ ਸਟਾਰਕਾਸਟ ਨੂੰ ਲੈ ਕੇ ਹੋਵੇ ਜਾਂ ਕਿਸੇ ਹੋਰ ਚੀਜ਼ ਨੂੰ ਲੈ ਕੇ। ਸੂਦ ਨੇ ਕਿਹਾ ਕਿ ਭਵਿੱਖ ਵਿਚ ਉਹ ਬੈਕ ਟੂ ਬੈਕ ਫਿਲਮਾਂ ਕਰੇਗਾ। ਹੁਣ ਛੇਤੀ ਹੀ ਉਹ ਅਗਲੀ ਫਿਲਮ 'ਬਾਰੀ ਬਰਸੀ' ਦੀ ਸ਼ੂਟਿੰਗ ਸ਼ੁਰੂ ਕਰਨ ਜਾ ਰਿਹਾ ਹੈ, ਜੋ ਕੈਨੇਡਾ ਵਿਚ ਫਿਲਮਾਈ ਜਾਵੇਗੀ। ਇਸ ਫਿਲਮ ਦੀ ਕਹਾਣੀ ਵੀ ਉਸ ਖੁਦ ਹੀ ਲਿਖੀ ਹੈ ਤੇ ਇਸ 'ਚ ਮੁੱਖ ਭੂਮਿਕਾ ਸੈਮੀ ਗਿੱਲ ਤੇ ਕਿੰਗ ਬੀ. ਚੌਹਾਨ ਨਿਭਾਉਣਗੇ।



ਫਿਲਮ 'ਤੇਰੀ ਮੇਰੀ ਜੋੜੀ' ਬਾਰੇ ਸੂਦ ਨੇ ਕਿਹਾ ਕਿ ਦਰਸ਼ਕਾਂ ਨੂੰ ਬਹੁਤ ਕੁਝ ਨਵਾਂ ਵੇਖਣ ਨੂੰ ਮਿਲੇਗਾ। ਜਰੂਰੀ ਨਹੀਂ ਕਿ ਜੋੜੀ ਪ੍ਰੇਮੀਆਂ ਦੀ ਹੀ ਹੋਵੇ, ਜੋੜੀ ਪਿਓ-ਪੁੱਤ, ਪਿਓ-ਧੀ, ਭੈਣ-ਭਰਾ, ਮਾਂ-ਪੁੱਤ ਦੀ ਵੀ ਹੋ ਸਕਦੀ ਹੈ, ਇਸ ਲਈ ਇਸ ਫਿਲਮ ਦੀ ਕਹਾਣੀ ਦਰਸ਼ਕਾਂ ਲਈ ਰੋਮਾਂਚਕ ਤੇ ਦਿਲਚਸਪ ਵੀ ਹੋਵੇਗੀ।

*-ਸਾਕਾ ਨੰਗਲ*
*ਫੋਨ: 91-70094-76970*

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**


# US Business Brokers Inc.

## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ









## Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

*Contact us Buy or Sell business*

**AJ Sandhu (MBA)**
*Managing Broker/Realtor/Consultant*
*Licensed in IL, IN, WA*

**Contact us for any Financing Need Nationwide.**

- FAST APPROVAL • QUICK CLOSINGS • SBA 504 & 7A
- CONVENTIONAL LOANS • HOTELS, MOTELS
- GAS STATIONS, TRUCK STOPS • INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

**916-995-0783 (Cell)**
**425-529-6283 (Cell)**
*630-206-2467 (Fax)*
www.ubbchicago.com aj@ubbchicago.com